ਮਹਿੰਦਰ ਸਿੰਘ ਸਰਨਾ

ਔਰਤ ਈਮਾਨ

ਲੇਖਕ ਦੀਆਂ ਹੋਰ ਰਚਨਾਵਾਂ :

ਕਹਾਣੀ ਸੰਗ੍ਰਹਿ :
ਪੱਥਰ ਦੇ ਆਦਮੀ, ਸ਼ਗਨਾਂ ਭਰੀ ਸਵੇਰ, ਵੰਝਲੀ ਤੇ ਵਿਲਕਣੀ, ਸੁਪਨਿਆਂ ਦੀ ਸੀਮਾਂ, ਕਾਲਿੰਗਾ, ਛਵ੍ਹੀਆਂ ਦੀ ਰੁੱਤ, ਸੁੰਦਰ ਘਾਟੀ ਦੀ ਸਹੁੰ, ਸੂਹਾ ਸਾਲੂ ਸੂਹਾ ਗੁਲਾਬ, ਕਾਲਾ ਬੱਦਲ ਕੂਲੀ ਧੁੱਪ, ਨਵੇਂ ਯੁਗ ਦੇ ਵਾਰਸ, ਕਾਲਾ ਨਾਗ (ਹਿੰਦੀ), ਹੀਰਾ ਮਿਰਗ (ਹਿੰਦੀ), ਕਲਿੰਗਾ (ਹਿੰਦੀ)

ਨਾਵਲ :
ਪੀੜਾਂ ਮੱਲੇ ਰਾਹ, ਕਾਂਗਾਂ ਤੇ ਕੰਢੇ, ਨੀਲਾ ਗੁਲਾਬ, ਸੂਹਾ ਰੰਗ ਮਜੀਠ ਦਾ, ਪਿਆਸੀ ਨਦੀ (ਹਿੰਦੀ)

ਮਹਾ ਕਾਵਿ :
ਚਮਕੌਰ, ਸਾਕਾ ਜਿਨਿ ਕੀਆ, ਪਾਉਂਟਾ :

ਸਵੈ-ਜੀਵਨੀ :
ਸਾਹਿਤਿਕ ਸਵੈ-ਜੀਵਨੀ

ਤਤਕਰਾ

ਔਰਤ ਈਮਾਨ

ਮਹਿੰਦਰ ਸਿੰਘ ਸਰਨਾ



ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

AURAT IMAN
(A Collection of Short Stories)
by
Mohinder Singh Sarna

1993

ਪ੍ਰਕਾਸ਼ਕ :
ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6

ਛਾਪਕ :
ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6

ਮੁੱਲ : 120 ਰੁਪਏ

ਸਮਰਪਣ

ਸੰਸਾਰ ਦੀਆਂ ਮਾਂਵਾਂ, ਭੈਣਾਂ ਤੇ ਬੇਟੀਆਂ

ਨੂੰ;

ਜਿਨ੍ਹਾਂ ਦੇ ਹੱਥ ਜੇ ਮਨੁੱਖੀ ਨਜ਼ਾਮ

ਦੀ ਵਾਗ ਡੋਰ ਹੁੰਦੀ

ਤਾਂ

ਜ਼ਿੰਦਗੀ ਢੇਰ ਸੁਖਾਵੀਂ ਹੁੰਦੀ।

ਮਹਿੰਦਰ ਸਿੰਘ ਸਰਨਾ

ਔਰਤ ਈਮਾਨ

ਮਹਿੰਦਰ ਸਿੰਘ ਸਰਨਾ

ਔਰਤ ਈਮਾਨ

ਸਨਮਾਨ

ਰਸ਼ਮੀ ਨੇ ਪਲ ਦਾ ਪਲ ਅੱਖਾਂ ਸੁਕੇੜੀਆਂ। ਫਿਰ ਲਿਫਾਫਾ ਮੋੜਦੀ ਬੋਲੀ—

''ਇਹ ਚਿੱਠੀ ਤਾਂ ਸਾਡੀ ਨਹੀਂ।''

ਪੋਸਟਮੈਨ ਰਤਾ ਕੁ ਚੌਂਕਿਆ। ਅੱਜ ਪੈਂਤੀ ਵਰ੍ਹੇ ਹੋ ਚਲੇ ਸਨ ਉਹਨੂੰ ਡਾਕ ਵੰਡਦਿਆਂ। ਏਦਾਂ ਕਦੀ ਨਹੀਂ ਸੀ ਹੋਇਆ ਕਿ ਉਹਨੇ ਕੋਈ ਚਿੱਠੀ ਗਲਤ ਸਿਰਨਾਵੇਂ 'ਤੇ ਦਿੱਤੀ ਹੋਵੇ।

''ਪਰ ਐਡਰੈਸ ਤਾਂ ਤੁਹਾਡਾ ਹੀ ਲਿਖਿਆ ਹੈ।''

''ਹਾਂ ਐਡਰੈਸ ਤਾਂ ਸਾਡਾ ਹੀ ਹੈ ਪਰ ਹੰਸ ਰਾਜ ਇਥੇ ਕੋਈ ਨਹੀਂ ਰਹਿੰਦਾ।''

ਅੰਦਰੋਂ ਬੈਠਕ ਵਿਚੋਂ ਆਵਾਜ਼ ਆਈ—''ਚਿੱਠੀ ਲੈ ਲੈ ਰਸ਼ਮੀ। ਵੱਡੇ ਲਾਲਾ ਜੀ ਦੀ ਏ।''

ਵੱਡੇ ਲਾਲਾ ਜੀ! ਰਸ਼ਮੀ ਨੇ ਕੁਝ ਕੱਚੀ ਤੇ ਕੁਝ ਛਿੱਥੀ ਪੈ ਕੇ ਸੋਚਿਆ, ਤਾਂ ਕੀ ਵੱਡੇ ਲਾਲਾ ਜੀ ਦਾ ਨਾਂ ਹੰਸ ਰਾਜ ਸੀ। ਡੇਢ ਵਰ੍ਹਾ ਹੋ ਚਲਿਆ ਸੀ ਉਹਨੂੰ ਇਸ ਪਰਿਵਾਰ ਵਿਚ ਵਿਆਹੀ ਆਇਆਂ ਤੇ ਉਹ ਅੰਗਦ ਦੇ ਪੜਦਾਦਾ ਜੀ ਦਾ ਨਾਂ ਨਹੀਂ ਸੀ ਜਾਣਦੀ। ਉਨ੍ਹਾਂ ਦਾ ਨਾਂ ਉਹ ਵੱਡੇ ਲਾਲਾ ਜੀ ਹੀ ਸਮਝਦੀ ਰਹੀ ਸੀ। ਕਈ ਵਾਰੀ ਉਹ ਆਪਣੇ ਮਨ ਵਿਚ ਪਗੜੀ ਵਾਲੇ ਲਾਲਾ ਜੀ ਵੀ ਆਖਿਆ ਕਰਦੀ ਸੀ। ਲਾਲਾ ਜੀ ਪੰਜਾਬੀ ਹਿੰਦੂਆਂ ਦੀ ਉਸ ਪੀੜ੍ਹੀ ਵਿਚੋਂ ਸਨ ਜੋ ਪਗੜੀ ਬੰਨ੍ਹਦੀ ਸੀ। ਦਿੱਲੀ ਵਿਚ ਕੀ, ਹੁਣ ਤਾਂ ਪੰਜਾਬ ਵਿਚ ਵੀ ਉਸ ਪੀੜ੍ਹੀ ਦਾ ਬੰਦਾ ਕੋਈ ਟਾਵਾਂ ਸੀ। ਅਗਲੀਆਂ ਪੀੜ੍ਹੀਆਂ ਨੇ ਪੁਰਾਤਨਤਾ ਦਾ ਚਿੰਨ੍ਹ ਸਮਝ ਕੇ ਪਗੜੀ ਤਿਆਗ ਦਿੱਤੀ ਸੀ। ਸਿਰਫ ਵਿਆਹਾਂ ਸ਼ਾਦੀਆਂ ਦੇ ਮੌਕਿਆਂ 'ਤੇ ਸ਼ਮ੍ਹਲਿਆਂ ਵਾਲੀਆਂ ਗੁਲਾਬੀ ਪੱਗਾਂ ਬੰਨ੍ਹ ਲੈਂਦੇ ਸਨ।

ਆਖਣ ਨੂੰ ਤਾਂ ਪ੍ਰਕਾਸ਼ ਵਤੀ ਨੇ ਆਖ ਦਿੱਤਾ ਕਿ ਚਿੱਠੀ ਵੱਡੇ ਲਾਲਾ ਜੀ ਦੀ ਹੈ, ਪਰ ਨਾਲ ਹੀ ਉਹ ਸੋਚੀਂ ਪੈ ਗਈ। ਵੱਡੇ ਲਾਲਾ ਜੀ ਦੇ ਨਾਂ ਅੱਜ ਚਿੱਠੀ ਕਿੱਥੋਂ ਆ ਗਈ। ਨਿੱਤ ਸਾਰਿਆਂ ਦੀਆਂ ਚਿੱਠੀਆਂ ਆਉਂਦੀਆਂ ਸਨ। ਲਾਲਾ ਜੀ ਦੇ ਪੁੱਤਰਾਂ ਦੀਆਂ, ਨੂੰਹਾਂ ਦੀਆਂ, ਲਾਲਾ ਜੀ ਦੇ ਪੋਤਰੇ ਦੀਆਂ, ਪੋਤਰਿਓਂ ਨੂੰਹ ਦੀਆਂ।

ਲਾਲਾ ਜੀ ਦੇ ਪੜਪੋਤਰੇ ਦੀਆਂ, ਪੜਪੋਤਰਿਓਂ ਨੂੰਹ ਦੀਆਂ। ਪਰ ਪ੍ਰਕਾਸ਼ ਵਤੀ ਨੂੰ ਯਾਦ ਨਹੀਂ ਸੀ ਕਿ ਪਿਛਲੇ ਵੀਹ ਸਾਲਾਂ ਵਿਚ ਜਦ ਤੋਂ ਉਹ ਪਟੇਲ ਨਗਰ ਵਾਲੇ ਆਪਣੇ ਮਕਾਨ ਵਿਚ ਆਏ ਸਨ, ਵੱਡੇ ਲਾਲਾ ਜੀ ਦੇ ਨਾਂ ਕੋਈ ਚਿੱਠੀ ਆਈ ਹੋਵੇ। ਵੱਡੇ ਲਾਲਾ ਜੀ ਤਾਂ ਇਕ ਅਜਿਹੀ ਦੁਨੀਆਂ ਦੀ ਯਾਦਗਾਰ ਸਨ ਜੋ ਬੀਤ ਚੁੱਕੀ ਸੀ। ਬੀਤ ਚੁੱਕੀ ਦੁਨੀਆਂ ਵਿਚੋਂ, ਪੁਰਾਣੇ ਅਤੀਤ ਵਿਚੋਂ ਅੱਜ ਕਿਸ ਨੇ ਉਨ੍ਹਾਂ ਨੂੰ ਚਿੱਠੀ ਲਿਖ ਭੇਜੀ ਸੀ।

"ਖੋਲ੍ਹ ਤਾਂ ਕੁੜੀਏ ! ਭਲਾ ਕਿੱਥੋਂ ਆਈ ਏ ?"

"ਪਰ ਚਿੱਠੀ ਤਾਂ ਵੱਡੇ ਲਾਲਾ ਜੀ ਦੀ ਏ।" ਰਸ਼ਮੀ ਨੇ ਉਜ਼ਰ ਕੀਤਾ।

"ਫਿਰ ਕੀ ਹੋਇਆ। ਰਤਾ ਪੜ੍ਹ ਕੇ ਤਾਂ ਸੁਣਾ।"

"ਵੱਡੇ ਲਾਲਾ ਜੀ ਦੀ ਚਿੱਠੀ ਮੈਂ ਕਿਉਂ ਖੋਲ੍ਹਾਂ। ਮੈਂ ਕਿਉਂ ਪੜ੍ਹਾਂ।"

"ਲੈ ਹੈ ਝੱਲੀ। ਨੀ ਤੂੰ ਕੋਈ ਬਗਾਨੀ ਏਂ। ਕੋਈ ਲੁਕਾ ਏ ਤੈਥੋਂ।"

ਰਸ਼ਮੀ ਨੂੰ ਜੱਕੋ-ਤੱਕੀ ਵਿਚ ਵੇਖ ਕੇ ਪ੍ਰਕਾਸ਼ ਵਤੀ ਨੇ ਆਖਿਆ—"ਹੱਛਾ ਜਾ ਕੇ ਮੇਰੀ ਪੜ੍ਹਨ ਵਾਲੀ ਐਨਕ ਚੁੱਕ ਲਿਆ। ਮੇਰੇ ਕਮਰੇ ਵਿਚ ਰਮਾਇਣ ਵਾਲੇ ਤਾਕ 'ਤੇ ਪਈ ਏ। ਮੈਨੂੰ ਤਾਂ ਇਸ ਮਰ ਜਾਣੇ ਗੰਠੀਏ ਨੇ ਮਾਰ ਲਾਹਿਆ ਏ। ਜਿੱਥੇ ਬਹਿਨੀ ਆਂ ਬਹਿ ਹੀ ਜਾਨੀ ਆਂ।"

ਚਿੱਠੀ ਕਿਸੇ ਅਕਾਡਮੀ ਵਲੋਂ ਸੀ। ਉਹ ਵੱਡੇ ਲਾਲਾ ਜੀ ਦਾ ਸਨਮਾਨ ਕਰਨਾ ਚਾਹੁੰਦੇ ਸਨ, ਉਨ੍ਹਾਂ ਦੀ ਉਮਰ ਭਰ ਦੀ ਸਾਹਿਤਕ ਘਾਲਣਾ ਲਈ। ਇਹਦੇ ਲਈ ਉਹ ਇਕ ਵਿਸ਼ੇਸ਼ ਸਮਾਗਮ ਦਾ ਪ੍ਰਬੰਧ ਕਰ ਰਹੇ ਸਨ ਜਿੱਥੇ ਲਾਲਾ ਹੰਸ ਰਾਜ ਜੀ ਨੂੰ ਇਕ ਅਭਿਨੰਦਨ ਗ੍ਰੰਥ, ਇਕ ਸ਼ਾਲ ਅਤੇ ਇੱਕੀ ਹਜ਼ਾਰ ਰੁਪਏ ਦੀ ਥੈਲੀ ਭੇਟਾ ਕੀਤੀ ਜਾਣੀ ਸੀ। ਅਕਾਡਮੀ ਦੇ ਪ੍ਰਧਾਨ ਵਲੋਂ ਲਾਲਾ ਜੀ ਦੀ ਸੇਵਾ ਵਿਚ ਬੇਨਤੀ ਸੀ ਕਿ ਉਹ ਆਪਣੇ ਸਮੂਹ ਪਰਿਵਾਰ ਸਹਿਤ ਇਸ ਸਮਾਗਮ ਵਿਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।

ਪ੍ਰਕਾਸ਼ ਵਤੀ ਦੀ ਵੱਡੀ ਨੂੰਹ ਸਰੋਜਨੀ ਜੋ ਕਿ ਸੋਫੇ ਵਿਚ ਪਸਰੀ ਹਿੰਦੀ ਦੇ ਇਕ ਫਿਲਮੀ ਮਾਸਿਕ ਪੱਤਰ ਨਾਲ ਆਪਣਾ ਜੀ ਪਰਚਾ ਰਹੀ ਸੀ, ਤ੍ਰਭਕ ਕੇ ਸਿੱਧੀ ਬੈਠਦੀ ਬੋਲੀ—"ਸਾਹਿਤਕ ਘਾਲਣਾ। ਵੱਡੇ ਲਾਲਾ ਜੀ ਦੀ ?"

"ਹਾਂ !" ਪ੍ਰਕਾਸ਼ ਵਤੀ ਨੇ ਐਨਕ ਉਤਾਰਦਿਆਂ ਜਾਣੀ ਜਾਣ ਲਹਿਜ਼ੇ ਵਿਚ ਆਖਿਆ।

"ਕਿਹੜੀ ਸਾਹਿਤਕ ਘਾਲਣਾ ?"

"ਤੈਨੂੰ ਪਤਾ ਨਹੀਂ ਵੱਡੇ ਲਾਲਾ ਜੀ ਕਿਤਾਬਾਂ ਲਿਖਦੇ ਹੁੰਦੇ ਸਨ।"

"ਕਦੋਂ ?"

"ਤੇਰੇ ਵਿਆਹ ਤੋਂ ਪਹਿਲਾਂ ਦੀ ਗੱਲ ਏ।"

"ਹਿੰਦੀ ਵਿਚ ਜਾਂ ਅੰਗਰੇਜ਼ੀ ਵਿਚ ?"

"ਪੰਜਾਬੀ ਵਿਚ।"

ਸਰੋਜਨੀ ਅਤੇ ਰਸ਼ਮੀ ਅਵਾਕ ਹੋਈਆਂ ਪ੍ਰਕਾਸ਼ ਵਤੀ ਵੱਲ ਵੇਖ ਰਹੀਆਂ

ਸਨ। ਜਦੋਂ ਸਰੋਜਨੀ ਨੂੰ ਸ਼ਬਦ ਅਹੁੜੇ ਤਾਂ ਉਹਨੇ ਪੁੱਛਿਆ—

"ਤੁਹਾਡਾ ਮਤਲਬ ਏ ਗੁਰਮੁਖੀ ਵਿਚ।"

"ਹਾਂ।"

"ਗੁਰਮੁਖੀ ਵਿਚ ?" ਰਸ਼ਮੀ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। "ਤੁਹਾਡਾ ਮਤਲਬ ਏ ਉਨ੍ਹਾਂ ਨੂੰ ਊੜਾ ਐੜਾ ਆਉਂਦਾ ਸੀ ?" ਸਰੋਜਨੀ ਦੀ ਹੈਰਾਨੀ ਲੱਭ ਨਹੀਂ ਸੀ ਰਹੀ।

"ਹਾਂ, ਬੜੀ ਸੋਹਣੀ ਸੀ ਉਨ੍ਹਾਂ ਦੀ ਲਿਖਾਈ। ਮੋਤੀ-ਪ੍ਰੋਤੇ ਹੁੰਦੇ ਸਨ। ਉਨ੍ਹਾਂ ਵਰਗੀ ਗੁਰਮੁਖੀ ਦੀ ਲਿਖਾਈ ਮੈਂ ਮੁੜ ਕਿਸੇ ਦੀ ਨਹੀਂ ਵੇਖੀ। ਉਦੋਂ ਤਾਂ ਕਈ ਹਿੰਦੂ ਪੰਜਾਬੀ ਅਤੇ ਗੁਰਮੁਖੀ ਵਿਚ ਲਿਖਦੇ ਸਨ। ਧਨੀ ਰਾਮ ਚਾਤ੍ਰਿਕ ਲਿਖਦੇ ਸਨ, ਬ੍ਰਿਜ ਲਾਲ ਸ਼ਾਸਤਰੀ ਲਿਖਦੇ ਸਨ। ਭਾਸ਼ਾ ਅਤੇ ਲਿਪੀ ਦੇ ਇਹ ਬਖੇੜੇ ਤਾਂ ਮਗਰੋਂ ਪਏ ਹਨ।"

"ਫਿਰ ਕਿੱਥੇ ਨੇ ਉਹ ਕਿਤਾਬਾਂ ?" ਸਰੋਜਨੀ ਦੀਆਂ ਨਜ਼ਰਾਂ ਵਿਚੋਂ ਅਵਿਸ਼ਵਾਸ ਅਜੇ ਪੂਰੀ ਤਰ੍ਹਾਂ ਨਹੀਂ ਸੀ ਬੁਝਿਆ। ਉਹ ਠੋਸ ਸਬੂਤ ਵੇਖਣਾ ਚਾਹੁੰਦੀ ਸੀ।

"ਜਦੋਂ ਪਾਕਿਸਤਾਨ ਬਣਿਆ ਸੀ, ਲਾਲਾ ਜੀ ਉਹ ਕਿਤਾਬਾਂ ਲੋਹੇ ਦੀ ਇਕ ਕਾਲੀ ਟਰੰਕੀ ਵਿਚ ਪਾ ਕੇ ਲਿਆਏ ਸਨ। ਇਥੇ ਤੀਸ ਹਜ਼ਾਰੀ ਵਾਲੇ ਮਕਾਨ ਵਿਚ ਉਨ੍ਹਾਂ ਇਕ ਲੱਕੜ ਦੇ ਤਾਕ 'ਤੇ ਟਿਕਾ ਦਿੱਤੀਆਂ। ਤਾਕ ਨੂੰ ਸਿਉਂਕ ਲੱਗੀ ਹੋਈ ਸੀ। ਉਹ ਕਈ ਕਿਤਾਬਾਂ ਦੀਆਂ ਜਿਲਦਾਂ ਵੀ ਚਟਮ ਕਰ ਗਈ। ਮਸਾਂ ਮਿੱਟੀ ਦਾ ਤੇਲ ਪਾ ਕੇ ਬਚਾਈਆਂ। ਮੁੜ ਕਾਲੀ ਟਰੰਕੀ ਵਿਚ ਬੰਦ ਕਰ ਕੇ ਲਾਲਾ ਜੀ ਨੇ ਆਪਣੇ ਮੰਜੇ ਹੇਠਾਂ ਰੱਖ ਲਈਆਂ।"

"ਹੱਛਾ ਉਹ ਟਰੰਕੀ।" ਸਰੋਜਨੀ ਨੇ ਬੁਝੀ ਹੋਈ ਆਵਾਜ਼ ਵਿਚ ਆਖਿਆ, "ਉਹਦੇ ਵਿਚ ਕਿਤਾਬਾਂ ਨੇ। ਤੇ ਮੈਂ ਏਨੇ ਸਾਲ ਸਮਝਦੀ ਰਹੀ ਹਾਂ ਲਾਲਾ ਜੀ ਨੇ ਸੋਨੇ ਦੀਆਂ ਮੋਹਰਾਂ ਲੁਕਾ ਰੱਖੀਆਂ ਨੇ।"

"ਸੋਨੇ ਦੀਆਂ ਮੋਹਰਾਂ ਵੀ ਬਥੇਰੀਆਂ ਹੋਣੀਆਂ ਸਨ,' ਪ੍ਰਕਾਸ਼ ਵਤੀ ਦੇ ਲਹਿਜੇ ਵਿਚ ਕਸ ਘੁਲ ਗਈ ਜਾਪਦੀ ਸੀ "ਜੇ ਲਾਹੌਰੋਂ ਲੁੱਟੇ-ਪੁੱਟੇ ਨਾ ਆਉਂਦੇ।"

ਮੋਹਰਾਂ ਦੀ ਥਾਂ ਕਿਤਾਬਾਂ ਸੁਣ ਕੇ ਪ੍ਰਕਾਸ਼ ਵਤੀ ਦੇ ਮੂੰਹ ਦਾ ਸਵਾਦ ਕੌੜਾ ਹੋ ਗਿਆ ਸੀ। ਉਹਦੀ ਨਿੱਕੀ ਭੈਣ ਦੀ ਫਗਵਾੜੇ ਵਾਲੀ ਨਨਾਣ ਦਾ ਦਦਿਓਰਾ ਮਰਿਆ ਤਾਂ ਬਾਬੇ ਦੀਆਂ ਸਾਂਭ ਕੇ ਰੱਖੀਆਂ ਮੋਹਰਾਂ ਦੀ ਵੰਡ ਸਾਰੇ ਕੁਟੰਬ ਵਿਚ ਹੋਈ ਸੀ। ਏਸੇ ਵੰਡ ਸਦਕਾ ਉਹਦੀ ਭੈਣ ਦੀ ਨਨਾਣ ਨੇ ਅੱਠ ਚੂੜੀਆਂ ਤੇ ਲਾਚੀ ਹਾਰ ਬਣਵਾ ਲਿਆ ਸੀ। ਇਹੋ ਤਾਂ ਸੁਖ ਹੁੰਦਾ ਏ ਬਜ਼ੁਰਗਾਂ ਦਾ, ਨਹੀਂ ਤਾਂ ਭਲਾ ਬੁੱਢਿਆਂ ਠੇਰਿਆਂ ਨੂੰ ਕਿਸੇ ਨਮੂਨਾ ਦੇਣ ਲਈ ਰੱਖਣਾ ਹੁੰਦਾ ਏ। ਜਦੋਂ ਤੋਂ ਸਰੋਜਨੀ ਨੇ ਨਿੱਕੀ ਭੈਣ ਦੇ ਮੂੰਹੋਂ ਸੁਣਿਆ ਉਹਦੇ ਮਨ ਵਿਚ ਵੱਡੇ ਲਾਲਾ ਜੀ ਦੇ ਪਲੰਘ ਹੇਠਾਂ ਲੁਕਾ ਕੇ ਰੱਖੀ ਕਾਲੀ ਟਰੰਕੀ ਮੋਹਰਾਂ ਦੀ ਹੋਣ ਵਾਲੀ ਵੰਡ ਨਾਲ ਜੁੜ ਗਈ। ਉਹਨੂੰ ਗਹਿਣੇ-ਗੱਟੇ ਦਾ ਬਹੁਤਾ ਹੇਜ ਨਹੀਂ ਸੀ। ਉਹ ਤਾਂ ਬੱਸ ਆਪਣੇ ਲਈ ਇਕ ਵੱਖਰੀ ਮਾਰੂਤੀ ਕਾਰ ਖਰੀਦ ਲਏਗੀ। ਪਰ ਟਰੰਕੀ ਵਿਚੋਂ ਨਿਕਲੀਆਂ ਵੀ ਤਾਂ ਕਿਸੇ ਨਾ ਕਰਮ ਦੀਆਂ

ਕਿਤਾਬੜੀਆਂ, ਸਿਊਂਕ ਖਾਧੀਆਂ ਜਿਲਦਾਂ ਵਾਲੀਆਂ, ਜਿਨ੍ਹਾਂ ਵੱਲ ਵੇਖ ਕੇ ਕਬਾੜੀ ਵੀ ਨੱਕ ਚਾੜ੍ਹਨ ਅਤੇ ਰੱਦੀ ਦੇ ਭਾਅ ਵੀ ਨਾ ਪੁੱਛਣ।

ਸਰੋਜਨੀ ਨੇ ਆਪਣੀ ਨਿਰਾਸ਼ਾ ਨੂੰ ਫਿਲਮੀ ਮੈਗਜ਼ੀਨ ਨਾਲ ਵਰਚਾਣਾ ਚਾਹਿਆ ਪਰ ਹੁਣ ਉਹਨੂੰ ਫਿਲਮੀ ਮੈਗਜ਼ੀਨ ਵੀ ਬੇਸੁਆਦੀ ਜਾਪੀ। ਬੰਦ ਕਰ ਕੇ ਉਹਨੇ ਮੇਜ਼ 'ਤੇ ਪਟਕ ਦਿੱਤੀ ਤੇ ਡਰਾਇੰਗ ਰੂਮ ਵਿਚੋਂ ਉਠ ਕੇ ਚਲੀ ਗਈ।

''ਇਹਨੂੰ ਕੀ ਹੋਇਆ ਏ ?'' ਪ੍ਰਕਾਸ਼ ਵਤੀ ਦੀਆਂ ਨਜ਼ਰਾਂ ਨੇ ਡਰਾਇੰਗ ਰੂਮ ਦੇ ਦਰਵਾਜ਼ੇ ਤੀਕ ਆਪਣੀ ਨੂੰਹ ਦਾ ਪਿੱਛਾ ਕੀਤਾ।

ਰਸ਼ਮੀ ਕੁਝ ਨਾ ਬੋਲੀ। ਉਹ ਇਕ ਹੱਥ ਵਿਚ ਸ਼ੀਸ਼ਾ ਤੇ ਦੂਜੇ ਵਿਚ ਟਵੀਜ਼ਰ ਫੜੀ ਪੂਰੀ ਇਕਾਗਰਤਾ ਨਾਲ ਆਪਣੇ ਭਰਵੱਟਿਆਂ ਦੀਆਂ ਕਮਾਨਾਂ ਬਣਾ ਰਹੀ ਸੀ।

ਅੱਜ ਕੱਲ੍ਹ ਦੀਆਂ ਕੁੜੀਆਂ ਨੂੰ ਬੱਸ ਇਹੋ ਇਕੋ ਕੰਮ ਰਹਿ ਗਿਆ ਏ, ਪ੍ਰਕਾਸ਼ ਵਤੀ ਨੇ ਆਪਣੀ ਬੁਣਤੀ ਢੂੰਡਦਿਆਂ ਤੇ ਤੇਜ਼ ਤੇਜ਼ ਸਲਾਈਆਂ ਚਲਾਂਦਿਆਂ ਸੋਚਿਆ, ਨਾ ਕੋਈ ਸੁਘੜਾਪਾ, ਨਾ ਕੋਈ ਸੁਚੱਜ। ਹਰ ਵੇਲੇ ਆਪਣਾ ਅਰਸ਼ਾ ਦਰਸ਼ਾ, ਜਿਵੇਂ ਕਿਸੇ ਨੁਮਾਇਸ਼ ਵਿਚ ਬਹਿਣਾ ਹੋਵੇ।

ਇਕ ਅਮਰੀਕਨ ਫੈਸ਼ਨ ਮੈਗਜ਼ੀਨ ਤੋਂ ਰੰਗ-ਬਰੰਗੀ ਬੁਣਤੀ ਉਤਾਰਦਿਆਂ ਉਸਦੇ ਹੱਥਾਂ ਵਿਚ ਸਲਾਈਆਂ ਏਨੀ ਚੁਸਤੀ ਨਾਲ ਚੱਲ ਰਹੀਆਂ ਸਨ ਜਿਵੇਂ ਉਨ੍ਹਾਂ ਨੂੰ ਕੋਈ ਕੰਪਿਊਟਰ ਚਲਾ ਰਿਹਾ ਹੋਵੇ। ਉਹਦੀ ਬੁਣਤੀ ਦੀ ਧਾਕ ਸਾਰੇ ਖਾਨਦਾਨ ਵਿਚ ਸੀ। ਕੋਈ ਭਣੇਵਾਂ, ਕੋਈ ਭਤੀਜਾ, ਕੋਈ ਭਣਵਈਆ, ਨਨਾਣਵਈਆ ਅਜਿਹਾ ਨਹੀਂ ਸੀ ਜਿਸ ਨੇ ਉਹਦੇ ਹੱਥਾਂ ਦਾ ਬੁਣਿਆ ਸਵੈਟਰ ਹੰਢਾਇਆ ਨਾ ਹੋਵੇ ਜਾਂ ਰੱਜ ਕੇ ਸਲਾਹਿਆ ਨਾ ਹੋਵੇ। ਉਹ ਉਸ ਪੀੜ੍ਹੀ ਦੀ ਸੀ ਜਦੋਂ ਕੁੜੀਆਂ ਦੀ ਸੂਰਤ ਨਹੀਂ, ਸੀਰਤ ਅਤੇ ਸੁਚੱਜ ਵੇਖਿਆ ਜਾਂਦਾ ਸੀ।

ਆਪਣੀਆਂ ਗਿਣਤੀਆਂ ਬੁਣਤੀਆਂ ਵਿਚ ਗਵਾਚੀ ਪ੍ਰਕਾਸ਼ ਵਤੀ ਕਿੰਨਾ ਚਿਰ ਅਕਾਡਮੀ ਦੀ ਚਿੱਠੀ ਵਲੋਂ ਬੇਧਿਆਨੀ ਬੈਠੀ ਰਹੀ। ਕਦੋਂ ਚਿੱਠੀ ਉਹਦੀ ਝੋਲੀ ਵਿਚੋਂ ਡਿਗ ਕੇ ਕਾਲੀਨ 'ਤੇ ਜਾ ਪਈ, ਉਹਨੂੰ ਪਤਾ ਨਾ ਲੱਗਾ। ਪਤਾ ਉਦੋਂ ਲੱਗਾ ਜਦੋਂ ਉਹ ਚਿੱਠੀ ਤੇਜ਼ ਪੱਖੇ ਦੀ ਹਵਾ ਨਾਲ ਫੜਫੜਾਈ।

''ਰਤਾ ਉਠ ਕੇ ਚਿੱਠੀ ਤਾਂ ਫੜਾਈਂ ਕੁੜੀਏ,'' ਉਹਨੇ ਰਸ਼ਮੀ ਨੂੰ ਆਖਿਆ, ''ਨਾਲੇ ਜਾ ਕੇ ਵੇਖ ਵੱਡੇ ਲਾਲਾ ਜੀ ਸੁੱਤੇ ਨੇ ਕਿ ਜਾਗਦੇ। ਜਾ ਕੇ ਉਨ੍ਹਾਂ ਨੂੰ ਇਹ ਖੁਸ਼ਖਬਰੀ ਸੁਣਾਈਏ।''

ਵੱਡੇ ਲਾਲਾ ਜੀ ਨਾ ਸੁੱਤੇ ਸਨ ਨਾ ਜਾਗਦੇ। ਉਹ ਇਕ ਨੀਮ ਬੇਹੋਸ਼ੀ ਵਿਚ ਸਨ। ਅੱਜ ਤੋਂ ਛੇ ਮਹੀਨੇ ਪਹਿਲਾਂ ਉਨ੍ਹਾਂ ਨੂੰ ਹਾਰਟ ਅਟੈਕ ਹੋਇਆ ਸੀ। ਇਕਾਨਵੇਂ ਸਾਲ ਦੀ ਉਮਰ ਵਿਚ ਹਾਰਟ ਅਟੈਕ 'ਚੋਂ ਬਚ ਨਿਕਲਣਾ ਇਕ ਕਰਾਮਾਤ ਦੇ ਬਰਾਬਰ ਸੀ। ਹਾਰਟ ਅਟੈਕ ਵਿਚ ਵੀ ਉਨ੍ਹਾਂ ਹਸਪਤਾਲ ਜਾਣੋਂ ਨਾਂਹ ਕਰ ਦਿੱਤੀ ਸੀ। ਜਦੋਂ ਤੀਕ ਫੈਮਿਲੀ ਡਾਕਟਰ ਪੁੱਜਾ ਮੌਤ ਦਾ ਖਤਰਾ ਟਲ ਚੁੱਕਾ ਸੀ ਪਰ ਇਹ ਹਾਰਟ ਅਟੈਕ ਉਨ੍ਹਾਂ ਨੂੰ ਅਧਮੋਇਆ ਕਰ ਗਿਆ ਸੀ। ਅੱਗੇ ਉਹ ਡੰਗੋਰੀ ਫੜ ਕੇ ਪਟੇਲ ਨਗਰ ਦੇ ਸੈਂਟਰਲ ਪਾਰਕ ਵਿਚ ਦਸ ਕੁ ਮਿੰਟ ਟਹਿਲ ਵੀ

ਆਇਆ ਕਰਦੇ ਸਨ। ਹੁਣ ਉਨ੍ਹਾਂ ਲਈ ਮੰਜੇ ਤੋਂ ਉਠਣਾ ਮੁਹਾਲ ਹੋ ਗਿਆ ਸੀ। ਦਵਾਈਆਂ ਦੇ ਨਸ਼ੇ ਵਿਚ ਉਹ ਅਕਸਰ ਨੀਮ ਬੇਹੋਸ਼ੀ ਦੀ ਹਾਲਤ ਵਿਚ ਰਹਿੰਦੇ। ਜਦੋਂ ਕਿਧਰੇ ਉਨ੍ਹਾਂ ਦੀ ਚੇਤਨਾ ਪਰਤਦੀ ਤਾਂ ਪ੍ਰਕਾਸ਼ ਵਤੀ ਉਨ੍ਹਾਂ ਨੂੰ ਆਰਾਮ ਕੁਰਸੀ 'ਤੇ ਬਿਠਾ ਕੇ ਦੁੱਧ, ਦਲੀਆ ਜਾਂ ਸਬਜ਼ੀਆਂ ਦਾ ਸੂਪ ਦਿੰਦੀ।

ਉੱਚਾ ਤਾਂ ਉਹ ਪਿਛਲੇ ਅੱਠ ਵਰ੍ਹਿਆਂ ਤੋਂ ਹੀ ਸੁਣਨ ਲੱਗ ਪਏ ਸਨ। ਹਾਰਟ ਅਟੈਕ ਮਗਰੋਂ ਉਨ੍ਹਾਂ ਦੀ ਜੀਭ ਵੀ ਲੜਖੜਾ ਗਈ ਸੀ। ਉਨ੍ਹਾਂ ਦੀਆਂ ਗੱਲਾਂ ਦੀ ਸਮਝ ਹੁਣ ਅੱਧ-ਪਚੱਧੀ ਹੀ ਪੈਂਦੀ ਸੀ। ਜੀਭ ਦੇ ਲੜਖੜਾਣ ਤੋਂ ਛੁੱਟ ਉਨ੍ਹਾਂ ਦੀ ਆਵਾਜ਼ ਵਿਚ ਵੀ ਹੁਣ ਸਾਹ-ਸੱਤ ਨਹੀਂ ਸੀ ਰਿਹਾ। ਉਨ੍ਹਾਂ ਦੀਆਂ ਗੱਲਾਂ ਸਮਝ ਨਾ ਆਉਣ ਦਾ ਇਕ ਹੋਰ ਕਾਰਨ ਵੀ ਸੀ। ਉਹ ਕਈ ਵਾਰੀ ਅਜਿਹੀਆਂ ਗੱਲਾਂ ਕਰਦੇ ਸਨ ਜਿਨ੍ਹਾਂ ਦਾ ਥਹੁ-ਪਤਾ ਕਿਸੇ ਨੂੰ ਨਹੀਂ ਸੀ। ਅਕਸਰ ਉਹ ਆਪਣੇ ਬਚਪਨ ਵਿਚ ਵਿਚਰਦੇ ਅਤੇ ਆਪਣੇ ਪ੍ਰਾਇਮਰੀ ਸਕੂਲ ਦੇ ਹਮਜੋਲੀਆਂ ਅਤੇ ਉਸਤਾਦਾਂ ਦੀਆਂ ਗੱਲਾਂ ਕਰਦੇ ਕਹਿੰਦੇ—

"ਅੱਜ ਮੈਂ ਮਦਰੱਸਿਓਂ ਹਾਜ਼ਰੀ ਲਵਾ ਕੇ ਖਿਸਕ ਆਊਂਗਾ। ਅੱਜ ਮੇਰੇ ਯਾਰ ਸਰਦੂਲ ਨੇ ਵੀ ਛੁੱਟੀ ਮਾਰੀ ਏ। ਅੱਜ ਅਸੀਂ ਸਾਰਾ ਦਿਨ 'ਕੈਨਾ-ਮੰਨਾ ਕੋਕਲੇ' ਖੇਡਾਂਗੇ।"

ਕਦੀ ਉਹ ਜਿਵੇਂ ਸਕੂਲ ਦੇ ਰਜਿਸਟਰ ਤੋਂ ਹਾਜ਼ਰੀ ਬੁਲਵਾ ਰਹੇ ਹੋਣ—

"ਧੰਨਾ ਸਿੰਘ, ਖ਼ਰੈਤੀ ਲਾਲ, ਇਮਤਿਆਜ਼ ਹੁਸੈਨ, ਸਰਦੂਲ ਸਿੰਘ, ਬਿਸ਼ੰਭਰ ਦਾਸ, ਹੰਸ ਰਾਜ।"

ਆਪਣਾ ਨਾਂ ਆਉਣ 'ਤੇ ਉਹ ਉਚੀ ਸਾਰੀ 'ਹਾਜ਼ਰ ਜਨਾਬ' ਬੋਲਦੇ ਤੇ ਫਿਰ ਚੁੱਪ ਕਰ ਜਾਂਦੇ। ਕਦੀ ਜਦੋਂ ਪ੍ਰਕਾਸ਼ ਵਤੀ ਸਰਹਾਣੇ ਤੋਂ ਅੱਧਾ ਕੁ ਉਠਾ ਕੇ ਦਵਾਈ ਦੇ ਰਹੀ ਹੁੰਦੀ ਤਾਂ ਕਹਿੰਦੇ—

"ਹਰਿਗੋਬਿੰਦ ਦੀ ਝਾਈ ਕਦੋਂ ਦੀ ਆਈ ਬੈਠੀ ਏ। ਕਰੋੜ ਕੋਹ ਦੀ ਵਾਟ ਪੈਦਲ ਕਰ ਕੇ ਆਈ ਏ। ਤੇਹ ਨਾਲ ਉਹਦੇ ਬੁੱਲ੍ਹ ਪਏ ਲੂਸਦੇ ਨੇ। ਉਹਨੂੰ ਕੋਈ ਪਾਣੀ-ਧਾਣੀ ਪੁੱਛੋ।"

ਹਰਿਗੋਬਿੰਦ ਉਨ੍ਹਾਂ ਦੇ ਵੱਡੇ ਪੁੱਤਰ ਅਤੇ ਪ੍ਰਕਾਸ਼ ਵਤੀ ਦੇ ਪਤੀ ਦਾ ਨਾਂ ਸੀ। ਹਰਿਗੋਬਿੰਦ ਦੀ ਝਾਈ, ਲਾਲਾ ਜੀ ਦੀ ਪਤਨੀ ਅੱਜ ਤੋਂ ਸਤਾਰਾਂ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਗਈ ਸੀ। ਲਾਲਾ ਜੀ ਦੇ ਹਾਰਟ ਅਟੈਕ ਨੇ ਉਨ੍ਹਾਂ ਦੀ ਮੋਈ ਪਤਨੀ ਨੂੰ ਮੋੜ ਲਿਆਂਦਾ ਸੀ। ਨੀਮ ਬੇਹੋਸ਼ੀ ਦੀ ਦਸ਼ਾ ਵਿਚ ਜਾਂ ਤਾਂ ਆਪਣੇ ਬਚਪਨ ਵਿਚ ਜਿਉਂਦੇ ਜਾਂ ਆਪਣੀ ਪਤਨੀ ਦੀਆਂ ਗੱਲਾਂ ਕਰਦੇ ਜਿਵੇਂ ਉਹ ਹਰ ਘੜੀ ਉਨ੍ਹਾਂ ਦੇ ਅੰਗ-ਸੰਗ ਹੋਵੇ।

ਡਾਕਟਰ ਦਾ ਕਹਿਣਾ ਸੀ ਕਿ ਹਾਰਟ ਅਟੈਕ ਵੇਲੇ ਕੁਝ ਛਿਨ ਔਕਸੀਜਨ ਉਨ੍ਹਾਂ ਦੇ ਦਿਮਾਗ ਵਿਚ ਨਹੀਂ ਸੀ ਪਹੁੰਚੀ। ਦਿਮਾਗ ਦੇ ਕੁਝ ਸੈਲ ਖਰਾਬ ਹੋ ਗਏ ਸਨ ਜਾਂ ਸ਼ਾਇਦ ਕਲਾਟ ਬਣ ਗਿਆ ਸੀ।

ਪਰ ਕਦੀ ਵਕਫ਼ੇ ਅਜਿਹੇ ਵੀ ਆਉਂਦੇ ਜਦੋਂ ਉਹ ਬਿਲਕੁਲ ਨਾਰਮਲ ਹੁੰਦੇ।

ਪਰਿਵਾਰ ਵਿਚ ਹਰ ਇਕ ਨੂੰ ਪਛਾਣਦੇ, ਹਰ ਇਕ ਨਾਲ ਸਿਆਣੀ ਗੱਲ ਕਰਦੇ ਅਤੇ ਕਰਨ ਵਾਲੇ ਦੀ ਗੱਲ ਪੂਰੀ ਤਰ੍ਹਾਂ ਸਮਝਦੇ। ਅਜਿਹੇ ਵਕਫ਼ਿਆਂ ਵਿਚ ਨਾ ਉਨ੍ਹਾਂ ਨੂੰ ਆਪਣਾ ਬਚਪਨ ਯਾਦ ਆਉਂਦਾ, ਨਾ ਉਹ ਆਪਣੀ ਮੋਈ ਪਤਨੀ ਦਾ ਜ਼ਿਕਰ ਕਰਦੇ।

ਰਸ਼ਮੀ ਵੱਡੇ ਲਾਲਾ ਜੀ ਦੇ ਕਮਰੇ ਵਿਚ ਝਾਤੀ ਮਾਰ ਆਈ ਸੀ ਤੇ ਹੁਣ ਡਰਾਇੰਗ ਰੂਮ ਵਿਚ ਦੀਵਾਨ 'ਤੇ ਬੈਠੀ ਮੁੜ ਟਵੀਜ਼ਰ ਨਾਲ ਆਪਣੇ ਭਰਵੱਟੇ ਸਵਾਰਨ ਵਿਚ ਰੁੱਝ ਗਈ ਸੀ। ਪ੍ਰਕਾਸ਼ ਵਤੀ ਨੇ ਵੀ ਸੋਚ ਲਿਆ ਸੀ ਕਿ ਅਕਾਡਮੀ ਦੀ ਚਿੱਠੀ ਦਾ ਜ਼ਿਕਰ ਇਸ ਵੇਲੇ ਵੱਡੇ ਲਾਲਾ ਜੀ ਨਾਲ ਕਰਨ ਵਿਚ ਕੋਈ ਤੁਕ ਨਹੀਂ ਸੀ। ਆਪੇ ਰਾਤ ਦੀ ਰੋਟੀ ਮਗਰੋਂ ਜਦੋਂ ਲਾਲਾ ਜੀ ਵਧੇਰੇ ਚੇਤੰਨ ਹਾਲਤ ਵਿਚ ਹੁੰਦੇ ਹਨ, ਹਰਿਗੋਬਿੰਦ ਇਹ ਖੁਸ਼ਖਬਰੀ ਉਨ੍ਹਾਂ ਨੂੰ ਸੁਣਾਏਗਾ। ਹਰਿਗੋਬਿੰਦ ਤੇ ਉਹਦਾ ਪੁੱਤਰ ਰਾਕੇਸ਼ ਸਦਰ ਬਾਜ਼ਾਰ ਵਿਚ ਇਕ ਛੋਟੀ ਜਹੀ ਹੋਜ਼ਰੀ ਦੀ ਦੁਕਾਨ ਕਰਦੇ ਸਨ। ਸ਼ਾਮੀਂ ਅੱਠ ਵਜੇ ਦੁਕਾਨ ਬੰਦ ਕਰ ਕੇ ਪਿਓ-ਪੁੱਤਰ ਨੌਂ ਪੌਣੇ ਨੌਂ ਵਜੇ ਨਾਲ ਰਾਕੇਸ਼ ਦੇ ਸਕੂਟਰ 'ਤੇ ਘਰ ਮੁੜਦੇ ਸਨ। ਰਤਾ ਕਦੀ ਉਨ੍ਹਾਂ ਨੂੰ ਕੁਵੇਲਾ ਹੋ ਜਾਂਦਾ ਤਾਂ ਪ੍ਰਕਾਸ਼ ਵਤੀ ਚਿੰਤਾ ਦੀ ਰਿਖਾ 'ਤੇ ਚੜ੍ਹ ਜਾਂਦੀ। ਚੂਰ-ਮੂਰ ਹੋਇਆ ਸਕੂਟਰ ਦਾ ਢਾਂਚਾ ਅਤੇ ਲਹੂ ਵਿਚ ਲਥ-ਪਥ ਹੋਈਆਂ ਪਿਓ-ਪੁੱਤਰ ਦੀਆਂ ਲੋਥਾਂ ਉਹਦੀ ਚੇਤਨਾ ਵਿਚ ਸਾਕਾਰ ਹੋ ਜਾਂਦੀਆਂ। ਉਹ ਦੇਵੀ ਮਾਤਾ ਲਈ ਚੁੰਨੀ ਅਤੇ ਗੁਰਦੁਆਰਾ ਬੰਗਲਾ ਸਾਹਿਬ ਦਾ ਪ੍ਰਸ਼ਾਦ ਸੁਖਦੀ ਮਨ ਹੀ ਮਨ ਵਿਚ ਨਿਸਚਾ ਕਰ ਲੈਂਦੀ ਕਿ ਇਕ ਵਾਰੀ ਸੁੱਖੀਂ-ਸਾਂਦੀ ਘਰ ਮੁੜ ਲੈਣ, ਇਸ ਨਿਜ ਹੋਏ ਸਕੂਟਰ ਨੂੰ ਮਗਰੋਂ ਲਾਹ ਕੇ ਛੱਡਣਾ ਏ ਤੇ ਕੋਈ ਪੁਰਾਣੀ ਕਾਰ ਖਰੀਦ ਲੈਣੀ ਏ ਭਾਵੇਂ ਇਹਦੇ ਲਈ ਉਹਨੂੰ ਆਪਣੀਆਂ ਚੂੜੀਆਂ ਵੀ ਵੇਚਣੀਆਂ ਪੈਣ। ਤੇ ਉਹ ਆਪਣੀ ਸੱਜੀ-ਖੱਬੀ ਵੀਣੀ ਵਿਚ ਪਈਆਂ ਸੋਨੇ ਦੀਆਂ ਦੋ ਦੋ ਘਸਮੈਲੀਆਂ ਚੂੜੀਆਂ ਉਤਾਰਨ ਲਗ ਪੈਂਦੀ। ਪਰ ਵੀਣੀਆਂ ਭਾਰੀਆਂ ਹੋ ਗਈਆਂ ਸਨ ਅਤੇ ਚੂੜੀਆਂ ਏਨੀਆਂ ਫਸ ਗਈਆਂ ਸਨ ਕਿ ਕਟਵਾਣੀਆਂ ਪੈਣੀਆਂ ਸਨ।

ਸਦਰ ਬਾਜ਼ਾਰ ਦੀ ਹੋਜ਼ਰੀ ਦੀ ਦੁਕਾਨ ਬੜੀ ਪੁਰਾਣੀ ਚਲ ਰਹੀ ਸੀ। ਲਾਹੌਰੋਂ ਆ ਕੇ ਕਮਾਈ ਦਾ ਇਹੋ ਇਕ ਠੀਹਾ ਬਣਿਆ ਸੀ। ਅਜੇ ਅੱਠ ਸਾਲ ਪਹਿਲੇ ਵੱਡੇ ਲਾਲਾ ਜੀ ਆਪ ਉਸ ਦੁਕਾਨ 'ਤੇ ਬੈਠਿਆ ਕਰਦੇ ਸਨ। ਇਸ ਦੁਕਾਨ ਦੀ ਕਮਾਈ ਨੇ ਬੜੇ ਕੰਮ ਕੱਢੇ ਸਨ। ਪਟੇਲ ਨਗਰ ਵਾਲਾ ਮਕਾਨ ਇਸੇ ਦੁਕਾਨ ਦੀ ਕਮਾਈ ਵਿਚੋਂ ਬਣਿਆ ਸੀ। ਉਹਦੇ ਦਿਉਰ ਤੇਜ ਭਾਨ ਅਤੇ ਦੋਹਾਂ ਨਨਾਣਾਂ ਦੇ ਵਿਆਹ ਵੀ ਇਸੇ ਕਮਾਈ ਵਿਚੋਂ ਹੋਏ ਸਨ। ਇਸ ਕਮਾਈ ਵਿਚੋਂ ਹੀ ਰਾਕੇਸ਼ ਅਤੇ ਰਾਕੇਸ਼ ਦੇ ਪੁੱਤਰ ਅੰਗਦ ਦਾ ਵਿਆਹ ਵੀ ਹੋਇਆ ਸੀ ਪਰ ਇਸ ਦੁਕਾਨ ਦੀ ਕਮਾਈ ਨੇ ਅਜੇ ਉਨ੍ਹਾਂ ਦੀ ਪੁੱਜਤ ਕਾਰ ਖਰੀਦਣ ਜੋਗੀ ਨਹੀਂ ਸੀ ਕੀਤੀ। ਫਿਰ ਪ੍ਰਕਾਸ਼ ਵਤੀ ਆਪਣੇ ਦਿਉਰ ਤੇਜ ਭਾਨ ਬਾਰੇ ਸੋਚਣ ਲਗੀ ਜਿਸ ਨੇ ਸਦਰ ਬਾਜ਼ਾਰ ਦੀ ਭੀੜੀ ਗਲੀ ਵਿਚ ਉਸ ਤੰਗ ਅਤੇ ਹਨੇਰੀ ਦੁਕਾਨ 'ਤੇ ਬੈਠਣੋਂ ਨਾਂਹ ਕਰ ਦਿੱਤੀ ਸੀ। ਉਹਨੇ ਕਈ ਪਾਪੜ ਵੇਲੇ ਸਨ ਪਰ ਸਭ ਵਿਚ ਘਾਟਾ ਹੀ ਘਾਟਾ। ਅਖੀਰ ਲਾਲਾ ਜੀ ਨੇ ਪਗੜੀ ਦੇ ਕੇ ਨਵੀਂ ਬਣੀ ਸ਼ੰਕਰ ਮਾਰਕੀਟ ਵਿਚ ਥਾਂ ਲੈ ਦਿੱਤੀ ਜਿੱਥੇ ਉਹਨੇ ਰੈਡੀਮੇਡ

ਕੱਪੜਿਆਂ ਦਾ ਕੰਮ ਸ਼ੁਰੂ ਕੀਤਾ। ਅੱਜ ਉਹ ਰੈਡੀਮੇਡ ਕੱਪੜਿਆਂ ਦਾ ਐਕਸਪੋਰਟਰ ਸੀ ਅਤੇ ਮਾਡਲ ਟਾਊਨ ਵਿਚ ਪੰਜ ਸੌ ਗਜ਼ ਦੀ ਢਾਈ ਮੰਜ਼ਲੀ ਕੋਠੀ ਵਿਚ ਆਪਣੀ ਵਹੁਟੀ ਨਾਲ ਰਹਿੰਦਾ ਸੀ। ਉਹਦੇ ਕੋਲ ਦੋ ਕਾਰਾਂ ਸਨ। ਕਦੀ ਕਦਾਈਂ ਝਟ ਦਾ ਝਟ ਲਾਲਾ ਜੀ ਦਾ ਹਾਲ ਪੁੱਛਣ ਆ ਜਾਂਦਾ ਸੀ।

ਪਰ ਹਰਗੋਬਿੰਦ ਦਾ ਤਾਂ ਨੇਮ ਬਣ ਗਿਆ ਸੀ, ਰਾਤ ਦੀ ਰੋਟੀ ਕਾਹਲੀ ਨਬੇੜ ਕੇ ਉਹ ਲਾਲਾ ਜੀ ਦੇ ਕਮਰੇ ਵਿਚ ਆ ਬਹਿੰਦਾ। ਬੈਠਦਾ ਤਾਂ ਰਾਕੇਸ਼ ਵੀ ਸੀ ਪਰ ਉਹਦੇ ਪਾਸੋਂ ਬਹੁਤਾ ਚਿਰ ਨਾ ਤਰਿਆ ਜਾਂਦਾ। ਪੰਜ ਮਿੰਟ ਮਗਰੋਂ ਉਹਨੂੰ ਨੀਂਦਰ ਝੁਲ ਪੈਂਦੀ ਤੇ ਉਹ ਉਬਾਸੀਆਂ ਮਾਰਦਾ ਉਠ ਖਲੋਂਦਾ। ਪਰ ਹਰਿਗੋਬਿੰਦ ਘੰਟਾ ਸਵਾ ਘੰਟਾ ਨਿਠ ਕੇ ਆਪਣੇ ਬਿਰਧ ਪਿਤਾ ਪਾਸ ਬੈਠਦਾ ਅਤੇ ਉਹਦਾ ਜੀ ਲਾਈ ਰੱਖਣ ਲਈ ਇਧਰ-ਉਧਰ ਦੀਆਂ ਮਾਰਦਾ ਰਹਿੰਦਾ। ਕਦੀ ਲਾਲਾ ਜੀ ਉਹਦੀਆਂ ਗੱਲਾਂ ਦਾ ਹੁੰਗਾਰਾ ਭਰਦੇ, ਕਦੀ ਚੁੱਪ-ਚੁਪੀਤੇ ਸੁਣਦੇ ਰਹਿੰਦੇ। ਪਰ ਇਹ ਸੱਚ ਸੀ ਕਿ ਲਾਲਾ ਜੀ ਦਾ ਅਚੇਤ ਮਨ ਇਸ ਘੰਟੇ ਸਵਾ ਘੰਟੇ ਨੂੰ ਤਾਂਘਣ ਲਗ ਪਿਆ ਸੀ। ਹਰਿਗੋਬਿੰਦ ਦੇ ਬੈਠਿਆਂ ਉਨ੍ਹਾਂ ਦੇ ਹੋਸ਼ ਹਵਾਸ ਜਿਵੇਂ ਇਕ ਹੰਭਲੇ ਨਾਲ ਸਾਵਧਾਨ ਹੋ ਜਾਂਦੇ ਤਾਂ ਜੋ ਇਸ ਘੰਟੇ ਸਵਾ ਘੰਟੇ ਵਿਚ ਚਵ੍ਹੀ ਘੰਟਿਆਂ ਲਈ ਤੋਸ਼ਾ ਇਕੱਠਾ ਕਰ ਸਕਣ।

ਅੱਜ ਹਰਿਗੋਬਿੰਦ ਨੂੰ ਇਧਰ-ਉਧਰ ਦੀਆਂ ਮਾਰਨ ਦੀ ਲੋੜ ਨਾ ਪਈ। ਅੱਜ ਤਾਂ ਗੱਲਬਾਤ ਲਈ ਇਕ ਤਾਜ਼ਾ ਅਤੇ ਗਰਮਾ-ਗਰਮ ਵਿਸ਼ਾ ਉਹਦੇ ਹੱਥ ਵਿਚ ਫੜਿਆ ਸੀ। ਰੋਜ਼ ਵਾਂਗ ਉਹਨੇ ਪ੍ਰਕਾਸ਼ ਵਤੀ ਦੀ ਮਦਦ ਨਾਲ ਦੋ ਸਰਹਾਣਿਆਂ ਦੀ ਢੋ ਲਵਾ ਕੇ ਲਾਲਾ ਜੀ ਨੂੰ ਆਰਾਮ ਕੁਰਸੀ 'ਤੇ ਬਿਠਾਇਆ।

''ਵੀਹ ਮਈ ਕਿਹੜੀ ਦੂਰ ਏ'', ਹਰਿਗੋਬਿੰਦ ਨੇ ਅਕਾਡਮੀ ਦੀ ਚਿੱਠੀ ਤਹਿ ਕਰ ਕੇ ਸਟੂਲ ਉਤੇ ਲਾਲਾ ਜੀ ਦੀ ਐਨਕ ਹੇਠਾਂ ਰੱਖਦਿਆਂ ਆਖਿਆ, ''ਹੋਰ ਅੱਠਾਂ ਦਿਨਾਂ ਨੂੰ ਆਈ ਖਲੀ ਵੀਹ ਮਈ।''

''ਕੀ ਆਖਿਆ ਈ ?'' ਲਾਲਾ ਜੀ ਨੇ ਕੰਨ ਪਿੱਛੇ ਹੱਥ ਰੱਖ ਕੇ ਸੁਣਨ ਦਾ ਸਿਰਤੋੜ ਯਤਨ ਕੀਤਾ।

ਹਰਿਗੋਬਿੰਦ ਨੇ ਹੋਰ ਉਚੀ ਆਵਾਜ਼ ਵਿਚ ਆਪਣੀ ਗੱਲ ਦੁਹਰਾਈ।

''ਵਾਰ ਕਿਹੜਾ ਹੋਇਆ ?'' ਹਰਿਗੋਬਿੰਦ ਨੇ ਕੁਝ ਆਪਣੇ ਆਪ ਕੁਝ ਪ੍ਰਕਾਸ਼ ਵਤੀ ਨੂੰ ਪੁੱਛਿਆ।

''ਐਤਵਾਰ ਏ।'' ਪ੍ਰਕਾਸ਼ ਵਤੀ ਨੇ ਕੰਧ ਦਾ ਕੈਲੰਡਰ ਨੀਝਿਆ।

''ਚਲੋ ਇਹ ਵੀ ਚੰਗਾ ਹੋਇਆ'', ਹਰਿਗੋਬਿੰਦ ਨੇ ਆਖਿਆ, ''ਦੁਕਾਨ ਵੀ ਨਹੀਂ ਬੰਦ ਕਰਨੀ ਪੈਣੀ।''

ਅਕਾਡਮੀ ਵਲੋਂ ਦਿੱਤੇ ਜਾਣ ਵਾਲੇ ਸਨਮਾਨ ਦੀ ਖੁਸ਼ਖਬਰੀ ਨਾਲ ਲਾਲਾ ਹੰਸ ਰਾਜ ਦੇ ਚਿਹਰੇ 'ਤੇ ਰੌਣਕ ਜਹੀ ਟਹਿਕ ਪਈ। ਹਰਿਗੋਬਿੰਦ ਅਤੇ ਪ੍ਰਕਾਸ਼ ਵਤੀ ਨੂੰ ਲਗਾ ਜਿਵੇਂ ਉਹ ਨੌਂ ਬਰ ਨੌਂ ਹੋ ਗਏ ਹੋਣ, ਜਿਵੇਂ ਉਨ੍ਹਾਂ ਨੂੰ ਕਦੀ ਹਾਰਟ ਅਟੈਕ ਨਾ ਹੋਇਆ ਹੋਵੇ। ਉਨ੍ਹਾਂ ਦੇ ਬੁੱਲ੍ਹ ਜੋ ਅਕਸਰ ਖੁੱਲ੍ਹੇ ਰਹਿੰਦੇ ਸਨ ਇਕ ਨਿੰਮੀ ਜਹੀ

ਮੁਸਕਾਨ ਵਿਚ ਅਧਮੀਟੇ ਗਏ ਸਨ। ਅੱਜ ਪਹਿਲੀ ਵਾਰੀ ਕਿਸੇ ਨੇ ਉਨ੍ਹਾਂ ਦੀ ਸਾਹਿਤਕ ਘਾਲਣਾ ਦੀ ਵਾਤ ਪੁੱਛੀ ਸੀ। ਭਾਵੇਂ ਇਕਾਨਵੇਂ ਵਰ੍ਹੇ ਦੀ ਉਮਰ ਵਿਚ ਪੁੱਛੀ ਸੀ ਪਰ ਪੁੱਛੀ ਤਾਂ ਸੀ।

''ਪਰ ਮੈਂ ਜਾਵਾਂਗਾ ਕਿਵੇਂ ?'' ਲਾਲਾ ਜੀ ਦੇ ਚਿਹਰੇ 'ਤੇ ਆਈ ਟਹਿਕ ਵਿਚ ਤੌਖਲੇ ਦੀ ਪਰਛਾਈਂ ਰਲ ਗਈ।

''ਕਿਹੜਾ ਦੂਰ ਜਾਣਾ ਏ,'' ਹਰਿਗੋਬਿੰਦ ਨੇ ਧਰਵਾਸ ਦਿੰਦਿਆਂ ਆਖਿਆ, ''ਸੱਦਾ ਪੱਤਰ ਦੇ ਨਾਲ ਜਿਹੜੀ ਵੱਖਰੀ ਚਿੱਠੀ ਅਕਾਡਮੀ ਨੇ ਤੁਹਾਡੇ ਨਾਂ ਭੇਜੀ ਏ, ਉਹਦੇ ਵਿਚ ਸਾਫ ਲਿਖਿਆ ਏ ਕਿ ਪਹਿਲੋਂ ਉਨ੍ਹਾਂ ਇਹ ਸਮਾਗਮ ਕਮਾਨੀ ਹਾਲ ਵਿਚ ਕਰਨਾ ਮਿਥਿਆ ਸੀ। ਪਰ ਤੁਹਾਡੀ ਆਯੂ ਤੇ ਬੀਮਾਰੀ ਨੂੰ ਮੁੱਖ ਰੱਖਦਿਆਂ ਤੁਹਾਡੀ ਸਹੂਲਤ ਲਈ ਸਮਾਗਮ ਪਟੇਲ ਨਗਰ ਦੇ ਸੈਂਟਰਲ ਪਾਰਕ ਵਿਚ ਹੀ ਕੀਤਾ ਜਾ ਰਿਹਾ ਹੈ। ਟੈਕਸੀ ਵਿਚ ਬਿਠਾ ਕੇ ਲੈ ਚੱਲਾਂਗੇ ਤੁਹਾਨੂੰ।''

''ਟੈਕਸੀ ਵਿਚ ਕਾਹਨੂੰ,'' ਪ੍ਰਕਾਸ਼ ਵਤੀ ਨੇ ਆਖਿਆ, ''ਤੇਜ ਭਾਨ ਵੀ ਤਾਂ ਆਏਗਾ। ਉਹਨੂੰ ਆਖਾਂਗੇ ਆਪਣੀ ਵੱਡੀ ਕਨਟੈਸਾ ਕਾਰ ਲੈ ਕੇ ਆਏ। ਉਹਦੇ ਵਿਚ ਲਾਲਾ ਜੀ ਆਰਾਮ ਨਾਲ ਬਹਿ ਜਾਣਗੇ।''

ਸਮਾਗਮ ਸ਼ਾਮ ਦੇ ਛੇ ਵਜੇ ਸ਼ੁਰੂ ਹੋਣਾ ਸੀ। ਪਰ ਜਦੋਂ ਲਾਲਾ ਹੰਸ ਰਾਜ ਨੂੰ ਪਾਰਕ ਦੀ ਵਲਗਣ ਲਾਗੇ ਟੈਕਸੀ ਤੋਂ ਉਤਾਰਿਆ ਗਿਆ ਤਾਂ ਸਵਾ ਛੇ ਵੱਜ ਚੁੱਕੇ ਸਨ। ਕੁਵੇਲਾ ਤੇਜ ਭਾਨ ਨੂੰ ਉਡੀਕਦਿਆਂ ਹੋਇਆ ਸੀ। ਟੈਲੀਫੋਨ 'ਤੇ ਉਹਨੇ ਪੱਕਾ ਆਖਿਆ ਸੀ ਕਿ ਨੜਿਨਵੇਂ ਫੀਸਦੀ ਉਹ ਪੌਣੇ ਛੇ ਵਜੇ ਪੁੱਜ ਜਾਵੇਗਾ ਪਰ ਇਕ ਫੀਸਦੀ ਜੇ ਉਹ ਕਿਸੇ ਕਾਰਨ ਨਾ ਆ ਸਕਿਆ ਤਾਂ ਆਪਣੀ ਕਨਟੈਸਾ ਤੇ ਡਰਾਈਵਰ ਨੂੰ ਜ਼ਰੂਰ ਭੇਜ ਦਏਗਾ। ਪਰ ਵੇਲੇ ਸਿਰ ਨਾ ਉਹ ਆਪ ਬਹੁੜਿਆ ਤੇ ਨਾ ਹੀ ਉਹਦੀ ਕਨਟੈਸਾ ਬਹੁੜੀ। ਸਗੋਂ ਕੱਲ੍ਹ ਰਾਤੀਂ ਅਕਾਡਮੀ ਦੇ ਸਕੱਤਰ ਦੀ ਫੋਨ ਆਈ ਸੀ ਕਿ ਉਹ ਆਪ ਆ ਕੇ ਲਾਲਾ ਜੀ ਨੂੰ ਘਰੋਂ ਲੈ ਜਾਣਗੇ ਪਰ ਹਰਿਗੋਬਿੰਦ ਨੇ ਨਾਂਹ ਕਰ ਦਿੱਤੀ ਸੀ ਕਿ ਸਾਡੇ ਪਾਸ ਆਪਣਾ ਪ੍ਰਬੰਧ ਹੈ।

ਉਚੇ-ਲੰਮੇ ਕੱਦ ਬੁੱਤ ਸਦਕਾ ਲਾਲਾ ਹੰਸ ਰਾਜ ਨੂੰ ਟੈਕਸੀ ਵਿਚ ਬਹਿੰਦਿਆਂ ਅਤੇ ਫਿਰ ਬਾਹਰ ਨਿਕਲਦਿਆਂ ਢੇਰ ਖੇਚਲ ਹੋਈ। ਟੈਕਸੀ 'ਚੋਂ ਉਤਰਦਿਆਂ ਪੋਤਰੇ ਰਾਕੇਸ਼ ਅਤੇ ਪੜਪੋਤਰੇ ਅੰਗਦ ਨੇ ਉਨ੍ਹਾਂ ਦੇ ਸੱਜੇ-ਖੱਬੇ ਬਾਹੂ ਹੇਠੋਂ ਇਕ ਇਕ ਬਾਂਹ ਵਲਾ ਕੇ ਉਨ੍ਹਾਂ ਦੇ ਉਪਰਲੇ ਧੜ ਦਾ ਸਾਰਾ ਭਾਰ ਆਪਣੇ ਉਤੇ ਲੈ ਲਿਆ। ਏਦਾਂ ਹੀ ਫੜ ਕੇ ਉਹ ਪਿਛਲੇ ਅੱਠ ਦਿਨ ਲਾਲਾ ਜੀ ਨੂੰ ਘਰ ਦੇ ਪਿਛਲੇ ਵਿਹੜੇ ਵਿਚ ਕਦਮ ਪੁੱਟਣ ਦਾ ਅਭਿਆਸ ਕਰਾਂਦੇ ਅਤੇ ਅੱਜ ਦੀ ਸ਼ਾਮ ਲਈ ਤਿਆਰ ਕਰਦੇ ਰਹੇ ਸਨ। ਏਦਾਂ ਉਨ੍ਹਾਂ ਡਾਕਟਰ ਦੀ ਸਲਾਹ ਮੰਨ ਕੇ ਹੀ ਕੀਤਾ ਸੀ।

ਲਾਲਾ ਹੰਸ ਰਾਜ ਨੇ ਅਚਕਨ ਅਤੇ ਚੂੜੀਦਾਰ ਰੇਬਵਾਂ ਪਜਾਮਾ ਪਹਿਨ ਰੱਖਿਆ ਸੀ। ਪੈਰੀਂ ਗੁਰਗਾਬੀ ਅਤੇ ਸਿਰ 'ਤੇ ਚਿੱਟੀ 'ਤੇ ਬੈਨਵੀਂ ਪੰਜਾਬੀ ਪਗੜੀ ਸੀ। ਉਨ੍ਹਾਂ ਦਾ ਬੁਢਾਪਾ ਗਵਾਹੀ ਭਰ ਰਿਹਾ ਸੀ ਕਿ ਜਵਾਨੀ ਵਿਚ ਉਹ ਕਿੰਨੀ ਸ਼ਾਨਦਾਰ ਸ਼ਖਸੀਅਤ ਹੋਣਗੇ।

ਜਦੋਂ ਉਹ ਥਿੜਕਦੇ ਕਦਮ ਪਾਰਕ ਦੇ ਗੇਟ ਤੋਂ ਪੰਡਾਲ ਦੇ ਗੇਟ ਵੱਲ ਘਸੀਟ ਰਹੇ ਸਨ ਤਾਂ ਉਨ੍ਹਾਂ ਦਾ ਸਾਹ ਤਿੱਖਾ ਤੇ ਔਖਾ ਚੱਲ ਰਿਹਾ ਸੀ। ਉਨ੍ਹਾਂ ਦਾ ਮੂੰਹ ਟੱਡਿਆ ਹੋਇਆ ਸੀ ਤੇ ਉਨ੍ਹਾਂ ਦੀਆਂ ਬੇਚਮਕ ਨੀਝਾਂ ਧਰਤੀ ਤੇ ਆਕਾਸ਼ ਦੇ ਵਿਚਕਾਰ ਕਿਸੇ ਨੁਕਤੇ 'ਤੇ ਜੁੜੀਆਂ ਸਨ। ਹਰ ਚਾਰ ਕਦਮ ਪੁੱਟਣ ਮਗਰੋਂ ਜਦੋਂ ਰੰਗ-ਸੁਰੰਗਾ ਸ਼ਾਮਿਆਨਾ ਉਨ੍ਹਾਂ ਦੀਆਂ ਨੀਝਾਂ ਦੀ ਪਕੜ ਵਿਚ ਆਇਆ ਤਾਂ ਲਾਲਾ ਜੀ ਦੇ ਚਿਹਰੇ 'ਤੇ ਲਾਲੀ ਦੌੜ ਗਈ। ਅਕਹਿ ਖੁਸ਼ੀ ਉਨ੍ਹਾਂ ਦੀਆਂ ਅੱਖਾਂ ਵਿਚ ਟਿਮਕ ਪਈ। ਇਹ ਸਾਰਾ ਪ੍ਰਬੰਧ ਉਨ੍ਹਾਂ ਦੇ ਸਨਮਾਨ ਵਜੋਂ ਸੀ। ਅਖੀਰ ਕਿਸੇ ਨੇ ਉਨ੍ਹਾਂ ਦੀ ਕੀਤੀ ਨੂੰ ਗੌਲਿਆ ਸੀ। ਅਖੀਰ ਉਨ੍ਹਾਂ ਦੀ ਘਾਲ ਥਾਏਂ ਪਈ ਸੀ।

ਅਚਨਚੇਤ ਰਾਕੇਸ਼ ਅਤੇ ਅੰਗਦ ਨੂੰ ਮਹਿਸੂਸ ਹੋਇਆ ਕਿ ਲਾਲਾ ਜੀ ਦੇ ਸਰੀਰ ਦਾ ਭਾਰ ਉਨ੍ਹਾਂ ਦੋਹਾਂ ਨੂੰ ਰਸਾਤਲ ਵੱਲ ਖਿੱਚ ਰਿਹਾ ਸੀ। ਫਿਰ ਉਨ੍ਹਾਂ ਦੇ ਸੰਭਾਲਦਿਆਂ ਸੰਭਾਲਦਿਆ ਲਾਲਾ ਜੀ ਦੀਆਂ ਲੱਤਾਂ ਪਾਰਕ ਦੇ ਘਾਹ 'ਤੇ ਵਿਛ ਗਈਆਂ ਤੇ ਲਾਲਾ ਜੀ ਦੇ ਮੂੰਹੋਂ ਨਿਕਲਿਆ :—

"ਹੰਸ ਰਾਜ—ਹਾਜ਼ਰ ਜਨਾਬ।"

ਅਤੇ ਉਨ੍ਹਾਂ ਦੀ ਧੌਣ ਇਕ ਪਾਸੇ ਲੁੜਕ ਗਈ।

ਪ੍ਰਕਾਸ਼ ਵਤੀ ਨੇ ਧਾਹ ਮਾਰੀ। ਹਰਿਗੋਬਿੰਦ ਨੇ ਚੀਖ਼ ਕੇ ਆਖਿਆ—

"ਲਾਲਾ ਜੀ! ਕੀ ਹੋ ਗਿਆ ਲਾਲਾ ਜੀ। ਬੋਲੋ ਲਾਲਾ ਜੀ। ਕੁਝ ਤੇ ਬੋਲੋ।"

ਪਰ ਲਾਲਾ ਜੀ ਉਥੇ ਹੁੰਦੇ ਤਾਂ ਬੋਲਦੇ।

ਪੰਡਾਲ ਵਿਚੋਂ ਮਾਈਕ 'ਤੇ ਅਕਾਡਮੀ ਦੇ ਸਕੱਤਰ ਦੀ ਆਵਾਜ਼ ਆ ਰਹੀ ਸੀ—

"ਸਾਨੂੰ ਸੂਚਨਾ ਮਿਲੀ ਹੈ ਕਿ ਲਾਲਾ ਹੰਸ ਰਾਜ ਜੀ ਘਰੋਂ ਟੁਰ ਪਏ ਹਨ। ਕੁਝ ਮਿੰਟਾਂ ਤੀਕ ਉਹ ਸਾਡੇ ਵਿਚਕਾਰ ਹੋਣਗੇ। ਸਾਨੂੰ ਅਫ਼ਸੋਸ ਹੈ ਕਿ ਉਨ੍ਹਾਂ ਦੇ ਆਉਣ ਵਿਚ ਦੇਰ ਹੋ ਗਈ ਹੈ।"

"ਆਉਣ ਵਿਚ ਦੇਰ," ਅੰਗਦ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ "ਜਾਂ ਬੁਲਾਉਣ ਵਿਚ ਦੇਰ!"

ਜੱਥੇਦਾਰ ਮੁਕੰਦ ਸਿੰਘ

ਸੁਣਦਿਆਂ ਸਾਰ ਜੱਥੇਦਾਰ ਮੁਕੰਦ ਸਿੰਘ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

"ਪਰ ਇਹ ਹੋਇਆ ਕੀਕਣ ?" ਕੜਕਦੀ ਆਵਾਜ਼ ਵਿਚ ਉਹਨੇ ਆਪਣੇ ਨਾਇਬ ਨੱਥੂ ਝੀਊਰ ਨੂੰ ਪੁਛਿਆ।

"ਜਾਣੋ ਜੀ, ਬਾਰ ਨੂੰ ਤਾਂ ਬਾਹਰੋਂ ਜਿੰਦਾ ਲਗਾ ਸੀ। ਅਜੇ ਵੀ ਚਲ ਕੇ ਅਖੀਂ ਵੇਖ ਲਵੋ।" ਨੱਥੂ ਨੇ ਸਫ਼ਾਈ ਪੇਸ਼ ਕੀਤੀ, "ਪਰ ਪਤੰਦਰਾਂ ਨੇ ਖਿੜਕੀ ਦੀ ਚਿਟਖਨੀ ਖੋਲ੍ਹ ਕੇ ਸੀਖਾਂ ਵਿੰਗੀਆਂ ਕਰ ਲਈਆਂ।"

"ਕਿੰਨੇ ਕੁ ਨਠਣ ਲੱਗੇ ਸੀ ?"

"ਜਾਣੋ ਜੀ ਤਿੰਨ ਤਾਂ ਬਾਹਰ ਨਿਕਲੇ। ਉਨ੍ਹਾਂ ਦੇ ਮਗਰ ਲੰਮੀ ਲਾਮਡੋਰੀ ਨਠਣ ਨੂੰ ਤਿਆਰ ਖੜੀ ਹੋਵੇਗੀ। ਪਰ ਅਸਾਂ ਵੇਲੇ ਸਿਰ ਸਿਰੋਂ ਜਾ ਫੜਿਆ।"

"ਤੇ ਹੁਣ ਕਿਥੇ ਨੇ ਉਹ ਸੂਰ ?" ਮੁਸਲਮਾਨਾਂ ਵਿਰੁਧ ਨਫ਼ਰਤ ਨੇ ਜੱਥੇਦਾਰ ਦੇ ਮਨ ਵਿਚ ਫ਼ਣ ਚੁਕ ਲਿਆ।

"ਜਾਣੋ ਜੀ, ਮੁਸ਼ਕਾਂ ਕਸਕੇ ਮੂਹਰਲੇ ਬਰਾਂਡੇ ਵਿਚ ਗੁਠੇ ਲਾ ਦਿੱਤੇ।"

"ਚੰਗਾ ਤੂੰ ਚਲ।" ਜੱਥੇਦਾਰ ਨੇ ਦਬਦਬੇ ਨਾਲ ਆਖਿਆ, "ਜੱਥੇ ਨੂੰ ਆਖੀਂ ਚੌਕਸ ਰਹਿਣ। ਕਰਨੇ ਆਂ ਹੁਣੇ ਬੰਦੋਬਸਤ ਖਨਜ਼ੀਰਾਂ ਨੂੰ ਗਡੀ ਚੜ੍ਹਾਉਣ ਦਾ।"

ਗਡੀ ਚੜ੍ਹਾਉਣ ਦਾ ਮਤਲਬ ਨਥੂ ਭਲੀ ਪਰਕਾਰ ਜਾਣਦਾ ਸੀ। ਪਿਛਲੇ ਤਿੰਨ ਚਾਰ ਮਹੀਨਿਆਂ ਵਿਚ ਜੱਥੇਦਾਰ ਤੇ ਉਹਦੇ ਜੱਥੇ ਨੇ ਸੈਂਕੜੇ ਮੁਸਲਮਾਨ ਮਹਾਜਰਾਂ ਨੂੰ ਗਡੀ ਚੜ੍ਹਾਇਆ ਸੀ। ਪਰ ਇਹ ਗਡੀ ਮੁਹੰਮਦ ਅਲੀ ਜਿਨਾਹ ਦੇ ਪਾਕਿਸਤਾਨ ਨਹੀਂ ਸੀ ਜਾਂਦੀ। ਇਸ ਗਡੀ ਦੀ ਮੰਜ਼ਲ ਮਲਕੁਲ ਮੌਤ ਦੀ ਰਾਜਧਾਨੀ ਸੀ।

ਕੋਈ ਸਮਾਂ ਸੀ ਜਦੋਂ ਜੱਥੇਦਾਰ ਮੁਕੰਦ ਸਿੰਘ ਸਿਰਫ਼ ਮੁਕੰਦ ਸਿੰਘ ਸੀ ਤੇ ਜਦੋਂ ਉਹ ਮੋਈ ਕੀੜੀ ਤੇ ਪੈਰ ਨਹੀਂ ਸੀ ਧਰਦਾ। ਪਰ ਹੁਣ ਤਾਂ ਉਹ ਬੰਦਾ ਮਾਰਨ ਲਗਿਆਂ ਸੀ ਨਹੀਂ ਸੀ ਕਰਦਾ। ਪਛਮੀ ਪੰਜਾਬ ਵਿਚ ਜੋ ਘਲੂਘਾਰਾ ਉਹਦੇ ਪਰਵਾਰ ਉਤੇ ਵਰਤਿਆ ਸੀ, ਉਸ ਤੋਂ ਉਪਜੀ ਬਦਲੇ ਦੀ ਹਵਸ ਨੇ ਉਹਨੂੰ ਬੇਕਿਰਕ ਬਣਾ ਦਿੱਤਾ

ਸੀ ਮਾਰਚ ਸੰਤਾਲੀ ਵਿਚ ਰਾਵਲਪਿੰਡੀ ਡੀਵੀਜ਼ਨ ਦੇ ਸਿੱਖ ਪਿੰਡਾਂ ਵਿਚ ਜਿਹੜਾ ਕਤਲਾਮ ਮਚਿਆ ਸੀ ਉਹਦੇ ਅੰਦਰ ਨੜਾਲੀ ਪਿੰਡ ਵਿਚ ਮੁਕੰਦ ਸਿੰਘ ਦੇ ਖਾਨਦਾਨ ਦੇ ਅਠਾਰ੍ਹਾਂ ਜੀਅ ਵਢੇ ਗਏ ਸਨ। ਲੁਟ ਦੇ ਹਿਰਸਾਏ ਅਤੇ ਦੀਨੀ ਜੋਸ਼ ਨਾਲ ਹਲਕਾਏ ਹਜੂਮਾਂ ਨੇ ਕਿਸੇ ਬੱਚੇ ਬੁਢੇ ਦੀ ਵੀ ਜਾਨ ਨਹੀਂ ਸੀ ਬਖ਼ਸ਼ੀ। ਉਹਦੇ ਖਾਨਦਾਨ ਦੀਆਂ ਸੁਆਣੀਆਂ ਨੇ ਪਿੰਡ ਦੇ ਖੂਹ ਵਿਚ ਛਾਲ ਮਾਰਕੇ ਆਪਣੀ ਪੱਤ ਬਚਾਈ ਸੀ। ਇਹ ਕਹਿਰ ਸਿਰਫ ਸਿਖ ਪਿੰਡਾਂ ਤੇ ਹੀ ਟੁਟਾ ਸੀ। ਕਿਉਂਜੋ ਸਿੱਖਾਂ ਨੇ ਜਿਨਾਹ ਦੇ ਪਾਕਿਸਤਾਨ ਨਾਲੋਂ ਇਕ ਵਡਾ ਪੜਛਾ ਲਾਹ ਲਿਆ ਸੀ। ਜਿਨਾਹ ਦੇ ਸੁਪਨੇ ਪਾਕਿਸਤਾਨ ਦੀ ਹਦ ਜਮਨਾ ਦਾ ਕੰਢਾ ਸੀ। ਪਰ ਸਿੱਖਾਂ ਨੇ ਜਿਨਾਹ ਦਾ ਦੋਸਤੀ ਲਈ ਵਧਾਇਆ ਹੱਥ ਝਟਕ ਕੇ ਪਾਕਿਸਤਾਨ ਦੀ ਸਰਹਦ ਰਾਵੀਉਂ ਅਗੇ ਨਹੀਂ ਸੀ ਟਪਣ ਦਿੱਤੀ, ਤੇ ਅੱਧਾ ਪੰਜਾਬ ਪਾਕਿਸਤਾਨ ਵਿਚ ਜਾਣੋ ਬਚਾ ਲਿਆ ਸੀ। ਜਿਨਾਹ ਨੇ ਆਪਣੀ ਤਕਰੀਰ ਵਿਚ ਆਖਿਆ ਸੀ ਕਿ ਸਿੱਖਾਂ ਨੇ ਉਹਦੇ ਪਾਕਿਸਤਾਨ ਨੂੰ ਲੂਹਲਾ ਲੰਗੜਾ ਕਰ ਦਿੱਤਾ ਸੀ।

ਜਦੋਂ ਪੋਠੋਹਾਰ ਦੇ ਸਿਖ ਪਿੰਡਾਂ ਵਿਚ ਇਹ ਬਾਬਰਵਾਣੀ ਫਿਰੀ ਤਾਂ ਮੁਕੰਦ ਸਿੰਘ ਆਪ ਰਾਵਲਪਿੰਡੀ ਸ਼ਹਿਰ ਵਿਚ ਸੀ, ਜਿਥੇ ਉਹ ਆਰਡੀਨੈਂਸ ਡਿਪੋ ਵਿਚ ਮੁਲਾਜ਼ਮਤ ਕਰਦਾ ਸੀ। ਉਹਦੀ ਘਰਵਾਲੀ ਅਤੇ ਬੱਚੇ ਸਾਲਾਨਾਂ ਇਮਤਿਹਾਨ ਮਗਰੋਂ ਆਪਣੇ ਦਾਦਕੇ ਪਿੰਡ ਨੜਾਲੀ ਗਏ ਹੋਏ ਸਨ। ਉਨ੍ਹਾਂ ਵਿਚੋਂ ਕੋਈ ਜੀਉਂਦਾ ਨਾਂ ਪਰਤਿਆ। ਏਡਾ ਜ਼ੁਲਮ, ਏਡਾ ਕਸਾਈਪੁਣਾ ਕਦੀ ਵੇਖਣ ਸੁਣਨ ਵਿਚ ਨਹੀਂ ਸੀ ਆਇਆ। ਮੁਕੰਦ ਸਿੰਘ ਹਉਕੇ ਭਰਦਾ ਮੁੜ ਮੁੜ ਕਹਿੰਦਾ—

"ਬਸ ਹੁਣ ਤਾਂ ਹਿੱਕਾ ਹਸਰਤ ਰਹਿ ਗਈ ਏ। ਹੱਥ ਵਿਚ ਹੋਵੇ ਸ੍ਰੀ ਸਾਹਬ ਤੇ ਨਾਲ ਹੋਵੇ ਪੰਜ ਸੌ ਸਿੰਘਾਂ ਦਾ ਜੱਥਾ ਤਾਂ ਹਿਕ ਵਾਰੀ ਸਾਰੇ ਮੁਸਲਮਕੇ ਪਿੰਡਾਂ ਦੀ ਇਟ ਨਾਲ ਇਟ ਵਜਾ ਦਿਆਂ।"

ਮੁਸਲਮਾਨਾਂ ਵਿਰੁਧ ਨਫ਼ਰਤ ਦਾ ਜਨੂਨ ਵਰੋਲਾ ਬਣ ਕੇ ਉਹਦੇ ਸਿਰ ਨੂੰ ਚੜ੍ਹ ਗਿਆ ਸੀ। ਉਹਦੀ ਹਸਰਤ ਰਾਵਲਪਿੰਡੀ ਵਿਚ ਪੂਰੀ ਨਾ ਹੋਈ। ਉਥੇ ਤਾਂ ਹਰ ਕਿਸੇ ਨੂੰ ਆਪਣੀ ਜਾਨ ਦੀ ਪਈ ਹੋਈ ਸੀ। ਪੰਜ ਸੌ ਸਿੰਘਾਂ ਦਾ ਜੱਥਾ ਉਹਦਾ ਕਿਥੋਂ ਬਣਨਾ ਸੀ।

ਇਹ ਹਸਰਤ ਮਨ ਵਿਚ ਘੁੱਟੀ ਜਦੋਂ ਉਹ ਪਾਕਿਸਤਾਨ ਦੀ ਸਰਹਦ ਟਪਕੇ ਲੁਧਿਆਣੇ ਆਇਆ ਤਾਂ ਉਹ ਧੁਰ ਅੰਦਰ ਤੀਕ ਪਛਿਆ ਹੋਇਆ ਸੀ। ਸਦਮਿਆਂ ਦੀ ਪੀੜ ਉਹਦੀ ਰੂਹ ਦੇ ਮਾਰੂ ਬਲ ਵਿਚ ਜੀਰ ਗਈ ਸੀ। ਉਹਦੇ ਫਟ ਅਜਿਹੇ ਸਨ ਜਿਨ੍ਹਾਂ ਤੇ ਕਦੀ ਅੰਗੂਰ ਨਹੀਂ ਆਉਂਦਾ। ਪੁਰਾਣੇ ਹੋ ਕੇ ਜੋ ਨਾਸੂਰ ਬਣ ਜਾਂਦੇ ਹਨ। ਉਹ ਆਪ ਵੀ ਚਾਹੁੰਦਾ ਸੀ ਕਿ ਉਹਦੇ ਜ਼ਖਮ ਕਦੀ ਨਾ ਆਠਰਨ ਅਤੇ ਉਹਦੀ ਰੂਹ ਵਿਚ ਪੀੜ ਦੀ ਧੌਂਖਣੀ ਨਫ਼ਰਤ ਦੀ ਭੱਠੀ ਮਘਾਈ ਰਖੇ।

ਏਦਾਂ ਹੀ ਹੋਇਆ ਅਤੇ ਬਦਲੇ ਦੀ ਭਾਵਨਾਂ ਉਹਦੇ ਅੰਦਰ ਜੰਗਾਲੀ ਕਰਦ ਬਣਕੇ ਰੜਕਦੀ ਰਹੀ।

ਲੁਧਿਆਣੇ ਆਕੇ ਵੀ ਉਹਨੂੰ ਪੰਜ ਸੌ ਸਿੰਘਾਂ ਦਾ ਜੱਥਾ ਨਾਂ ਮਿਲਿਆ। ਪੰਦ੍ਰਾਂ

ਵੀਹ ਵੈਲੀ, ਬਦਮਸ਼ ਤੇ ਲੁਟੇਰੇ ਉਹਦੇ ਸਾਥੀ ਜ਼ਰੂਰ ਬਣ ਗਏ। ਇਹ ਧਾੜ ਜੋ ਆਪਣੇ ਆਪ ਨੂੰ ਜੱਥਾ ਅਖਵਾਉਂਦੀ ਸੀ, ਅਸਲ ਵਿਚ ਜੱਥੇ ਵਰਗੇ ਪਵਿਤਰ ਸ਼ਬਦ ਲਈ ਕਲੰਕ ਸੀ।

ਮੁਕੰਦ ਸਿੰਘ ਦੇ ਜੋਸ਼ ਅਤੇ ਕਟੜਪੁਣੇ ਨੇ ਸਾਥੀਆਂ ਵਿਚ ਉਹਦੀ 'ਬਲੇ ਬਲੇ' ਕਰਾ ਦਿੱਤੀ ਸੀ। ਤੇ ਜਦੋਂ ਤੋਂ ਉਹਨੇ ਇਕ ਮੁਸਲਮਾਨ ਚੌਧਰੀ ਦੀ ਦੁਨਾਲੀ ਅਤੇ ਕਾਰਤੂਸਾਂ ਦੀ ਪੇਟੀ ਕਾਬੂ ਕੀਤੀ ਸੀ, ਉਹ ਇਸ ਧਾੜ ਦਾ ਜੱਥੇਦਾਰ ਬਣ ਗਿਆ ਸੀ। ਹੁਣ ਤੀਕ ਜੱਥੇਦਾਰ ਮੁਕੰਦ ਸਿੰਘ ਨੇ ਮੁਸਲਮਾਨ ਮਹਾਜਰਾਂ ਦੇ ਕਾਫ਼ਲਿਆਂ ਉਤੇ ਨਿਕੇ ਮੋਟੇ ਸ਼ਬਖ਼ੂਨ ਮਾਰੇ ਸਨ। ਪਰ ਅਜ ਲੁਧਿਆਣੇ ਜ਼ਿਲ੍ਹੇ ਦੇ ਇਸ ਸਮੁਲੜੇ ਮੁਸਲਮੱਕੇ ਪਿੰਡ ਠੀਕਰੀ ਮਾਜਰੇ ਤੇ ਹਲਾ ਬੋਲ ਕੇ ਉਹਦਾ ਦੁਮਾਲਾ ਉਚਾ ਹੋ ਗਿਆ ਸੀ।

ਠੀਕਰੀ ਮਾਜਰੇ ਦੇ ਬਖ਼ਤਾਵਰ ਵਸਨੀਕ, ਜਿਨ੍ਹਾਂ ਕੋਲ ਅਸਲਾ ਸੀ, ਉਹ ਤਾਂ ਪਹਿਲੇ ਹੀ ਸਿਆਲਕੋਟ ਜਾਂ ਲਾਹੌਰ ਜਾ ਅਪੜੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਠੀਕਰੀ ਮਾਜਰਾ ਵਿਚਾਰਾ ਜਿਹਾ ਹੋਕੇ ਰਹਿ ਗਿਆ ਸੀ। ਕਾਮਿਆਂ ਕਮੀਣਾਂ ਦੀ ਵਸੋਂ ਪਾਕਿਸਤਾਨ ਵਲ ਬਚ ਨਿਕਲਣ ਦਾ ਕੋਈ ਮੌਕਾ ਢੂੰਡ ਰਹੀ ਸੀ। ਉਨ੍ਹਾਂ ਦੇ ਹਰਾਸੇ ਚਿਹਰਿਆਂ ਉਤੇ ਆਸ ਦੀ ਇਕ ਨਿੰਮ੍ਹੀ ਜਹੀ ਲੋਅ ਜਗ ਪਈ ਜਦੋਂ ਸੁਣਿਆ ਕਿ ਅਗਲੇ ਦਿਨ ਮੁਸਲਮਾਨ ਮਹਾਜਰਾਂ ਦਾ ਇਕ ਵਡਾ ਕਾਫਲਾ ਜਰਨੈਲੀ ਸੜਕ ਤੋਂ ਲੰਘਣਾ ਸੀ। ਜਰਨੈਲੀ ਸੜਕ ਠੀਕਰੀ ਮਾਜਰੇ ਤੋਂ ਬਸ ਅੱਧੇ ਕੋਹ ਦੀ ਵਾਟ ਸੀ। ਉਨ੍ਹਾਂ ਸਭਨਾਂ ਇਸ ਕਾਫਲੇ ਨਾਲ ਰਲਣ ਦੀ ਵਿਉਂਤ ਬਣਾਈ। ਸਾਰਾ ਦਿਨ ਉਹ ਨਿਕ ਸੁਕ ਗੰਢੜੀਆਂ ਅਤੇ ਟਰੰਕੀਆਂ ਵਿਚ ਸਾਂਭਦੇ ਰਹੇ ਅਤੇ ਲਦਣ ਲਈ ਗਡੇ ਤਿਆਰ ਕਰਦੇ ਰਹੇ। ਉਹ ਅਗਲੇ ਦਿਨ ਦੀ ਦੁਪਹਿਰ ਨੂੰ ਉਡੀਕ ਰਹੇ ਸਨ ਜਦੋਂ ਕਾਫਲੇ ਨੇ ਠੀਕਰੀ ਮਾਜਰੇ ਲਾਗਿਓਂ ਲੰਘਣਾ ਸੀ।

ਪਰ ਜਿਓਂ ਹੀ ਪਛਮ ਵਿਚ ਖਿਲਰੀ ਲੱਪ ਕੁ ਲਾਲੀ ਸੁੰਗੜਦੀ ਸਿਮਟਦੀ ਲਕੀਰ ਜਹੀ ਰਹਿ ਗਈ ਤਾਂ ਹੋਣੀ ਜੱਥੇਦਾਰ ਮੁਕੰਦ ਸਿੰਘ ਦੇ ਜੱਥੇ ਦਾ ਰੂਪ ਧਾਰਕੇ ਧੂੜਾਂ ਪੁਟਦੀ ਪਿੰਡ ਤੇ ਆਣ ਚੜ੍ਹੀ। ਅਸਬਾਬ ਸਾਰਾ ਜੱਥੇ ਨੇ ਲੁਟ ਲਿਆ। ਮਾਲ ਡੰਗਰ ਕਿਲਿਆਂ ਤੋਂ ਅਰੜਾਂਦਾ ਖੋਲ੍ਹ ਲਿਆ ਤੇ ਪਿੰਡ ਦੀ ਸਾਰੀ ਵਸੋਂ ਨੂੰ ਬੰਦੀ ਬਣਾਕੇ ਪਿਲੀਆਂ ਇਟਾਂ ਅਤੇ ਅਣਰੰਦੇ ਤਖਤਿਆਂ ਵਾਲੀ ਸਕੂਲ ਦੀ ਇਮਾਰਤ ਵਿਚ ਡੱਕ ਦਿੱਤਾ। ਬਾਏਂ ਮਾਰ ਸੁਟਣਾ ਸੌਖਾ ਸੀ ਪਰ ਏਡੀ ਸੌਖੀ ਮੌਤ ਦੇਣੀ ਜੱਥੇਦਾਰ ਨੂੰ ਮਨਜ਼ੂਰ ਨਹੀਂ ਸੀ। ਮਾਰਨ ਤੋਂ ਪਹਿਲਾਂ ਉਹ ਉਨ੍ਹਾਂ ਨੂੰ ਛਿਨ ਛਿਨ ਕਰਕੇ ਹਜ਼ਾਰ ਵਾਰੀ ਮਾਰਨਾਂ ਚਾਹੁੰਦਾ ਸੀ। ਪੁਰਾਣੇ ਸੰਸਕਾਰਾਂ ਸਦਕਾ ਏਨੀ ਕੁ ਇਨਸਾਨੀਅਤ ਉਹਦੇ ਵਿਚ ਰਹਿ ਗਈ ਸੀ ਕਿ ਉਹਨੇ ਬਚਿਆਂ ਅਤੇ ਔਰਤਾਂ ਦੀ ਕਦੀ ਜਾਨ ਨਹੀਂ ਸੀ ਲਈ, ਨਾਂ ਹੀ ਪਤ ਨੂੰ ਹਥ ਪਾਇਆ ਸੀ। ਉਹਦੇ ਜੁੰਡੀਦਾਰ ਇਹ ਗਲ ਜਾਣਦੇ ਸਨ ਅਤੇ ਕਦੀ ਜਥੇਦਾਰ ਦੀ ਵਾਹੀ ਲੀਕ ਨਹੀਂ ਸਨ ਟਪਦੇ।

ਸਕੂਲ ਦਾ ਹਾਲ ਕਮਰਾ ਉਸ ਵੇਲੇ ਬੁਚੜਾਂ ਦਾ ਵਾੜਾ ਨਜ਼ਰ ਆਉਂਦਾ ਸੀ। ਸਹਿਮ ਦੇ ਮੂੰਹ ਆਏ ਬੰਦੀ ਠੱਕੇ ਮਾਰੇ ਬਾਂਦਰਾਂ ਵਾਂਗ ਕੰਬੀ ਜਾ ਰਹੇ ਸਨ।

''ਖਬਰਦਾਰ, ਜੇ ਕਿਸੇ ਨੇ ਰਾਤੀ ਨਠਣ ਦੀ ਕੋਸ਼ਿਸ਼ ਕੀਤੀ,'' ਜਥੇਦਾਰ ਨੇ ਭਬਕ ਮਾਰੀ, ''ਬਾਹਰ ਨੰਗੀਆਂ ਤਲਵਾਰਾਂ ਦਾ ਪਹਿਰਾ ਏ।''

ਉਹਦੇ ਮੁਛਹਿਰਿਆਂ ਦੇ ਕੁੰਡ ਕੰਬ ਰਹੇ ਸਨ।

ਬੰਦੀਆਂ ਨੂੰ ਚੇਤਾਵਨੀ ਦੇ ਕੇ ਉਹ ਦਰੋਂ ਬਾਹਰ ਹੋ ਗਿਆ। ਹਾਲ ਕਮਰੇ ਦੇ ਇਕੋ ਇਕ ਦਰਵਾਜ਼ੇ ਉਤੇ ਉਹਨੇ ਇਕ ਮੋਟਾ ਜਿੰਦਰਾ ਠੋਕ ਦਿੱਤਾ। ਫੇਰ ਉਹਨੇ ਜੱਥੇ ਨੂੰ ਚੌਕਸ ਰਹਿਣ ਦੀ ਤਾਕੀਦ ਕੀਤੀ ਤਾਂ ਉਹਦੇ ਇਕ ਮਲਵਈ ਢਾਣੀਦਾਰ ਨੇ ਆਖਿਆ—

''ਬਾਈ ਤੂੰ ਬਾਂਹ ਸਰਹਾਣੇ ਰਖਕੇ ਸੌਂ ਜਾ। ਸਵੇਰੇ ਗਿਣਕੇ ਲੈ ਲਈਂ ਆਪਣੇ ਸੂਰ ਸੂਰਨੀਆਂ।''

ਸਕੂਲ ਦੇ ਹਾਲ ਕਮਰੇ ਵਿਚ ਸੰਘਣਾ ਹਨੇਰਾ ਸੀ। ਕੋਈ ਦੀਵਾ ਵਟੀ ਨਹੀਂ ਸੀ ਬਲ ਰਿਹਾ। ਹਨੇਰੇ ਤੋਂ ਛੁਟ ਭੈ ਦੇ ਪਰਛਾਂਵਿਆਂ ਨੇ ਵੀ ਕੰਧਾਂ ਕਾਲੀਆਂ ਕਰ ਦਿੱਤੀਆਂ ਸਨ। ਔਰਤਾਂ, ਮਰਦ ਅਤੇ ਬੱਚੇ ਸਾਰੇ ਦੇ ਸਾਰੇ ਡੰਗਰਾਂ ਵਾਂਗ ਤੂਸੇ ਹੋਏ ਸਨ। ਉਹ ਜਾਣਦੇ ਸਨ ਉਨ੍ਹਾਂ ਉਤੇ ਮੌਤ ਦਾ ਫ਼ਤਵਾ ਲਗ ਚੁਕਾ ਸੀ ਤੇ ਏਸ ਫ਼ਤਵੇ ਵਿਰੁਧ ਕੋਈ ਸੁਣਵਾਈ ਨਹੀਂ ਸੀ। ਮੌਤ ਦੀ ਦਹਿਸ਼ਤ ਨੇ ਸਭਨਾਂ ਦੇ ਹੋਸ਼ ਹਵਾਸ ਸੂਤ ਰਖੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਉਦਾਸੀ ਨਾਲੋਂ ਵੀਰਾਨੀ ਕਿਤੇ ਵਧ ਸੀ। ਸਾਰੀ ਰਾਤ ਉਹ ਬਿਫ਼ਕਾਂ ਨਾਲ ਕੂਹਿੰਦੇ ਰਹੇ, ਸਾਰੀ ਰਾਤ ਉਹ ਅੱਲਾ ਅਗੇ ਵਾਸਤੇ ਪਾਂਦੇ ਅਤੇ ਹਾੜ੍ਹੇ ਘਤਦੇ ਰਹੇ ਪਰ ਅੱਲਾ ਤਾਂ ਕਿਤੇ ਲੰਮੀਆਂ ਤਾਣਕੇ ਸੌਂ ਗਿਆ ਸੀ।

ਲੋ ਲਗਣ ਵਾਲੀ ਸੀ ਕਿ ਕੁਝ ਬੰਦੀਆਂ ਨੇ ਖਿੜਕੀ ਦੀਆਂ ਸੀਖਾਂ ਵਿੰਗੀਆਂ ਕਰਕੇ ਨਠਣ ਦਾ ਬਾਨ੍ਹਣੂ ਬੰਨ੍ਹਿਆ। ਪਰ ਅਜੇ ਤਿੰਨ ਜਣੇ ਹੀ ਖਿੜਕੀਓਂ ਬਾਹਰ ਹੋਏ ਸਨ ਕਿ ਜੱਥੇ ਦੇ ਚੌਕਸ ਪਹਿਰੂਆਂ ਨੇ ਆਣ ਦਬੋਚਿਆ।

ਜਦੋਂ ਜੱਥੇਦਾਰ ਸਕੂਲ ਦੇ ਬਰਾਂਡੇ ਵਿਚ ਅਪੜਿਆ ਤਾਂ ਉਹਨੇ ਮੁੰਡਾਸਾ ਮਾਰਿਆ ਹੋਇਆ ਸੀ। ਤਿੰਨਾਂ ਭਗੌੜਿਆਂ ਤੇ ਗਡੀਆਂ ਉਹਦੀਆਂ ਨਿਕੀਆਂ ਚਮਕੀਲੀਆਂ ਅੱਖਾਂ ਫ਼ਨੀਅਰ ਵਾਂਗ ਫੂੰਕਾਰੇ ਮਾਰ ਰਹੀਆਂ ਸਨ। ਜੱਥੇਦਾਰ ਦੀ ਸੈਨਤ ਬੁਝਦਿਆਂ ਨੱਥੂ ਝੀਊਰ ਨੇ ਤਿੰਨਾਂ ਭਗੌੜਿਆਂ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਪਰ ਉਹ ਬਰਾਂਡੇ ਦੇ ਫ਼ਰਸ਼ ਤੇ ਸਿਥਲ ਪਏ ਰਹੇ। ਉਠਕੇ ਖੜ੍ਹੇ ਸਕਣ ਦੀ ਸਤਾ ਉਨ੍ਹਾਂ ਵਿਚ ਨਹੀਂ ਸੀ ਰਹਿ ਗਈ ਜਾਪਦੀ।

''ਉੱਠੋ ਸੂਰ ਦਿਉ ਹੜੋ।'' ਜਥੇਦਾਰ ਦੀ ਦੁਨਾਲੀ ਦੀਆਂ ਹੁਝਾਂ ਖਾਕੇ ਉਹ ਲੜਖੜਾਂਦੇ ਹੋਏ ਉਠੇ।

''ਉਪਰ ਵੇਖੋ ਹਰਾਮ ਦਿਉ। ਊਂਧੀ ਕਿਉਂ ਪਾ ਰਖੀ ਜੇ।'' ਜੱਥੇਦਾਰ ਕੜਕਿਆ।

''ਓਏ ਮੈਂ ਤੁਹਾਡੇ ਨਾਲ ਆਂ ਕੁੱਤੀ ਦਿਉ ਪੁਤਰੋ।'' ਮੁਕੰਦ ਸਿੰਘ ਨੇ ਤਿੰਨਾਂ ਨੂੰ ਗਲਮਿਓਂ ਫੜਕੇ ਝੰਜੋੜਾ ਮਾਰਿਆ।

ਤਿੰਨਾਂ ਮਦਭਾਗਿਆਂ ਨੇ ਆਪਣੀ ਨੀਵੀਂ ਚੁਕੀ।

''ਓਏ ਤੁਸੀਂ ਕੰਬਣ ਕਿਉਂ ਡਹੇ ਹੋ। ਸੂਰਾਂ ਨੂੰ ਵੀ ਕਦੀ ਪਾਲਾ ਲਗਾ ਏ। ਹੁਣੇ

ਮੇਰੀ ਦੁਨਾਲੀ ਤੁਹਾਡੇ ਅੰਦਰ ਚੰਗਿਆੜੇ ਬਾਲ ਦਏਗੀ ।''

ਉਨ੍ਹਾਂ ਵਿਚੋਂ ਦੋ ਗਭਰੂ ਸਨ । ਤੀਜਾ ਪੰਜਾਹ ਪਚਵੰਜਾ ਨੂੰ ਢੁਕਦਾ ਅਧਖੜ ਸੀ । ਕੰਬ ਸਿਰਫ ਦੋਵੇਂ ਗਭਰੂ ਰਹੇ ਸਨ । ਡਰ ਨਾਲ ਦੁਹਾਂ ਗਭਰੂਆਂ ਨੇ ਬਗੇ ਬਗੇ ਆਨੇ ਕਢ ਲਏ ਸਨ । ਪਰ ਅਧਖੜ ਬੇਖੌਫ਼ ਖੜੋਤਾ ਸੀ । ਦੋਵੇਂ ਗਭਰੂ ਹੱਥ ਬੰਨ੍ਹੀ ਨਿਮਾਣੇ ਬਣੇ ਹੋਏ ਸਨ ਪਰ ਅਧਖੜ ਦੇ ਹੱਥਾਂ ਦੀ ਕੰਘੀ ਉਹਦੀ ਪਿੱਠ ਪਿਛੇ ਸੀ ।

ਜੱਥੇਦਾਰ ਨੇ ਭਵਾਂ ਸੁਕੇੜਕੇ ਕੈਰੀਆਂ ਅੱਖਾਂ ਨਾਲ ਅਧਖੜ ਨੂੰ ਵਿੰਨ੍ਹਿਆ ।

''ਬੋਲੋ ਖਬੀਸੋ । ਕਿਹੜੇ ਪਿਉ ਨੂੰ ਪੁਛਕੇ ਨਠਣ ਲੱਗੇ ਸਓ । ਤੁਹਾਨੂੰ ਪਾਕਿਸਤਾਨ ਜਾਣ ਦੀ ਬਹੁਤੀ ਕਾਹਲੀ ਏ । ਔਹ ਹੁਣੇ ਦੁਨਾਲੀ ਤੁਹਾਨੂੰ ਬਗੈਰ ਟਿਕਟ ਦੇ ਲਹੌਰ ਪੁਚਾ ਦਏਗੀ । ਪਰ ਨਹੀਂ, ਗੋਲੀ ਨਾਲ ਤਾਂ ਤੁਸੀਂ ਸੁਖਾਲੇ ਛੁਟ ਜਾਉਗੇ । ਤੁਹਾਡੇ ਤਿੰਨਾਂ ਦਾ ਤਾਂ ਕੁਤਰਾ ਕਰਨਾ ਚਾਹੀਦਾ ਹੈ ।''

ਦੁਹਾਂ ਗਭਰੂਆਂ ਦੇ ਮੂੰਹ ਤੇ ਮੌਤ ਦੀ ਪਿਲਤਣ ਵਰਤੀ ਹੋਈ ਸੀ । ਕਾਂਬੇ ਨਾਲ ਉਨ੍ਹਾਂ ਦੇ ਗੋਡੇ ਤੇ ਗਿਟੇ ਭਿੜ ਰਹੇ ਸਨ । ਬਚ ਨਿਕਲਣ ਦੀ ਛਟਕ ਹੋ ਗਈ ਉਮੀਦ ਉਨ੍ਹਾਂ ਦੇ ਉਭੇ ਸਾਹਾਂ ਵਿਚ ਸਿਸਕ ਰਹੀ ਸੀ । ਹੱਥ ਬੰਨ੍ਹੀ ਉਹ ਬਾਹੁੜੀਆਂ ਪਾ ਰਹੇ ਸਨ ।

''ਸਰਦਾਰਾ, ਵਾਸਤਾ ਈ ਆਪਣੇ ਗੁਰੂ ਦਾ, ਸਾਡੀ ਜਾਨ ਬਕਸ਼ ਦੇ । ਸਾਨੂੰ ਸਿਖ ਬਣਾ ਲੈ । ਸਾਰੀ ਉਮਰ ਤੇਰੀ ਚਾਕਰੀ ਕਰਾਂਗੇ ।''

''ਤੁਹਾਡੇ ਵਰਗਿਆਂ ਬਾਝੋਂ ਸਿਖੀ ਦਾ ਕੁਝ ਨਹੀਂ ਥੁੜਿਆ, ਸੂਰਨੀ ਦਿਓ ।'' ਜੱਥੇਦਾਰ ਨੇ ਬੜ੍ਹਕ ਮਾਰੀ । ਉਹਦਾ ਵਿਕਰਾਲ ਚਿਹਰਾ ਸੇਕ ਛੱਡ ਰਿਹਾ ਸੀ ।

ਦੋਵੇਂ ਗਭਰੂ ਜੱਥੇਦਾਰ ਦੇ ਪੈਰੀਂ ਡਿਗੇ ਗਿੜਗਿੜਾ ਰਹੇ ਸਨ । ਜੱਥੇਦਾਰ ਨੇ ਦੁਨਾਲੀ ਦੀਆਂ ਹੁਝਾਂ ਨਾਲ ਦੋਨਾਂ ਨੂੰ ਮੁੜ ਖੜਾ ਕੀਤਾ । ਅਧਖੜ ਚੁਪ ਚੁਪੀਤਾ ਜਥੇਦਾਰ ਦੀ ਦੁਨਾਲੀ ਨੂੰ ਨੀਝ ਰਿਹਾ ਸੀ । ਉਹਦੀ ਬੇਖੌਫ਼ ਤਕਣੀ ਜਿਵੇਂ ਕਹਿ ਰਹੀ ਹੋਵੇ,

''ਹੁਣ ਚਲਾ ਵੀ ਗੋਲੀ ਤੇ ਮੁਕਾ ਇਹ ਟੰਟਾ ।''

ਉਹਦੀ ਨਿਝਕ ਅਤੇ ਨਿਸ਼ੰਗ ਤਕਣੀ ਜਥੇਦਾਰ ਦੇ ਮੱਥੇ ਵਿਚ ਠੀਕਰ ਵਾਂਗ ਵੱਜੀ ।

ਦੁਹਾਂ ਗਭਰੂਆ ਦੀ ਸ਼ਕਲ ਸੂਰਤ ਐਸੀ ਸੀ ਕਿ ਧਿਆਨ ਨਾਲ ਵੇਖੇ ਬਿਨਾਂ ਨਿਰਨਾ ਕਰਨਾ ਕਠਨ ਸੀ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ । ਪਰ ਅਧਖੜ ਦਾ ਚਿਹਰਾ ਮੁਹਰਾ ਖਾਸ ਇਸਲਾਮੀ ਸੀ । ਉਹਦੀ ਦਾੜ੍ਹੀ ਦੀਆਂ ਕਲਮਾਂ ਲਬਾਂ ਸ਼ਰੀਅਤ ਦੇ ਮੁਤਾਬਕ ਤ੍ਰਾਸ਼ੀਆਂ ਸਨ । ਅਜਿਹੀ ਮੁਸਲਮਾਨੀ ਸ਼ਕਲ ਸੂਰਤ ਲਈ ਮੁਕੰਦ ਸਿੰਘ ਦੇ ਮਨ ਵਿਚ ਘਿਰਣਾ ਪੈਦਾ ਹੋ ਗਈ ਸੀ ।

ਦੁਨਾਲੀ ਉਹਨੇ ਅਧਖੜ ਦੀ ਪੁੜਪੁੜੀ ਨਾਲ ਜੋੜ ਦਿੱਤੀ । ਅਧਖੜ ਅਹਿਲ ਖੜੋਤਾ ਰਿਹਾ । ਨਾ ਉਹਨੇ ਪਲਕ ਝਮਕੀ ਨਾਂ ਉਹਦੇ ਚਿਹਰੇ ਦੀ ਆਬ ਗਵਾਚੀ । ਉਹਦੀ ਤਕਣੀ ਮੌਤ ਦੇ ਮੂੰਹ ਉਤੇ ਪੁਠੇ ਹੱਥ ਦਾ ਥਪੜ ਮਾਰਦੀ ਦਿਸਦੀ ਸੀ । ਗੋਲੀ

ਮੂੰਹ ਆਇਆ ਵੀ ਉਹ ਏਦਾਂ ਲਾਪਰਵਾਹ ਸੀ ਜਿਵੇਂ ਸੂਲੀ ਵਲ ਜਾਂਦਾ ਮਨਸੂਰ ਹੋਵੇ।

ਰਫਲ ਦਾ ਘੋੜਾ ਦਬਣ ਦੀ ਬਜਾਏ ਜਥੇਦਾਰ ਨੇ ਇਕ ਹੁਝ ਮਾਰਕੇ ਰਫਲ ਉਹਦੀ ਪੁੜਪੁੜੀ ਨਾਲੋਂ ਲਾਹ ਲਈ। ਪੁੜਪੁੜੀ ਵਿਚੋਂ ਲਹੂ ਸਿਮ ਪਿਆ।

"ਬਾਕੀ ਦੇ ਸੂਰਾਂ ਨੂੰ ਵੀ ਬਾਹਰ ਕਢੋ।" ਜਥੇਦਾਰ ਨੇ ਹੁਕਮ ਚਾੜ੍ਹਿਆ। ਨੱਥੂ ਝੀਉਰ ਨੇ ਤਾਲੇ ਵਿਚ ਚਾਬੀ ਘੁੰਮਾਕੇ ਦਰਵਾਜ਼ੇ ਦੇ ਤਾਕ ਖੋਲ੍ਹ ਦਿੱਤੇ।

"ਬਾਹਰ ਨਿਕਲ ਆਉ ਸਾਰੇ।" ਨੱਥੂ ਨੇ ਗਰਜਵੀਂ ਆਵਾਜ਼ ਵਿਚ ਆਖ ਸੁਣਾਇਆ।

ਪਰ ਕੋਈ ਬਾਹਰ ਨਾਂ ਨਿਕਲਿਆ। ਉਹ ਸਾਰੇ ਜਾਣਦੇ ਸਨ ਕਿ ਬਾਹਰ ਮੌਤ ਖੜੀ ਉਨ੍ਹਾਂ ਨੂੰ ਉਡੀਕ ਰਹੀ ਸੀ। ਅਖ਼ੀਰ ਜੱਥੇ ਨੇ ਫੜ ਫੜਕੇ, ਧਕ ਧਕ ਕੇ ਘਸੀਟ ਘਸੀਟ ਕੇ ਔਰਤਾਂ ਅਤੇ ਬੱਚਿਆਂ ਨੂੰ ਬਾਹਰ ਕਢਿਆ। ਮਰਦ ਆਪਣੇ ਆਪ ਬੀਵੀ ਬੱਚਿਆਂ ਦੇ ਮਗਰ ਬਾਹਰ ਨਿਕਲ ਆਏ।

"ਜ਼ਨਾਨੀਆਂ ਅਤੇ ਬੱਚਿਆਂ ਨੂੰ ਵਖ ਕਰ ਦਿਓ।" ਜਥੇਦਾਰ ਨੇ ਦੂਜਾ ਹੁਕਮ ਚਾੜ੍ਹਿਆ।

ਬੰਦੀਆਂ ਦੀਆਂ ਦੋ ਢਾਣੀਆਂ ਬਣ ਗਈਆਂ। ਇਕ ਤੀਵੀਆਂ ਤੇ ਬੱਚਿਆਂ ਦੀ, ਦੂਜੀ ਮਰਦਾਂ ਦੀ।

ਬੱਚੇ ਰੋ ਰਹੇ ਸਨ, ਚਿਚਲਾ ਰਹੇ ਸਨ ਅਤੇ ਸਹਿਮੀਆਂ ਮਾਵਾਂ ਉਨ੍ਹਾਂ ਨੂੰ ਬੁਕਲ ਵਿਚ ਲੁਕਾਂਦੀਆਂ ਜਿਵੇਂ ਮੌਤ ਤੋਂ ਉਹਲਾ ਕਰ ਰਹੀਆਂ ਸਨ।

"ਬੱਚਿਆਂ ਨੂੰ ਚੁਪ ਕਰਾਓ।" ਜਥੇਦਾਰ ਨੇ ਤੀਵੀਆਂ ਨੂੰ ਦਬਕਾ ਮਾਰਿਆ, "ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਕੋਈ ਖਤਰਾ ਨਹੀਂ। ਪਾਕਿਸਤਾਨ ਵਿਚ ਤੁਹਾਡੇ ਕੁਝ ਲਗਦਿਆਂ ਨੇ ਸਾਡੀਆਂ ਮਾਵਾਂ, ਸਾਡੀਆਂ ਧੀਆਂ ਭੈਣਾਂ, ਸਾਡੇ ਬੱਚਿਆਂ ਨੂੰ ਨਹੀਂ ਬਖਸ਼ਿਆ। ਪਰ ਤੁਹਾਨੂੰ ਅਸੀਂ ਦੁਪਹਿਰੇ ਜਰਨੈਲੀ ਸੜਕ ਤੇ ਕਾਫਲੇ ਵਿਚ ਰਲਾਕੇ ਆਵਾਂਗੇ। ਪਹਿਲੇ ਤੁਹਾਡੇ ਖਸਮਾਂ ਸਾਈਆਂ ਨੂੰ ਗਡੀ ਚੜ੍ਹਾ ਲਈਏ। ਇਹ ਗਡੀ ਇਨ੍ਹਾਂ ਨੂੰ ਸਿੱਧਾ ਜਨਤ ਜਾ ਉਤਾਰੇਗੀ, ਜਿਥੇ ਇਨ੍ਹਾਂ ਨੂੰ ਹੂਰਾਂ ਮਿਲਣਗੀਆਂ।"

ਜਥੇਦਾਰ ਦੀ ਇਸ ਦਿਲਜੋਈ ਨੇ ਕਿਸੇ ਨੂੰ ਕੋਈ ਧਰਵਾਸ ਨਾ ਦਿੱਤਾ। ਬੱਚੇ ਰੋਂਦੇ ਚਿਚਲਾਂਦੇ ਰਹੇ ਤੇ ਮਾਵਾਂ ਦਹਿਸ਼ਤ ਨਾਲ ਅਧਮੋਈਆਂ ਥਰ ਥਰ ਕੰਬਦੀਆਂ ਰਹੀਆਂ।

"ਚਲੋ ਖਨਜ਼ੀਰੋ," ਜਥੇਦਾਰ ਮੁੜ ਤਿੰਨਾਂ ਭਤੀਜਿਆਂ ਵਲ ਹੋਇਆ, "ਤੁਹਾਨੂੰ ਹੂਰਾਂ ਦਵਾਈਏ। ਘਾਬਰੋ ਨਾਂ, ਸਿਰਫ ਤੁਸੀਂ ਤਿੰਨ ਗਡੀ ਨਹੀਂ ਚੜ੍ਹਨ ਲਗੇ। ਸਾਰਾ ਢਾਣਾ ਤੁਹਾਡੇ ਨਾਲ ਜਾਏਗਾ। ਪਰ ਮੈਨੂੰ ਇਕ ਸਬੀਲ ਸੁਝੀ ਏ ਜਿਸਦੇ ਨਾਲ ਤੁਹਾਡੇ ਬਹੁਤ ਸਾਰੇ ਭਰਾ ਗਡੀ ਚੜ੍ਹਨੋਂ ਬੱਚ ਜਾਣਗੇ। ਤੁਸੀਂ ਤਿੰਨੋ ਉਸ ਢਾਣੇ ਵਿਚੋਂ ਇਕ ਇਕ ਸਾਥੀ ਆਪਣੇ ਆਖਰੀ ਸਫ਼ਰ ਦਾ ਚੁਣ ਲਵੋ। ਤੁਹਾਨੂੰ ਤਿੰਨਾਂ ਨੂੰ ਤੇ ਤੁਹਾਡੇ ਚੁਣੇ ਹੋਏ ਤਿੰਨ ਸਾਥੀਆਂ ਨੂੰ ਅਸੀਂ ਹੁਣੇ ਸ਼ਹਾਦਤ ਦਾ ਜਾਮ ਪਿਲਾ ਦਿਆਂਗੇ। ਮੈਂ ਵਾਅਦਾ ਕਰਦਾ ਹਾਂ ਕਿ ਬਾਕੀ ਕਿਸੇ ਤੇ ਆਂਚ ਨਹੀਂ ਆਏਗੀ ਤੇ ਬਾਕੀ ਦੇ ਮਰਦ ਤੇ

ਸਾਰੇ ਜ਼ਨਾਨੀਆਂ ਬੱਚੇ ਦੁਪਹਿਰੇ ਕਾਫ਼ਲੇ ਨਾਲ ਜਾ ਰਲਣਗੇ।''

ਇਸ ਅਨੋਖੀ ਤਜਵੀਜ਼ ਉੱਤੇ ਜਥੇਦਾਰ ਦੇ ਢਾਣੀਦਾਰਾਂ ਨੂੰ ਲੰਮੀ ਹੈਰਾਨੀ ਨਾਂ ਹੋਈ। ਉਹ ਜਾਣਦੇ ਸਨ ਕਿ ਉਹ ਨਿਤ ਅਜਿਹੇ ਕੌਤਕ ਕਰਦਾ ਰਹਿੰਦਾ ਸੀ। ਇਕ ਵਾਰੀ ਕਾਫ਼ਲੇ ਨਾਲੋਂ ਪਛੜ ਗਿਆ ਇਕ ਲੰਗੜਾ ਬੁੱਢਾ ਜੱਥੇ ਦੇ ਕਾਬੂ ਆ ਗਿਆ ਸੀ।

ਜਥੇਦਾਰ ਦੇ ਰੂਪ ਵਿਚ ਮਲਕੁਲ ਮੌਤ ਦਾ ਦੀਦਾਰ ਕਰਕੇ ਬੁਢਾ ਪਤੇ ਵਾਂਗ ਕੰਬ ਰਿਹਾ ਸੀ। ਉਹਦੇ ਹੋਸ਼ ਹਵਾਸ ਨਾਲ ਉਹਦੀ ਜ਼ਬਾਨ ਵੀ ਥਿੜਕਦੀ ਜਾ ਰਹੀ ਸੀ। ਸੁਕੇ ਸੰਘ ਦਾ ਘੁਟ ਭਰਦਿਆਂ ਉਹਨੇ ਬੋਲਣ ਦਾ ਇਕ ਮਹੀਅਲ ਜਿਹਾ ਜਤਨ ਕੀਤਾ।

''ਮੈਨੂੰ ਮਾਰ ਲਵੋ, ਕੁਟ ਲਵੋ, ਪਰ ਜਾਨੋਂ ਨਾਂ ਮਾਰਨਾ। ਆਹ ਵੇਖ ਮੇਰੇ ਹੱਥ ਬਧੇ। ਤੇਰੀ ਵਾਹਿਗੁਰੂ ਜੀ ਕੀ ਫ਼ਤਹ ਸਰਦਾਰਾ, ਤੇਰੀ ਵਾਹਿਗੁਰੂ ਜੀ ਕੀ ਫ਼ਤਹ, ਤੇਰੀ ਵਾਹਿਗੁਰੂ ਜੀ ਕੀ ਫ਼ਤਹ।'' ਕਹਿੰਦਾ ਬੁਢਾ ਜਥੇਦਾਰ ਦੇ ਪੈਰੀਂ ਡਿਗ ਪਿਆ। ਮੁਕੰਦ ਸਿੰਘ ਨੂੰ ਹਾਸਾ ਆ ਗਿਆ। ਉਹਨੇ ਬੁਢੇ ਨੂੰ ਬਾਹੋਂ ਫੜਕੇ ਉਠਾਲ ਲਿਆ ਤੇ ਉਹਦੇ ਮੂੰਹੋਂ ਤਿੰਨ ਵਾਰੀ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਵਾਕੇ ਉਹਨੂੰ ਛੱਡ ਦਿੱਤਾ।

ਇਕ ਵਾਰੀ ਇਕ ਅਧਖੜ ਤੀਵੀਂ ਤੇ ਉਹਦਾ ਜਵਾਨ ਪੁਤਰ ਉਨ੍ਹਾਂ ਦੇ ਢਹੇ ਚੜ੍ਹ ਗਏ। ਉਹ ਜਰਨੈਲੀ ਸੜਕ ਤੋਂ ਲੰਘ ਰਹੇ ਕਾਫ਼ਲੇ ਵਿਚ ਸ਼ਾਮਲ ਸਨ। ਤਿਕਾਲਾਂ ਦੇ ਘੁਸਮੁਸੇ ਵਿਚ ਉਹ ਆਪਣੇ ਡੰਗਰਾਂ ਲਈ ਪੱਠੇ ਵਢਣ ਸੜਕ ਲਾਗਲੀ ਬਰਸੀਮ ਦੀ ਪੈਲੀ ਵਿਚ ਆਣ ਵੜੇ। ਕਾਫ਼ਲੇ ਦੇ ਲਾਗੇ ਤਾਗੇ ਗਿਰਝਾਂ ਵਾਂਗ ਮੰਡਲਾਂਦੇ ਜੱਥੇ ਨੇ ਉਨ੍ਹਾਂ ਨੂੰ ਆਣ ਘੇਰਿਆ।

ਜਥੇਦਾਰ ਦੇ ਹੱਥ ਨੰਗੀ ਤਲਵਾਰ ਸੂਤੀ ਵੇਖ ਤੀਵੀਂ ਬੋਲੀ—''ਵੇ ਵੀਰਾ, ਹਾੜਾ ਵੇ। ਸਾਨੂੰ ਵਢ ਛਡੀਂ ਭਾਵੇਂ ਪਰ ਪਹਿਲੋਂ ਮੇਰੀ ਗਲ ਸੁਣ ਲੈ।''

''ਬੋਲ ਸੂਰਲੀਏ, ਕੀ ਕਹਿਨੀ ਏਂ?''

ਜਥੇਦਾਰ ਦਾ ਬੋਲ ਦਾਤ ਵਰਗਾ ਤਿਖਾ ਸੀ।

''ਬਸ ਮੈਂ ਏਨਾਂ ਈ ਆਖਣਾ ਏ ਵੀਰਾ, ਮੇਰੇ ਪੇਕੇ ਮਲੇਰਕੋਟਲੇ ਨੇ ਤੇ ਆਹ ਮੇਰਾ ਪੁਤ ਮਲੇਰਕੋਟਲੇ ਦਾ ਦੋਹਤਰਾ ਈ।''

ਬਿੰਦ ਕੁ ਲਈ ਮੁਕੰਦ ਸਿੰਘ ਭੰਬਲਭੂਸਿਆਂ ਵਿਚ ਪਿਆ ਰਿਹਾ। ਇਹ ਜਨਾਨੀ ਕੀ ਆਖ ਰਹੀ ਸੀ। ਡਰ ਨਾਲ ਉਹ ਪਾਗਲ ਹੋ ਗਈ ਸੀ। ਇਹ ਮਲੇਰਕੋਟਲਾ ਕੀ ਬਲਾ ਸੀ। ਫੇਰ ਅਚਨਚੇਤ ਮਲੇਰਕੋਟਲਾ ਇਕ ਲਿਸ਼ਕਾਰੇ ਵਾਂਗ ਉਹਦੇ ਦਿਮਾਗ਼ ਵਿਚ ਜਗ ਉਠਿਆ। ਮਲੇਰਕੋਟਲੇ ਦਾ ਨਵਾਬ ਹੀ ਤਾਂ ਸੀ ਜਿਸਨੇ ਛੋਟੇ ਸਾਹਿਬ-ਜ਼ਾਦਿਆਂ ਉੱਤੇ ਲਾਏ ਗਏ ਫ਼ਤਵੇ ਵਿਰੁਧ ਆਵਾਜ਼ ਉਠਾਈ ਸੀ। ਤੇ ਜਦੋਂ ਹਕ ਦੀ ਇਹ ਆਵਾਜ਼ ਸੂਬਾ ਸਰਹੰਦ ਨੇ ਨਾਂ ਸੁਣੀ ਤਾਂ ਰੋਸ ਵਜੋਂ ਮਲੇਰਕੋਟਲਾ ਜ਼ਾਲਮਾਂ ਦੀ ਕਚਹਿਰੀ ਵਿਚੋਂ ਉਠ ਗਿਆ ਸੀ।

ਕਿਰਪਾਨ ਦੇ ਕਬਜ਼ੇ ਤੇ ਉਹਦਾ ਹੱਥ ਤ੍ਰੇਲੀ ਨਾਲ ਭਿੱਜ ਗਿਆ। ਉਹ ਇਹ ਕੀ

ਕਹਿਰ ਕਮਾਣ ਲਗਾ ਸੀ। ਇਹ ਕਲੰਕ ਸਾਰੀ ਉਮਰ ਉਹਦੇ ਮਥਿਓਂ ਨਹੀਂ ਸੀ ਧੁਪਣਾ।

"ਛੇਤੀ ਕਰ ਭੇਣੇ ਮੇਰੀਏ," ਉਹਨੇ ਨੀਵੀਂ ਪਾਈ ਆਖਿਆ, "ਨਠ ਕੇ ਕਾਫਲੇ ਵਿਚ ਜਾ ਰਲੋ। ਪਠਿਆਂ ਖਾਤਰ ਜਿੰਦ ਦਾ ਖਤਰਾ ਨਾ ਸਹੇੜਿਆ ਕਰੋ।"

ਯਾਦ ਕਰਕੇ ਮੁਕੰਦ ਸਿੰਘ ਦੇ ਜੁੰਡੀਦਾਰਾਂ ਨੂੰ ਉਹਦੀ ਏਸ ਨਵੀਂ ਤਜਵੀਜ਼ ਉਤੇ ਹੈਰਾਨੀ ਨਾ ਹੋਈ।

"ਬੋਲੋ ਬੰਦ. ਦਿਉ ਤੁਖਮੋ" ਜਥੇਦਾਰ ਭਵਾਂ ਸੁਕੇੜਦਾ ਬੋਲਿਆ, "ਮਨਜ਼ੂਰ ਏ ਤੁਹਾਨੂੰ ਮੇਰੀ ਗਲ?"

ਤਿੰਨਾਂ ਵਿਚੋਂ ਕਿਸੇ ਹੁੰਗਾਰਾ ਨਾ ਭਰਿਆ। ਲਗਦਾ ਸੀ ਜਥੇਦਾਰ ਮੁਕੰਦ ਸਿੰਘ ਦੀ ਗਲ ਚੰਗੀ ਤਰ੍ਹਾਂ ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਈ।

ਜਥੇਦਾਰ ਨੇ ਆਪਣੀ ਤਜਵੀਜ਼ ਦੁਹਰਾਈ।

ਇਸ ਵਾਰੀ ਵੀ ਤਿੰਨਾਂ ਵਿਚੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

"ਹਾਂ ਜਾਂ ਨਾਂ, ਕੁਝ ਤਾਂ ਬੋਲੋ, ਹਰਾਮਦਿਓ।"

ਇਕ ਹਠੀਲੀ ਚੁਪ ਉਨ੍ਹਾਂ ਦਾ ਉਤਰ ਸੀ।

"ਮਰੋ ਫਿਰ ਸਾਰੇ ਈ। ਮੁਲਕੇ ਅਦਮ ਵੱਲ ਕਠਿਆਂ ਈ ਹਿਜਰਤ ਕਰੋ।"

"ਲੈ ਚਲੋ ਸਾਰੇ ਸੂਰਾਂ ਨੂੰ ਹਿਕ ਕੇ ਸਕੂਲ ਦੇ ਪਿਛਵਾੜੇ।" ਜਥੇਦਾਰ ਨੇ ਆਪਣੇ ਨਾਇਬ ਨਥੂ ਝੀਉਰ ਨੂੰ ਹੁਕਮ ਕੀਤਾ।

"ਸਾਨੂੰ ਮਨਜ਼ੂਰ ਏ।"

ਇਹ ਆਵਾਜ਼ ਉਸ ਅਧਖੜ ਬੰਦੀ ਦੀ ਸੀ ਜਿਸਦੀ ਨਿਡਰਤਾ ਮੁਕੰਦ ਸਿੰਘ ਨੂੰ ਬੁਰੀ ਤਰ੍ਹਾਂ ਰੜਕ ਰਹੀ ਸੀ।

"ਮਨਜ਼ੂਰ ਏ ਤਾਂ ਚੁਣ ਲਵੋ ਆਪੋ ਆਪਣਾ ਸਾਥੀ ਦੋਜ਼ਖ਼ ਜਾਣ ਲਈ। ਚਲ ਉਏ ਸੂਰਨੀ ਦਿਆ ਪਹਿਲੇ ਤੂੰ।"

ਖਿੰਦ ਕੁ ਲਈ ਗਭਰੂ ਦੁਚਿਤੀਆਂ ਵਿਚ ਖੜਤਾ ਰਿਹਾ। ਪਰ ਅਗਲੇ ਪਲ ਜਥੇਦਾਰ ਦੀ ਦੁਨਾਲੀ ਉਹਦੀਆਂ ਮੌਰਾਂ ਵਿਚ ਵੱਜੀ ਤੇ ਬਧੌਰੁਧਾ ਉਹ ਮਰਦਾਂ ਦੀ ਢਾਣੀ ਵਲ ਹੋ ਤੁਰਿਆ। ਜਿਸਦੇ ਲਾਗਿਉਂ ਉਹ ਲੰਘਿਆ ਉਹਨੂੰ ਮੌਤ ਸੁੰਘ ਗਈ। ਜਿਸਦੇ ਕੋਲ ਉਹ ਰੁਕਿਆ, ਉਹਨੇ ਨੀਵੀਂ ਪਾ ਲਈ ਇਸ ਉਮੀਦ ਤੇ ਕਿ ਹੇਠਾਂ ਗਡੀਆਂ ਨੀਝਾਂ ਨਾਲ ਉਹ ਕਿਸੇ ਨੂੰ ਨਜ਼ਰ ਨਹੀਂ ਆਏਗਾ। ਇਕ ਇਕ ਕਰਕੇ ਗਭਰੂ ਸਭ ਦੇ ਕੋਲੋਂ ਲੰਘ ਗਿਆ। ਜਦ ਢਾਣੀ ਦਾ ਅਖੀਰਲਾ ਬੰਦਾ ਰਹਿ ਗਿਆ ਤਾਂ ਹਾਰਕੇ ਉਹਨੇ ਉਹਦੇ ਮੋਢੇ ਤੇ ਹੱਥ ਧਰ ਦਿੱਤਾ।

ਏਸੇ ਤਰ੍ਹਾਂ ਦੂਜੇ ਗਭਰੂ ਨੇ ਕੀਤਾ।

"ਚਲ ਬੜੇ ਮੀਆਂ, ਹੁਣ ਤੇਰੀ ਵਾਰੀ ਏ।" ਮੁਕੰਦ ਸਿੰਘ ਅਧਖੜ ਵਲ ਹੋਇਆ।

ਅਧਖੜ ਇਕ ਪਲ ਨਾਂ ਝਿਜਕਿਆ ਤੇ ਢਾਣੀ ਵਿਚੋਂ ਤੁਰਤ ਇਕ ਸਤਾਰ੍ਹਾਂ ਅਠਾਰ੍ਹਾਂ ਵਰ੍ਹਿਆਂ ਦੇ ਮੁੰਡੇ ਨੂੰ ਆਪਣੇ ਕਲਾਵੇ ਵਿਚ ਵਲਦਾ ਜਥੇਦਾਰ ਦੇ ਪੇਸ਼ ਹੋ ਗਿਆ।

ਅਚਨਚੇਤ ਅੱਸੀ ਕੁ ਸਾਲਾਂ ਦਾ ਇਕ ਬੁਢਾ ਜੋ ਢਾਣੀ ਵਿਚ ਸਭ ਤੋਂ ਵਡੇਰਾ ਲਗਦਾ ਸੀ ਭੁੜਕ ਕੇ ਅਗੇ ਆਉਂਦਾ ਚੀਖ਼ਿਆ—

"ਰਮਜ਼ਾਨਿਆਂ ਇਹ ਕੀ ਕਹਿਰ ਕਮਾਣ ਲਗਾ ਏਂ। ਨਜ਼ੀਰ ਤੇਰਾ ਇਕੋ ਇਕ ਪੁਤਰ ਏ। ਇਹਨੂੰ ਮੌਤ ਦੇ ਮੂੰਹ ਧਕਣ ਦਾ ਤੇਰਾ ਜਿਗਰਾ ਕਿਵੇਂ ਪਿਆ।"

ਰਮਜ਼ਾਨ ਨੇ ਕੋਈ ਉਤਰ ਨਾਂ ਦਿੱਤਾ। ਸਿਰਫ਼ ਆਪਣੇ ਕਲਾਵੇ ਦੀ ਕਸ ਮੁੰਡੇ ਦੁਆਲੇ ਪੀਡੀ ਕਰ ਲਈ।

"ਇਹਦੇ ਬਦਲੇ ਤੂੰ ਮੈਨੂੰ ਚੁਣ ਲੈ," ਬੁਢੇ ਤਰਲਿਆ, "ਮੈਂ ਖਾ ਹੰਢਾ ਬੈਠਾਂ ਹਾਂ।"

ਏਨਾਂ ਕਹਿੰਦਿਆਂ ਬਜ਼ੁਰਗ ਨਜ਼ੀਰ ਦਾ ਹੱਥ ਫੜਕੇ ਪਿਛਾਂਹ ਖਿਚਣ ਲਗਾ।

"ਛਡ ਦੇ ਚਾਚਾ।" ਅਧਖੜ ਨੇ ਉਹਨੂੰ ਵਰਜਿਆ, 'ਚੋਣ ਕਰਨ ਦਾ ਹਕ ਮੇਰਾ ਏ ਤੇ ਮੈਂ ਨਜ਼ੀਰ ਨੂੰ ਚੁਣਿਆ ਏ।"

"ਵਾਸਤਾ ਈ ਕਿਸੇ ਵਡੇ ਵਡੇਰੇ ਦਾ ਰਮਜ਼ਾਨਿਆ, ਮੁੰਡੇ ਨੂੰ ਅਨਿਆਈ ਮੌਤੇ ਨਾਂ ਮਰਵਾ। ਤੇਰੇ ਖਾਨਦਾਨ ਦਾ ਇਕੋ ਇਕ ਚਰਾਗ ਏ। ਇਹਦੇ ਨਾਲ ਈ ਤੇਰੀ ਕੁਲ ਦਾ ਨਾਮ ਨਿਸ਼ਾਨ ਮਿਟ ਜਾਏਗਾ।"

"ਮਿਟ ਜਾਏ।" ਰਮਜ਼ਾਨ ਦੀ ਆਵਾਜ਼ ਵਿਚ ਆਖਰਾਂ ਦਾ ਠਰੰਮਾ ਸੀ।

"ਪਰ ਤੂੰ ਮੈਨੂੰ ਕਿਉਂ ਨਹੀਂ ਚੁਣ ਲੈਂਦਾ। ਮੇਰੀਆਂ ਲਤਾਂ ਤਾਂ ਪਹਿਲੇ ਈ ਕਬਰ ਵਿਚ ਹਨ।"

"ਮੇਰਾ ਹਕ ਸਿਰਫ਼ ਆਪਣੇ ਪੁਤਰ ਦੀ ਜਿੰਦ ਤੇ ਏ। ਕਿਸੇ ਹੋਰ ਦੀ ਤੇ ਨਹੀਂ।"

ਅਧਖੜ ਦਾ ਇਖ਼ਲਾਕੀ ਹੌਸਲਾ ਵੇਖ ਜਥੇਦਾਰ ਮੁਕੰਦ ਸਿੰਘ ਅਚਨਚੇਤ ਪੈਰੋਂ ਉਖੜ ਗਿਆ। ਉਹਨੇ ਮੁੜ ਅੰਦਰਲੇ ਨੂੰ ਨਫ਼ਰਤ ਦੇ ਜਬਤ ਵਿਚ ਸਾਵਧਾਨ ਕਰਨਾਂ ਚਾਹਿਆ। ਪਰ ਉਹਦੇ ਅੰਦਰ ਸਭ ਕੁਝ ਟੁਟ ਗਿਆ ਜਾਪਦਾ ਸੀ। ਉਹਦੇ ਸਰੀਰ ਦੀ ਸਤਿਆ ਜਿਵੇਂ ਪੈਰਾਂ ਵਿਚੋਂ ਦੀ ਹੁੰਦੀ ਧਰਤੀ ਵਿਚ ਨਿਘਰ ਗਈ ਹੋਵੇ।

ਉਹਨੂੰ ਲਗਾ ਰਮਜ਼ਾਨ ਇਨਸਾਨੀਅਤ ਦਾ ਮੁਜਸਮਾ ਸੀ ਤੇ ਰੂਹਾਨੀਅਤ ਦੀ ਉਸ ਉਚਾਈ ਤੇ ਖੜੋਤਾ ਸੀ ਜਿਥੋਂ ਮੁਕੰਦ ਸਿੰਘ ਆਪ ਮੂੰਧੜੇ ਮੂੰਹ ਡਿਗਾ ਸੀ।

ਜਥੇਦਾਰ ਨੂੰ ਜਾਪਿਆ ਜਿਵੇਂ ਉਹਦਾ ਮੂੰਹ, ਉਹਦੀ ਦਾੜ੍ਹੀ, ਉਹਦੀ ਦਸਤਾਰ ਹੈਵਾਨੀਅਤ ਦੇ ਬਦਬੂਦਾਰ ਚਿਕੜ ਨਾਲ ਲਿਬੜ ਗਈ ਹੋਵੇ।

ਰਮਜ਼ਾਨ ਦੇ ਪਲੇ ਇਨਸਾਨੀਅਤ ਸੀ, ਨੇਕੀ ਸੀ, ਕੁਰਬਾਨੀ ਸੀ। ਰਮਜ਼ਾਨ ਦੇ ਪਲੇ ਸਚ ਸੀ, ਚਿੱਟੇ ਦਿਨ੍ਹ ਵਰਗਾ ਸਚ, ਜਿਹੋ ਜਿਹਾ ਮਲੇਰਕੋਟਲੇ ਦੇ ਨਵਾਬ ਦੇ ਪਲੇ ਸੀ। ਜਥੇਦਾਰ ਮੁਕੰਦ ਸਿੰਘ ਨੂੰ ਲਗਾ ਠੀਕਰੀ ਮਾਜਰਾ ਦੂਜਾ ਮਲੇਰ ਕੋਟਲਾ ਸੀ।

"ਤੁਹਾਡਾ ਵਾਲ ਵਿੰਗਾ ਨਹੀਂ ਹੋਏਗਾ," ਉਹਨੇ ਸਾਰੇ ਬੰਦੀਆਂ ਨੂੰ ਧਰਵਾਸ ਦੇਂਦਿਆਂ ਆਖਿਆ, "ਤੁਹਾਡਾ ਮਾਲ ਅਸਬਾਬ, ਢੋਰ ਡੰਗਰ ਤੁਹਾਨੂੰ ਹੁਣੇ ਮੋੜ ਦਿੱਤੇ ਜਾਣਗੇ। ਅੱਜ ਦੁਪਹਿਰੀਂ ਮੈਂ ਤੇ ਮੇਰਾ ਜੱਥਾ ਆਪਣੀ ਨਿਗਰਾਨੀ ਵਿਚ ਤੁਹਾਨੂੰ ਕਾਫ਼ਲੇ ਨਾਲ ਰਲਾਕੇ ਆਵਾਂਗੇ।"

ਜਥੇਦਾਰ ਦੇ ਹੁਕਮ ਦੀ ਨਾਬਰੀ ਕਰੇ, ਏਨੀ ਮਜਾਲ ਜਥੇ ਵਿਚ ਕਿਸੇ ਦੀ ਨਹੀਂ ਸੀ।

ਕਾਲਾ ਮੋਤੀਆ

ਗੁਰਾਂਦਿੱਤੀ ਨੇ ਭਾਵੇਂ ਕਦੇ ਕੋਈ ਰਾਜ ਮਹੱਲ ਨਹੀਂ ਸੀ ਵੇਖਿਆ ਪਰ ਵੇਖਦਿਆਂ ਸਾਰ ਉਹ ਜਾਣ ਗਈ ਕਿ ਸੁੰਦਰ ਨਗਰ ਦੀ ਉਹਦੇ ਭਤੀਜੇ ਗੁਰਬਖ਼ਸ਼ ਦੀ ਕੋਠੀ ਕਿਸੇ ਰਾਜ ਮਹੱਲ ਤੋਂ ਘੱਟ ਨਹੀਂ ਸੀ। ਬਿਜਲੀ ਦੇ ਹਜ਼ਾਰਾਂ ਲਾਟੂਆਂ ਨਾਲ ਜਗਮਗਾਂਦੀ ਕੋਠੀ ਏਦਾਂ ਲਗਦੀ ਸੀ ਜਿਵੇਂ ਰਾਜ ਮਹੱਲ ਨੂੰ ਕਿਸੇ ਰਾਜ ਕੁਮਾਰ ਦੀ ਤਾਜਪੋਸ਼ੀ ਲਈ ਸਜਾਇਆ ਗਿਆ ਹੋਵੇ। ਕਾਲੇ ਮੋਤੀਏ ਨਾਲ ਮਾਂਦੀਆਂ ਹੋ ਗਈਆਂ ਗੁਰਾਂਦਿੱਤੀ ਦੀਆਂ ਨੀਝਾਂ ਪਹਿਲੀ ਨਜ਼ਰੇ ਹੀ ਚਕਾਚੌਂਦ ਹੋ ਗਈਆਂ।

ਪੁੱਛਣ 'ਤੇ ਗੋਰਖੇ ਚੌਕੀਦਾਰ ਨੇ ਗੁਰਾਂਦਿੱਤੀ ਨੂੰ ਦੱਸਿਆ ਕਿ ਸ਼ਾਦੀ ਦਾ ਸਾਰਾ ਬੰਦੋਬਸਤ ਸੜਕ ਦਾ ਮੋੜ ਮੁੜ ਕੇ ਸਾਹਮਣੇ ਪਾਰਕ ਵਿਚ ਸੀ।

''ਤੇ ਬਰਾਤ ਕੁਥੇ ਢੁਕਸੀ?'' ਗੁਰਾਂਦਿੱਤੀ ਨੇ ਡੋਰੀਏ ਦਾ ਦੁਪੱਟਾ ਸੁਆਰਦਿਆਂ ਪੁੱਛਿਆ।

'ਬਰਾਤ' ਸ਼ਬਦ ਕਾਰਨ ਗੋਰਖੇ ਚੌਕੀਦਾਰ ਨੂੰ ਗੁਰਾਂਦਿੱਤੀ ਦੀ ਪੋਠੋਹਾਰੀ ਸਮਝਦਿਆਂ ਢਿੱਲ ਨਾ ਲੱਗੀ। ਸੜਕ ਦੇ ਮੋੜ ਵੱਲ ਸੈਨਤ ਕਰਦਿਆਂ ਉਹਨੇ ਦੱਸਿਆ ਕਿ ਸਾਰੇ ਸਮਾਗਮ ਪਾਰਕ ਵਿਚ ਹੀ ਹੋਣੇ ਸਨ।

ਪੰਡਾਲ ਦੀ ਸਜ ਧਜ ਸਾਹਵੇਂ ਕੋਠੀ ਦੀ ਸਜ ਧਜ ਮਾਂਦ ਪੈ ਗਈ। ਅਜਿਹੀ ਸਜ ਧਜ ਗੁਰਾਂਦਿੱਤੀ ਨੇ ਕਦੀ ਵੇਖੀ ਤਾਂ ਕੀ, ਕਿਆਸੀ ਵੀ ਨਹੀਂ ਸੀ। ਬਿਜਲੀ ਦੇ ਬੇਸ਼ੁਮਾਰ ਲਾਟੂਆਂ ਵਿਚੋਂ, ਗੁਰਾਂਦਿੱਤੀ ਦੀਆਂ ਕਾਲੇ ਮੋਤੀਏ ਕਜੀਆਂ ਪੁਤਲੀਆਂ ਨੂੰ ਚਾਨਣ ਡੁੱਲ੍ਹਦਾ ਨਜ਼ਰੀਂ ਆਉਂਦਾ ਸੀ ਜਿਵੇਂ ਉਹ ਬਿਜਲੀ ਦੇ ਲਾਟੂ ਨਾ ਹੋਣ, ਸਾਵੀਆਂ ਤੇ ਗੁਲਾਬੀ ਮਾਹਤਾਬੀਆਂ ਬਲ ਰਹੀਆਂ ਹੋਣ।

ਹੱਥ ਦੀ ਤਲੀ ਦੇ ਛੱਜੇ ਹੇਠੋਂ ਗੁਰਾਂਦਿੱਤੀ ਨੇ ਪੰਡਾਲ ਦੇ ਗੇਟ 'ਤੇ ਮਹਿਮਾਨਾਂ ਦਾ ਸੁਆਗਤ ਕਰ ਰਹੇ ਆਪਣੇ ਭਤੀਜੇ ਗੁਰਬਖਸ਼ ਨੂੰ ਪਛਾਣਿਆ। ਅੱਜ ਪੰਝੀ ਵਰ੍ਹਿਆਂ ਮਗਰੋਂ ਗੁਰਾਂਦਿੱਤੀ ਨੇ ਉਹਨੂੰ ਵੇਖਿਆ ਸੀ। ਅੱਜ ਤੋਂ ਪੰਝੀ ਵਰ੍ਹੇ ਪਹਿਲਾਂ ਜਦੋਂ ਉਹ ਦਿੱਲੀ ਵਿਚ ਬਿਜ਼ਨੈਸ ਲੱਭਣ ਲਈ ਗੋਬਿੰਦਗੜ੍ਹ ਤੋਂ ਟੁਰਿਆ ਸੀ ਤਾਂ ਉਹਦਾ ਸਰੀਰ ਇਕਹਿਰਾ ਸੀ। ਹੁਣ ਉਹੀ ਸਰੀਰ ਦੂਹਰਾ ਤੀਹਰਾ ਹੋ ਗਿਆ ਸੀ ਪਰ ਚਿਹਰੇ ਦੀ

ਚਰਬੀ ਵਿਚ ਨਕਸ਼ ਅਜੇ ਪੂਰੀ ਤਰ੍ਹਾਂ ਨਹੀਂ ਸਨ ਗਵਾਚੇ, ਨਹੀਂ ਤਾਂ ਉਹ ਗੁਰਾਂਦਿੱਤੀ ਦੀ ਮਮਤਾ ਤੋਂ ਵੀ ਨਾ ਪਛਾਣੇ ਜਾਂਦੇ।

ਉਹਨੇ ਤਾਂ ਮੁਦਤਾਂ ਮਗਰੋਂ ਆਪਣੇ ਭਤੀਜੇ ਨੂੰ ਪਛਾਣ ਲਿਆ ਸੀ ਪਰ ਕੀ ਉਹਦਾ ਭਤੀਜਾ ਵੀ ਆਪਣੀ ਭੂਆ ਨੂੰ ਪਛਾਣ ਲਏਗਾ, ਸ਼ੰਕੇ ਗੁਰਾਂਦਿੱਤੀ ਦਾ ਮਨ ਕੁਤਰਨ ਲੱਗੇ।

"ਸਿਆਂਣਿਆ ਈ ਮਿਘੀ ?" ਗੁਰਾਂਦਿੱਤੀ ਦੀ ਆਵਾਜ਼ ਵਿਸਵਿਸਿਆਂ ਨਾਲ ਡੋਲਦੀ ਸੀ। ਜੇ ਗੁਰਬਖਸ਼ ਨੇ ਉਹਨੂੰ ਨਾ ਪਛਾਣਿਆਂ ਤਾਂ ਉਹਦਾ ਦਿੱਲੀ ਵਿਆਹ 'ਤੇ ਆਈ ਦਾ ਕੌਡੀ ਮੁੱਲ ਨਹੀਂ ਸੀ ਵਟੀਣਾ ਤੇ ਉਹਦੇ ਧੌਲੇ ਸਿਰ ਦੀ ਬਜ਼ੁਰਗੀ ਵਿਚ ਛਾਈ ਪੈ ਜਾਣੀ ਸੀ।

"ਸਿਆਣ ਲਿਆ ਏ ਭੂਆ ਜੀ, ਪੈਰੀਂ ਪੈਨਾਂ।" ਗੁਰਬਖਸ਼ ਨੇ ਉਹਦੀ ਗੋਡੀਂ ਹੱਥ ਲਾਇਆ। ਉਹ ਤਾਂ ਸੱਚਮੁੱਚ ਪੈਰੀਂ ਪੈਣਾ ਚਾਹੁੰਦਾ ਸੀ, ਗੁਰਾਂਦਿੱਤੀ ਗਦ-ਗਦ ਹੋਈ ਨੇ ਸੋਚਿਆ ਪਰ ਭਾਰੇ ਸਰੀਰ ਕਾਰਨ ਉਹਦੇ ਤੋਂ ਬਹੁਤਾ ਨਿਵ ਨਹੀਂ ਸੀ ਹੋਇਆ।

"ਜੀਨਾਂ ਰਹੋ ਪੁੱਤਰਾ। ਰਖਾਂ ਸਾਈਂ ਨੀਆਂ। ਮਹਾਰਾਜ ਇਸ ਤੋਂ ਵੀ ਦੂਣਾ ਤ੍ਰੌਂਡਾ ਇਕਬਾਲ ਕਰੇ।"

ਜਦੋਂ ਗੁਰਾਂਦਿੱਤੀ ਨੇ ਆਪਣੇ ਭਤੀਜੇ ਦੀ ਕੰਡ 'ਤੇ ਹੱਥ ਫੇਰਿਆ ਤਾਂ ਉਹਨੂੰ ਉਹਦੀ ਜ਼ਰੀ ਦੀ ਅਚਕਨ 'ਚੋਂ ਕਿਸੇ ਮਹਿੰਗੇ ਇਤਰ ਦੀ ਵਾਸ਼ਨਾ ਆਈ।

"ਇਹ ਗੋਬਿੰਦਗੜ੍ਹ ਵਾਲੇ ਭੂਆ ਜੀ ਨੇ।" ਗੁਰਬਖਸ਼ ਨੇ ਆਪਣੀ ਪਤਨੀ ਨੂੰ ਯਾਦ ਕਰਾਇਆ।

"ਪੈਰੀਂ ਪੈਨੀ ਆਂ ਭੂਆ ਜੀ।" ਕਹਿੰਦੀ ਉਹਦੀ ਭਤੀਜ ਨੂੰਹ ਸਿੱਧੀ ਸਤੀਰ ਖੜੋਤੀ ਰਹੀ। ਨਾ ਉਹਨੇ ਹੱਥ ਜੋੜੇ, ਨਾਂ ਉਹਦੇ ਲਹਿਜੇ ਵਿਚੋਂ ਆਦਰ ਦਾ ਭੁਲੇਖਾ ਪਿਆ।

ਗੁਰਾਂਦਿੱਤੀ ਨੂੰ ਚੰਗਾ ਨਾ ਲੱਗਾ। ਪਰ ਉਹਦੇ ਅੰਦਰ ਅੰਤਾਂ ਦੀ ਖੁਸ਼ੀ ਸੀ। ਉਹਦੇ ਤੋਂ ਆਪਣਾ ਚਾਅ ਚੁੱਕਿਆ ਨਹੀਂ ਸੀ ਜਾਂਦਾ। ਲੱਖ ਗੱਲਾਂ ਦੀ ਇਕ ਗੱਲ ਸੀ ਕਿ ਅੱਜ ਪੰਜੀ ਵਰ੍ਹਿਆਂ ਮਗਰੋਂ ਉਹਦੇ ਭਤੀਜੇ ਨੇ ਆਪਣੀ ਬੁੱਢੀ ਠੇਰ੍ਹੀ ਭੂਆ ਨੂੰ ਪਛਾਣ ਲਿਆ ਸੀ।

"ਸਾਈਂ ਜੀਵੀ। ਬੁੱਢ ਸੁਹਾਗਣ ਥੀਵੇਂ।" ਉਹਨੇ ਭਤੀਜ ਨੂੰਹ ਨੂੰ ਅਸੀਸ ਦਿੱਤੀ।

ਪਛਾਣੇ ਜਾਣ ਦੀ ਖੁਸ਼ੀ ਨਾਲ ਗੁਰਾਂਦਿੱਤੀ ਦੇ ਚਿਹਰੇ ਦੇ ਬੁੱਢੇ ਵਟ ਇਕ ਪਲ ਲਈ ਜਿਵੇਂ ਸਾਵੇਂ ਹੋ ਗਏ। ਪਛਾਣੇ ਜਾਣ ਦੀ ਖੁਸ਼ੀ ਨਾਲ ਪੰਡਾਲ ਵਿਚ ਵੜਦਿਆਂ ਗੁਰਾਂਦਿੱਤੀ ਦੇ ਕਦਮਾਂ ਵਿਚ ਮੜ੍ਹਕ ਆ ਗਈ।

ਗੁਰਾਂਦਿੱਤੀ ਨੇ ਸੁਣ ਰੱਖਿਆ ਸੀ ਕਿ ਸਮੁੰਦਰ ਦਾ ਪਾਰਲਾ ਕੰਢਾ ਨਜ਼ਰ ਨਹੀਂ

ਆਉਂਦਾ। ਏਸ ਪੰਡਾਲ ਦਾ ਦੂਜਾ ਸਿਰਾ ਵੀ ਉਹਦੀ ਨੀਝ ਪਰੇਡਾ ਸੀ। ਸਾਰਾ ਪੰਡਾਲ ਰੌਸ਼ਨੀ ਰਾਗ ਤੇ ਚਾਵਾਂ ਮਲ੍ਹਾਰਾਂ ਨਾਲ ਓਤਪੋਤ ਸੀ। ਉਹਦੀਆਂ ਬੁੱਢੀਆਂ ਅੱਖਾਂ ਦੀ ਬੀਮਾਰ ਤਕਣੀ ਨੂੰ ਤਾਂ ਉਹ ਪੰਡਾਲ ਕੋਈ ਭੇਤ ਭਰਿਆ ਪਰੀ ਮਹੱਲ ਨਜ਼ਰ ਆਉਂਦਾ ਸੀ। ਦਿੱਲੀ ਵਿਚ ਗੁਰਬਖਸ਼ ਨੂੰ ਰੱਬ ਨੇ ਕਿੰਨਾ ਭਾਗ ਲਾਇਆ ਸੀ, ਉਹਦੀ ਗਵਾਹੀ ਉਸ ਪੰਡਾਲ ਵਿਚਲੀ ਹਰ ਸ਼ੈਅ ਦੇ ਰਹੀ ਸੀ।

ਅਜੇ ਗੁਰਾਂਦਿੱਤੀ ਸੁਆਰ ਕੇ ਇਕ ਕੁਰਸੀ 'ਤੇ ਬੈਠੀ ਹੀ ਸੀ ਕਿ ਬਾਹਰਲੀਆਂ ਰੌਸ਼ਨੀਆਂ ਰੌਣਕਾਂ ਤੋਂ ਮੂੰਹ ਮੋੜ ਕੇ ਉਹਦੀ ਸੁਰਤ ਉਹਦੇ ਅੰਦਰਲੇ ਵਿਚ ਲੱਥ ਗਈ। ਉਹਦਾ ਧੁਰ ਅੰਦਰ ਵੀ ਤਾਂ ਚਾਨਣ ਨਾਲ ਭਰਿਆ ਸੀ। ਉਹਦੇ ਭਤੀਜੇ ਨੇ ਉਹਨੂੰ ਪਛਾਣ ਲਿਆ ਸੀ। ਉਹਦਾ ਆਇਆ ਸਕਾਰਥਾ ਹੋ ਗਿਆ ਸੀ। ਉਹਦੇ ਸ਼ੰਕੇ ਨਿਰਮੂਲ ਨਿਕਲੇ ਸਨ। ਭਲਾ ਗੁਰਬਖਸ਼ ਤੇ ਆਪਣੀ ਭੂਆ ਨੂੰ ਨਾ ਪਛਾਣੇ। ਉਸ ਮੁਹਾਂਦਰੇ ਨੂੰ ਨਾ ਪਛਾਣੇ ਜਿਹੜਾ ਉਹਦੇ ਰੋਣ ਨਾਲ ਮਸੋਸਿਆ ਤੇ ਉਹਦੇ ਹੱਸਣ ਨਾਲ ਖਿੜਿਆ ਸੀ। ਉਨ੍ਹਾਂ ਅੱਖਾਂ ਨੂੰ ਨਾ ਪਛਾਣੇ ਜਿਨ੍ਹਾਂ ਦੀ ਮੋਹ ਭਿੱਜੀ ਤੱਕਣੀ ਵਰ੍ਹਿਆਂ ਬਧੀ ਉਹਦੇ ਮੂੰਹ ਤੋਂ ਨਹੀਂ ਸੀ ਹਟੀ। ਉਨ੍ਹਾਂ ਹੱਥਾਂ ਨੂੰ ਨਾ ਪਛਾਣੇ ਜਿਨ੍ਹਾਂ ਪੋਟੇ ਭੰਨ-ਭੰਨ ਉਹਦੀਆਂ ਬੀਮਾਰੀਆਂ ਕੱਟੀਆਂ ਸਨ। ਅਜੇ ਦਸਾਂ ਵਰ੍ਹਿਆਂ ਦਾ ਨਹੀਂ ਸੀ ਹੋਇਆ ਜਦੋਂ ਬਸ਼ਾਲੀ ਵਿਚ ਉਹਦੇ ਮਾਪੇ ਪਾਕਿਸਤਾਨੀ ਫਸਾਦਾਂ ਵਿਚ ਮਾਰੇ ਗਏ ਸਨ। ਗਰਮੀ ਦੀਆਂ ਛੁੱਟੀਆਂ ਬਿਤਾਣ ਆਪਣੀ ਭੂਆ ਕੋਲ ਕੋਂਤਰੀਲੇ ਆਇਆ ਹੋਇਆ ਸੀ। ਮੋਏ ਮਾਪੇ ਕੋਈ ਮੋੜ ਨਹੀਂ ਲਿਆਉਂਦਾ, ਨਾ ਮਾਪਿਆਂ ਦੀ ਥਾਂ ਕੋਈ ਹੋ ਸਕਦਾ ਹੈ। ਪਰ ਵਾਹ ਲਗਦੀ ਗੁਰਾਂਦਿੱਤੀ ਨੇ ਉਹਨੂੰ ਮਾਪਿਆਂ ਦਾ ਵਿਗੋਚਾ ਆਉਣ ਨਹੀਂ ਸੀ ਦਿੱਤਾ। ਉਹਨੂੰ ਪੜ੍ਹਾਇਆ ਸੀ, ਵਿਆਹਿਆ ਵਰਿਆ ਸੀ। ਤੰਗੀਆਂ ਤੁਰਸ਼ੀਆਂ ਵਿਚ ਵੀ ਆਪਣੇ ਪੁੱਤਰ ਸੁਖਬੀਰ ਨਾਲੋਂ ਵੱਧ ਆਪਣੇ ਭਤੀਜੇ ਦੇ ਚਾਅ ਮਲ੍ਹਾਰ ਕੀਤੇ ਸਨ।

ਪੰਡਾਲ ਦੇ ਇਕ ਕੋਨੇ ਵਿਚ ਵੱਜ ਰਹੇ ਫੌਜੀ ਬੈਂਡ ਦੀਆਂ ਮੱਧਮ ਧੁਨਾਂ ਨੇ ਗੁਰਾਂਦਿੱਤੀ ਦੇ ਵਹਿਣਾ ਵਿਚ ਕੋਈ ਵਿਘਨ ਨਹੀਂ ਸੀ ਪਾਇਆ ਪਰ ਹੁਣ ਪੰਡਾਲ ਦੇ ਬਾਹਰੋਂ ਆ ਰਹੇ ਪਿੱਤਲ ਦੇ ਬੈਂਡ ਦੇ ਕੰਨ ਪਾੜਵੇਂ ਸ਼ੋਰ ਨੇ ਉਹਦੀਆਂ ਸੋਚਾਂ ਨੂੰ ਝੰਜੋੜ ਸੁੱਟਿਆ। ਤਾਂ ਕੀ ਬਰਾਤ ਆ ਗਈ ਸੀ। ਹੁਣ ਢੁਕਾਅ ਹੋਏਗਾ। 'ਹਮ ਘਰ ਸਾਜਨ ਆਏ' ਪੜ੍ਹਿਆ ਜਾਏਗਾ। ਫੇਰ ਮਿਲਨੀ ਹੋਏਗੀ। ਜੇ ਸੁਖਬੀਰ ਵਿਆਹ ਤੇ ਆਉਣਾ ਮੰਨ ਗਿਆ ਹੁੰਦਾ ਤਾਂ ਮੁੰਡੇ ਦੇ ਚਾਚੇ ਨਾਲ ਮਿਲਣੀ ਉਹਦੀ ਹੀ ਹੋਣੀ ਸੀ ਪਰ ਸੁਖਬੀਰ ਨੇ ਤਾਂ ਉਹਨੂੰ ਵੀ ਵਿਆਹ 'ਤੇ ਜਾਣੋਂ ਵਰਜਿਆ ਸੀ।

''ਨਹੀਂ ਬੇ ਜੀ, ਉਥੇ ਅਮੀਰਾਂ ਵਿਚ ਕੀ ਕਰਨ ਜਾਣਾ ਜੇ। ਇਹ ਅਮੀਰ ਕਿਸੇ ਦੇ ਰਿਸ਼ਤੇਦਾਰ ਨਹੀਂ, ਕਿਸੇ ਦੇ ਸਕੇ ਨਹੀਂ। ਅੱਜ ਪਤਾ ਨਹੀਂ ਕਿਵੇਂ ਭੁੱਲ-ਭੁਲੇਖੇ ਸਾਨੂੰ ਵਿਆਹ ਦਾ ਕਾਰਡ ਭੇਜ ਬੈਠੇ ਨੇ। ਪਿਛਲੇ ਪੰਝੀ ਵਰ੍ਹੇ ਇਨ੍ਹਾਂ ਸਾਡੀ ਵਾਤ ਨਹੀਂ ਪੁੱਛੀ।''

ਪਰ ਸੁਖਬੀਰ ਦੀ ਕੀ ਗੱਲ ਸੀ। ਉਹਦੀ ਤਾਂ ਉਂਜ ਹੀ ਅਮੀਰਾਂ ਨਾਲ ਨਹੀਂ

ਸੀ ਬਣਦੀ। ਅਮੀਰਾਂ ਦੇ ਕਰੋੜਾਂ ਅਰਬਾਂ ਦਾ ਉਹਦੀਆਂ ਨਜ਼ਰਾਂ ਵਿਚ ਕਾਣੀ ਕੌਡੀ ਮੁੱਲ ਨਹੀਂ ਸੀ। ਉਹ ਤਾਂ ਮਜ਼ਦੂਰਾਂ ਦੇ ਰਾਜ ਦੀਆਂ ਗੱਲਾਂ ਕਰਦਾ ਸੀ। ਨਿਪਟ ਝੱਲੀਆਂ ਸਨ ਉਹਦੀਆਂ ਗੱਲਾਂ। ਈਦਮ ਆਦਮ ਤੋਂ ਰਾਜ ਰਾਜਿਆਂ ਰਾਣਿਆਂ ਦਾ ਰਿਹਾ ਸੀ, ਬਖ਼ਤਾਵਰਾਂ ਦਾ ਰਿਹਾ ਸੀ। ਦੋ ਡੰਗਾਂ ਦੀ ਰੋਟੀ ਤੋਂ ਆਤੁਰ ਕੰਗਲੇ ਮਜ਼ੂਰ ਕੀ ਰਾਜ ਕਰਨਗੇ। ਪਰ ਇਨ੍ਹਾਂ ਅਵੱਲੀਆਂ ਸੋਚਾਂ ਦਾ ਝਖੜ ਸੁਖਬੀਰ ਦੇ ਦਿਮਾਗ ਵਿਚ ਐਸਾ ਝੁੱਲਿਆ ਸੀ ਕਿ ਉਹਨੂੰ ਹੋਰ ਕੁਝ ਨਹੀਂ ਸੀ ਸੁਝਦਾ। ਗੋਬਿੰਦਗੜ੍ਹ ਦੇ ਸਟੀਲ ਰੋਲਿੰਗ ਮਿੱਲ ਮਜ਼ਦੂਰਾਂ ਦੀ ਯੂਨੀਅਨ ਦਾ ਉਹ ਸਕੱਤਰ ਸੀ ਤੇ ਅੱਜ ਕੱਲ੍ਹ ਮਿੱਲਾਂ ਵਿਚ ਹੜਤਾਲਾਂ ਕਰਾਉਣ ਦੀਆਂ ਵਿਉਂਤਾਂ ਬਣਾਦਿਆਂ ਉਹਨੂੰ ਆਪਣੀ ਭੁੱਖ ਪਿਆਸ ਵਿਸਰ ਗਈ ਸੀ।

ਇਕ ਦਿਨ ਸੁਖਬੀਰ ਕਿਤੋਂ ਸੁਣ ਆਇਆ ਸੀ ਕਿ ਗੁਰਬਖਸ਼ ਤਾਂ ਦਿੱਲੀ ਦਾ ਬੜਾ ਵੱਡਾ ਸਮਗਲਰ ਸੀ। ਇਹ ਗੱਲ ਉਹਨੇ ਗੋਬਿੰਦਗੜ੍ਹ ਵਿਚ ਰਹਿੰਦੇ ਇਕ ਸ਼ਰੀਕ ਦੇ ਮੂੰਹੋਂ ਸੁਣੀ ਸੀ, ਜਿਹੜਾ ਆਪਣੀ ਕਰਾਕਰੀ ਦੀ ਦੁਕਾਨ ਲਈ ਦਿੱਲੀਓਂ ਮਾਲ ਖਰੀਦਣ ਜਾਇਆ ਕਰਦਾ ਸੀ।

"ਸਮਗਲਰ ਕੌਣ ਹੋਨੇ ਨੇ?" ਗੁਰਾਂਦਿੱਤੀ ਨੇ ਪੁੱਛਿਆ ਸੀ।

"ਜਿਹੜੇ ਆਪਣੀ ਸਰਕਾਰ ਤੋਂ ਚੋਰੀ ਦੂਜੇ ਮੁਲਕਾਂ 'ਚੋਂ ਸੋਨਾ ਤੇ ਹੀਰੇ ਮੰਗਵਾ ਕੇ ਵੇਚਦੇ ਨੇ।"

"ਹੈਂ ਖਸਮਾਂ ਖਾਣਾ ਤਰਲੋਕਾ।" ਗੁਰਦਿੱਤਾਂ ਭੱਖ ਪਈ, "ਮੈਂਡੇ ਜਾਤਕੇ ਕी ਚੋਰ ਆਖਣੈ। ਸੜ ਸੜ ਕੇ ਕੋਲੇ ਪਿਆ ਹੋਨੈ ਹੁਸਨਾ ਰਿਜ਼ਕ ਤੱਕ ਕੇ।"

ਤੇ ਗੁਰਾਂਦਿੱਤੀ ਉਸ ਸ਼ਰੀਕ ਦੇ ਘਰ ਲੜਨ ਗਈ ਸੀ ਤੇ ਉਹਦੀ ਬੁਰੀ ਬਾਬ ਕਰ ਕੇ ਆਈ ਸੀ।

ਢੁਕਾਅ ਹੋ ਗਿਆ ਸੀ। ਮਿਲਣੀ ਹੋ ਗਈ ਸੀ। ਜਾਂਜੀ ਮਾਂਜੀ ਸੋਫਿਆਂ 'ਤੇ ਸਜ ਗਏ ਸਨ। ਜਾਂਜਣਾਂ ਮੇਲਣਾਂ ਝੰਮ ਝੰਮ ਕਰਦੇ ਕੱਪੜੇ ਪਾਈ ਜ਼ੁਲੈਖਾਂ ਬਣੀਆਂ ਘੁੰਮ ਰਹੀਆਂ ਸਨ। ਚਾਰੇ ਪਾਸੇ ਸੋਨੇ, ਕੁੰਦਨ ਅਤੇ ਹੀਰਿਆਂ ਦੀ ਚਮਕਾਰ ਸੀ। ਚਾਅ ਵਿਚ ਗੁਟਕਦੀਆਂ ਮੇਲ੍ਹਦੀਆਂ ਕੁੜੀਆਂ ਚਿੜੀਆਂ ਦੇ ਮੂੰਹੋਂ ਚੰਬਾ ਖਿੜ ਖਿੜ ਪੈਂਦਾ ਸੀ। ਗੁਰਾਂਦਿੱਤੀ ਦੇ ਨਾਲ ਕਰ ਕੇ ਬੈਠੀ ਕੁੜੀਆਂ ਦੀ ਇਕ ਡਾਰ ਦਾ ਹਾਸਾ ਨਹੀਂ ਸੀ ਮਿਉਂਦਾ। ਗਲੇ ਕਥੇ ਉਹ ਕਿਲਕਾਰੀਆਂ ਮਾਰਕੇ ਹੱਸਦੀਆਂ ਸਨ। ਜਿਵੇਂ ਜ਼ਿੰਦਗੀ ਦਾ ਦੂਜਾ ਨਾਂ ਹਾਸਾ ਹੋਵੇ, ਸਿਰਫ ਹਾਸਾ ਤੇ ਹੋਰ ਕੁਝ ਨਾ।

ਫੇਰ ਗੁਲਾਬ ਤੇ ਗੇਂਦੇ ਦੀ ਭਰਮਾਰ ਵਿਚ ਜੈ ਮਾਲਾ ਦੀ ਰਸਮ ਹੋਈ। ਗੁਰਾਂਦਿੱਤੀ ਮਨ ਵਿਚ ਨਵੀਂ ਜੋੜੀ ਤੋਂ ਵਾਰਨੇ ਪਈ ਜਾਂਦੀ ਸੀ।

"ਜੁਗ ਜੁਗ ਜੀਓ, ਜਵਾਨੀਆਂ ਮਾਣੋਂ, ਸਾਈਂ ਭਾਗ ਲਾਏ ਨੇ।" ਮੂਕ ਅਸੀਸ ਆਪ ਮੁਹਾਰੇ ਉਹਦੇ ਦਿਲ ਵਿਚੋਂ ਨਿਕਲਦੀ ਰਹੀ।

ਫੇਰ ਜਦੋਂ ਰੋਟੀ ਸ਼ੁਰੂ ਹੋਈ ਤਾਂ ਜਾਂਜੀ ਤੇ ਮੇਲੀ ਇਕੱਠੇ ਹੀ ਖਾਣੇ ਦੇ ਮੇਜ਼ਾਂ ਵੱਲ ਉਮੜ ਪਏ। ਦਿੱਲੀ ਦਾ ਇਹ ਕੋਈ ਨਵਾਂ ਰਿਵਾਜ ਸੀ। ਗੋਬਿੰਦਗੜ੍ਹ ਵਿਚ ਤਾਂ ਅਜੇ

ਵੀ ਪੁਰਾਣੀ ਰੀਤ ਪ੍ਰਚਲਤ ਸੀ । ਪਹਿਲਾਂ ਜੰਞ ਦੀ ਰਜ ਕੇ ਖਾਤਰ ਹੁੰਦੀ ਸੀ । ਮੇਲ ਪਿੱਛੋਂ ਰੋਟੀ ਖਾਂਦਾ ਸੀ । ਦਿੱਲੀ ਦੇ ਇਸ ਨਵੇਂ ਰਿਵਾਜ ਕਾਰਨ ਇਕ ਸਮਾਂ ਐਸਾ ਆਇਆ ਜਦੋਂ ਸੱਖਣੇ ਸੋਫਿਆਂ ਅਤੇ ਕੁਰਸੀਆਂ ਦੀ ਭੀੜ ਵਿਚ ਗੁਰਾਂਦਿੱਤੀ ਇਕੱਲੀ ਹੀ ਬੈਠੀ ਸੀ । ਪਰ ਛੇਤੀ ਹੀ ਕੁਝ ਲੋਕ ਆਪਣੀਆਂ ਪਲੇਟਾਂ ਭਰ ਕੇ ਉਹਦੇ ਲਾਗੇ ਆਣ ਬੈਠੇ ਤਾਂ ਜੋ ਨਿਠਕੇ ਪਕਵਾਨਾਂ ਦਾ ਸੁਆਦ ਮਾਣ ਸਕਣ । ਗੁਰਾਂਦਿੱਤੀ ਦੇ ਨੇੜੇ ਬੈਠੀ ਇਕ ਪਤਲੀ ਪ੍ਰਤੰਗ ਕੁੜੀ ਜਿਸ ਨੇ ਜਾਮਨੀ ਰੰਗ ਦੀ ਮੈਕਸੀ ਉਤੇ ਲਾਲ ਰੰਗ ਦੀ ਪੇਟੀ ਬੰਨ੍ਹੀ ਹੋਈ ਸੀ ਪਚਾਕੇ ਮਾਰਦੀ ਕਹਿ ਰਹੀ ਸੀ—

'ਹਾਏ ਰਿਤੂ ਇਹ ਚਾਈਨੀਜ਼ ਚਿਕਨ ਸਲਾਦ ਕਿੰਨਾ ਟੇਸਟੀ ਏ !"

"ਚਿਕਨ ਸਲਾਦ ?" ਰਿਤੂ ਨੇ ਪੁੱਛਿਆ ।

"ਹਾਂ, ਤੂੰ ਨਹੀਂ ਲਿਆ ?"

"ਨਹੀਂ" । ਮੈਨੂੰ ਤਾਂ ਕੋਈ ਚਾਈਨੀਜ਼ ਡਿਸ਼ ਨਜ਼ਰ ਨਹੀਂ ਆਈ । ਤਾਂ ਈ ਤਾਂ ਮੈਂ ਚਿਕਨ ਟਿੱਕੇ ਤੇ ਸੀਖ ਕਬਾਬ ਖਾ ਰਹੀ ਹਾਂ ।"

"ਸੁਟ ਪਰ੍ਹਾਂ ਪਲੇਟ ਤੇ ਚਲ ਮੇਰੇ ਨਾਲ । ਵਿਚਕਾਰਲੇ ਚਾਰ ਮੇਜ਼ਾਂ ਉਤੇ ਸਿਰਫ ਚਾਈਨੀਜ਼ ਫੂਡ ਏ । ਪਰ ਚਾਈਨੀਜ਼ ਚਿਕਨ ਸਲਾਦ ਵਰਗੀ ਚੀਜ਼ ਮੈਂ ਅੱਜ ਤਕ ਨਹੀਂ ਖਾਧੀ । ਬਾਈ ਗਾਡ, ਆਪਣੇ ਆਪ ਅੰਦਰ ਲੰਘਦਾ ਜਾਂਦਾ ਏ ।"

"ਮੈਂ ਤਾਂ ਬਸ ਦੋ ਫੁਲਕੇ ਕਿਸੇ ਦਾਲ ਸਬਜ਼ੀ ਨਾਲ ਲੈਸਾਂ," ਗੁਰਾਂਦਿੱਤੀ ਨੇ ਆਪਣੇ ਮਨ ਨੂੰ ਚਿਤਾਵਨੀ ਦਿੱਤੀ, "ਜਾਂ ਕੋਈ ਰਾਇਤਾ-ਸ਼ਾਇਤਾ ।" ਵਿਆਹ ਦੀ ਰੋਟੀ ਉਹਨੂੰ ਕਦੀ ਨਹੀਂ ਸੀ ਪਚੀ । ਜਾਂ ਕੈ ਹੋ ਜਾਂਦੀ ਸੀ ਜਾਂ ਮਰੋੜ ਲਗ ਜਾਂਦੇ ਸਾਂ । ਏਥੇ ਪਰਦੇਸ਼ ਵਿਚ ਤਾਂ ਉਹਨੂੰ ਹੋਰ ਵੀ ਸਾਵਧਾਨੀ ਵਰਤਣੀ ਹੋਵੇਗੀ । ਇਹ ਨਾ ਹੋਵੇ ਕਿ ਗੁਰਬਖਸ਼ ਦੇ ਖੁਸ਼ੀਆਂ ਤੇ ਸ਼ਗਨਾਂ ਭਰੇ ਘਰ ਵਿਚ ਮੰਜਾ ਮੱਲ ਕੇ ਉਹ ਸਾਰਿਆਂ ਨੂੰ ਵਖਤ ਪਾ ਦਏ । ਏਦਾਂ ਤਾਂ ਬੜੀ ਬੇਸੁਆਦੀ ਹੋਵੇਗੀ । ਚਾਵਾਂ ਤੇ ਮਲ੍ਹਾਰਾਂ ਵਿਚ ਉਹਦੀ ਇਕੋ ਕੈ ਬਦਬੂ ਫੈਲਾ ਦਏਗੀ ।

ਅਚਨਚੇਤ ਗੁਰਾਂਦਿੱਤੀ ਤ੍ਰਭਕ ਪਈ । ਕੋਈ ਬੱਚਾ ਉਹਦੇ ਦੁਪੱਟੇ ਦੀ ਕੰਨੀ ਖਿੱਚ ਕੇ ਦੌੜ ਗਿਆ ਸੀ । ਅਜੇ ਉਹਨੇ ਮੁੜ ਕੇ ਦੁਪੱਟਾ ਸੁਆਰਿਆ ਹੀ ਸੀ ਕਿ ਇਕ ਹੋਰ ਬੱਚੇ ਨੇ ਕੰਨੀ ਖਿੱਚੀ ਤੇ ਦੌੜ ਗਿਆ ।

"ਭੈੜੀ ਬੂਥੀ ।" ਗੁਰਾਂਦਿੱਤੀ ਬੁੜਬੁੜਾਈ ।

ਤਾਹੀਓਂ ਇਕ ਹੋਰ ਮੁੰਡਾ ਉਹਦਾ ਦੁਪੱਟਾ ਖਿੱਚ ਕੇ ਬੋਲਿਆ—"ਦਾੜ੍ਹੀ ਵਾਲੀ ਬੁੱਢੀ । ਦਾੜ੍ਹੀ ਵਾਲੀ ਬੁੱਢੀ !"

ਫੇਰ ਤਿੰਨ ਚਾਰ ਨਟ-ਖਟ ਮੁੰਡੇ ਉਹਦੀ ਠੋਡੀ ਉਤੇ ਉਗੇ ਚਾਰ ਵਾਲਾਂ ਦਾ ਠੱਠਾ ਉਡਾਣ ਲੱਗੇ । ਉਨ੍ਹਾਂ ਦੀਆਂ ਮਾਵਾਂ ਲਾਗੇ ਹੀ ਬੈਠੀਆਂ ਸਨ ਪਰ ਉਹ ਰਸਮਲਾਈ ਅਤੇ ਆਈਸ ਕਰੀਮ ਦੀਆਂ ਪਲੇਟਾਂ ਮਗਰੋਂ ਪਲੇਟਾਂ ਸਾਫ ਕਰਨ ਵਿਚ ਰੁਝੀਆਂ ਸਨ । ਆਪਣੇ ਬੱਚਿਆਂ ਦੇ ਸ਼ਿਸ਼ਟਾਚਾਰ ਦੀ ਰਾਖੀ ਲਈ ਉਨ੍ਹਾਂ ਕੋਲ ਕੋਈ ਸਮਾਂ ਨਹੀਂ ਸੀ । ਪੜ੍ਹੇ-ਲਿਖੇ ਮਾਪਿਆਂ ਦੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਬੱਚੇ ਏਨੇ ਨੀਚ ਅਤੇ

ਅਸਭਯ ਹੋ ਸਕਦੇ ਨੇ। ਇਹ ਗੱਲ ਗੁਰਾਂਦਿੱਤੀ ਦੇ ਵਹਿਮ ਵਿਚ ਵੀ ਨਹੀਂ ਸੀ ਆਈ।

ਉਹਦੇ ਮੂੰਹ ਵਿਚ ਜਿਵੇਂ ਨਿੰਮ ਘੁਲ ਗਈ। ਗੋਬਿੰਦਗੜ੍ਹ ਵਿਚ ਉਹ ਮਾਣ ਮਰਾਤਬੇ ਵਾਲੀ ਸੀ। ਮਹੱਲੇ ਦੇ ਲੋਕ ਉਹਦੇ ਤੋਂ ਪੁੱਛ ਕੇ ਪੱਬ ਪੁੱਟਦੇ ਸਨ। ਕਾਹਦੇ ਲਈ ਉਹ ਦਿੱਲੀ ਆਪਣੀ ਪਾਣ ਪਤ ਲੁਹਾਣ ਚਲੀ ਆਈ ਸੀ। ਉਥੇ ਉਹ ਮੰਨੀ-ਦੰਨੀ ਦਾਨੀ ਪ੍ਰਧਾਨੀ ਸੁਆਣੀ ਸੀ। ਏਥੇ ਉਹ ਬੱਚਿਆਂ ਦੀਆਂ ਟਿਚਕਰਾਂ ਤੇ ਮਸ਼ਕੂਲੇ ਦਾ ਨਿਸ਼ਾਨਾ ਬਣ ਗਈ ਸੀ। ਅਮੀਰ ਮਾਪਿਆਂ ਦੇ ਇਹ ਵਿਗੜੇ ਹੋਏ ਬੱਚੇ ਉਹਦੀ ਪੱਤ ਅਥਰੋ ਨੂੰ ਭਰੇ ਪੰਡਾਲ ਵਿਚ ਖਿੱਦੋ ਵਾਂਗ ਉਛਾਲ ਰਹੇ ਸਨ।

ਉਹਨੂੰ ਲਗਾ ਜਿਵੇਂ ਲੱਖਾਂ ਕੀੜੀਆਂ ਉਹਦੀਆਂ ਲੱਤਾਂ ਤੇ ਤੁਰ ਰਹੀਆਂ ਹੋਣ ਤੇ ਕਿਸੇ ਨੇ ਉਹਦੀ ਹਿੱਕ 'ਤੇ ਸਿਲ-ਪੱਥਰ ਰੱਖ ਦਿੱਤਾ ਹੋਵੇ।

ਫੇਰ ਜਾਂਜੀ-ਮਾਂਜੀ ਰੋਟੀ ਖਾ ਕੇ, ਕਾਫ਼ੀ ਪੀ ਕੇ ਕਿਰਨ ਮਕਿਰਨੀ ਪੰਡਾਲ ਵਿਚੋਂ ਵਿਦਾ ਹੁੰਦੇ ਗਏ। ਫੇਰ ਉਹੀ ਸਮਾਂ ਮੁੜ ਆਇਆ ਜਦੋਂ ਸਖਣੇ ਸੋਫਿਆਂ, ਕੁਰਸੀਆਂ ਦੀ ਭੀੜ ਵਿਚ ਉਹ ਕਲ-ਮੁਕੱਲੀ ਬੈਠੀ ਸੀ।

''ਹੁਣ ਘਰ ਵਾਲਿਆਂ ਦੀ ਵਾਰੀ ਏ ਰੋਟੀ ਖਾਣ ਦੀ'', ਉਸ ਨੇ ਸੋਚਿਆ। ਉਹ ਕੋਈ ਮੇਲਣ ਥੋੜ੍ਹੀ ਸੀ। ਉਹ ਤਾਂ ਘਰ ਵਾਲੀ ਸੀ। ਖਾਸ ਸਕਿਆਂ ਸਾਕਾਂ ਵਿਚੋਂ ਸੀ। ਇਸ ਤੋਂ ਸਕਾ ਹੋਰ ਕਿਹੜਾ ਸਾਕ ਹੋ ਸਕਦਾ ਏ, ਜੋ ਉਹਦਾ ਤੇ ਗੁਰਬਖਸ਼ ਦਾ ਸੀ। ਹੁਣੇ ਗੁਰਬਖਸ਼ ਤੇ ਉਹਦੀ ਵਹੁਟੀ ਆਉਣਗੇ ਤੇ ਆਖਣਗੇ—

''ਉਠੋ ਭੂਆ ਜੀ, ਹੁਣ ਅਸੀਂ ਵੀ ਰੋਟੀ ਖਾ ਲਈਏ।'' ਕਿੰਨਾ ਚਿਰ ਲੰਘ ਗਿਆ। ਪਰ ਕੋਈ ਨਾ ਆਇਆ। ਹਾਂ, ਹੁਣ ਜੂਠੀਆਂ ਪਲੇਟਾਂ, ਚਮਚੇ ਸਾਂਭਣ ਦਾ ਖੜਾਕ ਜ਼ਰੂਰ ਆ ਰਿਹਾ ਸੀ। ਬੈਰੇ ਸਾਰਾ ਖਲਜਗਨ ਸਮੇਟ ਰਹੇ ਸਨ। ਫੇਰ ਦੋ ਮਜ਼ਦੂਰ ਕੁਰਸੀਆਂ ਠਪਣ ਤੇ ਸਾਂਭਣ ਲੱਗੇ। ਉਨ੍ਹਾਂ ਵਿਚੋਂ ਇਕ ਗੁਰਾਂਦਿੱਤੀ ਕੋਲ ਅਟਕਦਾ ਬੋਲਿਆ—

''ਤੁਸੀਂ ਮਾਤਾ ਜੀ ਕਿਸ ਨੂੰ ਉਡੀਕਦੇ ਓ?''

''ਕੁਸੇ ਕੀ ਵੀ ਨਹੀਂ ਪੁੱਤਰ, ਕੁਸੇ ਕੀ ਵੀ ਨਹੀਂ'', ਗੁਰਾਂਦਿੱਤੀ ਨੇ ਕੁਰਸੀ ਵਿਹਲੀ ਕਰਦਿਆਂ ਆਖਿਆ। ਉਹਦੀ ਆਵਾਜ਼ ਵਿਚ ਅੱਥਰੂ ਕੰਬ ਰਹੇ ਸਨ।

ਉਸ ਵੇਲੇ ਉਹਨੂੰ ਮਹਿਸੂਸ ਹੋਇਆ ਕਿ ਕਿਸੇ ਬੇਕਿਨਾਰ ਵੀਰਾਨੇ ਵਿਚ ਬੈਠੀ ਸੀ ਤੇ ਉਹਦੇ ਚਾਰੇ ਪਾਸੇ ਅਣਗਿਣਤ ਥੋਹਰਾਂ ਉਗੀਆਂ ਸਨ। ਨਿੰਮ ਦੀ ਕੁੜੱਤਣ ਨਾਲ ਉਹਦੇ ਮੂੰਹ ਵਿਚ ਫੇਰ ਸਾਰੀ ਕਿਰਕ ਰਲ ਗਈ ਸੀ। ਜਿਵੇਂ ਉਸ ਵੀਰਾਨੇ ਦੀ ਰੇਤ ਦਾ ਫੱਕਾ ਉਹਦੇ ਮੂੰਹ ਵਿਚ ਭਰ ਗਿਆ ਹੋਵੇ।

ਚੁਪਾਸੀਂ ਰੋਸ਼ਨੀਆਂ ਦੀ ਜਗਮਗ ਉਵੇਂ ਹੀ ਸੀ ਪਰ ਗੁਰਾਂਦਿੱਤੀ ਨੂੰ ਲਗਾ ਜਿਵੇਂ ਸੰਘਣਾ ਸੰਘਣਾ ਠੋਸ ਹਨੇਰਾ ਉਹਨੂੰ ਚੌਂਤਰਫੋਂ ਦਬੋਚ ਰਿਹਾ ਹੋਵੇ। ਅੰਤਾਂ ਦੀ ਹੈਰਾਨੀ ਉਹਨੂੰ ਏਸ ਗੱਲ ਦੀ ਸੀ ਕਿ ਇਸ ਮਜ਼ਦੂਰ ਨੇ ਉਹਨੂੰ ਪਲ ਵਿਚ ਵੇਖ ਲਿਆ ਸੀ ਪਰ ਗੁਰਬਖਸ਼ ਤੇ ਉਹਦੀ ਵਹੁਟੀ ਨੂੰ ਉਹ ਪਿਛਲੇ ਚਾਰ ਘੰਟੇ ਨਜ਼ਰ ਨਹੀਂ ਸੀ ਆਈ।

ਇਹ ਸੱਚ ਸੀ, ਗੁਰਾਂਦਿੱਤੀ ਸੋਚ ਰਹੀ ਸੀ ਕਿ ਉਹਦੀਆਂ ਅੱਖਾਂ ਵਿਚ ਕਾਲਾ ਮੋਤੀਆ ਉਤਰ ਆਇਆ ਸੀ। ਕਈਆਂ ਦਾ ਅਖਾਣ ਸੀ ਕਿ ਕਾਲੇ ਮੋਤੀਏ ਦਾ ਕੋਈ ਇਲਾਜ ਨਹੀਂ ਸੀ ਪਰ ਕਈ ਕਹਿੰਦੇ ਸਨ ਜਰਮਨ ਦਵਾਈ ਨਾਲ ਠੀਕ ਵੀ ਹੋ ਜਾਂਦਾ ਏ। ਪਰ ਜਿਹੜਾ ਕਾਲਾ ਮੋਤੀਆ ਦਿੱਲੀ ਦੇ ਅਮੀਰਾਂ ਦੀਆਂ ਅੱਖਾਂ ਵਿਚ ਉਤਰ ਆਇਆ ਸੀ, ਗੁਰਾਂਦਿੱਤੀ ਨਿਸਚੇ ਨਾਲ ਆਖ ਸਕਦੀ ਸੀ, ਉਹਦਾ ਕੋਈ ਇਲਾਜ ਨਹੀਂ ਸੀ।

ਗੋਂਦਲਾਂ ਵਾਲਾ

ਕਿੰਨਾ ਚਿਰ ਸ਼ਬੀਰ ਮੰਜੇ ਤੇ ਬਾਂਹ ਸਰਹਾਣੇ ਦੇ ਕੇ ਲੇਟਿਆ ਸ਼ਤੀਰੀਆਂ ਨੀਝਦਾ ਰਿਹਾ । ਉਹਦਾ ਮਨ ਮਸੋਸਿਆ ਅਤੇ ਚਿਹਰਾ ਗ਼ਮਗੀਨ ਸੀ । ਇਸ ਵਾਰ ਗੋਂਦਲਾਂਵਾਲੇ ਆ ਕੇ ਉਹਦਾ ਜੀਅ ਰਾਜ਼ੀ ਨਹੀਂ ਸੀ ਹੋਇਆ । ਅਗੇ ਜਦੋਂ ਉਹ ਲਾਇਲਪੁਰ ਤੋਂ ਆਪਣੇ ਨਾਨਕੇ ਪਿੰਡ ਆਇਆ ਕਰਦਾ ਸੀ ਤਾਂ ਛੁਟੀਆਂ ਵਿਚ ਆਇਆ ਕਰਦਾ ਸੀ ਜਦੋਂ ਮਾੜੀ ਦਾ ਮੇਲਾ ਲਗਦਾ ਸੀ । ਮਾੜੀ ਦੇ ਮੇਲੇ ਵਿਚ ਜਿਹੜੀ ਚੀਜ਼ ਸਭ ਤੋਂ ਵਧੀਕ ਉਹਨੂੰ ਖਿਚ ਪਾਂਦੀ ਸੀ ਉਹ ਪਹਿਲਵਾਨਾਂ ਦੀਆਂ ਛਿੰਝਾਂ ਅਤੇ ਹੋਰ ਕਸਰਤੀ ਕਰਤਬ ਸਨ । ਗੋਂਦਲਾਂਵਾਲਾ ਸਿੱਖ ਪਹਿਲਵਾਨਾਂ ਦਾ ਪਿੰਡ ਸੀ । ਸਾਰੇ ਇਲਾਕੇ ਵਿਚ ਇਨ੍ਹਾਂ ਪਹਿਲਵਾਨਾਂ ਦੀ ਧਾਕ ਸੀ । ਮਾੜੀ ਦੇ ਮੇਲੇ ਵਿਚ ਉਹ ਕੁਸ਼ਤੀਆਂ ਕਰਦੇ ਸਨ, ਮੁਗਦਰਾਂ ਅਤੇ ਸੁਹਾਗੇ ਦੇ ਬਾਲੇ ਕਢਦੇ ਸਨ, ਮੁੰਗਲੀਆਂ ਫੇਰਦੇ ਅਤੇ ਮਗਰੇ ਚੁਕਦੇ ਸਨ । ਪਹਿਲੀ ਵਾਰੀ ਜਦੋਂ ਉਹਨੇ 'ਮਗਰਾ' ਲਫ਼ਜ਼ ਸੁਣਿਆ ਤਾਂ ਉਹਨੂੰ ਇਹਦੀ ਸਮਝ ਨਹੀਂ ਸੀ ਪਈ । ਪਰ ਹੁਣ ਤਾਂ ਉਹ ਜਾਣਦਾ ਸੀ ਕਿ ਡੇਢ ਦੋ ਮਣ ਮਿੱਟੀ ਦੋਹੀਂ ਪਾਸੀਂ ਪਾ ਕੇ ਵਿਚੋਂ ਡਾਂਗ ਲੰਘਾ ਕੇ ਵਹਿੰਗੀ ਬਣਾ ਕੇ ਲੱਕ ਸਿੱਧਾ ਕਰਨ ਨੂੰ ਮਗਰਾ ਚੁਕਣਾ ਆਖਦੇ ਸਨ । ਪਿਛਲੇ ਵਰ੍ਹੇ ਮਾੜੀ ਦੇ ਮੇਲੇ ਤੇ ਉਹਨੇ ਆਪ ਮਗਰਾ ਚੁਕਿਆ ਸੀ । ਕਸਰਤ ਦਾ ਸ਼ੌਕ ਉਹਨੂੰ ਬਚਪਨ ਤੋਂ ਸੀ । ਅਜੇ ਭਾਵੇਂ ਉਹ ਭਰਪੂਰ ਜਵਾਨੀ ਨਹੀਂ ਸੀ ਚੜ੍ਹਿਆ, ਅਜੇ ਭਾਵੇਂ ਉਹਨੂੰ ਅਠਾਰ੍ਹਵਾਂ ਲਗਾ ਸੀ ਪਰ ਕਸਰਤ ਸਦਕਾ ਉਹਦੇ ਪੱਠੇ ਸਪਾਤ ਦੇ ਬਣ ਗਏ ਸਨ ।

ਜੇਕਰ ਉਹ ਛੁਟੀਆਂ ਤੀਕ ਉਡੀਕ ਵੀ ਲੈਂਦਾ ਅਤੇ ਮਾੜੀ ਦੇ ਮੇਲੇ ਤੇ ਹੀ ਗੋਂਦਲਾਂਵਾਲੇ ਆਉਂਦਾ ਤਾਂ ਵੀ ਉਹਨੂੰ ਕੋਈ ਵਸੂਲੀ ਨਹੀਂ ਸੀ ਹੋਣੀ । ਪਾਕਿਸਤਾਨ ਬਣ ਚੁਕਾ ਸੀ ਤੇ ਗੋਂਦਲਾਂਵਾਲੇ ਦੇ ਸਿਖ ਪਹਿਲਵਾਨ ਪਿੰਡ ਛਡ ਕੇ ਹਾਫ਼ਜ਼ਾਬਾਦ ਦੇ ਰੀਫ਼ਿਊਜੀ ਕੈਂਪ ਵਿਚ ਜਾ ਬੈਠੇ ਸਨ ।

ਗੋਂਦਲਾਂਵਾਲੇ ਨੂੰ ਨਾ ਸਿਖਾਂ ਦਾ ਪਿੰਡ ਆਖਿਆ ਜਾ ਸਕਦਾ ਸੀ ਨਾ ਮੁਸਲਮਾਨਾਂ ਦਾ । ਗੋਂਦਲਾਂਵਾਲਾ ਗੋਂਦਲ ਜੱਟਾਂ ਦਾ ਪਿੰਡ ਸੀ । ਇਹ ਗੋਂਦਲ ਜੱਟ ਸਿਖ ਵੀ ਸਨ,

ਅਤੇ ਮੁਸਲਮਾਨ ਵੀ। ਸਦੀਆਂ ਤੋਂ ਮਾਂ ਪਿਓ ਜਾਇਆਂ ਵਾਂਗ ਰਹਿੰਦੇ ਆਏ ਸਨ। ਪਰ ਅਜ ਦੇਸ਼ ਦੇ ਬਟਵਾਰੇ ਨੇ ਉਨ੍ਹਾਂ ਦੀ ਹਸਤੀ ਨੂੰ ਇਕ ਨਵੇਂ ਅਰਥ ਦੇ ਦਿੱਤੇ ਸਨ। ਉਹ ਗੋਂਦਲ ਜੱਟ ਨਹੀਂ ਸਨ ਰਹੇ। ਸਿਰਫ਼ ਮੁਸਲਮਾਨ ਅਤੇ ਸਿਖ ਬਣ ਕੇ ਰਹਿ ਗਏ ਸਨ।

ਹਾਂ ਜੇ ਉਹ ਮਾੜੀ ਤੇ ਵੀ ਆਉਂਦਾ ਤਾਂ ਵੀ ਉਹਦੇ ਆਏ ਦਾ ਕੁਝ ਨਹੀਂ ਸੀ ਵਟੀਣਾ। ਹੁਣ ਤਾਂ ਉਹ ਆਪਣੀ ਮਾਂ ਨਾਲ ਆਪਣੇ ਨਾਨੇ ਦੀ ਮਕਾਣ ਤੇ ਆਇਆ ਸੀ। ਜਨਾਜ਼ੇ ਵੇਲੇ ਉਹ ਨਹੀਂ ਸਨ ਅਪੜ ਸਕੇ। ਜਦੋਂ ਤੀਕ ਤਾਰ ਸਾਂਦਲਬਾਰ ਦੇ ਮੁਰੱਬਿਆਂ ਵਿਚ ਉਨ੍ਹਾਂ ਨੂੰ ਮਿਲੀ ਉਹਦੇ ਨਾਨੇ ਦਾ ਜਨਾਜ਼ਾ ਉਠ ਚੁਕਾ ਸੀ।

ਚੌਧਰੀ ਕਰੀਮ ਬਖ਼ਸ਼ ਗੋਂਦਲ ਦਾ ਜਨਾਜ਼ਾ ਕੀ ਉਠਿਆ, ਗੋਂਦਲਾਂਵਾਲੇ ਦੇ ਥੰਮ ਹਿਲ ਗਏ। ਕਿਸੇ ਨੂੰ ਉਹਦੀ ਮੌਤ ਦਾ ਯਕੀਨ ਨਹੀਂ ਸੀ ਆਉਂਦਾ। ਭਾਵੇਂ ਉਹਦੀ ਉਮਰ ਸੱਠਾਂ ਨੂੰ ਆਣ ਢੁਕੀ ਸੀ ਪਰ ਉਹਦਾ ਜੁਸਾ ਅੱਜੇ ਵੀ ਸ਼ੀਂਹ ਵਰਗਾ ਸੀ। ਜਵਾਨੀ ਵਿਚ ਖਾਧੀਆਂ ਖੁਰਾਕਾਂ ਅਤੇ ਕੀਤੀਆਂ ਕਸਰਤਾਂ ਸਦਕਾ ਉਹਦਾ ਚਿਹਰਾ ਤਪੇ ਤਾਂਬੇ ਦੀ ਭਾਹ ਮਾਰਦਾ ਸੀ। ਮੁਜ਼ਾਰਿਆਂ ਸੀਰੀਆਂ ਦੇ ਹੁੰਦਿਆਂ ਇਸ ਉਮਰ ਵਿਚ ਵੀ ਵਾਹੀ ਵਾਢੀ ਵਿਚ ਸ਼ਰੀਕ ਹੋ ਕੇ ਉਹਦੀ ਰੱਤ ਮੌਲਦੀ ਸੀ ਅਤੇ ਉਹਦੀ ਤਬੀਅਤ ਵਿਚ ਹੁਲਾਰਾ ਆਉਂਦਾ ਸੀ। ਜ਼ਿੰਦਗੀ ਵਿਚ ਉਹਨੇ ਕੋਈ ਵੈਲ ਨਹੀਂ ਸਨ ਕੀਤੇ, ਕਦੀ ਕਿਸੇ ਦਾ ਦਿਲ ਨਹੀਂ ਦੁਖਾਇਆ ਤੇ ਸਦਾ ਉਹ ਹੱਕ ਹਲਾਲ ਦੇ ਰਾਹ ਤੇ ਤੁਰਿਆ ਸੀ। ਨਾ ਸਿਰਫ਼ ਉਹਦਾ ਸਰੀਰ ਨਰੋਆ ਸੀ ਸਗੋਂ ਉਸ ਨਰੋਏ ਸਰੀਰ ਵਿਚ ਇਕ ਪਾਕਬਾਜ਼ ਰੂਹ ਦਾ ਵੀ ਵਸੇਬਾ ਸੀ। ਇਲਾਕੇ ਦੇ ਲੋਕੀ ਉਹਨੂੰ ਨੇਕੀ ਦਾ ਮੁਜੱਸਮਾਂ ਆਖਦੇ ਸਨ। ਅੱਜ ਤੀਕ ਕਿਸੇ ਨੇ ਉਹਦੀ ਨਾਬਰੀ ਨਹੀਂ ਸੀ ਕੀਤੀ। ਸਿਆਣੇ ਬਿਆਣੇ ਵੀ ਉਹਦੇ ਤੋਂ ਪੁਛ ਕੇ ਰਾਹੇ ਪੈਂਦੇ ਸਨ। ਉਹਦੀ ਤੰਦਰੁਸਤੀ ਵੇਖ ਕੇ ਲਗਦਾ ਸੀ ਅਜੇ ਘਟੋ ਘਟ ਵੀਹ ਪੰਝੀ ਵਰ੍ਹੇ ਉਹਨੂੰ ਕੋਈ ਖ਼ਤਰਾ ਨਹੀਂ ਸੀ। ਪਰ ਜਾਣ ਲਗਿਆਂ ਉਹਨੇ ਪਲ ਨਹੀਂ ਸੀ ਲਾਇਆ।

ਨਾਨੇ ਦੀ ਅਣਿਆਈ ਮੌਤ ਦੀ ਕਹਾਣੀ ਉਹਦੀ ਨਾਨੀ ਨੇ ਸ਼ਬੀਰ ਤੇ ਉਹਦੀ ਮਾਂ ਨੂੰ ਸੁਣਾਈ ਸੀ, ਕਲ ਤ੍ਰਿਕਾਲਾਂ ਵੇਲੇ ਜਦੋਂ ਉਹ ਗੋਂਦਲਾਂਵਾਲੇ ਅਪੜੇ ਸਨ।

ਜਿਉਂ ਹੀ ਪਾਕਿਸਤਾਨ ਬਣਿਆ ਇਲਾਕੇ ਦੇ ਪਿੰਡਾਂ ਵਿਚ ਲੁਟਮਾਰ ਸ਼ੁਰੂ ਹੋ ਗਈ। ਚੌਧਰੀ ਕਰੀਮ ਬਖ਼ਸ਼ ਜਾਣਦਾ ਸੀ ਕਿ ਉਹਦਾ ਪੁੱਤਰ ਮਨਜ਼ੂਰ ਅਤੇ ਉਹਦੇ ਵੈਲੀ ਜੁੰਡੀਦਾਰ ਇਸ ਲੁਟ ਮਾਰ ਵਿਚ ਸ਼ਰੀਕ ਸਨ। ਉਹਨੇ ਮਨਜ਼ੂਰ ਨੂੰ ਬੁਲਾ ਕੇ ਬਥੇਰਾ ਫਿਟਕਾਰਿਆ ਪਰ ਮਨਜ਼ੂਰ ਆਪਣੇ ਕਸਬਾਂ ਤੋਂ ਨਾ ਮੁੜਿਆ। ਕਰੀਮ ਬਖ਼ਸ਼ ਜਾਣਦਾ ਸੀ ਕਿ ਮਨਜ਼ੂਰ ਤੇ ਉਹਦੇ ਬਦਮਾਸ਼ਾਂ ਨੇ ਗੋਂਦਲਾਂਵਾਲੇ ਵਿਚ ਵੀ ਕਾਰੇ ਕਰਨੋਂ ਗੁਰੇਜ਼ ਨਹੀਂ ਕਰਨਾ। ਇਸ ਲਈ ਉਹਨੇ ਵੇਲੇ ਸਿਰ ਗੋਂਦਲਾਂਵਾਲੇ ਦੇ ਸਿਖ ਪਰਵਾਰਾਂ ਨੂੰ ਆਪਣੇ ਕੁਝ ਇਤਬਾਰੀ ਬੰਦਿਆਂ ਅਤੇ ਦੋ ਰਫ਼ਲਾਂ ਦੀ ਨਿਗਰਾਨੀ ਵਿਚ ਹਾਫ਼ਜ਼ਾਬਾਦ ਦੇ ਸ਼ਰਨਾਰਥੀ ਕੈਂਪ ਵਿਚ ਭੇਜ ਦਿੱਤਾ, ਜੋ ਗੋਂਦਲਾਂਵਾਲਿਓਂ ਬਾਰ੍ਹਾਂ ਕੋਹ ਸੀ। ਫੇਰ ਇਕ ਦਿਨ ਚੌਧਰੀ ਨੇ ਸੁਣਿਆ ਕਿ ਮਨਜ਼ੂਰਾ ਕਾਜ਼ੀ ਦੇ ਕੋਟ ਦੇ

ਸੁਰਜਨ ਸ਼ਾਹ ਲਾਂਬੇ ਦੀ ਕੁਆਰੀ ਧੀ ਚੁਕ ਲਿਆਇਆ ਏ। ਸੁਣਦਿਆਂ ਸਾਰ ਇਕ ਵਰੋਲਾ ਚੌਧਰੀ ਦੇ ਸਿਰ ਨੂੰ ਚੜ੍ਹ ਗਿਆ।

"ਕਿਉਂ ਓਏ ਬਦ ਦਿਆ ਤੁਖਮਾਂ", ਕਰੀਮ ਬਖਸ਼ ਦੀ ਆਵਾਜ਼ ਫਰਾਟੇ ਮਾਰ ਰਹੀ ਸੀ, "ਆਹ ਤੂੰ ਕੀ ਕਰਤੂਤ ਘੋਲੀ ਏ।"

ਕੈਰੀਆਂ ਅੱਖਾਂ ਨਾਲ ਪਿਓ ਵਲ ਵੇਖਦਿਆਂ ਮਨਜ਼ੂਰ ਅਲੀ ਬੋਲਿਆ, 'ਕਾਹਨੂੰ ਬਾਪੂ ਆਪਣੇ ਆਪ ਨੂੰ ਗਾਲ੍ਹਾਂ ਦੇਨਾਂ ਏਂ। ਜੇ ਮੈਂ ਬਦ ਦਾ ਤੁਖਮ ਹਾਂ ਤਾਂ ਫੇਰ ਬਦ ਕੌਣ ਹੋਇਆ।"

"ਚੁਪ ਕਰ ਕੁੱਤੇ ਦਿਆ ਬੀਆ", ਕਰੀਮ ਬਖ਼ਸ਼ ਕੜਕਿਆ, "ਦਸ ਕੁੜੀ ਕਿਥੇ ਲੁਕਾਈ ਊ?"

"ਕੁੜੀ?"

"ਆਹੋ, ਸੁਰਜਨ ਸ਼ਾਹ ਲਾਂਬੇ ਦੀ ਧੀ ਜੀਹਨੂੰ ਤੂੰ ਚੁਕ ਲਿਆਇਆ ਏਂ।"

"ਮੈਂ ਨਹੀਂ ਚੁਕ ਲਿਆਇਆ", ਮਨਜ਼ੂਰ ਅਲੀ ਨੇ ਆਪਣੀਆਂ ਚੁੰਨ੍ਹੀਆਂ ਅੱਖਾਂ ਸੁਕੇੜਦਿਆਂ ਆਖਿਆ, "ਚੁਕ ਕੇ ਉਹਨੂੰ ਮੇਰੀ ਘੋੜੀ ਲਿਆਈ ਏ। ਮੈਂ ਤਾਂ ਬਸ ਚੁਕ ਕੇ ਉਹਨੂੰ ਘੋੜੀ ਤੇ ਬਹਾਲਿਆ ਸੀ।"

"ਬਦਬਖਤਾ, ਬਦਤਮੀਜਾ ਮੇਰੇ ਸਾਹਮਣੇ ਜ਼ਬਾਨ ਚਲਾਨਾਂ ਏਂ? ਮੈਂ ਪੁਛਨਾਂ ਵਾਂ ਕੁੜੀ ਨਾਲ ਜ਼ਬਰਦਸਤੀ ਕਰਨ ਤੋਂ ਪਹਿਲਾਂ ਤੂੰ ਗ਼ਰਕ ਕਿਉਂ ਨਾ ਗਿਆ।"

"ਮੈਂ ਕੋਈ ਜਬਰਦਸਤੀ ਨਹੀਂ ਕੀਤੀ", ਮਨਜ਼ੂਰਾ ਚਿਲ੍ਹਕਿਆ, "ਉਹ ਆਪਣੇ ਮਾਂ ਪਿਓ ਤੇ ਭਰਾਵਾਂ ਦੀਆਂ ਲਾਸ਼ਾਂ ਨੂੰ ਚੰਬੜਦੀ ਵਿਲਕ ਰਹੀ ਸੀ। ਮੈਂ ਫੜ ਕੇ ਉਹਨੂੰ ਵਰਚਾਣ ਲਗਾ ਤਾਂ ਉਹ ਬੇਹੋਸ਼ ਹੋ ਗਈ। ਚੁਕ ਕੇ ਮੈਂ ਉਹਨੂੰ ਘੋੜੀ ਤੇ ਪਾ ਲਿਆ।"

"ਹੁਣ ਕਿਥੇ ਲੁਕਾ ਰਖਿਆ ਈ?"

"ਤੂੰ ਕਾਹਦੇ ਲਈ ਪੁਛਨਾ ਏਂ। ਉਹ ਕੁੜੀ ਮੈਂ ਆਪਣੇ ਲਈ ਲਿਆਂਦੀ ਏ। ਤੇਰੇ ਮੂੰਹ 'ਚੋਂ ਕਿਉਂ ਰਾਲਾਂ ਵਗਣ ਡਹੀਆਂ ਨੇ।"

"ਕੁਤਿਆ, ਕੰਜਰਾ, ਬਦਮਾਸ਼ਾ। ਮੈਂ ਤੇਰੇ ਸੀਰਮੇ ਪੀ ਲਵਾਂਗਾ।" ਚੌਧਰੀ ਕਰੀਮ ਬਖ਼ਸ਼ ਨੇ ਮਨਜ਼ੂਰੇ ਨੂੰ ਗਲਮਿਓਂ ਫੜ ਕੇ ਝੰਜੋੜਿਆ, "ਦਸ ਕੁੜੀ ਕਿਥੇ ਏ। ਮੈਂ ਉਹਨੂੰ ਉਹਦੇ ਮਾਸੜ ਜਗੀਰੇ ਗੋਂਦਲ ਪਾਸ ਹਾਫ਼ਜ਼ਾਬਾਦ ਕੈਂਪ ਪੁਚਾਣਾ ਏ।"

"ਛਡ ਦੇ ਮੇਰਾ ਗਲਮਾਂ।" ਮਨਜ਼ੂਰਾ ਚੀਖਿਆ।

"ਗਲਮਾਂ। ਮੈਂ ਅੱਜ ਤੇਰੀ ਜੀਉਂਦੇ ਦੀ ਖਲੜੀ ਉਧੇੜ ਸੁਟਣੀ ਏ।"

ਮਨਜ਼ੂਰ ਅਲੀ ਨੂੰ ਆਪਣੀ ਜਵਾਨੀ ਤੇ ਮਾਣ ਸੀ। ਦਿਸਣ ਨੂੰ ਵੀ ਉਹ ਸਾਹਣ ਵਰਗਾ ਸੀ। ਪਰ ਬਦਮਾਸ਼ੀਆਂ ਨੇ ਉਹਦਾ ਸਰੀਰ ਅੰਦਰੋਂ ਭੁਗਾ ਕਰ ਛਡਿਆ ਸੀ। ਉਹ ਜਾਣਦਾ ਸੀ ਕਿ ਲੋਹੇ ਦੀ ਲਠ ਵਰਗਾ ਉਹਦਾ ਪਿਓ ਅਜੇ ਵੀ ਉਹਨੂੰ ਲੰਮਾ ਪਾ ਕੇ ਝੰਬ ਸਕਦਾ ਸੀ।

"ਮੈਂ ਉਹਨੂੰ ਆਪਣੀ ਅਯਾਸ਼ੀ ਲਈ ਨਹੀਂ ਲਿਆਂਦਾ", ਮਨਜ਼ੂਰੇ ਨੇ ਜਰਕਦਿਆਂ ਸਫ਼ਾਈ ਪੇਸ਼ ਕੀਤੀ, "ਮੈਂ ਉਹਦੇ ਨਾਲ ਨਿਕਾਹ ਕਰਾਂਗਾ ਬਾਕਾਇਦਾ।"

''ਹਛਾ, ਨਿਕਾਹ ਕਰੇਂਗਾ ਤੂੰ। ਉਹਦੇ ਮਾਪਿਆਂ ਤੇ ਭਰਾਵਾਂ ਨੂੰ ਵਢ ਕੇ ਤੂੰ ਉਹਦੇ ਨਾਲ ਨਿਕਾਹ ਕਰੇਂਗਾ।'' ਕਰੀਮ ਬਖ਼ਸ ਨੇ ਉਹਦੇ ਗਲਮੇ ਨੂੰ ਮਰੋੜਾ ਚਾੜ੍ਹਿਆ, ''ਜੇ ਅੱਜ ਮੈਂ ਤੈਨੂੰ ਜੀਉਂਦਾ ਛਡਿਆ ਤਾਂ ਨਿਕਾਹ ਵੀ ਕਰ ਲਈਂ।''

''ਮੈਂ ਆਹਨਾਂ, ਛੱਡ ਦੇ ਮੇਰਾ ਗਲਮਾਂ'', ਮਨਜ਼ੂਰੇ ਨੇ ਚੀਖ ਕੇ ਆਖਿਆ, ''ਮੇਰਾ ਸਾਹ ਪਿਆ ਰੁਕਦਾ ਈ।''

ਤੇ ਵੱਟ ਕੇ ਹੂਰਾ ਮਨਜ਼ੂਰ ਅਲੀ ਨੇ ਕਰੀਮ ਬਖ਼ਸ਼ ਦੇ ਨੱਕ ਤੇ ਮਾਰਿਆ। ਚੌਧਰੀ ਦੇ ਨੱਕ ਚੋਂ ਲਹੂ ਦੀ ਧਾਰ ਵਗ ਟੁਰੀ।

ਕਰੀਮ ਬਖ਼ਸ਼ ਉਹਦੇ ਤੇ ਟੁਟ ਕੇ ਪੈ ਗਿਆ। ਉਹਨੇ ਮਾਰਨ ਵਾਂਗਣ ਮਨਜ਼ੂਰੇ ਨੂੰ ਮਾਰਿਆ। ਅਜੇ ਉਹਦੀ ਕੁਟਣ ਵਾਲੀ ਭੌਂਤ ਨਹੀਂ ਸੀ ਲੱਥੀ ਕਿ ਹਾਲ ਪਾਹਰਿਆਂ ਪਾਂਦਾ ਮਨਜ਼ੂਰਾ ਘਰੋਂ ਨੱਠ ਗਿਆ।

ਮਾਰ ਮਾਰ ਕੇ ਚੌਧਰੀ ਨੂੰ ਹੌਂਕਣੀ ਚੜ੍ਹ ਗਈ ਸੀ। ਫੇਰ ਅਚਨਚੇਤ ਉਹਦੀ ਛਾਤੀ ਵਿਚ ਕਹਿਰਾਂ ਦਾ ਸੂਲ ਉਠਿਆ ਤੇ ਉਹ ਇਕੋ ਵਾਰੀ ਤੜਫ ਕੇ ਚੁਬਾਰੇ ਦੇ ਫ਼ਰਸ਼ ਤੇ ਠੰਢਾ ਹੋ ਗਿਆ।

ਸ਼ਬੀਰ ਦੀ ਨਾਨੀ ਨੇ ਇਹ ਵੀ ਦਸਿਆ ਕਿ ਹੁਣ ਸਾਰਾ ਪਿੰਡ ਜਾਣ ਗਿਆ ਸੀ ਕਿ ਗ਼ਰਕ ਜਾਣੇ ਮਨਜ਼ੂਰੇ ਨੇ ਲਾਂਬਿਆਂ ਦੀ ਕੁੜੀ ਨੂੰ ਚੌਧਰੀਆਂ ਦੇ ਖੂਹ ਤੇ ਲੁਕਾ ਰਖਿਆ ਸੀ। ਚੌਧਰੀਆਂ ਦੇ ਖੂਹ ਤੇ ਕਰੀਮ ਬਖ਼ਸ਼ ਦੇ ਮੁਜ਼ਾਰੇ ਜੁੰਮੇਂ ਦਾ ਕੱਚਾ ਢਾਰਾ ਸੀ ਤੇ ਉਹਦੇ ਨਾਲ ਇਕ ਕੱਚਾ ਤਬੇਲਾ ਸੀ। ਤਬੇਲੇ ਦੇ ਨਾਲ ਮਨਜ਼ੂਰੇ ਨੇ ਇਕ ਪੱਕਾ ਕਮਰਾ ਪਾ ਰਖਿਆ ਸੀ ਜਿਸ ਦੇ ਅੰਦਰ ਉਹ ਆਪਣੇ ਲੁੱਚੇ ਜੁੰਡੀਦਾਰਾਂ ਨਾਲ ਦਾਰੂ ਦੀ ਮਹਿਫ਼ਲ ਲਾਇਆ ਕਰਦਾ ਸੀ। ਪਿੰਡ ਵਿਚ ਕਈਆਂ ਨੇ ਉਧਾਲੀ ਹੋਈ ਕੁੜੀ ਨੂੰ ਉਸ ਕਮਰੇ ਦੀ ਬਾਰੀ ਦੀਆਂ ਸੀਖਾਂ ਵਿਚੋਂ ਝਾਕਦਿਆਂ ਵੇਖਿਆ ਸੀ।

ਸ਼ਤੀਰੀਆਂ ਨੂੰ ਘੂਰਦਾ ਸ਼ਬੀਰ ਅਚਨਚੇਤ ਅਲਾਣੇ ਮੰਜੇ ਤੋਂ ਉਠ ਖਲੋਤਾ। ਪੈਰੀਂ ਜੁੱਤੀ ਅੜਾਂਦਾ ਉਹ ਘਰੋਂ ਨਿਕਲ ਟੁਰਿਆ। ਉਹਦੇ ਤਿਖੇ ਕਦਮ ਚੌਧਰੀਆਂ ਦੇ ਖੂਹ ਵਲ ਧਾਈ ਕਰ ਰਹੇ ਸਨ। ਸੀਖਾਂ ਵਾਲੀ ਖੁਲ੍ਹੀ ਖਿੜਕੀ ਥਾਣੀ ਉਹਨੇ ਵੇਖਿਆ ਇਕ ਪਤਲੀ ਪੀਲੀ ਕਮਸਿਨ ਕੁੜੀ ਤਖ਼ਤ ਪੋਸ਼ ਤੇ ਬੈਠੀ ਹੋਈ ਸੀ। ਉਹਦਾ ਘਰਾਲਾਂ ਪੱਚਿਆ ਮੂੰਹ ਹੰਝੂਆਂ ਦੀਆਂ ਪੈੜਾਂ ਨਾਲ ਲਕੀਰਿਆ ਸੀ। ਜੁੰਮੇ ਦੀ ਘਰਵਾਲੀ ਸੈਦਾਂ ਬੀਬੀ ਉਹਨੂੰ ਕੁਝ ਖੁਆਣ ਦਾ ਹੀਲਾ ਕਰ ਰਹੀ ਸੀ। ਆਖ਼ਰ ਕੁੜੀ ਨੇ ਆਪਣੀ ਨਿਤਾਣੀ ਵੀਣੀ ਨਾਲ ਖਿਚੜੀ ਦੀ ਰਕਾਬੀ ਤੇ ਚਾਹ ਦਾ ਕਟੋਰਾ ਪਰ੍ਹਾਂ ਧਕ ਦਿੱਤਾ। ਹਾਰ ਕੇ ਸੈਦਾਂ ਬੀਬੀ ਦੋਵੇਂ ਚੀਜ਼ਾਂ ਚੁਕ ਲਿਆਈ। ਜਦੋਂ ਉਹ ਉਹਦੇ ਕੋਲੋਂ ਲੰਘੀ ਤਾਂ ਸ਼ਬੀਰ ਨੇ ਵੇਖਿਆ ਸੈਦਾਂ ਬੀਬੀ ਦੀਆਂ ਅੱਖਾਂ ਡਲ੍ਹਕ ਡਲ੍ਹਕ ਕੇ ਡੁਲ੍ਹ ਰਹੀਆਂ ਸਨ।

ਮੁੰਗੀ ਦੇ ਕਿਆਰੇ ਵਿਚ ਗੋਡੀ ਕਰ ਰਹੇ ਜੁੰਮੇ ਮੁਜ਼ਾਰੇ ਦੀ ਨਜ਼ਰ ਸ਼ਬੀਰ ਤੇ ਪਈ ਤੇ ਉਹ ਰੰਬੀ ਚੁਕੀ ਉਹਦੇ ਵਲ ਆਇਆ।

ਮਾਤਮਪੁਰਸੀ ਦੇ ਅੰਦਾਜ਼ ਵਿਚ ਜੁੰਮਾ ਬੋਲਿਆ, ''ਚੌਧਰੀ ਹੁਰਾਂ ਦਾ ਬੜਾ ਮੰਦਾ ਲਗਾ ਏ।''

"ਜਿਵੇਂ ਅੱਲਾ ਦੀ ਰਜ਼ਾ।" ਸ਼ਬੀਰ ਨੇ ਆਖਿਆ।

"ਚੌਧਰੀ ਹੁਰੀ ਬੰਦੇ ਬੜੇ ਬੀਬੇ ਸਨ ਪਰ ਅਸਲਾਮ ਦੀ ਉਨ੍ਹਾਂ ਨੂੰ ਬਾਹਤੀ ਸਮਝ ਨਹੀਂ ਸੀ।"

ਜੁਮਾਂ ਏਦਾਂ ਸਿਰ ਫੇਰ ਰਿਹਾ ਸੀ ਜਿਵੇਂ ਉਹ ਆਪ ਇਸਲਾਮ ਦਾ ਆਲਮ ਫ਼ਾਜ਼ਲ ਹੋਵੇ ਤੇ ਕਰੀਮ ਬਖ਼ਸ਼ ਦੀ ਬੇਸਮਝੀ ਤੇ ਅਫ਼ਸੋਸ ਕਰ ਰਿਹਾ ਹੋਵੇ।

ਸੁਣ ਕੇ ਸ਼ਬੀਰ ਨੂੰ ਏਨੀ ਹੈਰਾਨੀ ਹੋਈ ਕਿ ਤਤ ਫ਼ਟ ਉਹਦੇ ਤੋਂ ਕੁਝ ਆਖਿਆ ਨਾ ਗਿਆ। ਚੁਪਚੁਪੀਤੇ ਉਹਨੇ ਜੁੰਮੇ ਨੂੰ ਇਕ ਸਵਾਲੀਆ ਤਕਣੀ ਨਾਲ ਨਿਹਾਰਿਆ।

"ਵੇਖੋਂ ਨਾ।" ਜੁੰਮੇ ਨੇ ਆਪਣੇ ਕਥਨ ਦੀ ਤਸ਼ਰੀਹ ਕਰਦਿਆਂ ਆਖਿਆ, "ਅਸਲਾਮ ਦੀ ਸਮਝ ਹੁੰਦੀ ਤਾਂ ਕਿਉਂ ਚੌਧਰੀ ਸਵਾਬ ਦੇ ਕੰਮ ਵਿਚ ਆਪਣੇ ਪੁੱਤਰ ਨਾਲ ਖਹਿਬੜਦਾ।"

"ਸਵਾਬ ਦਾ ਕੰਮ ?"

"ਆਹੋ।" ਜੁੰਮੇ ਨੇ ਉਭਾਸਰ ਕੇ ਆਖਿਆ, "ਸਵਾਬ ਦਾ ਕੰਮ ਜੋ ਮਨਜ਼ੂਰ ਅਲੀ ਤੇ ਉਹਦੇ ਮੁਜਾਹਿਦ ਕਰ ਰਹੇ ਹਨ।"

"ਮੁਜਾਹਿਦ !" ਸ਼ਬੀਰ ਦਾ ਰੋਹ ਭੜਕ ਉਠਿਆ, "ਤੂੰ ਉਨ੍ਹਾਂ ਲੁਚਿਆਂ, ਬਦਮਾਸ਼ਾਂ ਕਾਤਲਾਂ, ਜ਼ਨਾਹੀਆਂ ਨੂੰ ਮੁਜਾਹਿਦ ਆਖਨਾ ਏਂ। ਉਹ ਸਵਾਬ ਦਾ ਕੰਮ ਨਹੀਂ ਕਰ ਰਹੇ, ਇਸਲਾਮ ਦੀ ਮਿੱਟੀ ਪਲੀਤ ਕਰ ਰਹੇ ਨੇ।"

ਜੁੰਮੇ ਨੇ ਅਫ਼ਸੋਸ ਨਾਲ ਸਿਰ ਫੇਰਿਆ ਤੇ ਬੋਲਿਆ, "ਮੈਨੂੰ ਲਗਦਾ ਏ, ਅਸਲਾਮ ਦੀ ਸਮਝ ਤੈਨੂੰ ਵੀ ਓਨੀ ਕੁਝ ਈ ਏ ਜਿੰਨੀ ਤੇਰੇ ਨਾਨੇ ਨੂੰ ਸੀ।"

ਲਾਗਲੇ ਪਹੇ ਤੋਂ ਲੰਘਦਾ ਮੌਲਵੀ ਕੁਤਬਦੀਨ ਸ਼ਬੀਰ ਨੂੰ ਵੇਖ ਕੇ ਪੈਲੀ ਦੀ ਵਟ ਤੇ ਪੈ ਗਿਆ ਤੇ ਮਾਤਮਪੁਰਸੀ ਲਈ ਕੋਲ ਆਣ ਖੜੋਤਾ। ਦੂਜੇ ਬੰਨਿਓਂ ਜੁੰਮੇ ਨੇ ਮਨਜ਼ੂਰ ਅਲੀ ਨੂੰ ਘੋੜੀ ਤੇ ਸਵਾਰ ਆਉਂਦਾ ਵੇਖਿਆ ਤੇ ਮੁੰਜੀ ਦੀਆ ਦੁਰਾਡਲੀਆ ਪੈਲੀਆਂ ਵਲ ਵਗ ਗਿਆ।

"ਕਿਉਂ ਵਈ ਸ਼ਬੂ", ਮਨਜ਼ੂਰ ਅਲੀ ਨੇ ਘੋੜੀਓਂ ਉਤਰਦਿਆਂ ਆਖਿਆ,

"ਤੂੰ ਏਧਰ ਕਿਵੇਂ।"

"ਬਸ ਹੱਡ ਪੈਰ ਪਏ ਟੁਟਦੇ ਸਨ", ਸ਼ਬੀਰ ਨੇ ਕਿਹਾ, "ਘੋੜੇ ਦੀ ਸਵਾਰੀ ਨੂੰ ਜੀ ਕਰਦਾ ਸੀ। ਪਰ ਤਬੇਲਾ ਤਾਂ ਭਾਂ ਭਾਂ ਪਿਆ ਕਰਦਾ ਏ। ਨਾਨਾ ਜੀ ਦਾ ਦੁਲਾ ਕਿਥੇ ਵੇ ?"

ਦੁਲਾ ਕਰੀਮ ਬਖ਼ਸ਼ ਦੇ ਘੋੜੇ ਦਾ ਨਾਂ ਸੀ।

"ਦੁਲੇ ਨੂੰ ਮੈਂ ਵੇਚ ਛਡਿਆ ਏ।"

"ਹੈਂ ? ਵੇਚ ਦਿੱਤਾ ਏ ? ਪਰ ਕਿਉਂ ?"

"ਬਸ ਵੇਚ ਦਿਤਾ ਏ।"

"ਕਦੋਂ ?"

"ਬਸ ਜਦੋਂ ਵੀ।"

ਸ਼ਬੀਰ ਨੂੰ ਯਾਦ ਆਇਆ; ਦੂਲਾ ਕਿੰਨਾ ਸਰਕਸ਼ ਤੇ ਅਣਖੀਲਾ ਜਨੌਰ ਸੀ । ਚੌਧਰੀ ਕਰੀਮ ਬਖ਼ਸ਼ ਤੋਂ ਛੁਟ ਉਹਨੇ ਕਿਸੇ ਨੂੰ ਆਪਣੇ ਤੇ ਸਵਾਰ ਨਹੀਂ ਸੀ ਹੋਣ ਦਿੱਤਾ । ਮਨਜ਼ੂਰ ਅਲੀ ਨਾਲ ਤਾਂ ਉਹਦਾ ਮੁਢ ਕਦੀਮ ਦਾ ਵੈਰ ਸੀ । ਇਕ ਵਾਰੀ ਮਨਜ਼ੂਰ ਅਲੀ ਨੇ ਧਿੰਗੋ ਜ਼ੋਰੀ ਚੜ੍ਹਨਾ ਚਾਹਿਆ ਤਾਂ ਦੂਲੇ ਨੇ ਉਹਦੀ ਪਿੰਨੀ ਦੰਦਾਂ ਵਿਚ ਨਪੀੜ ਲਈ । ਉਹਦੇ ਚਕ ਦੀ ਵਿਸ ਨਾਲ ਮਨਜ਼ੂਰਾ ਡੇਢ ਮਹੀਨਾ ਤਾਪ ਨਾਲ ਭੁਜਦਾ ਰਿਹਾ ਸੀ ਤੇ ਮਲਕੁਲ ਮੌਤ ਕੋਲੋਂ ਉਹਨੇ ਮਸਾਂ ਖਹਿੜਾ ਛੁਡਾਇਆ ਸੀ । ਸ਼ਬੀਰ ਜਾਣਦਾ ਸੀ ਕਿ ਉਸ ਜ਼ਿਲਤ ਦਾ ਭਾਂਗਾ ਕਢਣ ਲਈ ਹੀ ਉਹਨੇ ਦੂਲੇ ਨੂੰ ਵੇਚਿਆ ਸੀ । ਤੇ ਵੇਚਿਆ ਵੀ ਪਿਛਲੇ ਦੋ ਚਾਰ ਦਿਨ੍ਹਾਂ ਵਿਚ ਹੀ ਸੀ । ਕਰੀਮ ਬਖ਼ਸ਼ ਦੇ ਜੀਉਂਦੇ ਜੀ ਕਿਸੇ ਦੀ ਮਜਾਲ ਨਹੀਂ ਸੀ ਦੂਲੇ ਦੀ 'ਵਾ ਵਲ ਵੀ ਵੇਖ ਜਾਏ ।

'ਫੇਰ ਤਾਂ ਮਾਮਾ ਅੱਜ ਮੈਨੂੰ ਤੇਰੀ ਘੋੜੀ ਦੀ ਸਵਾਰੀ ਕਰਨੀ ਪਊ ।"

"ਨਾ ਓਏ ਮੁੰਡਿਆ", ਮਨਜ਼ੂਰ ਅਲੀ ਨੇ ਵਰਜਿਆ, "ਮੇਰੀ ਨਾਜੋ ਬੜੀ ਅਥਰੀ ਆ । ਤੇ ਤੂੰ ਮੇਰੀ ਇਕੋ ਇਕ ਭੈਣ ਦਾ ਇਕੋ ਇਕ ਮਹਿੰਗਾ ਜਿਹਾ ਪੁੱਤਰ ਏਂ । ਤੈਨੂੰ ਕੁਝ ਕੁਝਾ ਹੋ ਗਿਆ ਤਾਂ ਤੇਰੀ ਮਾਂ ਨੇ ਮੈਨੂੰ ਜੀਉਣ ਨਹੀਂ ਦੇਣਾ ।"

"ਚਿੰਤਾ ਤੈਨੂੰ ਮੇਰੀ ਨਹੀਂ ਮਾਮਾ", ਸ਼ਬੀਰ ਨੇ ਕਿਹਾ, "ਚਿੰਤਾ ਤੈਨੂੰ ਆਪਣੀ ਘੋੜੀ ਦੀ ਏ । ਪਰ ਮੈਂ ਵਾਅਦਾ ਕਰਨਾ ਕਿ ਮੈਂ ਇਹਨੂੰ ਬਹੁਤਾ ਨਹੀਂ ਥਕਾਵਾਂਗਾ । ਜਿੰਨਾ ਚਿਰ ਇਹ ਮੇਰੇ ਨਾਲ ਕਸੂਤੀ ਨਹੀਂ ਹੁੰਦੀ ਮੈਂ ਵੀ ਇਹਦੀਆਂ ਪਸਲੀਆਂ ਬਹੁਤੀਆਂ ਨਹੀਂ ਦਬਾਂਗਾ ।"

"ਤੂੰ ਕੀ ਇਹਨੂੰ ਥਕਾਣਾ ਏ । ਥਕਾਵੇਗੀ ਇਹ ਤੈਨੂੰ । ਤੇ ਕਸੂਤੀ ਤਾਂ ਇਹਨੇ ਹੋਣਾ ਈ ਹੋਣਾ ਏ । ਮਸ ਅੱਜੇ ਫੁਟੀ ਨਹੀਂ, ਟਾਹਰਾਂ ਮਾਰਦਾ ਏ ਮਣ ਮਣ ਦੀਆਂ ।"

"ਅੱਜ ਤਾਂ ਮੈਂ ਇਹਦੇ ਤੇ ਚੜ੍ਹਕੇ ਈ ਛਡਣਾ ਏਂ ।" ਸ਼ਬੀਰ ਖਹਿੜੇ ਪੈਂਦਾ ਬੋਲਿਆ ।

"ਮੁੜ ਜਾ ਮੁੰਡਿਆ, "ਮਨਜ਼ੂਰ ਅਲੀ ਨੇ ਤਾੜਿਆ, "ਲਗਦਾ ਏ ਤੈਨੂੰ ਨਾਜੋ ਦਾ ਇਲਮ ਨਹੀਂ । ਤੈਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਮੇਰੇ ਤੋਂ ਛੁਟ ਇਹ ਕਿਸੇ ਨੂੰ ਆਪਣਾ ਪਿੰਡਾ ਨਹੀਂ ਛੋਹਣ ਦੇਂਦੀ । ਕਿਉਂ ਮੌਤ ਨੂੰ ਵਾਜਾਂ ਮਾਰਨ ਡਿਹਾ ਏਂ ।"

ਸ਼ਬੀਰ ਨੇ ਨਾਜੋ ਦੇ ਅਥਰੇਪਨ ਦੇ ਕਿੱਸੇ ਸੁਣੇ ਹੋਏ ਸਨ । ਉਹ ਜਾਣਦਾ ਸੀ ਕਿ ਇਲਾਕੇ ਦੇ ਨਾਮੀ ਸਵਾਰ ਵੀ ਨਾਜੋ ਦੇ ਨਾਂ ਤੋਂ ਕਾਂਪ ਖਾਂਦੇ ਸਨ । ਸਰਕਸ਼ੀ ਵਿਚ ਉਹ ਦੂੱਲੇ ਦੀ ਭੈਣ ਭਤੀਜੀ ਈ ਜਾਪਦੀ ਸੀ । ਪਰ ਸਾਂਦਲ ਬਾਰ ਦੇ ਮੁਰੱਬਿਆਂ ਵਿਚ ਸ਼ਬੀਰ ਦਾ ਵਾਹ ਵੀ ਕਈ ਕਸੂਤੇ ਘੋੜਿਆਂ ਨਾਲ ਪੈ ਚੁਕਾ ਸੀ । ਉਹਦੀ ਹੁੰਦਰਹੇਲ ਜਵਾਨੀ ਹਰ ਖਤਰਾ ਸਹੇੜਨ ਲਈ ਤਿਆਰ ਸੀ ।

"ਮੇਰੀ ਜਾਨ ਦਾ ਫ਼ਿਕਰ ਨਾਂ ਕਰ ਮਾਮਾ ।" ਉਹਨੇ ਉਭਾਸਰ ਕੇ ਆਖਿਆ, "ਬਸ ਇਹ ਕਾਠੀ ਇਹਦੇ ਤੋਂ ਲਾਹ ਦੇ । ਕਾਠੀਆਂ ਤੇ ਬਹਿਕੇ ਘੋੜ ਸਵਾਰੀ ਦਾ ਸ਼ੌਕ ਨਹੀਂ ਮੈਨੂੰ ।"

ਕਲ ਦੇ ਜੰਮੇ ਮੁੰਡੇ ਦੀ ਚੋਟ ਮਨਜ਼ੂਰ ਅਲੀ ਦੇ ਸਵੈਮਾਣ ਤੇ ਵਦਾਣ ਵਾਂਗ

ਵੱਜੀ। ਮਰਦਾ ਏ ਤਾਂ ਮਰੇ, ਓਹਨੇ ਸੋਚਿਆ, ਪਵੇ ਢਠੇ ਖੂਹ ਵਿਚ। ਮੇਰਾ ਫ਼ਰਜ਼ ਬਣਦਾ ਸੀ ਖਬਰਦਾਰ ਕਰਨਾ। ਅਗੇ ਪਿੰਡ ਦੇ ਲੋਕ ਮੇਰੇ ਪਿਉ ਦੀ ਮੌਤ ਮੇਰੇ ਮਥੇ ਪਏ ਲਾਂਦੇ ਨੇ। ਇਹਦੀ ਵੀ ਲਾ ਦੇਣਗੇ ਤਾਂ ਕੋਈ ਹਨੇਰ ਨਹੀਂ ਆ ਚਲਿਆ।

ਨਾਲੇ ਮਨਜ਼ੂਰ ਅਲੀ ਨੇ ਵੇਖਿਆ ਰਾਤ ਦੇ ਮੀਂਹ ਕਾਰਨ ਰੁਪਾਸੀਂ ਭੋਂ ਪੋਲੀ ਹੋ ਗਈ ਸੀ। ਡਿਗੇਗਾ ਵੀ ਤਾਂ ਸਟ ਬਚਾਵੀਂ ਲਗੇਗੀ ਸੂ, ਉਹਨੇ ਸੋਚਿਆ।

ਘੋੜੀ ਤੋਂ ਕਾਠੀ ਲਾਹੁੰਦਾ ਉਹ ਬੋਲਿਆ, "ਪਓ ਚੁਲ੍ਹੇ ਵਿਚ। ਮਗਰੋਂ ਨਾਂ ਆਖੀਂ ਮਾਮੇ ਵਰਜਿਆ ਨਹੀਂ ਸੀ। ਚੜ੍ਹ ਜਾ ਇਸ ਬਲਾ ਤੇ ਜੇ ਏਡਾ ਈ ਚਾਅ ਏ ਤੈਨੂੰ ਹਡੀਆਂ ਤੁੜਵਾਉਣ ਦਾ। ਔਹ ਸਾਹਮਣੇ ਚਿਮਨੀਆਂ ਦਾ ਖੂਹ ਪਿਆ ਵਗਦਾ ਏ। ਉਹਦਾ ਗੇੜਾ ਕਢ ਕੇ ਤੈਨੂੰ ਸੂਆ ਟਪਣਾ ਪਏਗਾ। ਸੂਏ ਤੋਂ ਪਾਰ ਸੈਦੇ ਦੇ ਖੂਹ ਦਾ ਵਲਾ ਮਾਰਕੇ, ਮੁੜ ਸੂਆ ਟਪਕੇ ਤੈਨੂੰ ਏਥੇ ਈ ਅਪੜਨਾ ਹੋਵੇਗਾ। ਸਾਰਾ ਚਿਰ ਤੂੰ ਮੇਰੀਆਂ ਤੇ ਮੌਲਵੀ ਕੁਤਬਦੀਨ ਦੀਆਂ ਨਜ਼ਰਾਂ ਸਾਹਵੇਂ ਰਹੇਂਗਾ। ਜੇ ਤਾਂ ਤੂੰ ਸੁਖੀ ਸਾਂਦੀ ਪਰਤ ਆਇਆ ਤਾਂ ਮੈਂ ਤੈਨੂੰ ਇਨਾਮ ਦਿਆਂਗਾ।"

"ਕੀ ਇਨਾਮ ਦਏਂਗਾ ?"

"ਜੋ ਵੀ ਤੂੰ ਮੰਗੇਂ।"

"ਕਸਮ ਖਾ।" ਸ਼ਬੀਰ ਨੇ ਆਖ ਤਾਂ ਦਿਤਾ ਪਰ ਮਨ ਵਿਚ ਉਹਨੇ ਸੋਚਿਆ, ਮਨਜ਼ੂਰ ਅਲੀ ਵਰਗਿਆਂ ਦੀ ਖਾਧੀ ਕਸਮ ਕਿਹੜੇ ਕੰਮ।

"ਕਸਮ ਕੁਰਾਨ ਮਜੀਦ, ਅਲਾ ਪਾਕ ਦੀ।" ਮਨਜ਼ੂਰ ਅਲੀ ਨੇ ਆਪਣੇ ਸੀਨੇ ਤੇ ਹੱਥ ਰਖ ਕੇ ਕਸਮ ਖਾਧੀ।

ਪਰ ਉਸੇ ਵੇਲੇ ਉਹਦੇ ਮਨ ਵਿਚ ਫੁਰਨਾ ਫੁਰਿਆ ਕਿ ਜੇ ਕਿਤੇ ਸ਼ਬੀਰ ਨੇ ਇਨਾਮ ਵਿਚ ਉਹਦੀ ਘੋੜੀ ਮੰਗ ਲਈ ਤਾਂ ਉਹ ਕੀ ਕਰੇਗਾ। ਫੇਰ ਇਹ ਸੋਚਕੇ ਉਹਦੀ ਤਸੱਲੀ ਹੋ ਗਈ ਕਿ ਏਡਾ ਵਡਾ ਇਨਾਮ ਮੰਗਣ ਦੀ ਮੁੰਡੇ ਦੀ ਹਿੰਮਤ ਨਹੀਂ ਪੈਣੀ।

"ਜੋ ਮੰਗਾਂਗਾ ਦਏਂਗਾ ?"

"ਆਹੋ, ਪਰ ਜੇ ਤੂੰ ਹਡੀਆਂ ਪਸਲੀਆਂ ਤੁੜਵਾ ਕੇ ਤੇ ਸੂਏ ਦੇ ਚਿਕੜ ਵਿਚ ਮੂੰਹ ਸਿਰ ਲਿੰਬ ਕੇ ਪਰਤਿਆ ?"

"ਤਾਂ ਮੈਂ ਪੂਰਾ ਵਰ੍ਹਾ ਤੇਰਾ ਤਬੇਲਾ ਹੁੰਝਾਂਗਾ ਤੇ ਤੇਰੀ ਨਾਜੋ ਦੀ ਲਿਦ ਢੋਵਾਂਗਾ।"

"ਮੁੜ ਮੁਕਰ ਨਾਂ ਜਾਈਂ।"

"ਮੈਂ ਨਹੀਂ ਮੁਕਰਦਾ।"

"ਖਾ ਕਸਮ।"

ਸ਼ਬੀਰ ਨੇ ਕਸਮ ਖਾਧੀ।

"ਅਨਦਾੜ੍ਹੀਏ ਮੁੰਡੇ ਦੀ ਕਸਮ ਦਾ ਕੀ ਤਬਾਰ। ਕਿਸੇ ਜ਼ਾਮਨ ਨੂੰ ਵਿਚ ਪਾਨੇ ਆਂ।"

"ਕਿਹੜੇ ਜ਼ਾਮਨ ਨੂੰ ?" ਸ਼ਬੀਰ ਨੇ ਪੁਛਿਆ।

"ਮੌਲਵੀ ਕੁਤਬ ਦੀਨ ਤੋਂ ਚੰਗਾ ਕਿਹੜਾ ਜ਼ਾਮਨ ਏ। ਕਿਉਂ ਮੌਲਵੀ ਤੈਨੂੰ ਜ਼ਾਮਨੀ ਮਨਜ਼ੂਰ ਏ ?"

ਮੌਲਵੀ ਕੁਤਬ ਦੀਨ ਨੇ ਹਾਂ ਵਿਚ ਸਿਰ ਹਿਲਾਇਆ।

"ਮੈਨੂੰ ਵੀ ਮਨਜ਼ੂਰ ਏ।" ਕਹਿੰਦਿਆਂ ਸ਼ਬੀਰ ਨੇ ਘੋੜੀ ਤੇ ਪਲਾਕੀ ਮਾਰੀ।

ਘੋੜੀ ਨੇ ਪਿਆਰ ਨਾਲ ਆਪਣੇ ਕੰਨ ਮਟਕਾਏ ਤੇ ਨਿੱਕੇ ਨਿੱਕੇ ਕਦਮ ਪੁਟਦੀ ਨਖ਼ਰੀਲੀ ਤੋਰ ਤੁਰਨ ਲਗੀ, ਜਿਵੇਂ ਆਪਣੇ ਪਿੰਡੇ ਤੇ ਸ਼ਬੀਰ ਦਾ ਹਲਕਾ ਜਿਹਾ ਭਾਰ ਚੁਕਕੇ ਡਾਢੀ ਖ਼ੁਸ਼-ਹੋ ਰਹੀ ਹੋਵੇ। ਸ਼ਬੀਰ ਨੇ ਸੋਚਿਆ, ਹੋਵੇ ਨਾ ਹੋਵੇ, ਇਹਨੂੰ ਮੇਰੀ ਸ਼ਾਹਸਵਾਰੀ ਦੀ ਖ਼ਬਰ ਲਗ ਗਈ ਏ ਤੇ ਦੁੜੰਗੇ ਮਾਰਨੋਂ ਡਰਦੀ ਏ।

"ਨਾ ਬਈ ਨਾਜੋ", ਸ਼ਬੀਰ ਨੇ ਆਖਿਆ, "ਏਦਾਂ ਤਾਂ ਕੰਮ ਨਹੀਂ ਬਣਨਾ। ਜ਼ਰਾ ਆਪਣਾ ਜ਼ੋਰ ਵਿਖਾ। ਮੈਂ ਵੀ ਤਾਂ ਵੇਖਾਂ ਤੂੰ ਕਿੰਨੇ ਪਾਣੀ ਵਿੱਚ ਏਂ।"

ਇਹ ਆਖਦਿਆਂ ਸ਼ਬੀਰ ਨੇ ਆਪਣੀਆਂ ਦੋਵੇਂ ਅੱਡੀਆਂ ਜ਼ੋਰ ਨਾਲ ਘੋੜੀ ਦੀਆਂ ਵਖੀਆਂ ਵਿਚ ਖੋਭ ਦਿਤੀਆਂ। ਉਸੇ ਵੇਲੇ ਉਹਨੂੰ ਆਪਣੇ ਹੇਠਾਂ ਇਕ ਤੂਫ਼ਾਨ ਜਾਗਦਾ ਪਰਤੀਤ ਹੋਇਆ ਤੇ ਉਹਨੇ ਸੋਚਿਆ ਇਹ ਆਪਣੀ ਆਈ ਤੇ ਆਉਣ ਲਗੀ ਏ।

ਘੋੜੀ ਇਕ ਗੇਂਦ ਵਾਂਗ ਹਵਾ ਵਿਚ ਬੁੜ੍ਹਕੀ। ਫ਼ੇਰ ਉਹਨੇ ਆਪਣੀਆਂ ਅਗਲੀਆਂ ਲਤਾਂ ਜ਼ਮੀਨ ਤੇ ਟੇਕ ਦਿਤੀਆਂ ਤੇ ਪਿਛਲੀਆਂ ਲਤਾਂ ਆਕਾਸ਼ ਵਲ ਉਛਾਲੀਆਂ। ਪਰ ਸ਼ਬੀਰ ਉਹਦੀ ਪਿਠ ਨਾਲ ਚੰਬੜਿਆ ਰਿਹਾ। ਹੁਣ ਉਹ ਗੋਲੀ ਵਾਂਗ ਨਠ ਉਠੀ।

ਬਿਜਲੀ ਦੇ ਲਿਸ਼ਕਾਰੇ ਵਾਂਗ ਘੋੜੀ ਚਿਮਨੀਆਂ ਦੇ ਖੂਹ ਕੋਲੋਂ ਲੰਘ ਗਈ। ਫ਼ੇਰ ਉਹਨੇ ਇਕ ਲੰਮੀ ਪੁਲਾਂਘ ਨਾਲ ਸੂਆ ਟਪਿਆ। ਅਜੇ ਵੀ ਸ਼ਬੀਰ ਨੂੰ ਆਪਣੇ ਪਿੰਡੇ ਤੇ ਮਹਿਸੂਸ ਕਰਕੇ ਘੋੜੀ ਦਾ ਕ੍ਰੋਧ ਪਲੋ ਪਲੀ ਵਧ ਰਿਹਾ ਸੀ। ਸੈਦੇ ਦੇ ਖੂਹ ਦਾ ਚਕਰ ਕਟਕੇ ਘੋੜੀ ਨੇ ਫ਼ੇਰ ਸੂਆ ਟਪਿਆ। ਹੁਣ ਘੋੜੀ ਨੇ ਇਕ ਚਾਲ ਚਲੀ। ਉਹ ਮੁੜ ਮੁੜਕੇ ਪਾਰੋਂ ਉਰਾਰ ਅਤੇ ਉਰਾਰੋਂ ਪਾਰ ਸੂਆ ਟਪਣ ਲਗੀ। ਸ਼ਬੀਰ ਨੇ ਪੂਰੀ ਵਾਹ ਲਾਕੇ ਆਪਣੇ ਪੈਰ ਉਹਦੀਆਂ ਵਖੀਆਂ ਵਿਚ ਗਡੇ ਹੋਏ ਸਨ ਤੇ ਉਹਦੀ ਧੌਣ ਨੂੰ ਘੁਟਕੇ ਜੱਫਾ ਮਾਰ ਰਖਿਆ ਸੀ। ਘੋੜੀ ਦੇ ਏਦਾਂ ਕਰਨ ਨਾਲ ਸ਼ਬੀਰ ਛੇਤੀ ਹੰਭ ਹਫ਼ ਗਿਆ ਤੇ ਉਹਨੂੰ ਲਗਾ ਉਹਦੇ ਪ੍ਰਾਣ ਨਿਕਲ ਚਲੇ ਸਨ।

"ਤਗੜੀ ਰਹੀਂ।" ਉਹਨੇ ਘੋੜੀ ਨੂੰ ਆਖਿਆ, "ਮੈਂ ਇਕੱਲਾ ਨਹੀਂ ਮਰਨ ਲਗਾ। ਮੋਇਆ ਤਾਂ ਤੈਨੂੰ ਲੈ ਕੇ ਮਰਾਂਗਾ।"

ਸ਼ਬੀਰ ਹੌਂਕ ਰਿਹਾ ਸੀ ਤੇ ਉਹਦੇ ਜੁਸੇ ਦਾ ਇਕ ਇਕ ਰੇਸ਼ਾ, ਇਕ ਇਕ ਪਠਾ ਪੀੜ ਪੀੜ ਸੀ। ਉਹ ਦਿਲ ਛਡਣ ਹੀ ਲਗਾ ਸੀ ਕਿ ਘੋੜੀ ਨੇ ਆਪਣਾ ਪੈਂਤੜਾ ਬਦਲਿਆ। ਉਹ ਆਪ ਉਕਾ ਨਹੀਂ ਸੀ ਹੰਭੀ। ਏਦਾਂ ਲਗਦਾ ਸੀ ਉਹਨੂੰ ਮੁੰਡੇ ਤੇ ਤਰਸ ਆ ਗਿਆ ਸੀ। ਉਹ ਚੌਧਰੀਆਂ ਦੇ ਖੂਹ ਵਲ ਮੁੜੀ ਜਿੱਥੇ ਉਹਦਾ ਮਾਲਕ ਖੜਾ ਉਡੀਕ ਰਿਹਾ ਸੀ। ਉਹਦੀ ਤੋਰ ਹੁਣ ਵੇਡੀ ਮਲਾਇਮ ਸੀ ਜਿਵੇਂ ਆਕਾਸ਼ ਵਿਚ ਕੋਈ ਅਬਾਬੀਲ ਉਡਦੀ ਹੋਵੇ।

"ਬਲੇ ਬਲੇ ਮੁੰਡਿਆ", ਮਨਜ਼ੂਰ ਅਲੀ ਨੇ ਠਿੱਠ ਹੋਏ ਲਹਿਜੇ ਵਿਚ ਆਖਿਆ, "ਤੂੰ ਸਾਂਦਲ ਬਾਰ ਦੀ ਰਖ ਵਖਾਈ ਏ।"

"ਮੇਰਾ ਇਨਾਮ।" ਜਦੋਂ ਸ਼ਬੀਰ ਦਾ ਸਾਹ ਨਾਲ ਸਾਹ ਰਲਿਆ, ਉਹਨੇ ਆਖਿਆ।

"ਮੰਗ ਜੋ ਮੰਗਨਾਂ ਏਂ। ਬਸ ਇਕ ਘੋੜੀ ਨਾ ਮੰਗੀ ਮੇਰੀ।" ਮਨਜ਼ੂਰ ਅਲੀ ਨੇ ਸਿਦਕੋਂ ਥਿੜਕਦਿਆਂ ਆਖਿਆ।

"ਨਹੀਂ ਘੋੜੀ ਨੂੰ ਮੈਂ ਕੀ ਕਰਨਾ ਏ।"

ਮਨਜ਼ੂਰ ਅਲੀ ਦੀ ਜਾਨ ਵਿਚ ਜਾਨ ਆਈ।

"ਹੋਰ ਭਾਵੇਂ ਦੋਵੇਂ ਜਹਾਨ ਮੰਗ ਲੈ।" ਉਹਨੇ ਉਤਾਸਰ ਕੇ ਆਖਿਆ।

ਸ਼ਬੀਰ ਨੇ ਦੂਹਾਂ ਜਹਾਨਾਂ ਦਾ ਤਸਵੱਰ ਕੀਤਾ! ਦੋਹੀਂ ਥਾਈਂ ਉਹਨੂੰ ਇਕੋ ਚੀਜ਼ ਨਜ਼ਰ ਆਈ। ਇਕ ਪਤਲਾ, ਪੀਲਾ, ਉਦਾਸ ਚਿਹਰਾ। ਘਰਾਲਾਂ ਨਾਲ ਪੋਚਿਆ ਤੇ ਹੰਝੂਆਂ ਨਾਲ ਲਕੀਰਿਆ।

"ਲਾਂਬਿਆਂ ਦੀ ਕੁੜੀ ਮੇਰੇ ਹਵਾਲੇ ਕਰ ਦੇ।"

ਮਨਜ਼ੂਰ ਅਲੀ ਦੀਆਂ ਜਿਵੇਂ ਸੱਤੇ ਸੁਧਾਂ ਮਾਰੀਆਂ ਗਈਆਂ। ਉਹਨੂੰ ਆਪਣੇ ਕੰਨਾਂ ਤੇ ਏਤਬਾਰ ਨਾਂ ਆਇਆ।

"ਕੀ ਆਖਿਆ ਈ।"

ਤੂੰ ਚੰਗੀ ਤਰ੍ਹਾਂ ਜਾਣਨਾ ਏਂ ਮਾਮਾ ਜੋ ਮੈਂ ਆਖਿਆ ਏ।"

"ਤੇਰਾ ਦਮਾਗ਼ ਤਾਂ ਨਹੀਂ ਭਓਂ ਗਿਆ। ਉਹਦੇ ਨਾਲ ਤਾਂ ਮੈਂ ਨਿਕਾਹ ਕਰਨਾ ਏ। ਤੂੰ ਉਹਨੂੰ ਲੈਕੇ ਕੀ ਕਰੇਂਗਾ। ਤੇਰੇ ਨਾਲੋਂ ਉਹ ਚਾਰ ਵਰ੍ਹੇ ਵਡੀ ਏ।"

"ਮੈਂ ਉਹਨੂੰ ਹਾਫ਼ਜ਼ਾਬਾਦ ਕੈਂਪ ਉਹਦੇ ਮਾਸੜ ਜਗੀਰ ਸਿੰਘ ਕੋਲ ਛਡ ਕੇ ਆਵਾਂਗਾ।"

"ਤੇਰੀ ਮਤ ਵੀ ਤੇਰੇ ਨਾਨੇ ਵਰਗੀ ਏ।"

"ਵੇਖ ਮਾਮਾ, ਤੂੰ ਕੌਲੋਂ ਮੁਕਰ ਰਿਹਾ ਏਂ। ਤੂੰ ਕਸਮ ਖਾਧੀ ਸੀ।"

"ਆਹੋ ਖਾਧੀ ਸੀ ਪਰ ਮੈਨੂੰ ਕੀ ਪਤਾ ਸੀ ਤੇਰੇ ਅੰਦਰ ਏਡਾ ਕੁਫ਼ਰ ਏ।"

"ਕੁਫ਼ਰ ਏ ਜਾਂ ਈਮਾਨ ਏ, ਇਹਦਾ ਫ਼ੈਸਲਾ ਮੌਲਵੀ ਕੁਤਬ ਦੀਨ ਕਰਨਗੇ ਜਿਨ੍ਹਾਂ ਨੂੰ ਤੂੰ ਆਪੇ ਜ਼ਾਮਨ ਮੰਨਿਆ ਏ।"

"ਕਿਓਂ ਓਏ ਮੌਲਵੀ", ਮਨਜ਼ੂਰ ਅਲੀ ਨੇ ਪੁਛਿਆ, "ਤੂੰ ਪਿੰਡ ਵਿਚ ਰਹਿਣਾ ਏ ਕਿ ਨਹੀਂ।"

"ਰਹਿਣਾ ਏ।"

"ਰਹਿਣਾ ਏ ਤਾਂ ਮੁੜ ਸੋਚ ਕੇ ਮੂੰਹ ਖੋਲ੍ਹੀਂ।"

ਮੌਲਵੀ ਕੁਤਬ ਦੀਨ ਸਰੀਰ ਦਾ ਮਾੜਾ ਸੀ ਪਰ ਉਹਦੀ ਰੀੜ੍ਹ ਦੀ ਹੱਡੀ ਵਿਚ ਖ਼ੁਸ਼ਾਮਦ ਦਾ ਕੁਬ ਨਹੀਂ ਸੀ। ਛੁਟ ਅਲਾ ਦੀ ਜ਼ਾਤ ਦੇ ਉਹਨੂੰ ਕਿਸੇ ਦਾ ਖ਼ੌਫ਼ ਨਹੀਂ ਸੀ। ਇਸਲਾਮ ਉਹਨੇ ਸੱਚੇ ਅਰਥਾਂ ਵਿਚ ਸਮਝਿਆ ਸੀ ਤੇ ਸਾਰੀ ਉਮਰ ਹਕ

ਹਲਾਲ ਦਾ ਰਾਹ ਅਪਨਾਇਆ ਸੀ। ਸਾਰੇ ਇਲਾਕੇ ਵਿਚ ਉਹਦੀ ਨੇਕੀ ਦੀ ਸ਼ੁਹਰਤ ਸੀ।

''ਮੁੰਡਾ ਠੀਕ ਆਖਦਾ ਏ।'' ਕੁਤਬ ਦੀਨ ਬੋਲਿਆ, ''ਤੂੰ ਕਸਮੇਂ ਝੂਠਾ ਪੈ ਰਿਹਾ ਏਂ।''

''ਖੜੋ ਜਾ ਮੌਲਵੀਆ ਤੈਨੂੰ ਤਾਂ ਮੈਂ ਸਿਝਾਂ।'' ਮਨਜ਼ੂਰ ਅਲੀ ਨੇ ਗਲਮਿਓਂ ਫੜਕੇ ਇਕੋ ਹੁਝਕੇ ਨਾਲ ਮੌਲਵੀ ਦੇ ਮਾੜਚੂ ਸਰੀਰ ਨੂੰ ਭੋਇੰ ਤੋਂ ਚੁੱਕ ਲਿਆ।

''ਤੂੰ ਭਾਵੇਂ ਮੈਨੂੰ ਜਾਨੋਂ ਮਾਰ ਛਡ'', ਮੌਲਵੀ ਚੀਕਿਆ, ''ਤੂੰ ਬਦਕਾਰ ਏਂ। ਤੂੰ ਇਸਲਾਮ ਨੂੰ ਮੁਕਾਲਾ ਦਵਾਇਆ ਏ। ਰੋਜ਼ੇ ਹਸ਼ਰ ਤੇਰੀ ਬੁਰੀ ਬਾਬ ਹੋਵੇਗੀ।''

''ਹਲਾ ਮੌਲਵੀਆ'', ਮਨਜ਼ੂਰ ਅਲੀ ਨੇ ਮੌਲਵੀ ਨੂੰ ਜ਼ਮੀਨ ਤੇ ਉਤਾਰਦਿਆਂ ਆਖਿਆ, ''ਤੇਰੀ ਤਾਂ ਮੈਂ ਹੁਣੇ ਬੁਰੀ ਬਾਬ ਕਰਨੀ ਏ।'' ਤੇ ਇਕ ਜਬਰਜੰਗ ਮੁੱਕਾ ਉਹਨੇ ਮੌਲਵੀ ਦੇ ਮੂੰਹ ਤੇ ਜੜ੍ਹ ਦਿਤਾ। ਭੁਆਟਣੀ ਖਾਕੇ ਮੌਲਵੀ ਪੈਲੀ ਦੀ ਵਟ ਤੇ ਜਾ ਪਿਆ।

ਸ਼ਬੀਰ ਕੋਲੋਂ ਹੋਰ ਬਰਦਾਸ਼ਤ ਨਾ ਕੀਤਾ ਗਿਆ। ਇਕ ਉਕਾਬ ਵਾਂਗ ਉਹ ਮਨਜ਼ੂਰੇ ਤੇ ਝਪਟਿਆ। ਫ਼ੌਲਾਦੀ ਪਨਿਆਂ ਦੇ ਜ਼ੋਰਦਾਰ ਮੁਕਿਆਂ ਨਾਲ ਉਹਨੇ ਮਨਜ਼ੂਰੇ ਦਾ ਮੂੰਹ ਸਿਰ ਸੇਕਣਾ ਸ਼ੁਰੂ ਕੀਤਾ। ਭਣੇਵੇਂ ਦੀ ਤਾਕਤ ਤੇ ਫੁਰਤੀ ਸਾਹਵੇਂ ਦਿਸਣ ਨੂੰ ਵਹਿੜਕੇ ਵਰਗੇ ਪਰ ਅੰਦਰੋਂ ਭੁਗੇ ਹੋਏ ਮਾਮੇ ਦੀ ਕੋਈ ਪੇਸ਼ ਨਾ ਗਈ। ਮਾਰ ਖਾਂਦਾ ਖਾਂਦਾ ਬੇਹੋਸ਼ ਹੋਕੇ ਉਹ ਮੁੰਗੀ ਦੇ ਕਿਆਰੇ ਵਿਚ ਡਿਗ ਪਿਆ।

ਬਿਜਲੀ ਦੀ ਫੁਰਤੀ ਨਾਲ ਸ਼ਬੀਰ ਨੇ ਕੋਠੇ ਦਾ ਕੁੰਡਾ ਖੋਲ੍ਹਿਆ ਤੇ ਕੁੜੀ ਨੂੰ ਬਾਹਰ ਕਢਦਾ ਬੋਲਿਆ—

''ਚਲ ਭੈਣੇ ਮੇਰੀਏ ਤੈਨੂੰ ਤੇਰੇ ਮਾਸੜ ਕੋਲ ਪੁਚਾ ਆਵਾਂ। ਛੇਤੀ ਕਰ, ਫੇਰ ਕਿਤੇ ਵੇਲਾ ਨਾ ਵਿਹਾ ਜਾਏ।''

ਡੋਲਦੀ ਡਗਮਗਾਂਦੀ ਕੁੜੀ ਨੂੰ ਚੁਕ ਕੇ ਉਹਨੇ ਘੋੜੀ ਤੇ ਬਿਠਾਇਆ ਤੇ ਫਿਰ ਆਪ ਪਲਾਕੀ ਮਾਰ ਕੇ ਘੋੜੀ ਦੀ ਮੁਹਾਰ ਹਾਫਜ਼ਾਬਾਦ ਵਲ ਮੋੜ ਦਿਤੀ।

''ਜਾਓ, ਮੇਰੇ ਬਚਿਓ, ਤੁਹਾਡਾ ਅੱਲਾ ਨਿਗਾਹਬਾਨ ਹੋਵੇ।'' ਜੁੰਮੇ ਮੁਜ਼ਾਰੇ ਦੀ ਘਰ ਵਾਲੀ ਸੈਦਾਂ ਦੀ ਅਸੀਸ ਦੂਰ ਤੀਕ ਉਨ੍ਹਾਂ ਨਾਲ ਗਈ।

ਯੂਕਲਿਪਟਸ

ਜਦੋਂ ਸਿਮਰਨ ਨੇ ਦਸਿਆ ਕਿ ਅੱਜ ਦਾ ਸਾਡਾ ਡਿਨਰ ਬਾਹਰ ਸੀ ਤਾਂ ਮੈਨੂੰ ਸਿਰਫ਼ ਰੇਸ ਕੋਰਸ ਵਾਲੇ ਕੋਹਲੀ ਸਾਹਬ ਦਾ ਖਿਆਲ ਆਇਆ, ਜਿਨ੍ਹਾਂ ਦੀ ਕੋਠੀ ਵਿਚ ਮੇਰੀ ਡੇਹਰਾਦੂਨ ਦੀ ਪਹਿਲੀ ਪੋਸਟਿੰਗ ਸਮੇਂ ਅਸੀਂ ਚਾਰ ਸਾਲ ਕਿਰਾਏ ਤੇ ਰਹੇ ਸਾਂ, ਅਤੇ ਜਿਨ੍ਹਾਂ ਨਾਲ ਸਾਡੀ ਸਾਂਝ ਸਕਿਆਂ ਵਰਗੀ ਹੋ ਗਈ ਸੀ।

''ਕੋਹਲੀ ਸਾਹਬ ਇਹ ਕਿਉਂ ਨਿਤ ਨਿਤ ਖੇਚਲ ਕਰਦੇ ਹਨ ?''

''ਅੱਜ ਦਾ ਡਿਨਰ ਕੋਹਲੀ ਸਾਹਬ ਦੇ ਨਹੀਂ ?'' ਸਿਮਰਨ ਦਾ ਲਹਿਜਾ ਰਹੱਸਮਈ ਸੀ।

''ਤਾਂ ਫੇਰ ?''

''ਰਾਵਤ ਸਾਹਬ ਵਲ।''

''ਕਿਹੜੇ ਰਾਵਤ ਸਾਹਬ ?''

''ਇਕੋ ਹੀ ਤਾਂ ਰਾਵਤ ਸਾਹਬ ਨੇ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ।''

ਸਿਮਰਨ ਨੇ ਸਚ ਆਖਿਆ ਸੀ। ਡੇਹਰਾਦੂਨ ਵਿਚ ਇਕੋ ਹੀ ਰਾਵਤ ਪਰਵਾਰ ਨੂੰ ਅਸੀਂ ਜਾਣਦੇ ਸਾਂ। ਇਹ ਜਾਣ ਪਛਾਣ ਭਾਵੇਂ ਮਿਤਰਤਾ ਤੀਕ ਨਿੱਘੀ ਹੋ ਗਈ ਸੀ ਪਰ ਅਜੇ ਡਿਨਰਾਂ ਤੇ ਚਾਹਵਾਂ ਤੇ ਉਚੇਚਾ ਬੁਲਾਣ ਤੇ ਬੁਲਾਏ ਜਾਣ ਵਾਲਾ ਭਾਈਚਾਰਾ ਨਹੀਂ ਸੀ ਪਿਆ।

''ਕਿਉਂ ਕੋਈ ਖਾਸ ਗਲ ਏ ?'' ਮੈਂ ਪੁਛਿਆ, ''ਜਨਮ ਦਿਨ ਏ ਕਿਸੇ ਬੱਚੇ ਦਾ ਜਾਂ ਸ਼ਾਦੀ ਦੀ ਵਰ੍ਹੇ ਗੰਢ ਏ ?''

''ਨਹੀਂ'' ਸਿਮਰਨ ਦਾ ਲਹਿਜਾ ਹੋਰ ਵੀ ਰਹੱਸਮਈ ਹੋ ਗਿਆ, ''ਪਰ ਹੈ ਖੁਸ਼ੀ ਦਾ ਈ ਮੌਕਾ।''

''ਕਿਉਂ ਕੋਈ ਲਾਟਰੀ ਨਿਕਲੀ ਏ ਰਾਵਤ ਸਾਹਬ ਦੀ ?''

''ਲਾਟਰੀ ਹੀ ਸਮਝੋ।'' ਸਿਮਰਨ ਦੀ ਤਕਣੀ ਵਿਚ ਇਕ ਨਿਮ੍ਹਾਂ ਨਿਹੋਰਾ ਸੀ, ''ਅੱਜ ਉਨ੍ਹਾਂ ਨੇ ਕਲਰ ਟੀ. ਵੀ. ਖਰੀਦਿਆ ਏ।''

ਉਹ ਨਿਮ੍ਹਾਂ ਨਿਹੋਰਾ ਮੈਨੂੰ ਨਾ ਪੋਹਿਆ। ਟੀ. ਵੀ. ਖਰੀਦਣ ਦੀ ਮੇਰੀ

ਵਿਰੋਧਤਾ ਦੇ ਦੋ ਕਾਰਨ ਸਨ। ਇਕ ਤਾਂ ਸਰਕਾਰੀ ਰੁਝੇਵਿਆਂ ਤੋਂ ਜਿਹੜੀ ਗਿਣਵੀਂ ਮਿਣਵੀਂ ਵਿਹਲ ਮਿਲਦੀ ਸੀ ਉਹ ਮੈਂ ਸਾਹਿਤ ਸਿਰਜਨਾ ਵਿਚ ਸੁਕਾਰਥੀ ਕਰਨੀ ਚਾਹੁੰਦਾ ਸਾਂ। ਟੀ. ਵੀ. ਦੇ ਨਿਕੰਮੇ ਚੀਪੜੇ ਸੀਰੀਅਲਾਂ ਦੇ ਲੇਖੇ ਨਹੀਂ ਸਾਂ ਲਾਣੀ ਚਾਹੁੰਦਾ। ਦੂਜਾ ਕਾਰਨ ਵਧੇਰੇ ਠੋਸ ਕਿਸਮ ਦਾ ਸੀ। ਉਹ ਇਹ ਕਿ ਕਲਰ ਟੀ. ਵੀ. ਖਰੀਦਣ ਲਈ ਅੱਠ ਦਸ ਹਜ਼ਾਰ ਦੀ ਰਕਮ ਚਾਹੀਦੀ ਸੀ ਤੇ ਅੱਠ ਦਸ ਹਜ਼ਾਰ ਮੇਰੇ ਬੈਂਕ ਅਕਾਊਂਟ ਵਿਚ ਨਹੀਂ ਸੀ।

ਪਰ ਜੇ ਰਾਵਤ ਸਾਹਬ ਚਾਹੁੰਦੇ ਸਨ ਕਿ ਪਹਿਲੇ ਦਿਨ ਉਨ੍ਹਾਂ ਨਾਲ ਰਲ ਕੇ ਟੀ. ਵੀ. ਵੇਖਣ ਅਤੇ ਖਾਣਾ ਖਾਣ ਦੀ ਖ਼ੁਸ਼ੀ ਉਨ੍ਹਾਂ ਨੂੰ ਦਈਏ ਤਾਂ ਮੈਨੂੰ ਕੀ ਉਜ਼ਰ ਹੋ ਸਕਦਾ ਸੀ।

ਰਾਵਤ ਸਾਹਬ ਦੀ ਕੋਠੀ ਵੀ ਲਾਗੇ ਹੀ ਕਰਜ਼ਨ ਰੋਡ ਤੇ ਸੀ ਜਿਥੇ ਉਹਨੀਂ ਦਿਨੀਂ ਅਸੀਂ ਰਹਿੰਦੇ ਸਾਂ। ਡੇਹਰਾਦੂਨ ਵਿਚ ਇਹ ਮੇਰੀ ਦੂਜੀ ਪੋਸਟਿੰਗ ਸੀ। ਪਹਿਲੀ ਪੋਸਟਿੰਗ ਵਿਚ, ਜਿਵੇਂ ਮੈਂ ਦਸ ਆਇਆ ਹਾਂ, ਅਸੀਂ ਚਾਰ ਸਾਲ ਰੇਸ ਕੋਰਸ ਕੋਹਲੀ ਸਾਹਬ ਦੀ ਕੋਠੀ ਵਿਚ ਰਹੇ ਸਾਂ। ਰੇਸ ਕੋਰਸ ਵਿਚ ਮੇਰੇ ਮਨ ਦੀ ਇਕ ਤੀਬਰ ਸਧਰ ਨੂੰ ਤ੍ਰਿਪਤੀ ਮਿਲੀ ਸੀ। ਦੇਸ਼ ਦੇ ਬਟਵਾਰੇ ਮਗਰੋਂ ਵਰ੍ਹਿਆਂ ਬਧੀ ਮੈਂ ਆਪਣੀ ਜਨਮ ਭੂਮੀ ਪੋਠੋਹਾਰ ਦੀਆਂ ਢਕੀਆਂ ਕਸੀਆਂ ਲਈ, ਪੋਠੋਹਾਰ ਦੀ ਬੋਲੀ ਲਈ ਸਧਰਾਂਦਾ ਰਿਹਾ ਸਾਂ। ਰੇਸ ਕੋਰਸ ਦੀ ਸਾਰੀ ਆਬਾਦੀ ਉਨ੍ਹਾਂ ਪਰਵਾਰਾਂ ਦੀ ਸੀ ਜੋ ਬਟਵਾਰੇ ਮਗਰੋਂ ਧੰਨੀ ਪੋਠੋਹਾਰ ਦੇ ਪਿੰਡਾਂ 'ਚੋਂ ਆਏ ਸਨ। ਰੇਸ ਕੋਰਸ ਵਾਲੀ ਕੋਠੀ ਦੀ ਛਤ ਤੋਂ ਮਸੂਰੀ ਤੇ ਗੜ੍ਹਵਾਲ ਦੀਆਂ ਪਹਾੜੀਆਂ ਓਵੇਂ ਹੀ ਨਜ਼ਰ ਆਉਂਦੀਆਂ ਸਨ ਜਿਵੇਂ ਰਾਵਲਪਿੰਡੀ ਵਿਚ ਸਾਡੇ ਘਰ ਦੀ ਛਤ ਤੋਂ ਮਰੀ ਦੀਆਂ ਪਹਾੜੀਆਂ ਨਜ਼ਰ ਆਇਆ ਕਰਦੀਆਂ ਸਨ ਤੇ ਜਦੋਂ ਗੁਆਂਢਣ ਸਵਾਣੀਆਂ ਦੇ ਸ਼ੁਧ ਪੋਠੋਹਾਰੀ ਬੋਲ ਕੰਨੀ ਪੈਂਦੇ ਤਾਂ ਬਟਵਾਰੇ ਦਾ ਲਹੂ ਲਿਬੜਿਆ ਕਾਂਡ ਭੁਲ ਜਾਂਦਾ ਅਤੇ ਭੁਲੇਖਾ ਪੈਂਦਾ ਕਿ ਮੈਂ ਡੇਹਰਾਦੂਨ ਵਿਚ ਨਹੀਂ, ਰਾਵਲਪਿੰਡੀ ਵਿਚ ਹੀ ਰਹਿ ਰਿਹਾ ਹਾਂ।

ਪਰ ਰੇਸ ਕੋਰਸ ਵਿਚ ਰਹਿੰਦਿਆਂ ਵੀ ਮਨ ਵਿਚ ਇਕ ਰੀਝ ਉਬਲਵਟੇ ਲੈਂਦੀ ਰਹੀ ਕਿ ਕਾਸ਼ ਰੇਸ ਕੋਰਸ ਵਿਚ ਇਸ ਪਧਰੇ ਵਿਸ਼ਾਲ ਘਾਹ ਦੇ ਮੈਦਾਨ ਅਤੇ ਗੋਲ ਸੜਕਾਂ ਤੋਂ ਛੁਟ ਡਾਲਨ ਵਾਲੇ ਵਰਗੇ ਲੀਚੀਆਂ ਕਠਲਾਂ ਦੇ ਝੁੰਡ ਅਤੇ ਚੀੜ੍ਹ ਸੁਫੇਦੇ ਦੇ ਰੁਖਾਂ ਦੀਆਂ ਪਾਲਾਂ ਹੁੰਦੀਆਂ। ਇਸ ਲਈ ਡੇਹਰਾਦੂਨ ਦੀ ਅਗਲੀ ਪੋਸਟਿੰਗ ਵਿਚ ਇਸ ਦੂਜੀ ਰੀਝ ਨੂੰ ਤ੍ਰਿਪਤਾਣ ਲਈ ਜਿਹੜੀ ਕੋਠੀ ਕਿਰਾਏ ਤੇ ਲਈ ਉਹ ਡਾਲਨ-ਵਾਲੇ ਕਰਜ਼ਨ ਰੋਡ ਤੇ ਸੀ। ਕੋਠੀ ਦੇ ਵਿਸ਼ਾਲ ਬਗੀਚੇ ਵਿਚ ਕੁਝ ਪੇੜ ਲੀਚੀਆਂ ਦੇ ਸਨ, ਇਕ ਅੰਜੀਰ ਦਾ, ਦੋ ਨਿੰਬੂਆਂ ਦੇ ਤੇ ਦੋ ਆੜੂਆਂ ਦੇ। ਪਰ ਚੀੜ੍ਹ ਤੇ ਸੁਫੇਦੇ ਦਾ ਇਕ ਵੀ ਰੁਖ ਇਸ ਕੋਠੀ ਵਿਚ ਵੀ ਸਾਡੇ ਹਿੱਸੇ ਨਾ ਆਇਆ।

ਚੀੜ੍ਹ ਤੇ ਸੁਫੇਦੇ ਦੇ ਰੁਖਾਂ ਲਈ ਸਦਾ ਮੇਰੇ ਮਨ ਵਿਚ ਇਕ ਕਮਜ਼ੋਰੀ ਰਹੀ ਹੈ। ਰਾਵਲਪਿੰਡੀ ਦੇ ਕੰਪਨੀ ਬਾਗ਼ ਵਿਚ ਚੀੜ੍ਹ ਦੇ ਦਰਖ਼ਤਾਂ ਦੇ ਝੁੰਡ ਨਾਲ ਮੇਰੇ ਬਚਪਨ ਅਤੇ ਜਵਾਨੀ ਦੀਆਂ ਕਈ ਅੱਭੁਲ ਯਾਦਾਂ ਜੁੜੀਆਂ ਹਨ। ਅਤੇ ਸੁਫੇਦੇ ਦੀ ਕੁਸੈਲੀ

ਅਤੇ ਨਰੋਈ ਮਹਿਕ ਸਦਾ ਮੇਰੇ ਅੰਦਰ ਇਕ ਸਵੱਛ ਤੇ ਸਿਹਤਮੰਦ ਅਨੁਭਵ ਜਗਾਂਦੀ ਰਹੀ ਹੈ।

ਡੇਹਰਾਦੂਨ ਦੀ ਭਰਪੂਰ ਬਰਸਾਤ ਮਗਰੋਂ ਜਦੋਂ ਆਕਾਸ਼ ਲਾਜਵਰਦੀ ਹੋ ਜਾਂਦਾ ਅਤੇ ਰੁਖਾਂ ਦੀ ਹਰਿਆਲੀ ਦੇ ਸਾਰੇ ਸ਼ੇਡ ਉਘੜ ਆਉਂਦੇ ਤਾਂ ਕਰਜ਼ਨ ਰੋਡ ਦੇ ਪਛਮੀ ਸਿਰੇ ਤੇ ਆਥਣ ਦੇ ਜ਼ਰੀ ਬਾਦਲੇ ਸੜਕ ਤੇ ਵਿਛ ਜਾਂਦੇ। ਕੋਠੀ ਦੇ ਗੇਟ ਲਾਗੇ ਖੜੋਤਾ ਮੈਂ ਅਕਸਰ ਇਹ ਮੁਅਜਜ਼ਾ ਵੇਖਿਆ ਕਰਦਾ ਸਾਂ। ਪਰ ਇਕ ਸੰਝ ਇਸ ਤੋਂ ਵੀ ਵਧੇਰੇ ਅਦਭੁਤ ਇਕ ਮੁਅਜਜ਼ਾ ਮੇਰੀ ਨਜ਼ਰੀਂ ਪੈ ਗਿਆ। ਤਿੰਨ ਚਾਰ ਕੋਠੀਆਂ ਛਡ ਕੇ ਸੜਕੋਂ ਪਾਰਲੀ ਕੋਠੀ ਦੀ ਫ਼ਸੀਲ ਲਾਗੇ ਮੈਂ ਪੰਜ ਸੋਨੇ ਦੇ ਥੰਮ ਖੜੋਤੇ ਵੇਖੇ ਤਾਂ ਮੈਂ ਅੰਦਰੋਂ ਸਿਮਰਨ ਨੂੰ ਵਾਜ ਮਾਰੀ—

''ਸਿਮਰਨ ਆਵੀਂ, ਜਲਦੀ। ਵੇਖੀਂ ਇਹ ਕੀ ਹੋ ਗਿਆ ਏ।''

ਕਿੰਨਾ ਚਿਰ ਉਹ ਕੀਲੀ ਹੋਈ ਨੀਝਦੀ ਰਹੀ।

''ਇਹ ਉਹ ਯੂਕਲਿਪਟਸ ਦੇ ਰੁਖ ਨੇ ਨਾਂ।''

''ਹਾਂ ਮੈਂ ਜਾਣਦਾ ਹਾਂ।'' ਮੈਂ ਆਖਿਆ, ''ਪਰ ਇਨ੍ਹਾਂ ਨੂੰ ਸੋਨੇ ਵਿਚ ਕਿਸਨੇ ਮੜ੍ਹਵਾ ਦਿਤਾ ਏ ?''

ਉਹ ਬੋਲੀ, ''ਏਸ ਸੋਨੇ ਤੇ ਕੁਝ ਨਹੀਂ ਲਗਦਾ ਤੇ ਏਸ ਸੋਨੇ ਵਰਗਾ ਹੋਰ ਕੋਈ ਸੋਨਾ ਨਹੀਂ।''

ਮੰਤਰ ਮੁਗਧ ਹੋਏ ਅਸੀਂ ਉਧਰ ਹੋ ਟੁਰੇ ਤਾਂ ਜੋ ਕੁਦਰਤ ਦੇ ਏਸ ਕ੍ਰਿਸ਼ਮੇ ਨੂੰ ਨੇੜਿਓਂ ਵੇਖ ਸਕੀਏ।

ਬਰਾਂਡੇ ਵਿਚ ਆਰਾਮ ਕੁਰਸੀ ਤੇ ਬੈਠਾ ਕੋਠੀ ਦਾ ਮਾਲਕ ਸਾਨੂੰ ਬਾਉਂਡਰੀ ਵਾਲ ਲਾਗੇ ਖੜੋਤਾ ਵੇਖ ਗੇਟ ਕੋਲ ਆ ਗਿਆ।

''ਤੁਸੀਂ ਕਿਸੇ ਨੂੰ ਮਿਲਨਾ ਏ।''

''ਹਾਂ।'' ਮੈਂ ਕਿਹਾ, ''ਅਸੀਂ ਮਿਲਣ ਆਏ ਹਾਂ, ਤੁਹਾਡੇ ਇਹਨਾਂ ਸੁਨਹਿਰੀ ਦਰਬਾਨਾਂ ਨੂੰ।''

ਉਹਨੂੰ ਮੇਰੀ ਗੱਲ ਦੀ ਸਮਝ ਨਾ ਪਈ ਤਾਂ ਮੈਂ ਪਿਆਰ ਨਾਲ ਪਲੋਸਦੀ ਇਕ ਨਿਗਾਹ ਯੂਕਲਿਪਟਸ ਦੇ ਉਨ੍ਹਾਂ ਪੰਜਾਂ ਰੁਖਾਂ ਵਲ ਫੇਰੀ।

''ਹਛਾ, ਤੁਹਾਨੂੰ ਵੀ ਇਹ ਚੰਗੇ ਲਗੇ ਹਨ। ਮੈਨੂੰ ਵੀ ਲਗੇ ਸਨ ਜਦੋਂ ਮੈਂ ਇਹ ਕੋਠੀ ਖਰੀਦੀ ਸੀ। ਅਸਲ ਵਿਚ ਇਹ ਕੋਠੀ ਖਰੀਦਣ ਵੇਲੇ ਵਡੀ ਖਿਚ ਮੈਨੂੰ ਇਨ੍ਹਾਂ ਰੁਖਾਂ ਦੀ ਹੀ ਸੀ।''

ਯੂਕਲਿਪਟਸ ਲਈ ਕਮਜ਼ੋਰੀ ਦੀ ਇਹ ਸਾਂਝ ਰਾਵਤ ਸਾਹਬ ਨਾਲ ਸਾਡੀ ਮਿਤਰਤਾ ਦਾ ਮੁਢ ਬਣੀ।

ਸਿਮਰਨ ਤੇ ਮੈਂ ਕਰਜ਼ਨ ਰੋਡ ਤੇ ਉਸ ਵੇਲੇ ਸੈਰ ਲਈ ਨਿਕਲਦੇ ਜਦੋਂ ਉਹ ਡੁਬਦੇ ਸੂਰਜ ਦੀ ਅਲੌਕਿਕ ਆਭਾ ਨਾਲ ਭਰੀ ਹੁੰਦੀ। ਰੋਜ਼ ਅਸੀਂ ਉਸ ਸੂਹੀ ਸੂਹੀ ਲਕੀਰ ਤਕ ਅਪੜਨ ਦਾ ਜਤਨ ਕਰਦੇ ਜਿਸਦੇ ਪਾਰ ਇਹ ਡੁਬਦਾ ਸੀ। ਪਰ ਸਾਡੇ ਅਪੜਨ ਤੋਂ

ਫੇਰ ਪਹਿਲਾਂ ਰਾਤ ਦੀ ਤਾਰੀਕੀ ਉਸ ਲਕੀਰ ਨੂੰ ਨਿਗਲ ਲੈਂਦੀ ਤੇ ਮਸੋਸੇ ਹੋਏ ਅਸੀਂ ਪਰਤ ਆਉਂਦੇ। ਫੇਰ ਆਪਣੇ ਮਨ ਦੇ ਝੋਰੇ ਨੂੰ ਯੂਕਲਿਪਟਸ ਦੇ ਉਨ੍ਹਾਂ ਪੰਜਾਂ ਰੁਖਾਂ ਕੋਲ ਖੜੇਕੇ ਵਰਚਾਂਦੇ ਤੇ ਆਉਂਦੀ ਰਾਤ ਨਾਲ ਉਦਾਸੀ ਆਪਣੀ ਸੁਰਤ ਨੂੰ ਲੰਮੀਆਂ ਲੰਮੀਆਂ ਆਸਾਂ ਨਾਲ ਹਿਲੋਰਦੇ ਕਿ ਰੀਟਾਇਰ ਹੋਣ ਮਗਰੋਂ ਅਸੀਂ ਦਿਲੀ ਨਹੀਂ, ਡੇਹਰਾਦੂਨ ਸੈਟਲ ਹੋਵਾਂਗੇ ਤੇ ਡਾਲਨਵਾਲੇ ਵਿਚ ਕੋਠੀ ਉਹ ਖਰੀਦਾਂਗੇ ਜਿਸਦੇ ਵਿਚ ਯੂਕਲਿਪਟਸ ਦੇ ਰੁਖ ਹੋਣ।

ਉਸ ਸ਼ਾਮ ਰਾਵਤ ਪਰਵਾਰ ਨੂੰ ਅਸਾਂ ਏਦਾਂ ਖੁਸ਼ੀਆਂ ਵਿਚ ਗਲਤਾਨ ਵੇਖਿਆ। ਜਿਵੇਂ ਉਨ੍ਹਾਂ ਦੇ ਘਰ ਕਿਸੇ ਛਮ ਛਮ ਕਰਦੀ ਚੰਦਰਮੁਖੀ ਦਾ ਡੋਲਾ ਆਣ ਉਤਰਿਆ ਹੋਵੇ। ਜਦੋਂ ਅਸੀਂ ਰਾਵਤ ਸਾਹਿਬ ਦੀ ਕੋਠੀ ਅਪੜੇ ਤਾਂ ਜਿਹੜਾ ਪ੍ਰੋਗਰਾਮ ਟੀ. ਵੀ. ਤੇ ਹੋ ਰਿਹਾ ਸੀ ਉਹਨੇ ਟੀ. ਵੀ. ਨਾ ਖਰੀਦਣ ਦੇ ਮੇਰੇ ਸਿਆਣੇ ਫੈਸਲੇ ਲਈ ਮੇਰੀ ਪਿਠ ਥਾਪੜੀ। ਇਹ ਇਕ ਕਾਮੇਡੀ ਸੀਰੀਅਲ ਸੀ ਜਿਸਦੇ ਸਾਰੇ ਪਾਤਰ ਦਰਸ਼ਕਾਂ ਨੂੰ ਹਸਾਣ ਲਈ ਪੂਰੀ ਲਗਨ ਨਾਲ ਜਤਨਸ਼ੀਲ ਸਨ। ਪਰ ਉਨ੍ਹਾਂ ਦੇ ਸਿਰਤੋੜ ਜਤਨਾਂ ਦੇ ਫਲ ਸਰੂਪ ਦਰਸ਼ਕਾਂ ਨੂੰ ਹਾਸੇ ਦੀ ਥਾਂ ਰੋਣਾ ਆ ਰਿਹਾ ਸੀ।

''ਜਦ ਸਾਡੀ ਜ਼ਿੰਦਗੀ ਵਿਚ ਹੀ ਹਾਸਾ ਨਹੀਂ'', ਸਿਮਰਨ ਨੇ ਟਿਪਣੀ ਕਰਦਿਆਂ ਆਖਿਆ, ''ਜਦ ਸਦੀਆਂ ਤੋਂ ਸਾਡੇ ਦੇਸ਼ ਵਿਚ ਹਾਸ ਰਸ ਦਾ ਕਾਲ ਪਿਆ ਹੋਇਆ ਹੈ ਤਾਂ ਇਹ ਪ੍ਰੋਡਿਊਸਰ ਅਜਿਹੇ ਕਾਮੇਡੀ ਸੀਰੀਅਲ ਬਨਾਣ ਦੀ ਮੂਰਖਤਾ ਕਿਉਂ ਕਰਦੇ ਹਨ।''

ਅਸੀਂ ਸਾਰੇ ਸਿਮਰਨ ਨਾਲ ਸਹਿਮਤ ਸਾਂ।

ਸੀਰੀਅਲ ਦੀ ਬੇਸੁਆਦੀ ਅਸਾਂ ਸ੍ਰੀਮਤੀ ਰਾਵਤ ਦੀਆਂ ਤਲੀਆਂ ਪੀਠੀ ਵਾਲੀਆਂ ਪੂੜੀਆਂ, ਆਲੂਆਂ ਦੀ ਭਾਜੀ, ਖੀਰੇ ਦਾ ਰਾਇਤਾ ਅਤੇ ਕੇਲਿਆਂ ਦੀ ਮਿਠੀ ਚਟਨੀ ਦੇ ਪਚਾਕੇ ਮਾਰ ਮਾਰਕੇ ਦੂਰ ਕੀਤੀ।

ਅਗਲਾ ਪ੍ਰੋਗਰਾਮ ਜੰਗਲਾਂ ਦੀ ਸੁਰਖਿਆ ਸੰਬੰਧੀ ਸੀ। ਦਸਿਆ ਗਿਆ ਸੀ ਕਿ ਸੈਟੇਲਾਈਟ ਰਾਹੀਂ ਮਿਲੀਆਂ ਤਸਵੀਰਾਂ ਨੇ ਸਿਧ ਕਰ ਦਿਤਾ ਸੀ ਕਿ ਇਸ ਧਰਤੀ ਦੇ ਜੰਗਲ ਭਿਆਨਕ ਤੇਜ਼ੀ ਨਾਲ ਕਟੇ ਜਾ ਰਹੇ ਸਨ। ਇਨ੍ਹਾਂ ਤਸਵੀਰਾਂ ਨੇ ਪਿਛਲੇ ਸਾਰੇ ਅਨੁਮਾਨ ਰਦ ਕਰ ਦਿੱਤੇ ਸਨ। ਪਹਿਲੇ ਅਨੁਮਾਨ ਸੀ ਕਿ ਹਰ ਸਾਲ ਦੁਨੀਆਂ ਵਿਚ ਸਾਢੇ ਬਾਰ੍ਹਾਂ ਮਿਲੀਅਨ ਹੈਕਟੇਅਰ ਜੰਗਲ ਨਸ਼ਟ ਹੋ ਰਹੇ ਸਨ। ਪਰ ਸੈਟੇਲਾਈਟ ਰਾਹੀਂ ਮਿਲੀ ਸੂਚਨਾ ਦੇ ਆਧਾਰ ਤੇ ਦਸਿਆ ਗਿਆ ਸੀ ਕਿ ਵਾਸਤਵ ਵਿਚ ਹਰ ਸਾਲ ਸਾਢੇ ਸੋਲ੍ਹਾਂ ਮਿਲੀਅਨ ਹੈਕਟੇਅਰ ਜ਼ਮੀਨ ਤੋਂ ਜੰਗਲ ਕਟੇ ਜਾ ਰਹੇ ਸਨ। ਪਹਿਲਾਂ ਇਹ ਬਰਬਾਦੀ ਵਿਕਸਤ ਦੇਸ਼ਾਂ ਤੀਕ ਸੀਮਤ ਸੀ ਜਿਥੇ ਕਾਗ਼ਜ਼, ਗਤਾ ਤੇ ਹੋਰ ਪੈਕਿੰਗ ਮੈਟੀਰੀਅਲ ਬਨਾਣ ਵਾਲੇ ਕਾਰਖਾਨਿਆਂ ਦੀਆਂ ਲੋੜਾਂ ਸਾਰਨ ਲਈ ਜੰਗਲ ਕਟੇ ਜਾ ਰਹੇ ਸਨ, ਪਰ ਹੁਣ ਵਿਕਾਸਸ਼ੀਲ ਦੇਸ਼ ਵੀ ਇਸ ਦੌੜ ਵਿਚ ਸ਼ਾਮਲ ਹੋ ਗਏ ਸਨ। ਹੜਾਂ ਦਾ ਸਭ ਤੋਂ ਵਡਾ ਕਾਰਨ ਜੰਗਲਾਂ ਦੀ ਬਰਬਾਦੀ ਸੀ। ਅਫਰੀਕਾ, ਮਲਾਇਆ, ਫਿਲੀਪੀਨਜ਼, ਇੰਡੋਨੇਸ਼ੀਆ ਅਤੇ ਨੇਪਾਲ ਵਿਚ ਜੰਗਲ ਕਟੇ

ਜਾ ਰਹੇ ਸਨ। ਬੰਗਲਾ ਦੇਸ਼ ਦੇ ਭਿਆਨਕ ਹੜ੍ਹਾਂ ਦਾ ਕਾਰਨ ਨੇਪਾਲ ਦੇ ਜੰਗਲਾਂ ਦੀ ਬਰਬਾਦੀ ਸੀ।

"ਹੜ੍ਹਾਂ ਦੀ ਗੱਲ ਛੱਡੋ।" ਪ੍ਰੋਗਰਾਮ ਦੇ ਅੰਤ ਤੇ ਸਿਮਰਨ ਨੇ ਕਿਹਾ, "ਜੰਗਲਾਂ ਬਿਨਾਂ, ਰੁਖਾਂ ਬਿਨਾਂ ਸਾਡੀ ਧਰਤੀ ਦਾ ਵਾਤਾਵਰਨ ਏਨਾਂ ਦੂਸ਼ਤ ਹੋ ਜਾਏਗਾ ਕਿ ਜ਼ਿੰਦਗੀ ਖਤਮ ਹੋ ਜਾਏਗੀ ਤੇ ਸਾਡੀ ਇਹ ਦੁਨੀਆਂ ਵੀ ਵੀਨਸ, ਮਾਰਜ਼ ਅਤੇ ਜੁਪੀਟਰ ਵਾਂਗ ਬੰਜਰ ਤੇ ਬੇਜਾਨ ਹੋ ਜਾਏਗੀ।"

"ਮੈਂ ਤਾਂ ਕਹਾਂਗੀ", ਸ੍ਰੀਮਤੀ ਰਾਵਤ ਬੋਲੀ, "ਜੰਗਲਾਂ ਦੀ ਸੁਰਖਿਆ ਐਟਮੀ ਨਿਸ਼ਸਤਰੀਕਰਣ ਤੋਂ ਘਟ ਗੰਭੀਰ ਸਮੱਸਿਆ ਨਹੀਂ।"

ਰਾਵਤ ਸਾਹਬ ਆਪਣੀ ਪਤਨੀ ਨਾਲ ਸਹਿਮਤ ਸਨ। ਬੋਲੇ, "ਸਗੋਂ ਵਧੇਰੇ ਗੰਭੀਰ ਹੈ। ਐਟਮੀ ਨਿਸ਼ਸਤ੍ਰੀਕਰਣ ਦੀ ਸਮੱਸਿਆ ਤਾਂ ਦੁਨੀਆਂ ਦੇ ਆਗੂਆਂ ਦਾ ਧਿਆਨ ਮਲ ਬੈਠੀ ਹੈ। ਮੀਟਿੰਗਾਂ ਹੋ ਰਹੀਆਂ ਹਨ। ਆਸ ਲਗ ਪਈ ਹੈ ਕਿ ਕਿਸੇ ਦਿਨ ਐਟਮੀ ਸ਼ਸਤਰਾਂ ਦੇ ਭੰਡਾਰ ਨਸ਼ਟ ਕਰ ਦਿਤੇ ਜਾਣਗੇ। ਪਰ ਜੰਗਲਾਂ ਦੀ ਬਰਬਾਦੀ, ਰੁਖਾਂ ਦੀ ਕਟਾਈ ਤਾਂ ਦਿਨੋਂ ਦਿਨ ਵਧਦੀ ਹੀ ਜਾਂਦੀ ਹੈ।"

"ਇਕ ਰੁਖ ਕਟਣ ਤੇ ਦਸ ਜਾਂ ਹਦ ਪੰਦਰ੍ਹਾਂ ਮਿੰਟ ਲਗਦੇ ਹਨ" ਸਿਮਰਨ ਨੇ ਕਿਹਾ, "ਪਰ ਉਗਾਣ ਤੇ ਵਰ੍ਹੇ ਲਗ ਜਾਂਦੇ ਹਨ।"

ਅਸਾਂ ਸਾਰਿਆਂ, ਰਾਵਤ ਸਾਹਬ, ਉਹਨਾਂ ਦੀ ਪਤਨੀ ਤੇ ਮੈਂ ਸਿਰ ਹਿਲਾ ਹਿਲਾਕੇ ਸਿਮਰਨ ਨਾਲ ਸੰਮਤੀ ਪ੍ਰਗਟ ਕੀਤੀ।

ਕੋਈ ਸਾਢੇ ਦਸ ਵਜੇ ਜਦੋਂ ਅਸੀਂ ਡਰਾਇੰਗ ਰੂਮ 'ਚੋਂ ਚਾਨਣੀ ਨਾਲ ਧੋਤੇ ਕੋਠੀ ਦੇ ਲਾਨ ਵਿਚ ਆਏ ਤਾਂ ਸਿਮਰਨ ਦਾ ਤ੍ਰਾਹ ਨਿਕਲ ਗਿਆ।

"ਹਾਏ ਮੈਂ ਮਰ ਜਾਂ।" ਉਹ ਸਿਸਕੀ, "ਤੁਹਾਡੇ ਉਹ ਕਿਥੇ ਨੇ ?"

"ਕੌਣ ?" ਰਾਵਤ ਸਾਹਬ ਨੇ ਪੁਛਿਆ।

"ਤੁਹਾਡੀ ਕੋਠੀ ਦੇ ਯੂਕਲਿਪਟਸ।"

ਰਾਵਤ ਸਾਹਬ ਕੁਝ ਨਾ ਬੋਲੇ ਪਰ ਉਹਨਾਂ ਦੀ ਪਤਨੀ ਨੇ ਦਸਿਆ—

"ਉਹ ਤਾਂ ਕਲ ਅਸੀਂ ਵੇਚ ਦਿਤੇ। ਦਵਾਈਆਂ ਬਨਾਣ ਵਾਲੀ ਇਕ ਕੰਪਨੀ ਦਾ ਸਪਲਾਇਰ ਕਟਵਾਕੇ ਲੈ ਗਿਆ ਏ। ਸਾਢੇ ਅਠ ਹਜ਼ਾਰ ਦੇ ਗਿਆ ਏ ਪੰਜਾਂ ਦੇ। ਹੋਰ ਕਲਰ ਟੀ. ਵੀ. ਅਸਾਂ ਕਿਥੋਂ ਲੈਣਾ ਸੀ।"

ਸੁਣਕੇ ਸਿਮਰਨ ਦੀ ਕੀ ਹਾਲਤ ਹੋਈ, ਉਹੀ ਦਸ ਸਕਦੀ ਏ। ਪਰ ਮੈਨੂੰ ਲਗਾ ਜਿਵੇਂ ਛਿਟਕੀ ਹੋਈ ਚਾਨਣੀ ਉਤੇ ਕਿਸੇ ਨੇ ਮਣਾਂ ਮੂੰਹੀਂ ਚਿਕੜ ਥਪ ਦਿਤਾ ਹੋਵੇ।

ਅਫ਼ਵਾਹ

ਅਚਨਚੇਤ ਛਾਇਆ ਦੇਵੀ ਨੂੰ ਲੱਗਾ ਜਿਵੇਂ ਚੜ੍ਹਦੇ ਨਵੰਬਰ ਦੀ ਖਿੜੀ ਹੋਈ ਧੁੱਪ ਵਿਚ ਪ੍ਰਛਾਈਆਂ ਰਲ ਗਈਆਂ ਹੋਣ। ਬਿਮਲਿੰਦੂ ਦੀ ਗੱਲ ਸੁਣਦਿਆਂ ਸਾਰ ਜਾਪਿਆ ਜਿਵੇਂ ਹੁਣ ਤੀਕ ਨੀਲੇ ਨਿੱਤਰੇ ਆਕਾਸ਼ ਉੱਤੇ ਗਹਿਰ ਛਾ ਗਈ ਹੋਵੇ। ਅਜਿਹੀ ਗਹਿਰ ਅੱਜ ਤੋਂ ਸੰਤੀ ਸਾਲ ਪਹਿਲੇ ਢਾਕੇ ਵਿਚ ਛਾ ਗਈ ਸੀ ਜਦੋਂ ਬਿਮਲਿੰਦੂ ਦਾ ਪਿਤਾ ਸਰਕਾਰੀ ਡਿਸਪੈਂਸਰੀ ਤੋਂ ਦਮੇਂ ਦੀ ਦਵਾ ਲੈਣ ਗਿਆ ਜੀਊਂਦਾ ਨਹੀਂ ਸੀ ਪਰਤਿਆ। ਏਦਾਂ ਹੀ ਧੁੱਪ ਧੁਆਂਖੀ ਗਈ ਸੀ ਜਦੋਂ ਉਹਦੇ ਜਵਾਈ ਸਮੀਰ ਨੂੰ, ਉਸ ਜਵਾਨ ਸੁਨੱਖੇ ਚਿੱਤਰਕਾਰ ਨੂੰ, ਗੁੰਡਿਆਂ ਨੇ ਛੁਰਾ ਮਾਰ ਦਿੱਤਾ ਸੀ ਤੇ ਫੇਰ ਉਹਦੀ ਰੋਂਦੀ ਚਿੱਚਲਾਂਦੀ, ਸਜਵਿਆਹੀ ਪਤਨੀ ਨੂੰ ਟਰੱਕ ਵਿਚ ਸੁਟ ਕੇ ਉਥੇ ਲੈ ਗਏ ਸਨ ਜਿਥੋਂ ਮੁੜ ਕੇ ਉਹਦੀ ਕੋਈ ਕੰਨਸੋ ਨਹੀਂ ਸੀ ਆਈ।

ਛਾਇਆ ਦੇਵੀ ਨੂੰ ਜਾਪਿਆ ਜਿਵੇਂ ਚਿਤਰੰਜਨ ਪਾਰਕ ਦੀ ਫ਼ਿਜ਼ਾ ਮਾਰੂ ਸਹਿਮ ਦੀ ਮੁੱਠੀ ਵਿਚ ਕੰਬ ਰਹੀ ਹੋਵੇ ਤੇ ਤਿਕਾਲਾਂ ਵਕਤੋਂ ਪਹਿਲਾਂ ਪੈ ਗਈਆਂ ਹੋਣ।

ਜੇ ਸੰਝ ਅਜਿਹੀ ਡਰਾਉਣੀ ਸੀ ਤਾਂ ਕੱਲ੍ਹ ਸਵੇਰ ਕਿਹੋ ਜਹੀ ਲਹੂ ਲਿੱਬੜੀ ਹੋਵੇਗੀ। ਸੜਕਾਂ ਤੇ ਨਿੱਕੀਆਂ ਨਿੱਕੀਆਂ ਲਹੂ ਦੀਆਂ ਛਪੜੀਆਂ, ਘਰਾਂ ਦੀਆਂ ਬਰੂਹਾਂ ਵਿਚ ਪਈਆਂ ਲੋਥਾਂ, ਅਧਸੜੇ ਮਕਾਨਾਂ ਵਿਚੋਂ ਨਿਕਲਦਾ ਧੂਆਂ, ਆਕਾਸ਼ ਵਿਚ ਮੰਡਲਾਂਦੀਆ ਗਿਰਝਾਂ ਅਤੇ ਸਾਰੇ ਵਾਤਾਵਰਨ ਵਿਚ ਘੁਲੀ ਭੁਜਦੇ ਮਨੁੱਖੀ ਮਾਸ ਦੀ ਬਦਬੂ। ਸੋਚ ਕੇ ਛਾਇਆ ਦੇਵੀ ਨੂੰ ਘੇਰਨੀ ਆਈ ਤੇ ਉਹ ਬੇਸੁਰਤ ਹੋ ਗਈ।

ਬਿਮਲਿੰਦੂ ਨੇ ਪਾਣੀ ਦੇ ਛੱਟੇ ਉਹਦੇ ਮੂੰਹ ਤੇ ਮਾਰੇ, ਦਬਿਆ ਘੁਟਿਆ ਅਤੇ ਕਈ ਹੀਲਿਆਂ ਨਾਲ ਉਹਦੀ ਦੰਦਲ ਖੋਹਲੀ। ਹੋਸ਼ ਹਵਾਸ ਇਕੱਠੇ ਕਰ ਕੇ ਸੁਚੇਤ ਹੁੰਦਿਆਂ ਛਾਇਆ ਦੇਵੀ ਨੂੰ ਕੁਝ ਚਿਰ ਲੱਗਾ। ਏਦਾਂ ਢੇਰੀ ਢਾਹਿਆਂ ਤਾਂ ਕੁਝ ਨਹੀਂ ਸੀ ਬਣਨਾ। ਉਹਨੂੰ ਕੁਝ ਕਰਨਾ ਚਾਹੀਦਾ ਸੀ। ਪਰ ਉਹ ਕੀ ਕਰੇ। ਉਹ ਕੀ ਕਰ ਸਕਦੀ ਸੀ। ਫੇਰ ਇਕਾ ਇਕ ਉਹਦੀਆਂ ਅੱਖਾਂ ਲਿਸ਼ਕ ਪਈਆਂ।

''ਚਲ ਮੇਰੇ ਨਾਲ।'' ਬਿਮਲਿੰਦੂ ਦੇ ਮੋਢੇ ਤੇ ਹੱਥ ਰੱਖਦਿਆਂ ਉਹਨੇ ਆਖਿਆ।

''ਕਿੱਥੇ ?''

''ਜਿੱਥੇ ਵੀ ਮੈਂ ਚਲਾਂ।''

ਪੈਰੀਂ ਚੱਪਲ ਅੜਾਂਦੀ ਛਾਇਆ ਦੇਵੀ ਘਰ ਖੁਲ੍ਹਾ ਛੱਡ ਕੇ ਬਾਹਰ ਨਿਕਲ ਟੁਰੀ। ਇਹ ਕੋਈ ਘਰੋਂ ਨਿਕਲਣ ਦਾ ਸਮਾਂ ਸੀ, ਬਿਮਲਿੰਦੂ ਸੋਚ ਰਿਹਾ ਸੀ, ਜਦ ਕਾਲੋਨੀ ਦੇ ਲੋਕ ਅੰਦਰ ਵੜ ਕੇ ਕੁੰਡੇ ਜੰਦਰੇ ਮਾਰ ਰਹੇ ਸਨ। ਕਿਤੇ ਕਿਤੇ ਕੋਈ ਕੁੱਤਾ ਭੌਂਤਰਿਆ ਚੁਪਾਸੀਂ ਵਰਤੀ ਸੁੰਨ ਨੂੰ ਸੁੰਘ ਰਿਹਾ ਸੀ। ਉਤਾਵਲੇ ਕਦਮਾਂ ਨਾਲ ਇਸ ਸੁੰਨ ਨੂੰ ਚੀਰਦੀ ਛਾਇਆ ਦੇਵੀ ਉਸ ਸੜਕ ਤੇ ਅੱਗੇ ਵਧਦੀ ਗਈ ਜਿਹੜੀ ਚਿਤਰੰਜਨ ਪਾਰਕ ਤੋਂ ਗਰੇਟਰ ਕੈਲਾਸ਼ ਜਾਂਦੀ ਸੀ। ਪਰ ਜਦੋਂ ਉਹ ਗਰੇਟਰ ਕੈਲਾਸ਼ ਦੇ ਗੁਰਦਵਾਰੇ ਵਲ ਮੁੜੀ ਤਾਂ ਬਿਮਲਿੰਦੂ ਦੀ ਖ਼ਾਨਿਉਂ ਗਈ। ਚਾਰ ਪੰਜ ਤਿੱਖੀਆਂ ਪੁਲਾਂਘਾਂ ਪੁਟ ਕੇ ਉਹਨੇ ਮਾਂ ਨੂੰ ਮੋਢਿਓਂ ਜਾ ਫੜਿਆ। ਉਦੋਂ ਤੀਕ ਉਹ ਗੁਰਦਵਾਰੇ ਦੇ ਗੇਟ ਲਾਗੇ ਅੱਪੜ ਪਈ ਸੀ।

''ਛੱਡ ਦੇ ਮੈਨੂੰ।'' ਲੋਹੇ ਦੇ ਗੇਟ ਨੂੰ ਦੁਹਾਂ ਹੱਥਾਂ ਨਾਲ ਫੜਦੀ ਉਹ ਬੋਲੀ।

''ਪਾਗਲ ਹੋ ਗਈ ਏਂ ਮਾਂ।''

''ਹਾਂ ਮੈਂ ਪਾਗਲ ਹੋ ਗਈ ਹਾਂ।''

''ਚੱਲ ਪਿੱਛੇ ਮੁੜ। ਕਿਸੇ ਨੇ ਵੇਖ ਲਿਆ ਤਾਂ ਜੀਉਂਦੇ ਘਰ ਨਹੀਂ ਪਰਤਾਂਗੇ।''

''ਮੈਂ ਜੀਉਂਦੀ ਘਰ ਨਹੀਂ ਪਰਤਣਾ ਚਾਹੁੰਦੀ। ਤੇ ਤੈਨੂੰ ਵੀ ਅੰਦਰ ਮੇਰੇ ਨਾਲ ਚਲਣਾ ਹੋਵੇਗਾ।''

''ਇਹ ਲੋਕ ਸਾਨੂੰ ਮਾਰ ਸੁਟਣਗੇ।''

''ਮਾਰ ਸੁਟਣ।''

''ਮਾਂ, ਵਾਸਤਾ ਈ ਦੇਵੀ ਦੁਰਗਾ ਦਾ। ਘਰ ਮੁੜ ਚੱਲ।''

''ਕਦੀ ਨਹੀਂ।''

''ਮੈਂ ਤੈਨੂੰ ਜ਼ਬਰਦਸਤੀ ਚੁੱਕ ਕੇ ਲੈ ਜਾਵਾਂਗਾ।''

''ਖ਼ਬਰਦਾਰ।'' ਛਾਇਆ ਦੇਵੀ ਨੇ ਇਕੋ ਹੁਝਕੇ ਨਾਲ ਆਪਣੇ ਆਪ ਨੂੰ ਬਿਮਲਿੰਦੂ ਦੇ ਕਲਾਵੇ 'ਚੋਂ ਕੱਢ ਲਿਆ। ਬਿਮਲਿੰਦੂ ਨੂੰ ਲੱਗਾ ਜਿਵੇਂ ਉਹਦੀ ਮਾਂ ਦੇ ਬੁੱਢੇ ਨਿਤਾਣੇ ਸਰੀਰ ਵਿਚ ਅਸ਼ਟਭੁਜੀ ਦਾ ਬਲ ਆ ਗਿਆ ਹੋਵੇ।

ਇਕੋ ਸ਼ੂਟ ਵੱਟ ਕੇ ਉਹ ਗੁਰਦਵਾਰੇ ਦੇ ਦੀਵਾਨ ਹਾਲ ਦੇ ਅੰਦਰ ਚਲੀ ਗਈ। ਬਿਮਲਿੰਦੂ ਲੋਹੇ ਦੇ ਗੇਟ ਲਾਗੇ ਕੁਝ ਚਿਰ ਜੱਕੋ ਤਕਿਆਂ ਵਿਚ ਪਿਆ ਰਿਹਾ। ਉਹ ਡਾਢਾ ਹਰਾਸਿਆ ਹੋਇਆ ਸੀ। ਫੇਰ ਬਧੋਰੁਧਾ ਸਹਿਮੇ ਸੁੰਗੜੇ ਕਦਮ ਪੁਟਦਾ ਉਹ ਵੀ ਗੁਰਦਵਾਰੇ ਦੇ ਅੰਦਰ ਲੰਘ ਗਿਆ।

ਕੀਰਤਨ ਦੀ ਸਮਾਪਤੀ ਮਗਰੋਂ ਸਕੱਤਰ ਉਠਿਆ। ਉਹ ਕਿਸੇ ਸੋਚ ਵਿਚ ਜਾਪਦਾ ਸੀ। ਸੰਗਤ ਨੂੰ ਫ਼ਤਹ ਬੁਲਾ ਕੇ ਉਹਨੇ ਕਹਿਣਾ ਸ਼ੁਰੂ ਕੀਤਾ :

''ਇਕ ਬੀਬੀ ਚਿਤਰੰਜਨ ਪਾਰਕ ਤੋਂ ਆਈ ਹੈ। ਨਾਲ ਉਹਦਾ ਬੇਟਾ ਹੈ। ਉਹ ਸੰਗਤ ਨਾਲ ਦੋ ਬਚਨ ਸਾਂਝੇ ਕਰਨੇ ਚਾਹੁੰਦੀ ਹੈ। ਇਹ ਬਚਨ ਕੀ ਹਨ, ਮੇਰੇ ਪੁੱਛਣ ਤੇ ਵੀ ਉਹਨੇ ਮੈਨੂੰ ਨਹੀਂ ਦੱਸਿਆ। ਉਹ ਆਖਦੀ ਹੈ, ਉਹਨੇ ਜੋ ਕੁਝ ਕਹਿਣਾ ਹੈ,

ਉਹ ਸਮੂਹ ਸੰਗਤ ਨੂੰ ਕਹਿਣਾ ਹੈ । ਆਓ ਬੀਬੀ ਜੀ ।'' ਸਕੱਤਰ ਨੇ ਸਟੇਜ ਦੇ ਲਾਗੇ ਬੈਠੀ ਛਾਇਆ ਦੇਵੀ ਨੂੰ ਉੱਠਣ ਦੀ ਸੈਨਤ ਕੀਤੀ ।

ਉਤਸੁਕਤਾ ਨਾਲ ਸੰਗਤ ਦੀਆਂ ਧੌਣਾਂ ਖਿੱਚੀਆਂ ਗਈਆਂ । ਗੱਲ ਸਚਮੁਚ ਅਲੋਕਾਰ ਸੀ । ਚਿਤਰੰਜਨ ਪਾਰਕ ਤੋਂ ਆਈ ਇਹ ਇਸਤਰੀ ਜਿਸ ਦਾ ਪਹਿਰਾਵਾ ਖ਼ਾਸ ਬੰਗਾਲਣਾਂ ਵਾਲਾ ਸੀ, ਏਥੋਂ ਤਕ ਕਿ ਕਾਲੀ ਕੰਨੀ ਵਾਲੀ ਉਹਦੀ ਧੋਤੀ ਦੇ ਲੜ ਨਾਲ ਚਾਬੀਆਂ ਦਾ ਗੁੱਛਾ ਵੀ ਬੱਧਾ ਸੀ, ਏਥੇ ਸਿੱਖ ਸੰਗਤ ਵਿਚ ਬੈਠੀ ਕੀ ਕਰ ਰਹੀ ਸੀ ਤੇ ਹੁਣ ਕੀ ਆਖਣ ਲਈ ਉੱਠੀ ਸੀ ।

ਸਕੱਤਰ ਨੇ ਮਾਈਕ ਨੀਵਾਂ ਕਰ ਕੇ ਛਾਇਆ ਦੇਵੀ ਦੇ ਮੂੰਹ ਅੱਗੇ ਕੱਸਿਆ । ਬਿਮਲਿੰਦੂ ਵੀ ਉਠ ਕੇ ਆਪਣੀ ਮਾਂ ਦੇ ਪਿਛਵਾੜੇ ਆਣ ਖੜੋਤਾ ਸੀ । ਉਹਦੇ ਸਿਰ ਤੇ ਗੋਟੇ ਵਾਲਾ ਉਨਾਬੀ ਰੁਮਾਲਾ ਬੱਧਾ ਸੀ ਜੋ ਗੁਰਦਵਾਰੇ ਵਿਚ ਪ੍ਰਵੇਸ਼ ਕਰਨ ਸਮੇਂ ਇਕ ਸੇਵਾਦਾਰ ਨੇ ਉਹਨੂੰ ਦਿੱਤਾ ਸੀ ।

ਕਿਸੇ ਜਲਸੇ, ਕਿਸੇ ਇਕੱਠ ਵਿਚ ਉਠ ਕੇ ਬੋਲਣ ਦਾ ਛਾਇਆ ਦੇਵੀ ਦੀ ਜ਼ਿੰਦਗੀ ਵਿਚ ਇਹ ਪਹਿਲਾ ਅਵਸਰ ਸੀ । ਜਿਹੜੀ ਆਵਾਜ਼ ਉਹਨੂੰ ਆਪਣੀ ਸੁਣਾਈ ਦਿੱਤੀ ਉਹ ਅਸਲੋਂ ਓਪਰੀ ਸੀ । ਉਹਦੀ ਨਹੀਂ, ਕਿਸੇ ਹੋਰ ਦੀ ਜਾਪਦੀ ਸੀ । ਇਸ ਲਈ ਨਹੀਂ ਕਿ ਉਹ ਮਾਈਕ ਵਿਚੋਂ ਆ ਰਹੀ ਸੀ, ਸਗੋਂ ਇਸ ਲਈ ਕਿ ਉਹ ਆਵਾਜ਼ ਖੋਖਲੀ, ਥਰ ਥਰ ਕੰਬਦੀ ਅਤੇ ਮੁਰਦਾ ਆਵਾਜ਼ ਸੀ । ਸ੍ਰੋਤਿਆਂ ਦੇ ਚਿਹਰਿਆਂ ਦੇ ਸੱਖਣੇਪਨ ਤੋਂ ਵੀ ਜਾਪਦਾ ਸੀ ਕਿ ਜਿਹੜੇ ਕੁਝ ਫ਼ਿਕਰੇ ਉਹਨੇ ਬੋਲੇ ਸਨ, ਉਹ ਨਾ ਤਾਂ ਉਨ੍ਹਾਂ ਨੇ ਸੁਣੇ ਸਨ, ਨਾ ਸਮਝੇ ਸਨ । ਬਿੰਦ ਕੁ ਲਈ ਉਹ ਚੁੱਪ ਕਰ ਗਈ । ਉਹਨੇ ਪਿੱਛੇ ਮੁੜ ਕੇ ਬਿਮਲਿੰਦੂ ਵਲ ਵੇਖਿਆ । ਪੁਤਰ ਨੇ ਅੱਗੇ ਵਧ ਕੇ ਆਪਣੇ ਦੋਵੇਂ ਹੱਥ ਮਾਂ ਦੇ ਮੋਢਿਆਂ ਤੇ ਘੁਟ ਦਿੱਤੇ । ਬਿਮਲਿੰਦੂ ਦੇ ਆਪਣੇ ਹੱਥ ਕੰਬ ਰਹੇ ਸਨ ਪਰ ਉਹਦੀ ਛੋਹ ਨਾਲ ਬੁੱਢੀ ਨੂੰ ਬੜੀ ਢਾਰਸ ਮਿਲੀ । ਉਹਦੀਆਂ ਲੱਤਾਂ ਦਾ ਕਾਂਬਾ ਮੱਠਾ ਪੈਂਦਾ ਗਿਆ । ਉਹਦੇ ਸੁਕਦੇ ਜਾਂਦੇ ਸੰਘ ਵਿਚ ਸੇਜਲ ਮੁੜ ਆਈ । ਇਕ ਉਚੇਚੇ ਜਤਨ ਨਾਲ ਉਹਨੇ ਆਪਣੀ ਮਾਨਸਿਕਤਾ ਨੂੰ ਸੁਚੇਤ ਕੀਤਾ । ਮੁੜ ਨਵੇਂ ਸਿਰਿਓਂ ਉਹਨੇ ਸਾਰੀ ਗੱਲ ਕਹਿਣੀ ਸ਼ੁਰੂ ਕੀਤੀ । ਅੰਤਕੀਂ ਜਿਹੜੀ ਆਵਾਜ਼ ਨਿਕਲੀ, ਉਹਦੀ ਆਪਣੀ ਸੀ ।

''ਅੱਜ ਮੈਂ ਪਹਿਲੀ ਵਾਰੀ ਕਿਸੇ ਗੁਰਦਵਾਰੇ ਦੇ ਅੰਦਰ ਆਈ ਹਾਂ'', ਉਹ ਆਖ ਰਹੀ ਸੀ, ''ਬਾਹਰੋਂ ਅਕਸਰ ਵੇਖਦੀ ਰਹੀ ਹਾਂ । ਢਾਕੇ ਵਿਚ ਵੀ ਤੇ ਏਥੇ ਦਿੱਲੀ ਵਿਚ ਵੀ । ਤੇ ਮੈਨੂੰ ਚੰਗੇ ਲੱਗਦੇ ਰਹੇ ਹਨ ਤੁਹਾਡੇ ਇਹ ਗੁਰਦਵਾਰੇ । ਤੇ ਅੱਜ ਅੰਦਰੋਂ ਵੇਖਣਾ ਵੀ ਚੰਗਾ ਲੱਗਾ ਹੈ । ਰਾਬਿੰਦਰ ਨਾਥ ਠਾਕੁਰ ਨੇ ਗੁਰੂ ਗੋਬਿੰਦ 'ਤੇ ਜਿਹੜੀਆਂ ਕਵਿਤਾਵਾਂ ਲਿਖੀਆਂ ਉਹ ਮੈਂ ਬੜੇ ਚਾਅ ਨਾਲ ਪੜ੍ਹੀਆਂ ਹਨ । ਅੰਮ੍ਰਿਤਸਰ ਵਾਲੇ ਸਵਰਨ ਹਰੀ ਮੰਦਰ ਦੀ ਤਸਵੀਰ ਜਦੋਂ ਵੀ ਮੈਂ ਕਿਧਰੇ ਵੇਖੀ ਹੈ, ਮੇਰੇ ਅੰਦਰ ਠੰਢ ਪੈ ਗਈ ਹੈ । ਏਸੇ ਲਈ ਮੈਂ ਅੱਜ ਸਾਹਸ ਕਰ ਸਕੀ ਹਾਂ ਤੁਹਾਡੇ ਵਿਚਕਾਰ ਆ ਕੇ ਇਕ ਪ੍ਰਾਰਥਨਾ ਕਰਨ ਦਾ ।''

ਏਥੇ ਆ ਕੇ ਬੁੱਢੀ ਫੇਰ ਚੁੱਪ ਕਰ ਗਈ । ਜੋ ਕੁਝ ਉਹਨੇ ਹੁਣ ਤੀਕ ਆਖਿਆ

ਸੀ, ਆਖਣਾ ਸੌਖੇਰਾ ਸੀ। ਅਗਲਾ ਪੰਧ ਜਿਵੇਂ ਉਹਨੂੰ ਦੁਰਗਮ ਭਾਸ ਰਿਹਾ ਹੋਵੇ। ਉਹਨੇ ਇਕ ਵਾਰੀ ਫੇਰ ਮੁੜ ਕੇ ਪੁੱਤਰ ਵਲ ਵੇਖਿਆ। ਬਿਮਲਿੰਦੂ ਨਹੀਂ ਸੀ ਜਾਣਦਾ ਉਹਦੀ ਮਾਂ ਕੀ ਆਖਣ ਲਈ ਉਠੀ ਸੀ। ਪਰ ਉਹਨੇ ਫੇਰ ਇਕ ਵਾਰੀ ਉਹਦੇ ਮੌਢੇ ਘੁਟ ਕੇ ਤੇ ਉਹਦੀਆਂ ਅੱਖਾਂ ਵਿਚ ਵੇਖ ਕੇ ਉਹਨੂੰ ਆਪਣੀ ਪੂਰੀ ਸੰਮਤੀ ਦਾ ਯਕੀਨ ਦੁਆਇਆ। ਪੁੱਤਰ ਦੀ ਇਸ ਤਕਣੀ ਨਾਲ ਉਹਦੇ ਅੰਦਰ ਮੁੜ ਦ੍ਰਿੜ੍ਹਤਾ ਦੀ ਲਹਿਰ ਦੌੜ ਗਈ ਤੇ ਉਹਨੇ ਟਿਕਵੀਂ ਅਤੇ ਗਹਿਰ ਗੰਭੀਰ ਸੁਰ ਵਿਚ ਕਹਿਣਾ ਸ਼ੁਰੂ ਕੀਤਾ :

''ਤੁਸੀਂ ਸਾਰੇ ਜਾਣਦੇ ਹੋ, ਤੁਹਾਡੇ ਗੁਆਂਢ ਵਿਚ ਜਿਹੜੀ ਕਾਲੋਨੀ ਚਿਤਰੰਜਨ ਪਾਰਕ ਹੈ। ਏਥੇ ਉਨ੍ਹਾਂ ਲੋਕਾਂ ਦਾ ਵਸੇਬਾ ਹੈ ਜੋ ਬਟਵਾਰੇ ਵੇਲੇ ਪੂਰਬੀ ਬੰਗਾਲ ਤੋਂ ਉੱਜੜ ਕੇ ਆਏ ਹਨ। ਇਹ ਲੋਕ ਪਹਿਲਾਂ ਹੀ ਗ਼ਮਾਂ ਦੇ ਮਾਰੇ ਹਨ। ਆਪਣੀ ਰੂਹ ਵਿਚ ਡੂੰਘੇ ਫੱਟ ਲੈ ਕੇ ਆਏ ਹਨ। ਫੱਟ ਜੋ ਕਦੀ ਨਹੀਂ ਭਰਦੇ। ਫੱਟ ਜੋ ਰਿਸਦੇ ਰਿਸਦੇ ਨਾਸੂਰ ਬਣ ਜਾਂਦੇ ਹਨ। ਅੱਜ ਚਿਤਰੰਜਨ ਪਾਰਕ ਵਿਚ ਜਾ ਕੇ ਵੇਖੋ। ਸਾਰੀ ਕਾਲੋਨੀ ਤੇ ਹਰਾਸ ਛਾਇਆ ਹੋਇਆ ਹੈ। ਸਹਿਮੇ ਹੋਏ ਲੋਕ ਆਪਣੇ ਕੋਠਿਆਂ ਤੇ ਇੱਟਾਂ ਰੋੜੇ, ਪਾਣੀ ਤੇ ਸੋਡੇ ਦੀਆਂ ਬੋਤਲਾਂ ਇਕੱਠੀਆਂ ਕਰ ਰਹੇ ਹਨ। ਉਨ੍ਹਾਂ ਤੀਕ ਇਹ ਖ਼ਬਰ ਪੁਜ ਚੁੱਕੀ ਹੈ ਕਿ ਅੱਜ ਰਾਤ ਤੁਸੀਂ ਚਿਤਰੰਜਨ ਪਾਰਕ ਤੇ ਹੱਲਾ ਬੋਲ ਕੇ ਤਬਾਹੀ ਮਚਾ ਦੇਣੀ ਹੈ, ਤੇ ਏਸੇ ਨੀਯਤ ਨਾਲ ਤੁਸੀਂ ਅੱਜ ਦੁਪਹਿਰ ਤੋਂ ਗੁਰਦਵਾਰੇ ਵਿਚ ਇਕੱਠੇ ਹੋ ਰਹੇ ਹੋ।''

ਸੰਗਤ ਵਿਚੋਂ ਜਿਵੇਂ ਇਕ ਡੂੰਘੇ ਸਵਾਸ ਦੀ ਆਵਾਜ਼ ਆਈ। ਹੈਰਾਨੀ ਵਿਚ ਲੋਕਾਂ ਨੇ ਇਕ ਦੂਜੇ ਵਲ ਵੇਖਿਆ ਤੇ ਫੇਰ ਸਾਰੀਆਂ ਨੀਝਾਂ ਬੁੱਢੀ ਦੇ ਮੂੰਹ ਤੇ ਜੜ ਗਈਆਂ।

ਬੁੱਢੀ ਨੂੰ ਆਪਣੇ ਬੁੱਲ੍ਹ ਸੁਕਦੇ ਮਹਿਸੂਸ ਹੋਏ। ਕੰਡੇ ਇਕ ਵਾਰੀ ਫੇਰ ਉਹਦੇ ਗਲ ਵਿਚ ਉਗਣੇ ਸ਼ੁਰੂ ਹੋ ਗਏ ਸਨ। ਉਹਦੀਆਂ ਲੱਤਾਂ ਡੋਲ ਰਹੀਆਂ ਸਨ। ਬਿਮਲਿੰਦੂ ਨੇ ਅੱਗੇ ਵਧ ਕੇ ਆਪਣੀ ਮਾਂ ਦੇ ਲਾਗੇ ਖੜੋਂਦਿਆਂ ਉਹਦਾ ਇਕ ਹੱਥ ਆਪਣੇ ਹੱਥ ਵਿਚ ਘੁਟ ਲਿਆ। ਦੂਜੇ ਨਾਲ ਛਾਇਆ ਦੇਵੀ ਨੇ ਆਪਣੀ ਧੋਤੀ ਦੇ ਪੱਲੂ ਦੀ ਕੰਨੀ ਫੜੀ ਹੋਈ ਸੀ ਤਾਂ ਜੋ ਉਹਦੇ ਸਿਰ ਤੋਂ ਖਿਸਕ ਨਾ ਜਾਏ। ਬੁੱਲ੍ਹਾਂ ਤੇ ਜੀਭ ਫੇਰਦੀ ਅਤੇ ਆਪਣੇ ਆਪ ਨੂੰ ਸੰਭਾਲਦੀ ਉਹ ਕਹਿੰਦੀ ਗਈ :

''ਅਸੀਂ ਤੁਹਾਡੇ ਸੰਬੰਧੀ ਕੁਝ ਹੋਰ ਨਾ ਜਾਣਦੇ ਹੋਈਏ ਪਰ ਏਨਾਂ ਜ਼ਰੂਰ ਜਾਣਦੇ ਹਾਂ ਕਿ ਤੁਸੀਂ ਬਹਾਦਰ ਕੌਮ ਹੋ। ਤੁਹਾਡੀ ਕੌਮ ਨੇ ਹਮੇਸ਼ਾ ਦੀਨ ਦੁਖੀ ਮਜ਼ਲੂਮ ਦੀ ਰੱਖਿਆ ਕੀਤੀ ਹੈ। ਅੱਜ ਰਾਤੀਂ ਜੋ ਕੁਝ ਕਰ ਗੁਜ਼ਰਨ ਦੀ ਤੁਸੀਂ ਠਾਣੀ ਹੈ, ਉਹ ਬਦਲੇ ਦੀ ਹਵਸ ਦੇ ਵਸ ਹੋ ਕੇ ਠਾਣੀ ਹੈ। ਤੁਹਾਡੀ ਬਦਲੇ ਦੀ ਇਹ ਭਾਵਨਾ ਕੁਦਰਤੀ ਹੈ। ਕਲ੍ਹ ਰਾਤੀਂ ਦਿੱਲੀ ਵਿਚ ਜੋ ਕਹਿਰ ਤੁਹਾਡੇ 'ਤੇ ਟੁੱਟਾ ਹੈ, ਉਹ ਸੁਣ ਸੁਣ ਕੇ ਅੱਜ ਸਵੇਰ ਤੋਂ ਮੇਰੀ ਆਤਮਾ ਕੁਸਕਦੀ ਰਹੀ ਹੈ। ਕੱਲ੍ਹ ਰਾਤੀਂ ਤੁਹਾਡੇ

ਲਈ ਮੁੜ ਨਵੇਂ ਸਿਰਿਓਂ ਪਾਕਿਸਤਾਨ ਬਣਿਆ ਹੈ। ਹਲਕਾਈਆਂ ਭੀੜਾਂ ਨੇ ਤੁਹਾਡੇ ਘਰ ਸਾੜੇ ਹਨ। ਤੁਹਾਡੀਆਂ ਨੂਹਾਂ ਧੀਆਂ ਦੀ ਬੇਪਤੀ ਹੋਈ ਹੈ। ਤੁਹਾਨੂੰ ਲੋਹੇ ਦੀਆਂ ਲੱਠਾਂ ਨਾਲ ਅੱਧਮੋਇਆ ਕਰਕੇ ਮਿੱਟੀ ਦਾ ਤੇਲ ਛਿੜਕ ਕੇ ਜੀਉਂਦਾ ਸਾੜਿਆ ਹੈ। ਪੈਟਰੋਲ ਵਿਚ ਭਿਉਂ ਕੇ ਟਾਇਰ ਤੁਹਾਡੇ ਗਲ ਵਿਚ ਪਾਏ ਹਨ ਤੇ ਫਿਰ ਟਾਇਰਾਂ ਨੂੰ ਅੱਗ ਲਾ ਕੇ ਇਨ੍ਹਾਂ ਭੀੜਾਂ ਨੇ ਤੁਹਾਨੂੰ ਮੌਤ ਦਾ ਭਿਅੰਕਰ ਨਾਚ ਨਚਾਇਆ ਹੈ। ਤੁਹਾਡਾ ਕਸੂਰ ਕੇਵਲ ਏਨਾ ਸੀ ਕਿ ਇੰਦਰਾ ਗਾਂਧੀ ਦੇ ਕਤਲ ਲਈ ਜਿਹੜੇ ਦੋ ਬੰਦੇ ਫੜੇ ਗਏ ਹਨ, ਉਹ ਸਿੱਖ ਹਨ। ਬਦਲੇ ਦੀ ਤੁਹਾਡੀ ਇਹ ਭਾਵਨਾ ਕੁਦਰਤੀ ਹੈ। ਏਸੇ ਲਈ ਤਾਂ ਮੈਂ ਅੱਜ ਏਥੇ ਆਈ ਹਾਂ ਅਤੇ ਆਪਣੇ ਇਕੋ ਇਕ ਪੁੱਤਰ ਬਿਮਲਿੰਦੂ ਨੂੰ ਨਾਲ ਲਿਆਈ ਹਾਂ। ਮੇਰੀ ਪ੍ਰਾਰਥਨਾ ਹੈ ਕਿ ਤੁਸੀਂ ਬਦਲੇ ਦੀ ਆਪਣੀ ਹਵਸ ਸਾਨੂੰ ਦੋਹਾਂ ਨੂੰ ਮਾਰ ਕੇ ਪੂਰੀ ਕਰ ਲਉ। ਕਿਰਪਾਨਾਂ ਨਾਲ ਸਾਡੇ ਟੁਕੜੇ ਕਰ ਦਿਓ। ਸਾਨੂੰ ਤਿਲ ਤਿਲ ਕੱਟ ਸੁਟੋ। ਅਸੀਂ ਸੀ ਨਹੀਂ ਕਰਾਂਗੇ। ਮੇਰੇ ਕੋਲ ਛੁੱਟ ਆਪਣੀ ਅਤੇ ਆਪਣੇ ਪੁੱਤਰ ਦੀ ਜਾਨ ਦੇ ਤੁਹਾਡੇ ਅਰਪਣ ਕਰਨ ਲਈ, ਹੋਰ ਕੁਝ ਨਹੀਂ। ਮੇਰਾ ਪਤੀ ਤੇ ਮੇਰਾ ਜਵਾਈ ਬਟਵਾਰੇ ਦੇ ਫ਼ਸਾਦਾਂ ਵਿਚ ਮਾਰੇ ਗਏ। ਮੇਰੀ ਜਵਾਨ ਸਜਵਿਆਹੀ ਧੀ ਉਸ ਭੀੜ ਦੇ ਕਾਬੂ ਆ ਗਈ ਜਿਸ ਨੇ ਸਾਡੇ ਘਰ ਨੂੰ ਅੱਗ ਲਾਈ ਸੀ। ਬਿਮਲਿੰਦੂ ਤੋਂ ਵੱਡੇ ਮੇਰੇ ਦੋ ਪੁੱਤਰ ਕਾਫ਼ਲਿਆਂ ਵਿਚ ਰੁਲਦੇ ਹੈਜ਼ੇ ਨਾਲ ਮਰ ਗਏ। ਬਿਮਲਿੰਦੂ ਉਦੋਂ ਮੇਰੇ ਕੁੱਛੜ ਸੀ। ਜੇ ਅੱਜ ਉਹ ਜੀਉਂਦੇ ਹੁੰਦੇ ਤਾਂ ਮੈਂ ਅੱਜ ਸਾਰਿਆਂ ਨੂੰ ਬਦਲੇ ਲਈ ਪੇਸ਼ ਕਰਦੀ। ਪਰ ਹੁਣ ਤੁਸੀਂ ਅਸਾਂ ਦੋਹਾਂ ਨੂੰ ਮਾਰ ਕੇ ਹੀ ਆਪਣੀ ਸੰਤੁਸ਼ਟਤਾ ਕਰ ਲਓ। ਪਰ ਵਾਸਤਾ ਜੇ ਪ੍ਰਭੂ ਦਾ ਅੱਜ ਰਾਤੀਂ ਚਿਤਰੰਜਨ ਪਾਰਕ 'ਤੇ ਹੱਲਾ ਨਾ ਬੋਲਣਾ। ਉਥੇ ਜਿਹੜੇ ਲੋਕ ਵੱਸਦੇ ਹਨ ਉਹ ਦੁੱਖਾਂ ਦਰਦਾਂ ਦੇ ਡੰਬੇ ਹੋਏ ਹਨ। ਉਨ੍ਹਾਂ ਤੁਹਾਡਾ ਕਦੀ ਬੁਰਾ ਨਹੀਂ ਚਿਤਵਿਆ। ਉਨ੍ਹਾਂ ਕਦੀ ਕਿਸੇ ਦਾ ਬੁਰਾ ਨਹੀਂ ਚਿਤਵਿਆ। ਉਨ੍ਹਾਂ ਲਈ ਅੱਜ ਦੂਜੀ ਵਾਰੀ ਪਾਕਿਸਤਾਨ ਨਾ ਬਣਾਨਾ। ਤੁਹਾਥੋਂ ਵਧ ਹੋਰ ਕੌਣ ਜਾਣ ਸਕਦਾ ਹੈ ਕਿ ਇਕ ਜ਼ਿੰਦਗੀ ਵਿਚ ਦੋ ਵਾਰੀ ਪਾਕਿਤਤਾਨ ਬਣਨ ਦਾ ਕੀ ਅਰਥ ਹੈ।''

ਛਾਇਆ ਦੇਵੀ ਅਚਨਚੇਤ ਚੁੱਪ ਕਰ ਗਈ। ਉਹਨੇ ਆਪਣੀ ਧੌਣ ਇਸ ਅੰਦਾਜ਼ ਨਾਲ ਝੁਕਾ ਦਿੱਤੀ ਜਿਵੇਂ ਬਦਲੇ ਦੀ ਤਲਵਾਰ ਦੇ ਵਾਰ ਲਈ ਆਪਣੇ ਆਪ ਨੂੰ ਪੇਸ਼ ਕਰ ਰਹੀ ਹੋਵੇ। ਸੰਗਤ ਉੱਤੇ ਇਕ ਅਜੀਬ ਜਿਹਾ ਸਕਤਾ ਛਾ ਗਿਆ ਸੀ। ਇਹ ਸਕਤਾ ਚੁੱਪ ਵੀ ਸੀ ਪਰ ਬੋਲਦਾ ਬੋਲਦਾ ਵੀ ਜਾਪਦਾ ਸੀ। ਬਿਮਲਿੰਦੂ ਦੀ ਹੈਰਾਨੀ ਸੰਗਤ ਨਾਲੋਂ ਘੱਟ ਨਹੀਂ ਸੀ। ਉਹਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਗੁਰਦਵਾਰੇ ਵਿਚ ਉਹਦੀ ਮਾਂ ਆਪਣੇ ਨਾਲ ਉਹਨੂੰ ਵੀ ਕੁਰਬਾਨੀ ਦਾ ਬੱਕਰਾ ਬਣਾ ਕੇ ਲਿਆਈ ਸੀ। ਪਲ ਦਾ ਪਲ ਉਹਦੇ ਮੂੰਹ ਤੋਂ ਰੰਗ ਉਡ ਗਿਆ। ਪਰ ਉਹਨੇ ਮਾਂ ਦਾ ਘੁਟਿਆ ਹੱਥ ਨਾ ਛੱਡਿਆ। ਫੇਰ ਉਹਨੂੰ ਜਾਪਿਆ ਉਸ ਹੱਥ ਰਾਹੀਂ ਉਹਦੀ ਮਾਂ ਦੀ ਆਤਮਾ ਵਿਚੋਂ ਇਕ ਮਿਕਨਾਤੀਸੀ ਸ਼ਕਤੀ ਉਹਦੀਆਂ ਨਸਾਂ ਵਿਚ ਵੀ ਰੁਮਕ ਗਈ ਹੋਵੇ। ਉਹਦੇ ਚਿਹਰੇ ਦਾ ਰੰਗ ਪਰਤ ਆਇਆ ਤੇ ਉਹਦੀ ਨੀਝ ਬੇਖ਼ੌਫ਼ ਹੋ ਗਈ।

ਸਕੱਤਰ ਨੇ ਉਠ ਕੇ ਮਾਂ ਪੁੱਤਰ ਨੂੰ ਸਟੇਜ ਲਾਗੇ ਬਿਠਾ ਦਿੱਤਾ। ਉਹਦਾ ਮਨ ਏਨਾ ਹਲੂਣਿਆਂ ਗਿਆ ਸੀ ਕਿ ਕੁਝ ਚਿਰ ਉਹਨੂੰ ਆਖਣ ਲਈ ਸ਼ਬਦ ਨਾ ਅਹੁੜੇ। ਅਖ਼ੀਰ ਉਹਨੇ ਆਪਣਾ ਗਚ ਖੋਲ੍ਹਿਆ ਅਤੇ ਸੰਗਤ ਨੂੰ ਫ਼ਤਹ ਬੁਲਾਈ। ਫ਼ਤਹ ਦਾ ਜਵਾਬ ਬੜਾ ਲਿੱਸਾ ਜਿਹਾ ਮਿਲਿਆ ਕਿਉਂਜੋ ਸੰਗਤ ਦਾ ਗਚ ਵੀ ਭਰਿਆ ਹੋਇਆ ਸੀ।

''ਫ਼ਤਹ ਦਾ ਜਵਾਬ ਬੜਾ ਢਿੱਲਾ ਆਇਆ ਹੈ।'' ਸਕੱਤਰ ਦੀ ਆਪਣੀ ਆਵਾਜ਼ ਅਜੇ ਤੀਕ ਜਜ਼ਬੇ ਨਾਲ ਥਿੜਕ ਰਹੀ ਸੀ, ''ਫ਼ਤਹ ਐਸੀ ਬੁਲਾਓ ਕਿ ਗੂੰਜ ਪਾ ਦਿਓ। ਤੁਹਾਡੀ ਫ਼ਤਹ ਦਾ ਆਵਾਜ਼ਾ ਚਿਤਰੰਜਨ ਪਾਰਕ ਤੀਕ ਅੱਪੜੇ ਤੇ ਉਥੇ ਵਸਦੇ ਸਾਡੇ ਵੀਰਾਂ ਨੂੰ ਪਤਾ ਲੱਗ ਜਾਏ ਕਿ ਖ਼ਾਲਸਾ ਤਾਂ ਵਾਹਿਗੁਰੂ ਜੀ ਕਾ ਹੈ। ਇਹਦੀ ਸਾਜਨਾ ਅਕਾਲ ਪੁਰਖ ਦੇ ਹੁਕਮ ਵਿਚ ਹੋਈ ਹੈ। ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ। ਅਕਾਲ ਪੁਰਖ ਦੀ ਫ਼ੌਜ ਭਲਾ ਕਦੀ ਕਿਸੇ ਤੇ ਜ਼ੁਲਮ ਕਰ ਸਕਦੀ ਹੈ। ਖ਼ਾਲਸਾ ਤਾਂ ਬਖ਼ਸ਼ਿਸ਼ ਦੇ ਘਰ ਵਸਦਾ ਹੈ। ਇਤਿਹਾਸ ਗਵਾਹ ਹੈ ਕਿ ਵਕਤ ਪੈਣ ਤੇ ਖ਼ਾਲਸੇ ਨੇ ਬਦਲੇ ਵੀ ਲਏ ਹਨ ਪਰ ਸਦਾ ਦੁਸ਼ਟਾਂ ਦੋਖੀਆਂ ਕੋਲੋਂ, ਮਜ਼ਲੂਮਾਂ ਦੁਖੀਆਂ ਕੋਲੋਂ ਨਹੀਂ।''

ਇਸ ਵਾਰ ਦੀ ਫ਼ਤਹ ਸਚਮੁਚ ਗੁੰਜਾਰਵੀਂ ਸੀ। ਉੱਚੀ ਸੁਰ ਵਿਚ ਫ਼ਤਹ ਬੁਲਾਣ ਨਾਲ ਨਾ ਕੇਵਲ ਸੰਗਤ ਦਾ ਗੱਚ ਖੁਲ੍ਹ ਗਿਆ ਸਗੋਂ ਹਿਰਦਿਆਂ ਵਿਚ ਉਠ ਰਹੇ ਜਜ਼ਬਾਤ ਦੇ ਜਵਾਰ ਦਾ ਰੁਖ ਵੀ ਨੀਵਾਣ ਵਲ ਹੋ ਗਿਆ।

''ਜੋ ਕੁਝ ਚਿਤਰੰਜਨ ਪਾਰਕ ਦੀ ਇਸ ਬੀਬੀ'', ਸਕੱਤਰ ਨੇ ਉੜ ਕੇ ਲਾਗੇ ਬੈਠੀ ਛਾਇਆ ਦੇਵੀ ਤੋਂ ਉਹਦਾ ਨਾਂ ਪੁਛਿਆ, ''ਹਾਂ, ਤਾਂ ਜਿਵੇਂ ਮੈਂ ਆਖ ਰਿਹਾ ਸਾਂ ਜੋ ਕੁਝ ਬੀਬੀ ਛਾਇਆ ਦੇਵੀ ਨੇ ਆਖਿਆ ਹੈ, ਉਹਦੇ ਉੱਤਰ ਵਿਚ ਮੈਂ ਬੜੀ ਸੰਖੇਪ ਜਿਹੀ ਗੱਲ ਕਰਨੀ। ਗਰੇਟਰ ਕੈਲਾਸ਼ ਦੀ ਸਿੱਖ ਵਸੋਂ ਅੱਜ ਦੁਪਹਿਰ ਤੋਂ ਗੁਰਦਵਾਰੇ ਵਿਚ ਇਕੱਠੀ ਹੁੰਦੀ ਰਹੀ ਹੈ, ਕੇਵਲ ਆਪਣੀ ਸੁਰੱਖਿਆ ਲਈ। ਕਿਸੇ ਤੇ ਹੱਲਾ ਕਰਨ ਲਈ ਨਹੀਂ। ਜਿਹੋ ਜਿਹੀ ਕਹਿਰ ਦੀ ਰਾਤ ਕਲ੍ਹ ਲੰਘੀ ਹੈ ਉਹੋ ਜਿਹੀ ਸਿਰ 'ਤੇ ਖੜੀ ਹੈ। ਗੁਰਦਵਾਰੇ ਵਿਚ ਇਕੱਠਿਆਂ ਹੋਣ ਦਾ ਮੰਤਵ ਇਹ ਹੈ ਕਿ ਅਸੀਂ ਕਲ੍ਹ ਵਾਂਗ ਇਕੱਲੇ ਇਕੱਲੇ ਅਤੇ ਅਵੇਸਲੇ ਨਾ ਮਾਰੇ ਜਾਈਏ, ਸਗੋਂ ਯਥਾ ਸ਼ਕਤ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਰੱਖਿਆ ਕਰਦਿਆਂ ਹੱਲਾ ਕਰਨ ਵਾਲਿਆਂ ਨਾਲ ਟੱਕਰ ਲਈਏ ਅਤੇ ਜੂਝ ਕੇ ਮਾਰੀਏ ਮਰੀਏ। ਜਿਵੇਂ ਚਿਤਰੰਜਨ ਪਾਰਕ ਵਾਲੇ ਸਾਡੇ ਭਰਾ ਬੰਗਲਾ ਦੇਸ਼ ਤੋਂ ਉਜੜ ਕੇ ਆਏ ਨੇ, ਉਵੇਂ ਹੀ ਸਾਡੇ ਵਿਚੋਂ ਬਹੁਤੇ ਪੱਛਮੀ ਪੰਜਾਬ ਤੋਂ ਆਏ ਹਨ। ਅੱਜ ਆਜ਼ਾਦ ਹਿੰਦੁਸਤਾਨ ਵਿਚ ਸਾਡੇ ਲਈ ਮੁੜ ਕੇ ਪਾਕਿਸਤਾਨ ਬਣ ਰਿਹਾ ਹੈ। ਸਾਡੀ ਅਰਦਾਸ ਹੈ ਕਿ ਚਿਤਰੰਜਨ ਪਾਰਕ ਵਾਲੇ ਰਹਿੰਦੀ ਦੁਨੀਆ ਤੱਕ ਸੁਖੀ ਵੱਸਣ। ਮੁੜ ਕੇ ਉਨ੍ਹਾਂ ਨੂੰ ਕਦੀ ਉਸ ਅੱਗ ਵਿਚੋਂ ਨਾ ਲੰਘਣਾ ਪਏ ਜਿਵੇਂ ਸਾਨੂੰ ਪੈ ਰਿਹਾ ਹੈ। ਕਦੀ ਜੇ ਕੋਈ ਤੱਤੀ ਹਵਾ ਦਾ ਬੁਲ੍ਹਾ ਚਿਤਰੰਜਨ ਪਾਰਕ ਵਲ ਜਾਣ ਲੱਗੇ ਤਾਂ ਉਹ ਵੀ ਸਾਡੇ ਵਲ ਮੁੜ ਆਏ।''

ਸਕੱਤਰ ਬੋਲਦਾ ਬੋਲਦਾ ਰੁਕ ਗਿਆ। ਉਹਦੇ ਪਿੱਛੇ ਬੈਠੀ ਛਾਇਆ ਦੇਵੀ ਨੇ ਉਠ ਕੇ ਕੰਬਦੇ ਹੱਥਾਂ ਨਾਲ ਮਾਈਕ ਉਹਦੇ ਕੋਲੋਂ ਫੜ ਲਿਆ ਸੀ। ਕੇਵਲ ਹੱਥ ਹੀ ਨਹੀਂ ਬੁੱਢੀ ਦੇ ਸਰੀਰ ਦਾ ਲੂੰ ਲੂੰ ਕੰਬ ਰਿਹਾ ਸੀ। ਇਸ ਵਾਰੀ ਜਦੋਂ ਉਹ ਉਠੀ ਸੀ ਤਾਂ ਦੁਹਾਂ ਗੋਡਿਆਂ ਤੇ ਹੱਥ ਧਰ ਕੇ ਉਠੀ ਸੀ, ਜਿਵੇਂ ਉਹਦੇ ਅੰਦਰ ਸਾਹ ਸਤ ਨਾ ਰਿਹਾ ਹੋਵੇ, ਜਿਵੇਂ ਉਹਦਾ ਸਾਰਾ ਸਰੀਰ ਝੂਠਾ ਪੈ ਗਿਆ ਹੋਵੇ।

ਚੌਗਿਰਦਾ ਉਹਨੂੰ ਧੁੰਦਲਾ ਨਜ਼ਰ ਆ ਰਿਹਾ ਸੀ। ਉਹਨੇ ਐਨਕ ਲਾਹੀ। ਧੋਤੀ ਦੀ ਕੰਨੀ ਨਾਲ ਰਗੜੀ। ਪਰ ਧੁੰਦ ਉਹਦੀ ਐਨਕ ਦੀ ਨਹੀਂ, ਉਹਦੇ ਹੰਝੂਆਂ ਦੀ ਸੀ। ਉਹਨੇ ਅੱਖਾਂ ਛਿਣਕੀਆਂ ਤੇ ਕੁਝ ਕਹਿਣਾ ਚਾਹਿਆ। ਪਰ ਉਹਦੇ ਮੂੰਹ ਵਿਚੋਂ ਕੇਵਲ ਇਕ ਹੁਬਕੀ, ਉਹਦੇ ਰੋਣ ਨਾਲ ਮਿਲ਼ੀ ਕੇਵਲ ਇਕ ਸਿਸਕੀ ਨਿਕਲੀ। ਫੇਰ ਉਹਨੇ ਬੁਲ੍ਹ ਟੁੱਕ ਕੇ ਹੰਝੂਆਂ ਨੂੰ ਵਰਜ ਦਿਤਾ, ਆਪਣਾ ਗੱਚ ਪੀ ਲਿਆ ਤੇ ਕਹਿਣਾ ਸ਼ੁਰੂ ਕੀਤਾ :

"ਭੈਣੋ ਤੇ ਭਰਾਵੋ, ਮੈਂ ਸ਼ਰਮਿੰਦੀ ਹਾਂ ਕਿ ਮੈਂ ਤੁਹਾਡੀ ਨੇਕ ਨੀਯਤ ਤੇ ਸ਼ੱਕ ਕੀਤਾ। ਇਕ ਉਡਦੀ ਅਫ਼ਵਾਹ 'ਤੇ ਯਕੀਨ ਕਰਨ ਤੋਂ ਪਹਿਲਾਂ ਮੈਨੂੰ ਸੋਚਣਾ ਚਾਹੀਦਾ ਸੀ। ਪਰ ਗ਼ਮ ਅਤੇ ਚਿੰਤਾ ਨੇ ਮੇਰੀ ਮੱਤ ਮਾਰ ਛੱਡੀ ਸੀ ਤੇ ਮੈਂ ਮੂੰਹ ਚੁੱਕੀ ਤੁਹਾਨੂੰ ਕੋਸਣ ਟੁਰ ਪਈ। ਮੈਂ ਤੁਹਾਨੂੰ ਨਹੱਕਾ ਦੋਸ਼ ਦਿੱਤਾ ਹੈ, ਨਹੱਕੀ ਤੁਹਮਤ ਲਾਈ ਹੈ। ਪਾਗਲ ਹੋ ਗਈ ਸਾਂ। ਇਹ ਤੁਹਮਤ ਮੈਂ ਤੁਹਾਡੇ 'ਤੇ ਹੀ ਨਹੀਂ ਲਾਈ। ਮੈਨੂੰ ਲੱਗਦਾ ਹੈ ਕਿ ਇਹ ਤੁਹਮਤ ਮੈਂ ਗੁਰੂ ਗੋਬਿੰਦ 'ਤੇ ਲਾਈ ਹੈ, ਇਹ ਤੁਹਮਤ ਮੈਂ ਅੰਮ੍ਰਿਤਸਰ ਦੇ ਸਵਰਨ ਮੰਦਰ 'ਤੇ ਲਾਈ ਹੈ। ਭੈਣੋ ਤੇ ਭਰਾਵੋ, ਮੈਂ ਤੁਹਾਡੀ ਦੋਸ਼ਣ ਹਾਂ। ਮੈਨੂੰ ਇਹਦਾ ਦੰਡ ਦਿਓ। ਮੈਨੂੰ ਇਹਦਾ ਦੰਡ ਜ਼ਰੂਰ ਮਿਲਣਾ ਚਾਹੀਦਾ ਹੈ।"

ਸਕੱਤਰ ਨੇ ਉਠ ਕੇ ਬੜੀ ਨਰਮਾਈ ਨਾਲ ਆਪਣਾ ਹੱਥ ਉਹਦੇ ਮੋਢੇ ਤੇ ਰਖਿਆ ਅਤੇ ਮਾਈਕ ਆਪਣੇ ਅੱਗੇ ਕਰਦਾ ਬੋਲਿਆ :

"ਹੁਣ ਮੈਂ ਪ੍ਰਧਾਨ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਗੁਰੂ ਮਹਾਰਾਜ ਦਾ ਇਕ ਸਿਹਰਾ ਬੀਬੀ ਛਾਇਆ ਦੇਵੀ ਨੂੰ ਪੇਸ਼ ਕਰਨ।"

ਗੁਰਦਵਾਰਾ ਕਮੇਟੀ ਦਾ ਪ੍ਰਧਾਨ ਜੀਵਨ ਕਣੀ ਵਾਲਾ ਮਨੁੱਖ ਸੀ। ਇਹ ਜੀਵਨ ਕਣੀ ਉਹਦੇ ਭਖਦੇ ਚਿਹਰੇ ਅਤੇ ਨੂਰਾਨੀ ਦਾੜ੍ਹੀ ਵਿਚ ਦਮਕਦੀ ਸੀ। ਉਹ ਓੜਕ ਦਾ ਜਜ਼ਬਾਤੀ ਇਨਸਾਨ ਸੀ। ਜ਼ਿੰਦਗੀ ਦੇ ਭਾਵੁਕ ਛਿਣਾਂ ਵਿਚ ਸਦਾ ਉਹਦੀ ਭੁਬ ਨਿਕਲ ਜਾਇਆ ਕਰਦੀ ਸੀ। ਉਹ ਦ੍ਰਵਿਆ ਹੋਇਆ ਉਠਿਆ। ਸਕੱਤਰ ਦੇ ਹੱਥੋਂ ਸਿਹਰਾ ਫੜ ਕੇ ਉਹਨੇ ਛਾਇਆ ਦੇਵੀ ਨੂੰ ਪੇਸ਼ ਕੀਤਾ। ਸਵੀਕਾਰ ਕਰ ਕੇ ਛਾਇਆ ਦੇਵੀ ਨੇ ਸਿਹਰਾ ਪਹਿਲਾਂ ਚੁੰਮਿਆ, ਫਿਰ ਅੱਖਾਂ ਨਾਲ ਛੁਹਾਇਆ ਤੇ ਫਿਰ ਮਸਤਕ ਤੇ ਲਾਇਆ। ਉਹਦੀ ਜ਼ਿੰਦਗੀ ਵਿਚ ਅਜਿਹੀ ਸੁੰਗਧੀ ਪਹਿਲਾਂ ਕਦੀ ਨਹੀਂ ਸੀ ਰੁਮਕੀ।

"ਹੁਣ ਮੈਂ ਪ੍ਰਧਾਨ ਜੀ ਨੂੰ ਬੇਨਤੀ ਕਰਾਂਗਾ", ਸਕੱਤਰ ਕਹਿ ਰਿਹਾ ਸੀ,

"ਕਿ ਉਹ ਬੀਬੀ ਛਾਇਆ ਦੇਵੀ ਦੇ ਸਪੁੱਤਰ ਸ੍ਰੀ ਬਿਮਲਿੰਦੂ ਨੂੰ ਸਿਰੋਪਾ ਪੇਸ਼ ਕਰਨ।"

ਉਨਾਬੀ ਰੰਗ ਦਾ ਰੇਸ਼ਮੀ ਰੁਮਾਲਾ ਤਾਂ ਬਿਮਲਿੰਦੂ ਨੇ ਪਹਿਲਾਂ ਹੀ ਸਿਰ 'ਤੇ ਬੱਧਾ ਹੋਇਆ ਸੀ। ਕੇਸਰੀ ਸਿਰੋਪਾ ਗਲ ਵਿਚ ਪੈਂਦਿਆਂ ਹੀ ਕਿਰਮਚੀ ਤੇ ਗੁਟੱਈ ਰੰਗ ਉਹਦੇ ਚਿਹਰੇ 'ਤੇ ਝਿਲਮਿਲਾ ਉਠੇ। ਸਾਢੇ ਤਿੰਨ ਫੁੱਟ ਲੰਮੀ ਸ੍ਰੀ ਸਾਹਿਬ ਪ੍ਰਧਾਨ ਦੇ ਹੱਥੋਂ ਫੜਦਿਆਂ ਇਕ ਲਰਜ਼ਾ ਉਹਦੇ ਤਨ ਬਦਨ ਵਿਚੋਂ ਲੰਘ ਗਿਆ, ਜਿਵੇਂ ਮਖ਼ਮਲੀ ਮਿਆਨ ਵਿਚੋਂ ਵੀ ਸਰਬਲੋਹ ਨੇ ਉਹਨੂੰ ਛਹੁ ਲਿਆ ਹੋਵੇ।

ਮੇਟਰਨਿਟੀ ਵਾਰਡ

ਸਿਵਲ ਹਸਪਤਾਲ ਦਾ ਮੇਟਰਨਿਟੀ ਵਾਰਡ ਦੂਜੇ ਸਾਰੇ ਵਾਰਡਾਂ ਦੇ ਕੁੱਲ ਰਕਬੇ ਤੋਂ ਵੱਡਾ ਸੀ। ਬਾਕੀ ਦੇ ਸਾਰੇ ਵਾਰਡ ਇਕ ਵੱਡੀ ਸਾਰੀ ਬੇਢੰਗੀ ਜਿਹੀ ਬਿਲਡਿੰਗ ਵਿਚ ਸਨ ਪਰ ਮੇਟਰਨਿਟੀ ਵਾਰਡ ਦੀ ਇਮਾਰਤ ਤਿੰਨ ਮੰਜ਼ਲੀ ਸੀ। ਇਮਾਰਤ ਦਾ ਆਕਾਰ, ਹਨੀਫ ਮੀਆਂ ਨੇ ਕਾਲੀ ਮਖ਼ਮਲੀ ਟੋਪੀ ਮੱਥੇ ਤੋਂ ਉਪਰ ਸਰਕਾਂਦਿਆਂ ਇਕ ਲੰਮੀ ਨੀਝ ਨਾਲ ਤਿੰਨਾਂ ਮੰਜ਼ਲਾਂ ਨੂੰ ਨਾਪਦਿਆਂ ਸੋਚਿਆ, ਇਸ ਗੱਲ ਦਾ ਪ੍ਰਤੱਖ ਸਬੂਤ ਸੀ ਕਿ ਹਸਪਤਾਲ ਵਿਚ ਆਉਣ ਵਾਲੇ ਹਰ ਪਰਕਾਰ ਦੇ ਰੋਗੀਆਂ ਦੀ ਕੁੱਲ ਗਿਣਤੀ ਨਾਲੋਂ ਹਾਮਲਾ ਔਰਤਾਂ ਦੀ ਗਿਣਤੀ ਕਿਤੇ ਜ਼ਿਆਦਾ ਸੀ। ਬਾਕੀ ਦੇ ਵਾਰਡਾਂ ਵਾਲੀ ਇਮਾਰਤ ਪੁਰਾਣੇ ਢੰਗ ਦੀ ਸੀ। ਚੂਨੇ ਨਾਲ ਕੀਤੀ ਇੱਟਾਂ ਦੀ ਚਿਣਾਈ ਤੇ ਛੱਤਾਂ ਉਤੇ ਕੈਲ ਦੀਆਂ ਸ਼ਤੀਰੀਆਂ। ਪਰ ਮੇਟਰਨਿਟੀ ਵਾਰਡ ਦੀ ਇਮਾਰਤ ਲੋਹੇ ਅਤੇ ਕੰਕਰੀਟ ਦੇ ਪਿੱਲਰ ਅਤੇ ਬੀਮ ਪਾ ਕੇ ਪੁਖ਼ਤਾ ਬਣਾਈ ਗਈ ਸੀ। ਡੂੰਘੀ ਬੁਨਿਆਦ ਅਜੇ ਚਾਰ ਹੋਰ ਮੰਜ਼ਲਾਂ ਦਾ ਭਾਰ ਝਲ ਸਕਦੀ ਸੀ। ਇਹ ਵਿਤਕਰਾ, ਹਨੀਫ ਮੀਆਂ ਨੇ ਪਾਨ ਥੁਕਦਿਆਂ ਸੋਚਿਆ, ਇਸ ਲਈ ਸੀ ਕਿ ਨਿਤ ਨਵੀਆਂ ਦਵਾਈਆਂ ਦੀ ਕਾਢ ਨਾਲ ਹੋਰ ਬੀਮਾਰੀਆਂ ਤਾਂ ਕਦੀ ਨਾ ਕਦੀ ਇਨਸਾਨ ਦੇ ਮਗਰੋਂ ਲਥ ਜਾਣਗੀਆਂ ਅਤੇ ਪੁਰਾਣੀ ਬੋਸੀਦਾ ਇਮਾਰਤ ਨੂੰ ਤਾਲੇ ਲਗ ਜਾਣਗੇ, ਪਰ ਜਦ ਤੀਕ ਇਹ ਕਾਇਨਾਤ ਕਾਇਮ ਹੈ ਮੇਟਰਨਿਟੀ ਦੀ ਮੁਹਲਕ ਬੀਮਾਰੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਦੀ ਰਹੇਗੀ।

ਬੇਧਿਆਨੀ ਵਿਚ ਹਨੀਫ ਮੀਆਂ ਨੇ ਬੀੜੀ ਆਪਣੇ ਬੁਲ੍ਹਾਂ ਵਿਚ ਅੜਾਈ। ਮਾਚਸ ਦੀ ਤੀਲੀ ਸੇਖਣ ਹੀ ਲਗਾ ਸੀ ਕਿ ਉਹਨੂੰ ਆਪਣੇ ਅੱਗੇ ਅੱਗੇ ਤੁਰਦੇ ਹਾਜੀ ਪੀਰ ਸਾਹਬ ਦੇ ਸੁਫੇਦ ਕੁਰਤੇ ਦਾ ਝਾਂਵਲਾ ਪਿਆ। ਉਹਨੇ ਝਟ ਬੀੜੀ ਅਤੇ ਮਾਚਸ ਵਾਸਕਟ ਦੀ ਜੇਬ ਵਿਚ ਲੁਕਾ ਲਈ। ਉਹਨੇ ਕਦੀ ਹਾਜੀ ਪੀਰ ਸਾਹਬ ਦੇ ਸਾਹਮਣੇ ਇਹ ਗੁਸਤਾਖ਼ੀ ਨਹੀਂ ਸੀ ਕੀਤੀ। ਸਿਗਰਟ ਬੀੜੀ ਤਾਂ ਦੂਰ ਕਿਨਾਰ, ਉਹਨੇ ਤਾਂ ਕਦੀ ਪੀਰ ਸਾਹਬ ਦੀ ਹਜ਼ੂਰੀ ਵਿਚ ਪਾਨ ਵੀ ਨਹੀਂ ਸੀ ਚਬਾਇਆ। ਮੂੰਹ ਵਿਚ ਪਾਨ ਹੁੰਦਾ ਵੀ ਤਾਂ ਝਟ ਮੂੰਹ ਭੂਆ ਕੇ ਸਾਰੇ ਦਾ ਸਾਰਾ ਥੁੱਕ ਦਿੰਦਾ।

ਸਿਵਲ ਹਸਪਤਾਲ ਦੇ ਆਊਟ ਡੋਰ ਪੇਸ਼ੈਂਟ ਮਹਿਕਮੇ ਕੋਲ ਅਪੜ ਕੇ ਹਾਜੀ ਪੀਰ ਸਾਹਬ ਨੇ ਮੁੜ ਕੇ ਵੇਖਿਆ। ਵਧੀਆ ਲਖਨਵੀ ਚਿਕਨ ਦੀ ਟੋਪੀ ਹੇਠਾਂ ਉਨ੍ਹਾਂ ਦੇ ਦਮਕਦੇ ਚਿਹਰੇ ਦੇ ਨੂਰ ਸਾਹਵੇਂ ਸਿਵਲ ਹਸਪਤਾਲ ਦੀਆਂ ਕੰਧਾਂ ਤੇ ਪੈਂਦੀ ਪੀਲੀ ਧੁੱਪ ਮਾਂਦ ਪੈ ਗਈ। ਚੌੜੀ ਪੇਸ਼ਾਨੀ ਹੇਠਾਂ ਸੁਰਮੇ ਦੇ ਡੋਰਿਆਂ ਵਾਲੀਆਂ ਅੱਖਾਂ, ਮੁਲਾਇਮ ਚਮਕੀਲੀ ਦਾੜ੍ਹੀ, ਹੋਠਾਂ ਤੇ ਇਕ ਰਮਜ਼ ਭਰੀ ਮੁਸਕਾਨ। ਉਜਲਾ ਪਹਿਰਾਵਾ, ਕਸ਼ਮੀਰੀ ਕਢਾਈ ਵਾਲੀ ਗਰਮ ਵਾਸਕਟ ਉਤੇ ਵਲ੍ਹੇਟਿਆ ਜ਼ਰੀ ਦੇ ਹਾਸ਼ੀਏ ਵਾਲਾ ਮੁੰਗੀਆ ਦੋਸ਼ਾਲਾ, ਹਨੀਫ਼ ਮੀਆਂ ਨੂੰ ਲਗਾ ਜਿਵੇਂ ਹਾਜੀ ਪੀਰ ਸਾਹਬ ਦੀ ਸ਼ਖ਼ਸੀਅਤ ਸਾਰੇ ਵਾਤਾਵਰਨ ਨੂੰ ਕੀਲਦੀ ਜਾ ਰਹੀ ਹੋਵੇ। ਕਿਸੇ ਮੁਸ਼ਕਲ ਵਿਚ ਏਨਾਂ ਦਮ ਨਹੀਂ ਸੀ ਕਿ ਉਹ ਅਜਿਹੀ ਸ਼ਖ਼ਸੀਅਤ ਦਾ ਰਾਹ ਮਲ ਖਲੋਵੇ। ਕੋਈ ਅੜਚਨ ਐਸੀ ਨਹੀਂ ਸੀ ਜੋ ਅਜਿਹੀ ਸ਼ਖ਼ਸੀਅਤ ਸਾਂਹਵੇ ਗੋਡੇ ਨਾ ਟੇਕ ਦੇਵੇ।

ਉਹਨੇ ਸਿਆਣਪ ਹੀ ਕੀਤੀ ਸੀ ਕਿ ਬਿਪਤਾ ਦੀ ਇਸ ਘੜੀ ਉਹਨੇ ਪੀਰ ਸਾਹਬ ਦੀ ਸ਼ਰਨ ਤਕਾਈ ਸੀ। ਉਹਨੂੰ ਕਲ੍ਹ ਸ਼ਾਮ ਦੀ ਆਪਣੀ ਖੱਜਲ-ਖੁਆਰੀ ਯਾਦ ਆਈ। ਮੇਟਰਨਿਟੀ ਵਾਰਡ ਦੇ ਮੇਨ ਦਰਵਾਜ਼ੇ ਅੱਗੇ ਬੈਠੇ ਮੋਟੇ ਹਰਿਆਨਵੀ ਚੌਕੀਦਾਰ ਨੇ ਉਹਦੀ ਜ਼ਿੰਦਗੀ ਹਰਾਮ ਕਰੀ ਰਖੀ ਸੀ। ਕਲ੍ਹ ਸ਼ਾਮੀਂ ਕੋਈ ਪੰਜ ਵਜੇ ਨਾਲ ਉਹਨੇ ਸਕੀਨਾ ਨੂੰ ਮੇਟਰਨਿਟੀ ਵਾਰਡ ਵਿਚ ਦਾਖ਼ਲ ਕਰਾ ਕੇ ਅਤੇ ਰਮਜ਼ਾਨੀ ਭੂਆ ਦੇ ਸਪੁਰਦ ਕਰਕੇ ਜਦੋਂ ਆਖਿਆ :

''ਅੱਛਾ ਭੂਆ, ਮੈਂ ਚਲਦਾਂ।''

ਤਾਂ ਉਹਨੇ ਸੋਚਿਆ ਸੀ ਰਮਜ਼ਾਨੀ ਭੂਆ ਤਮਾਕੂ ਵਾਲੇ ਪਾਨ ਖਾ ਖਾ ਕੇ ਕਾਲੇ ਹੋਏ ਦੰਦਾਂ ਦੀ ਮੁਸਕਾਨ ਮੁਸਕਰਾਏਗੀ ਤੇ ਉਹਦੀ ਪਿੱਠ ਥਾਪੜਦੀ ਆਖੇਗੀ :

''ਜਾ ਬੇਟਾ, ਘਰ ਜਾ ਕੇ ਨਿਸਲ ਹੋ ਕੇ ਸੌਂ। ਤੇਰਾ ਜਿਹੜਾ ਕੰਮ ਸੀ ਉਹ ਤੂੰ ਕਰ ਦਿਤਾ ਏ। ਅੱਗੋਂ ਮੈਂ ਜਾਣਾਂ ਤੇ ਮੇਰਾ ਕੰਮ।''

ਹਰ ਬੱਚੇ ਵਾਰੀ ਜਦੋਂ ਉਹ ਸਕੀਨਾ ਨੂੰ ਮੇਟਰਨਿਟੀ ਵਾਰਡ ਵਿਚ ਦਾਖ਼ਲ ਕਰਾਣ ਆਉਂਦਾ ਤਾਂ ਉਹਨੂੰ ਰਮਜ਼ਾਨੀ ਭੂਆ ਦੀ ਨਿਗਰਾਨੀ ਵਿਚ ਸੌਂਪਣ ਮਗਰੋਂ ਉਹ ਤੁਰਤ ਉਥੋਂ ਤੁਰ ਜਾਣ ਲਈ ਇਜਾਜ਼ਤ ਮੰਗਦਾ ਸੀ। ਹਰ ਵਾਰੀ ਉਹ ਭੁੱਲ ਜਾਂਦਾ ਸੀ ਕਿ ਇਹ ਇਜਾਜ਼ਤ ਰਮਜ਼ਾਨੀ ਭੂਆ ਨੇ ਉਹਨੂੰ ਕਦੀ ਨਹੀਂ ਸੀ ਦਿਤੀ। ਬੱਚੇ ਪੈਦਾ ਕਰਨ ਵਿਚ ਮਰਦ ਦੇ ਕਿਰਦਾਰ ਨੂੰ ਉਹ ਕੋਈ ਬਹੁਤੀ ਮਹੱਤਤਾ ਨਹੀਂ ਸੀ ਦੇਂਦੀ। ਭੂਆ ਤਾਂ ਮਰਦਾਂ ਤੋਂ ਸੜੀ ਸਤੀ ਬੈਠੀ ਸੀ। ਮਰਦ ਦੀ ਜ਼ਾਤ ਨਾਲ ਹੀ ਉਹਨੂੰ ਨਫ਼ਰਤ ਸੀ। ਉਹਨੂੰ ਤਾਂ ਔਰਤਾਂ ਦੀ ਆਜ਼ਾਦੀ ਦੀ ਲਹਿਰ ਦਾ ਲੀਡਰ ਹੋਣਾ ਚਾਹੀਦਾ ਸੀ। ਫੇਰ ਉਹ ਕਿਵੇਂ ਮੈਲੇ ਨਹੁੰਆਂ ਵਾਲੀਆਂ ਮੁੱਠੀਆਂ ਵੱਟ ਵੱਟ ਕੇ ਅਤੇ ਕਾਲੇ ਦੰਦ ਕਰੀਚ ਕਰੀਚ ਕੇ ਤਕਰੀਰਾਂ ਕਰਦੀ।

''ਇਹ ਮੋਏ ਮਰਦ।'' ਉਹ ਆਖਿਆ ਕਰਦੀ ਸੀ, 'ਅੱਲਾ ਦੀ ਮਾਰ ਇਨ੍ਹਾਂ 'ਤੇ। ਜੂਆ ਇਹ ਖੇਡਣ, ਰੰਡੀ ਬਾਜ਼ੀ ਇਹ ਕਰਨ, ਸ਼ਰਾਬ ਪੀ ਕੇ ਬੀਵੀਆਂ ਨੂੰ ਇਹ

ਕੁੱਟਣ। ਪਰ ਬੀਵੀਆਂ ਵਲ ਵੇਖੋ, ਹਰ ਵੇਲੇ ਵਾਰੀ ਸਦਕੜੇ ਪਈਆਂ ਜਾਂਦੀਆਂ ਨੇ।''

ਜੇ ਸਕੀਨਾ ਕੋਈ ਕਿਤਾਬ ਚੁਕ ਕੇ ਪੜ੍ਹ ਰਹੀ ਹੁੰਦੀ ਤਾਂ ਰਮਜ਼ਾਨੀ ਬੂਆ ਆਖਦੀ :

''ਛੱਡ ਕੁੜੀਏ ਇਹ ਕਿਤਾਬਾਂ। ਇਹ ਵੀ ਤਾਂ ਮੋਏ ਮਰਦਾਂ ਦੀਆਂ ਲਿਖੀਆਂ ਹੋਈਆਂ ਨੇ। ਮਰਦੂਦ, ਜਿਹੜਾ ਝੂਠ ਮੂੰਹੋਂ ਨਹੀਂ ਬੋਲ ਸਕਦੇ ਉਹ ਕਿਤਾਬਾਂ ਵਿਚ ਲਿਖ ਦੇਂਦੇ ਨੇ।''

ਇਸ ਵਾਰੀ ਵੀ ਰਮਜ਼ਾਨੀ ਬੂਆ ਨੇ ਉਹੀ ਗੱਲ ਦੁਹਰਾਈ ਜੋ ਪਿਛਲੇ ਪੰਜ ਬੱਚਿਆਂ ਵਾਰੀ ਉਹਨੇ ਆਖੀ ਸੀ :

''ਨਿਠ ਕੇ ਬਹੁ ਵੇ। ਤੁਸੀਂ ਮਰਦ ਸਾਰੇ ਇਕੋ ਰੱਸੇ ਫਾਹੇ ਦੇਣ ਜੋਗੇ ਹੋ। ਵਿਚਾਰੀ ਔਰਤ ਨੂੰ ਮੁਸੀਬਤ ਵਿਚ ਪਾ ਕੇ ਨਠਣ ਦੀ ਕਰਦੇ ਹੋ।''

ਰਮਜ਼ਾਨੀ ਸਕੀਨਾ ਦੀ ਨਹੀਂ ਉਹਦੀ ਆਪਣੀ ਬੂਆ ਸੀ, ਉਹਦੇ ਅੱਬਾ ਮਰਹੂਮ ਦੀ ਸੱਕੀ ਭੈਣ। ਪਰ ਤਰਫ਼ਦਾਰੀ ਹਮੇਸ਼ਾਂ ਉਹ ਸਕੀਨਾ ਦੀ ਹੀ ਕਰਦੀ ਸੀ। ਰਮਜ਼ਾਨੀ ਬੂਆ ਦੀਆਂ ਨਜ਼ਰਾਂ ਵਿਚ ਸਕੀਨਾ ਇਕ ਸਤਾਈ ਹੋਈ ਮਜ਼ਲੂਮ ਸੀ ਤੇ ਉਹ ਹਨੀਫ਼, ਇਕ ਆਦਮਖੋਰ ਦੇਵ ਸੀ ਜਿਸ ਨੇ ਉਸ ਅਬਲਾ ਨੂੰ ਭੋਰੇ ਪਾ ਰਖਿਆ ਸੀ।

ਰਮਜ਼ਾਨੀ ਬੂਆ ਦਾ ਪਾਰਾ ਉਤਰਦਿਆਂ ਦੋ ਚਾਰ ਮਿੰਟ ਲਗੇ। ਓਨਾ ਚਿਰ ਹਨੀਫ਼ ਕਨੱਖੀਆਂ ਨਾਲ ਏਧਰ ਓਧਰ ਬੈਠਣ ਲਈ ਕੋਈ ਥਾਂ ਭਾਲਦਾ ਰਿਹਾ। ਕਿਤੇ ਵੀ ਉਹਨੂੰ ਬੈਠਣ ਲਈ ਕੋਈ ਬੈਂਚ ਜਾਂ ਸਟੂਲ ਨਜ਼ਰ ਨਾ ਆਇਆ। ਰਮਜ਼ਾਨੀ ਬੂਆ ਤਾਂ ਆਪਣਾ ਬੁਰਕਾ ਸੁਆਰ ਕੇ ਬਰਾਮਦੇ ਦੇ ਫ਼ਰਸ਼ ਤੇ ਪੈਰਾਂ ਪਰਨੇ ਬੈਠ ਗਈ ਸੀ। ਹਾਰ ਕੇ ਹਨੀਫ਼ ਪੌੜੀਆਂ ਵਿਚ ਬਹਿ ਗਿਆ ਜੋ ਮੇਟਰਨਿਟੀ ਵਾਰਡ ਦੀ ਤੀਜੀ ਮੰਜ਼ਲ ਵਲ ਜਾਂਦੀਆਂ ਸਨ ਤੇ ਜਿਥੇ ਛੇ ਸੱਤ ਹੋਰ ਮਰਦ, ਮਰਦ ਹੁੰਦਿਆਂ ਵੀ ਉਹਦੇ ਵਾਂਗ ਹੀ ਮੇਟਰਨਿਟੀ ਦੀ ਕੁੜਿਕੀ ਵਿਚ ਨਿਹੱਕੇ ਫਾਥੇ ਬੈਠੇ ਸਨ।

ਅਜੇ ਉਹ ਤੀਜੀ ਪੌੜੀ ਦੇ ਕੰਧ ਵਾਲੇ ਸਿਰੇ 'ਤੇ ਦਬਕ ਕੇ ਬੈਠਾ ਹੀ ਸੀ, ਅਜੇ ਉਹਨੇ ਆਪਣੀਆਂ ਪਿੰਨੀਆਂ ਘੁਟਣੀਆਂ ਸ਼ੁਰੂ ਕੀਤੀਆਂ ਹੀ ਸਨ ਕਿ ਉਹ ਤ੍ਰਬਕ ਪਿਆ। ਸਾਹਮਣੀ ਕੰਧ ਤੇ ਇਕ ਤਸਵੀਰ ਬਣੀ ਹੋਈ ਸੀ ਜਿਸ ਦੇ ਹੇਠਾਂ ਲਿਖਿਆ ਸੀ, 'ਹਮ ਦੋ, ਹਮਾਰਾ ਏਕ'। ਇਕ ਅਜਿਹੀ ਹੀ ਤਸਵੀਰ ਮਾਪਿਆਂ ਤੇ ਬੱਚਿਆਂ ਦੀ ਉਹਨੇ ਪਹਿਲੀ ਮੰਜ਼ਲ ਦੀ ਕੰਧ 'ਤੇ ਵੇਖੀ ਸੀ। ਪਰ ਉਸ ਤਸਵੀਰ ਵਿਚ ਬੱਚੇ ਦੋ ਸਨ ਤੇ ਹੇਠਾਂ ਹਿੰਦੀ ਵਿਚ ਲਿਖਿਆ ਸੀ, ''ਹਮ ਦੋ, ਹਮਾਰੇ ਦੋ।'' ਤਾਂ ਕੀ ਪਹਿਲੀ ਮੰਜ਼ਲ ਤੇ ਸਰਕਾਰ ਵਲੋਂ ਮਿਲੀ ਦੋ ਬੱਚਿਆਂ ਦੀ ਇਜਾਜ਼ਤ ਵਿਚ ਦੂਜੀ ਮੰਜ਼ਲ ਤੇ ਅਪੜਦਿਆਂ ਇਕ ਬੱਚੇ ਦੀ ਕਟੌਤੀ ਹੋ ਜਾਂਦੀ ਸੀ। ਬਸ ਇਹ ਪੰਦਰ੍ਹਾਂ ਵੀਹ ਪੌੜੀਆਂ ਚੜ੍ਹਨ ਵਿਚ ਹੀ ਸਰਕਾਰ ਆਪਣਾ ਮਨ ਬਦਲ ਲੈਂਦੀ ਸੀ।

ਉਹਦਾ ਜੀਅ ਕੀਤਾ, ਮੇਟਰਨਿਟੀ ਵਾਰਡ ਦੀ ਤੀਜੀ ਮੰਜ਼ਲ ਤੇ ਜਾ ਕੇ ਵੇਖੇ।

ਹੋ ਸਕਦਾ ਹੈ ਤੀਜੀ ਮੰਜ਼ਲ ਦੀ ਤਸਵੀਰ ਵਿਚ ਦੋਵੇਂ ਬੱਚੇ ਗ਼ਾਇਬ ਹੋਣ ਅਤੇ ਤਸਵੀਰ ਦੇ ਹੇਠਾਂ ਲਿਖਿਆ ਹੋਵੇ :

"ਹਮ ਦੋ, ਬਸ ਹਮ ਹੀ ਦੋ।"

ਕਿਹਾ ਚੰਗਾ ਹੁੰਦਾ, ਹਨੀਫ਼ ਮੀਆਂ ਨੇ ਸੋਚਿਆ, ਉਹਦੀ ਆਪਣੀ ਜ਼ਿੰਦਗੀ 'ਹਮ ਦੋ, ਬਸ ਹਮ ਹੀ ਦੋ' ਦੇ ਸਿਧਾਂਤ 'ਤੇ ਕਾਇਮ ਰਹੀ ਹੁੰਦੀ। ਸਕੀਨਾ ਦੀਆਂ ਨਰਗਸੀ ਅੱਖਾਂ ਦਾ ਨਿਖਾਰ ਵੀ ਕਾਇਮ ਰਹਿੰਦਾ ਅਤੇ ਉਨ੍ਹਾਂ ਦੇ ਕੁਆਰੇ ਇਸ਼ਕ ਦੀ ਰੁਮਾਂਸ ਵੀ ਸਦਾ ਬਹਾਰ ਰਹਿੰਦੀ। ਪਰ ਕਦਮ ਕਦਮ ਕਰਕੇ ਅਛੋਪਲੇ ਹੀ ਜ਼ਿੰਦਗੀ ਦਲਦਲ ਵਿਚ ਧਸਦੀ ਗਈ ਸੀ ਤੇ ਨਾ ਨਾ ਕਰਦਾ ਵੀ ਅੱਜ ਉਹ ਗਰਦਨ ਤੀਕ ਖੋਭੇ ਵਿਚ ਫਾਥਾ ਸੀ। ਉਹਦੀ 'ਨਾ ਨਾ' ਕਿਸੇ ਬਨੇਰੇ ਨਾ ਚੜ੍ਹੀ। ਇਹਦੀ ਸਾਰੀ ਜ਼ਿੰਮੇਵਾਰੀ ਸਕੀਨਾ ਦੀ ਸੀ ਜੋ ਬੱਚਿਆਂ ਦੀ ਦੀਵਾਨੀ ਸੀ। ਰਮਜ਼ਾਨੀ ਭੂਆ ਸਕੀਨਾ ਨੂੰ ਇਕ ਮਜ਼ਲੂਮ ਅਬਲਾ ਸਮਝਦੀ ਸੀ। ਉਹ ਕਿਵੇਂ ਰਮਜ਼ਾਨੀ ਭੂਆ ਨੂੰ ਦਸਦਾ ਕਿ ਇਸ ਮਜ਼ਲੂਮ ਅਬਲਾ ਨੇ 'ਬਸ ਇਕ ਹੋਰ' ਆਖ ਆਖ ਕੇ ਕਿਵੇਂ ਉਹਨੂੰ ਕਬੀਲਦਾਰੀ ਦੇ ਪਹਾੜ ਥੱਲੇ ਪੀਸ ਦਿੱਤਾ ਸੀ।

"ਵੇ ਵਿਹਲੜਾ।" ਰਮਜ਼ਾਨੀ ਭੂਆ ਦੀ ਕੁਰੱਖ਼ਤ ਆਵਾਜ਼ ਨੇ ਹਨੀਫ਼ ਮੀਆਂ ਦੀਆਂ ਸੋਚਾਂ ਤੋੜੀਆਂ, "ਉੱਠ ਜਾ ਕੇ ਮੇਰੇ ਲਈ ਚਾਹ ਲਿਆ। ਮੈਨੂੰ ਤਲਬ ਹੋ ਰਹੀ ਏ। ਹਸਪਤਾਲ ਦੇ ਬਾਹਰ ਸੜਕੋਂ ਪਾਰ ਚਾਹ ਦਾ ਖੋਖਾ ਮੈਂ ਵੇਖ ਆਈ ਹਾਂ।"

"ਉਫ਼ ਇਹ ਔਰਤ।" ਹਨੀਫ਼ ਮਨ ਹੀ ਮਨ ਬੁੜਬੁੜਾਇਆ, "ਏਨੀ ਚਾਹ ਕਿਉਂ ਫੂਕਦੀ ਏ। ਏਥੇ ਹਸਪਤਾਲ ਵਿਚ ਹਰ ਡੇਢ ਦੋ ਘੰਟੇ ਮਗਰੋਂ ਇਹਦਾ ਅਮਲ ਕੌਣ ਪੂਰਾ ਕਰੇਗਾ।"

ਪਰ ਇਹ ਬੁੜਬੁੜ ਉਹਦੇ ਦਿਲ ਵਿਚੋਂ ਉਭਰ ਕੇ ਉਹਦੇ ਬੁਲ੍ਹਾਂ ਤੀਕ ਆਵੇ, ਏਨੀ ਹਿੰਮਤ ਉਹਦੇ ਵਿਚ ਨਹੀਂ ਸੀ। ਬਚਪਨ ਤੋਂ ਹੀ ਰਮਜ਼ਾਨੀ ਭੂਆ ਨੇ ਝਾੜ ਝੰਬ ਕੇ ਉਹਦਾ ਮੱਚ ਮਾਰ ਛਡਿਆ ਸੀ।

ਉਹਨੇ ਪੈਰੀਂ ਚੱਪਲ ਅੜਾਈ ਤੇ ਖੁੰਭ ਵਾਂਗ ਉੱਠ ਖਲੋਤਾ। ਚਾਹ ਲੈ ਕੇ ਜਦੋਂ ਉਹ ਪਰਤਿਆ ਤਾਂ ਹਰਿਆਨਵੀ ਚੌਕੀਦਾਰ ਨੇ ਮੈਟਰਨਿਟੀ ਵਾਰਡ ਦਾ ਸ਼ਟਰ ਉਹਦੇ ਮੂੰਹ ਸਾਹਮਣੇ ਇਕ ਉੱਚੇ ਖੜਾਕ ਨਾਲ ਬੰਦ ਕਰ ਦਿੱਤਾ।

"ਮੈਂ ਅੰਦਰ ਜਾਣਾ ਏ।" ਹਨੀਫ਼ ਦਾ ਲਹਿਜਾ ਰੋਸ ਨਾਲ ਸੁਲਗਦਾ ਸੀ।

"ਹੁਣ ਕਲ੍ਹ ਆਵੀਂ।" ਚੌਕੀਦਾਰ ਨੇ ਆਖਿਆ, "ਚਾਰ ਤੋਂ ਛੇ ਵਜੇ ਤਕ।"

ਇਹ ਸੱਚ ਸੀ ਕਿ ਮੈਟਰਨਿਟੀ ਵਾਰਡ ਵਿਚ ਸਿਰਫ਼ ਇਕੋ ਖ਼ਿਦਮਤਗਾਰ ਦੀ ਇਜਾਜ਼ਤ ਸੀ। ਬਾਕੀ ਲੋਗ ਸ਼ਾਮ ਨੂੰ ਚਾਰ ਤੋਂ ਛੇ ਦੇ ਵਿਚਕਾਰ ਆ ਜਾ ਸਕਦੇ ਸਨ।

"ਪਰ ਅਜੇ ਛੇ ਨਹੀਂ ਵੱਜੇ।" ਹਨੀਫ਼ ਨੇ ਘੜੀ ਵਾਲੀ ਬਾਂਹ ਅਗੇ ਕਰਦਿਆਂ ਆਖਿਆ।

"ਘੜੀ ਠੀਕ ਕਰਵਾਓ ਜਾ ਕੇ", ਚੌਕੀਦਾਰ ਨੇ ਨਸੀਹਤ ਕੀਤੀ, "ਬਹੁਤ ਪੁਰਾਣੀ ਹੋ ਗਈ ਏ।"

"ਬਸ ਮੈਂ ਚਾਹ ਅੰਦਰ ਫੜਾਣੀ ਏ ।" ਹਨੀਫ਼ ਦੀ ਆਵਾਜ਼ ਵਿਚ ਮਿੰਨਤ ਰਲ ਗਈ ਸੀ, "ਤੇ ਪੁੱਠੇ ਪੈਰੀਂ ਪਰਤ ਆਉਣਾ ਏ।"

"ਤਾਂ ਦੂਜੇ ਗੇਟ ਵਿਚੋਂ ਜਾਓ।"

"ਦੂਜਾ ਗੇਟ ?"

"ਹਾਂ, ਪਿਛਵਾੜੇ ਦੂਜਾ ਗੇਟ ਹੈ।"

ਕਿੰਨਾ ਚਿਰ ਹਨੀਫ਼ ਖਾਕ ਛਾਣਦਾ ਰਿਹਾ ਪਰ ਉਹਨੂੰ ਪਿਛਲਾ ਗੇਟ ਨਾ ਲਭਾ। ਪਿਛਵਾੜੇ ਇਕ ਗੇਟ ਜ਼ਰੂਰ ਸੀ ਪਰ ਉਹ ਮੇਟਰਨਿਟੀ ਵਾਰਡ ਦੇ ਅੰਦਰ ਨਹੀਂ, ਸਿਵਲ ਹਸਪਤਾਲ ਤੋਂ ਬਾਹਰ ਜਾਣ ਲਈ ਸੀ।

ਰੋਣ ਹਾਕਾ ਹੋਇਆ ਜਦ ਉਹ ਮੁੜ ਅਗਲੇ ਪਾਸੇ ਆਇਆ ਤਾਂ ਉਹਨੇ ਵੇਖਿਆ ਕਿ ਸ਼ਟਰ ਅੱਧਾ ਖੁਲ੍ਹਾ ਸੀ। ਉਹਦੇ ਵੇਖਦਿਆਂ ਵੇਖਦਿਆਂ ਦੋ ਚਾਰ ਬੰਦੇ ਅੰਦਰ ਲੰਘ ਗਏ ਤੇ ਚੌਕੀਦਾਰ ਨੇ ਕੋਈ ਉਜ਼ਰ ਨਾ ਕੀਤਾ। ਪਰ ਜਦੋਂ ਹਨੀਫ਼ ਲੰਘਣ ਲਗਾ ਤਾਂ ਚੌਕੀਦਾਰ ਨੇ ਸ਼ਟਰ ਏਨੇ ਜ਼ੋਰ ਨਾਲ ਬੰਦ ਕੀਤਾ ਕਿ ਸ਼ਟਰ ਦਾ ਕੁੰਡਾ ਹਨੀਫ਼ ਦੇ ਮੱਥੇ ਵਿਚ ਵਜਦਾ ਵਜਦਾ ਬਚਿਆ।

ਤਦੋਂ ਹਨੀਫ਼ ਨੂੰ ਸਮਝ ਆਈ। ਦੇਰ ਨਾਲ ਆਈ ਪਰ ਸ਼ੁਕਰ ਏ ਆ ਤਾਂ ਗਈ। ਉਹਨੇ ਜੇਬ ਵਿਚੋਂ ਪੰਜ ਦਾ ਨੋਟ ਕਢਿਆ ਤੇ ਸ਼ਟਰ ਵਿਚੋਂ ਹੱਥ ਲੰਘਾ ਕੇ ਚੌਕੀਦਾਰ ਵਲ ਵਧਾਇਆ। ਚੌਕੀਦਾਰ ਨੇ ਨੋਟ ਵੇਖ ਕੇ ਨੱਕ ਚਾੜ੍ਹਿਆ ਤੇ ਬੋਲਿਆ :

"ਜਾ ਕੇ ਕਿਸੇ ਭਿਖਾਰੀ ਨੂੰ ਦਈਂ। ਅਸੀਸਾਂ ਦਏਗਾ।"

ਤਦੋਂ ਹਨੀਫ਼ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਮਹਿੰਗਾਈ ਦੇ ਇਸ ਜ਼ਮਾਨੇ ਵਿਚ ਪੰਜਾਂ ਦੇ ਨੋਟ ਦੀ ਹਸਤੀ ਹੀ ਕੀ ਸੀ। ਦਿਲ 'ਤੇ ਪੱਥਰ ਰਖਦਿਆਂ ਉਹਨੇ ਹੁਣ ਪੰਜ ਦੀ ਥਾਂ ਦਸ ਦਾ ਨੋਟ ਅਗੇ ਕੀਤਾ। ਸ਼ਟਰ ਏਦਾਂ ਅਛੋਪਲੇ ਖੁਲ੍ਹ ਗਿਆ ਜਿਵੇਂ ਕਿਸੇ ਨੇ ਕੋਈ ਸਵਿਚ ਦਬਾ ਦਿਤਾ ਹੋਵੇ। ਨਾ ਸਿਰਫ਼ ਸ਼ਟਰ ਖੁਲ੍ਹਿਆ ਸਗੋਂ ਚੌਕੀਦਾਰ ਦੀ ਬਤੀਸੀ ਵੀ ਨਜ਼ਰ ਆਈ।

ਰਮਜ਼ਾਨੀ ਭੂਆ ਦੀ ਚਾਹ ਸ਼ਰਬਤ ਬਣ ਗਈ ਸੀ।

ਅਜੇ ਸਕੀਨਾ ਨੂੰ ਪਤਾ ਨਹੀਂ ਕਿੰਨੇ ਦਿਨ ਮੇਟਰਨਿਟੀ ਵਾਰਡ ਵਿਚ ਰਹਿਣਾ ਪੈਣਾ ਸੀ। ਹਰ ਵਾਰੀ ਸ਼ਟਰ ਖੁਲ੍ਹਵਾਉਣ ਲਈ ਦਸ ਰੁਪਏ ਪੂਜਣ ਦੀ ਪੁਜਤ ਹਨੀਫ਼ ਮੀਆਂ ਵਿਚ ਨਹੀਂ ਸੀ। ਇਸ ਲਈ ਉਹਨੇ ਸਿਆਣਪ ਕੀਤੀ ਅਤੇ ਬਿਪਤਾ ਦੀ ਇਸ ਘੜੀ ਸਯਦ ਚਿਰਾਗ਼ ਦੀਨ ਦੇ ਮਜ਼ਾਰ ਵਾਲੇ ਹਾਜੀ ਪੀਰ ਸਾਹਬ ਦੀ ਸ਼ਰਨ ਤਕਾਈ।

ਸਿਵਲ ਹਸਪਤਾਲ ਦੇ ਆਊਟ ਡੋਰ ਪੇਸ਼ੈਂਟ ਮਹਿਕਮੇ ਦੇ ਗੇਟ ਕੋਲ ਅਪੜ ਕੇ ਹਾਜੀ ਸਾਹਬ ਨੇ ਪਿਛੇ ਮੁੜ ਕੇ ਹਨੀਫ਼ ਵਲ ਵੇਖਿਆ। ਫੇਰ ਆਪਣੀ ਬਾਂਹ ਉਹਦੀ ਧੌਣ ਦਵਾਲੇ ਵਲਾਂਦਿਆਂ ਉਹ ਅੰਦਰ ਲੰਘ ਗਏ।

ਮੁਨੀਰ ਕਾਊਂਟਰ ਤੇ ਬੈਠਾ ਖੱਬੇ ਹੱਥ ਨਾਲ ਆਊਟ ਡੋਰ ਪੇਸ਼ੈਂਟਸ ਦੇ ਕਾਰਡ ਬਣਾਨ ਵਿਚ ਰੁੱਝਾ ਸੀ। ਆਪਣੇ ਮੁਰਸ਼ਦ ਦਾ ਝਾਉਲਾ ਪੈਂਦਿਆਂ ਹੀ ਉਹ ਹੜਬੜਾ

ਕੇ ਕੁਰਸੀ ਤੋਂ ਉਠਿਆ ਤੇ ਕਾਹਲੀ ਵਿਚ ਇਕ ਸਟੂਲ ਨਾਲ ਟਕਰਾ ਕੇ ਮੂੰਹ ਪਰਨੇ ਡਿਗਣੋਂ ਵਾਲ ਵਾਲ ਬਚਿਆ।

ਹਾਜੀ ਪੀਰ ਸਾਹਿਬ ਨੇ ਸਿਜਦੇ ਵਿਚ ਡਿੱਗੇ ਮੁਨੀਰ ਮੀਆਂ ਨੂੰ ਉਠਾਇਆ ਤੇ ਸ਼ਫ਼ਕਤ ਨਾਲ ਉਹਦੀ ਕੰਡ ਤੇ ਹੱਥ ਫੇਰਦਿਆਂ ਆਪਣੇ ਆਉਣ ਦਾ ਮਕਸਦ ਦੱਸਿਆ।

'ਕਿਉਂ ਆਪਣੇ ਮੁਬਾਰਕ ਕਦਮਾਂ ਨੂੰ ਜ਼ਹਿਮਤ ਦਿੱਤੀ ਹਜ਼ੂਰ।'' ਮੁਨੀਰ ਨੇ ਆਖਿਆ, ''ਇਸ ਨਾਚੀਜ਼ ਨੂੰ ਸਦ ਭੇਜਣਾ ਸੀ।''

ਹਨੀਫ਼ ਤੇ ਉਹਦੀਆ ਮੁਸ਼ਕਲਾਂ ਦੀ ਸਪੁਰਦਗੀ ਮੁਨੀਰ ਨੂੰ ਕਰਕੇ ਹਾਜੀ ਪੀਰ ਸਾਹਿਬ ਹਸਪਤਾਲ ਤੋਂ ਰੁਖ਼ਸਤ ਹੋ ਗਏ। ਮੁਨੀਰ ਉਸੇ ਘੜੀ ਆਪਣਾ ਕੰਮ ਵਿਚਾਲੇ ਛੱਡ ਕੇ ਹਨੀਫ਼ ਨਾਲ ਮੇਟਰਨਿਟੀ ਵਾਰਡ ਵਲ ਹੋ ਟੁਰਿਆ।

ਹਨੀਫ਼ ਨੇ ਮੁਨੀਰ ਨੂੰ ਕਈ ਵਾਰੀ ਮਜ਼ਾਰ 'ਤੇ ਵੇਖਿਆ ਹੋਇਆ ਸੀ ਪਰ ਕਦੀ ਸਲਾਮ ਦੁਆ ਨਹੀਂ ਸੀ ਹੋਈ। ਉਹਨੇ ਸੁਣ ਰਖਿਆ ਸੀ ਕਿ ਮੁਨੀਰ ਕੂਚਾ ਸ਼ੇਰ ਖਾਨ ਵਿਚ ਆਪਣੀ ਬੁੱਢੀ ਮਾਂ, ਬੇਵਾ ਭਰਜਾਈ ਤੇ ਉਹਦੇ ਬੱਚਿਆਂ ਨਾਲ ਰਹਿੰਦਾ ਸੀ। ਉਹਦਾ ਵੱਡਾ ਭਰਾ ਅਕਰਮ ਪਿਛਲੇ ਵਰ੍ਹੇ ਫ਼ਿਰਕੂ ਫ਼ਸਾਦਾਂ ਵਿਚ ਮਾਰਿਆ ਗਿਆ ਸੀ। ਮੁਨੀਰ ਆਪ ਇਹਨਾਂ ਫ਼ਸਾਦਾਂ ਵਿਚ ਬੁਰੀ ਤਰ੍ਹਾਂ ਫੱਟੜ ਹੋਇਆ ਸੀ। ਮਗਰੋਂ ਉਹਦੇ ਮੋਢੇ ਦੇ ਜ਼ਖ਼ਮ ਵਿਚ ਗੈਂਗਰੇਨ ਹੋ ਗਿਆ ਸੀ ਤੇ ਏਸੇ ਸਿਵਲ ਹਸਪਤਾਲ ਵਿਚ ਡਾਕਟਰਾਂ ਨੂੰ ਉਹਦੀ ਸੱਜੀ ਬਾਂਹ ਕੱਟਣੀ ਪਈ ਸੀ। ਜਦੋਂ ਉਹ ਠੀਕ ਹੋਇਆ ਤਾਂ ਸਰਕਾਰ ਨੇ ਫਸਾਦਾਂ ਦੇ ਹਰਜਾਨੇ ਵਜੋਂ ਮੁਨੀਰ ਨੂੰ ਆਊਟ ਡੋਰ ਪੇਸ਼ੈਂਟਸ ਮਹਿਕਮੇ ਵਿਚ ਉਹਦੇ ਵੱਡੇ ਭਰਾ ਅਕਰਮ ਵਾਲੀ ਨੌਕਰੀ ਦੇ ਦਿੱਤੀ।

ਹਨੀਫ਼ ਨੂੰ ਮੁਨੀਰ ਨਾਲ ਆਉਂਦਾ ਵੇਖ ਕੇ ਹਰਿਆਨਵੀ ਚੌਕੀਦਾਰ ਨੇ ਨੱਕ ਮੂੰਹ ਤਾਂ ਵਟਿਆ ਪਰ ਕੁਝ ਕਰ ਨਾ ਸਕਿਆ। ਤੇ ਭਾਵੇਂ ਅਜੇ ਸਵੇਰ ਦੇ ਸਾਢੇ ਦਸ ਹੀ ਵਜੇ ਸਨ ਮੁਨੀਰ ਦੇ ਸਥਾਨਕ ਰਸੂਖ਼ ਸਦਕਾ ਹਨੀਫ਼ ਨੂੰ ਮੇਟਰਨਿਟੀ ਵਾਰਡ ਅੰਦਰ ਜਾਣੋਂ ਕਿਸੇ ਨਾ ਰੋਕਿਆ।

ਜਦੋਂ ਉਹ ਦੂਜੀ ਮੰਜ਼ਲ 'ਤੇ ਅਪੜੇ ਤਾ ਰਮਜ਼ਾਨੀ ਭੂਆ ਭੁੜਕ ਕੇ ਉਨ੍ਹਾਂ ਵਲ ਆਈ। ਉਹਦੇ ਮੂੰਹ ਵਿਚੋਂ ਮੁਬਾਰਕਾਂ ਦੀ ਫੁਲਝੜੀ ਫੁਟ ਰਹੀ ਸੀ। ਹਨੀਫ਼ ਨੂੰ ਅੱਲਾ ਨੇ ਇਕ ਹੋਰ ਬੇਟਾ ਬਖ਼ਸ਼ਿਆ ਸੀ।

ਇਕ ਹੋਰ ਬੇਟਾ, ਹਨੀਫ਼ ਨੇ ਸੋਚਿਆ, ਇਕ ਹੋਰ ਵਬਾਲ ਉਹਦੀ ਜਾਨ ਲਈ, ਇਕ ਹੋਰ ਮੁਸੀਬਤ ਉਹਦੀ ਹਾਰੀ ਹੁੱਟੀ ਜ਼ਿੰਦਗੀ ਲਈ। ਕੜੀ ਕਬੀਲਦਾਰੀ ਦਾ ਇਕ ਹੋਰ ਪੱਥਰ ਉਹਦੇ ਸੀਨੇ ਤੇ ਮੂੰਗ ਦਲਣ ਲਈ।

ਨਾ ਉਹਨੇ ਰਮਜ਼ਾਨੀ ਭੂਆ ਤੇ ਨਾ ਮੁਨੀਰ ਦੀਆਂ ਮੁਬਾਰਕਾਂ ਦਾ ਹੁੰਗਾਰਾ ਭਰਿਆ ਤੇ ਰੋਣਹਾਕਾ ਮੂੰਹ ਲਟਕਾਈ ਫ਼ਰਸ਼ ਨੀਝਦਾ ਰਿਹਾ।

ਤਦੋਂ ਮੁਨੀਰ ਨੇ ਆਪਣੇ ਖੱਬੇ ਹੱਥ ਨਾਲ ਉਹਦਾ ਮੋਢਾ ਛੂਹਿਆ। ਅੱਖਾਂ ਉਪਰ ਚੁਕਦਿਆਂ ਹਨੀਫ਼ ਦੀ ਨਜ਼ਰ ਮੁਨੀਰ ਦੀ ਸੱਜੀ ਬਾਂਹ ਦੇ ਟੁੰਡ ਉਪਰ ਪਈ ਤੇ ਉਹਨੂੰ ਪਿਛਲੇ ਸਾਲ ਦੇ ਫ਼ਿਰਕੂ ਦੰਗੇ ਯਾਦ ਆ ਗਏ। ਇਹ ਦੰਗੇ ਜੋ ਇਕ ਚੰਦਰੀ ਹੋਣੀ

ਵਾਂਗ ਹਰ ਵਰ੍ਹੇ ਛਿਮਾਹੀ ਔਰਤ ਦੇ ਕਟੜਿਆਂ ਕੂਚਿਆਂ ਵਿਚ ਵਾਪਰਦੇ ਰਹਿੰਦੇ ਸਨ ਤੇ ਨਿੱਤ ਮਾਵਾਂ ਦੇ ਬੇਟਿਆਂ ਦੀ ਬਲੀ ਮੰਗਦੇ ਸਨ ।

ਸਕੀਨਾ ਸਿਆਣੀ ਸੀ ਜੋ ਬੇਟਿਆਂ ਤੋਂ ਨਹੀਂ ਸੀ ਰਜਦੀ । ਔਰਤ ਦੀ ਛੇਵੀਂ ਹਿਸ ਨਾਲ ਉਹ ਜਾਣਦੀ ਸੀ ਕਿ ਇਕ ਦੋ ਬੇਟੇ ਤਾਂ ਫ਼ਿਰਕੂ ਫ਼ਸਾਦਾਂ ਦੇ ਦੈਂਤ ਦੇ ਭੜੋਲੇ ਜਿਡੇ ਢਿੱਡ ਲਈ ਚਾਹੀਦੇ ਸਨ ।

''ਕਿਥੇ ਗੁਆਚ ਗਿਆ ਏਂ ਮੀਆਂ ?'' ਮੁਨੀਰ ਨੇ ਇਕ ਵਾਰੀ ਫੇਰ ਉਹਦਾ ਮੋਢਾ ਝੰਜੋੜਿਆ, ''ਅਰੇ ਭਾਈ ਮੈਂ ਮੁਬਾਰਕਬਾਦ ਪੇਸ਼ ਕਰ ਰਿਹਾ ਹਾਂ ।''

ਇਸ ਵਾਰੀ ਹਨੀਫ਼ ਨੇ ਇਕ ਨਿੰਮ੍ਹੀ ਮੁਸਕਾਨ ਤੇ ਨਿੱਘੀ ਹੱਥ ਘੁਟਣੀ ਨਾਲ ਮੁਨੀਰ ਦੀ ਮੁਬਾਰਕਬਾਦ ਦਾ ਹੁੰਗਾਰਾ ਭਰਿਆ ।

ਇੱਕੋ ਬਰਾਦਰੀ

ਸਤਯ ਮਾਰਗ ਦੇ ਸਰਕਾਰੀ ਫ਼ਲੈਟ ਵਿਚ ਆ ਕੇ ਅਸੀਂ ਸਾਰੇ ਬੜੇ ਖੁਸ਼ ਸਾਂ— ਮੈਂ, ਮੇਰੀ ਮਾਂ, ਮੇਰੀ ਪਤਨੀ, ਮੇਰਾ ਬੇਟਾ, ਬੇਟੀ ਅਤੇ ਮੇਰੀਆਂ ਤਿੰਨ ਕੁਆਰੀਆਂ ਭੈਣਾਂ। ਕਾਰਨਵਾਲਿਸ ਰੋਡ ਵਾਲੇ ਸਾਡੇ ਫ਼ਲੈਟ ਨਾਲੋਂ ਏਥੇ ਇਕ ਬੈਡਰੂਮ ਅਤੇ ਇਕ ਬਾਥ ਰੂਮ ਘਟ ਸੀ। ਕਾਰਨਵਾਲਿਸ ਰੋਡ ਵਾਲਾ ਫ਼ਲੈਟ ਸੀ–2 ਸਰੇਣੀ ਦਾ ਸੀ। ਸੀ–1 ਫ਼ਲੈਟਾਂ ਦੀ ਥੁੜ ਕਾਰਨ ਮੈਨੂੰ ਇਕ ਸ਼ਰੇਣੀ ਨੀਵਾਂ ਫ਼ਲੈਟ ਮਿਲਿਆ ਸੀ ਤੇ ਹੁਣ ਸਤਯ ਮਾਰਗ ਵਾਲਾ ਫ਼ਲੈਟ ਡੀ–1 ਸ਼ਰੇਣੀ ਵਿਚ ਸੀ ਜੋ ਸੀ–2 ਤੋਂ ਵੀ ਇਕ ਸ਼ਰੇਣੀ ਨੀਵਾਂ ਸੀ। ਪਰ, ਜਿਵੇਂ ਮੈਂ ਆਖਿਆ ਹੈ, ਏਥੇ ਆਕੇ ਅਸੀਂ ਸਾਰੇ ਬੜੇ ਖ਼ੁਸ਼ ਸਾਂ। ਏਸ ਖ਼ੁਸ਼ੀ ਦਾ ਵਡਾ ਕਾਰਨ ਚਾਣਕਯਪੁਰੀ ਦਾ ਚੌਗਿਰਦਾ ਸੀ। ਲਗਭਗ ਸਾਰੀਆਂ ਵਡੀਆਂ ਐਮਬੈਸੀਆਂ ਚਾਣਕਯਪੁਰੀ ਵਿਚ ਹੋਣ ਕਰਕੇ ਏਥੋਂ ਦੀਆਂ ਸੜਕਾਂ ਚੌੜੀਆਂ, ਸਾਫ਼, ਗੁਲਮੋਹਰਾਂ ਨਾਲ ਸ਼ਿੰਗਾਰੀਆਂ ਸਨ। ਚਾਣਕਯਪੁਰੀ ਨਵੀਂ ਦਿੱਲੀ ਵਿਚ ਹੁੰਦਿਆਂ ਵੀ ਨਵੀਂ ਦਿੱਲੀ ਦਾ ਭਾਗ ਨਹੀਂ ਸੀ ਜਾਪਦੀ। ਜਾਪਦਾ ਸੀ ਜਿਵੇਂ ਕਿਸੇ ਨੇ ਵਾਸ਼ਿੰਗਟਨ, ਪੈਰਿਸ ਜਾਂ ਫ਼ਰੈਂਕਫ਼ੋਰਟ ਦਾ ਕੋਈ ਟੁਕੜਾ ਚੁਕ ਲਿਆਂਦਾ ਹੋਵੇ।

ਕਾਰਨਵਾਲਿਸ ਰੋਡ ਤੋਂ ਸਤਯ ਮਾਰਗ ਦੀ ਇਹ ਤਬਦੀਲੀ ਮੈਂ ਮੰਗ ਕੇ ਲਈ ਸੀ। ਜਿਹੜਾ ਡੇਢ ਵਰ੍ਹਾ ਅਸੀਂ ਕਾਰਨਵਾਲਿਸ ਰੋਡ ਤੇ ਬਿਤਾਇਆ ਮੇਰੀ ਤਬੀਅਤ ਬੜੀ ਪਰੇਸ਼ਾਨ ਅਤੇ ਬੇਚੈਨ ਰਹੀ। ਇਹ ਪਰੇਸ਼ਾਨੀ ਅਤੇ ਬੇਚੈਨੀ ਹੈ ਤਾਂ ਕਈ ਵਰ੍ਹੇ ਪੁਰਾਣੀ ਸੀ ਪਰ ਪਿਛਲੇ ਡੇਢ ਵਰ੍ਹੇ ਤੋਂ ਇਹਨੇ ਚਿੰਤਾਜਨਕ ਰੂਪ ਧਾਰ ਲਿਆ ਸੀ। ਡਾਕਟਰਾਂ ਕੋਲੋਂ ਇਸ ਬੇਚੈਨੀ ਦੀ ਤਸ਼ਖ਼ੀਸ਼ ਨਹੀਂ ਸੀ ਹੋ ਸਕੀ। ਅਖ਼ੀਰ ਇਕ ਡਾਕਟਰ ਨੇ ਸੁਝਾ ਦਿਤਾ ਕਿ ਥਾਂ ਦੀ ਤਬਦੀਲੀ ਮੇਰੇ ਲਈ ਗੁਣਕਾਰੀ ਹੋ ਸਕਦੀ ਸੀ। ਕਾਰਵਾਲਿਸ ਰੋਡ ਦਾ ਚੌਗਿਰਦਾ ਉਹਨੂੰ ਕੁਝ ਉਦਾਸੀਨ ਜਿਹਾ ਲਗਾ ਸੀ। ਮੈਨੂੰ ਡਾਕਟਰ ਦੇ ਇਸ ਸੁਝਾ ਵਿਚ ਤੁਕ ਨਜ਼ਰ ਆਈ। ਕਿਉਂ ਜੋ ਇਕ ਮਕਬਰੇ ਦੇ ਖੰਡਰ ਬਿਲਕੁਲ ਸਾਡੇ ਫ਼ਲੈਟ ਦੇ ਸਾਹਮਣੇ ਸਨ। ਰੋਜ਼ ਸਵੇਰੇ ਜਾਗਦਿਆਂ ਸਾਰ ਉਹ ਮਕਬਰਾ ਮਥੇ ਲਗਦਾ ਸੀ। ਤ੍ਰਿਕਾਲਾਂ ਵੇਲੇ ਉਹਦੇ ਵਲ ਵੇਖਦਿਆਂ ਮੇਰੀ ਤਬੀਅਤ ਇਕ ਭਰਮੀ ਭੈ ਵਿਚ ਸਿਮਟ ਜਾਇਆ ਕਰਦੀ ਸੀ। ਸ਼ਾਮ ਨੂੰ ਸੈਰ ਲਈ ਨਿਕਲਦਿਆਂ

ਪੁਰਾਣੇ ਕਿਲ੍ਹੇ ਦੇ ਖੰਡਰ ਰਾਹ ਮਲ ਖਲੋਂਦੇ ਸਨ।

ਭਾਵੇਂ ਸਤਯ ਮਾਰਗ ਦੇ ਇਸ ਫਲੈਟ ਵਿਚ ਦੋ ਬੈਡਰੂਮ ਅਤੇ ਦੋ ਹੀ ਬਾਥਰੂਮ ਸਨ ਪਰ ਖੰਡਰਾਂ ਕੋਲੋਂ ਖਹਿੜਾ ਛੁਡਾ ਕੇ ਅਸੀਂ ਸਾਰੇ ਬੜੇ ਖੁਸ਼ ਸਾਂ। ਨਵੇਂ ਫਲੈਟ ਵਿਚ ਇਕ ਮੋਕਲਾ ਜਿਹਾ ਸਟੱਡੀ ਰੂਮ ਸੀ ਜਿਸਨੂੰ ਬੈਡਰੂਮ ਦੇ ਤੌਰ ਤੇ ਵਰਤਿਆ ਜਾ ਸਕਦਾ ਸੀ। ਛਤੀ ਹੋਈ ਇਕ ਚੌੜੀ ਬਾਲਕੋਨੀ ਵੀ ਸੀ ਜਿਸਨੂੰ ਸ਼ੀਸ਼ੇ ਵਾਲੀਆਂ ਖਿੜਕੀਆਂ ਲਵਾ ਕੇ ਇਕ ਹੋਰ ਕਮਰਾ ਬਣ ਸਕਦਾ ਸੀ। ਇਸ ਲਈ ਇਕ ਬੈਡ ਰੂਮ ਅਤੇ ਇਕ ਬਾਥਰੂਮ ਦਾ ਵਿਗੋਚਾ ਵੀ ਸਾਨੂੰ ਨਹੀਂ ਸੀ ਰੜਕਿਆ। ਕੇਵਲ ਮੇਰੀ ਮਾਂ ਦੀ ਖੁਸ਼ੀ ਉਤੇ ਇਕ ਪਤਲੀ ਜੇਹੀ ਪਰਛਾਈਂ ਸੀ, ਕਿ ਸਾਡਾ ਗੁਆਂਢ ਇਕ ਮੁਸਲਮਾਨ ਪਰਵਾਰ ਸੀ। ਪੌੜੀਆਂ ਚੜ੍ਹਦਿਆਂ ਜਦੋਂ ਮਾਂ ਨੇ ਖਬੇ ਹੱਥ ਵਾਲੇ ਗੁਆਂਢੀ ਫਲੈਟ ਦੇ ਦਰਵਾਜ਼ੇ ਤੇ ਨੇਮ ਪਲੇਟ ਪੜ੍ਹੀ ਤਾਂ ਉਹਦੇ ਮੂੰਹ ਦਾ ਸੁਆਦ ਬਕਬਕਾ ਹੋ ਗਿਆ।

"ਕੋਈ ਗੱਲ ਨਹੀਂ ਮਾਂ ਜੀ "ਮੈਂ ਆਖਿਆ, "ਉਹ ਆਪਣੇ ਘਰ ਅਸੀਂ ਆਪਣੇ। ਬਸ ਪੌੜੀਆਂ ਹੀ ਸਾਂਝੀਆਂ ਨੇ। ਕਦੀ ਉਤਰਦਿਆਂ ਚੜ੍ਹਦਿਆਂ ਦੁਆ ਸਲਾਮ ਹੋ ਗਈ, ਹੋਰ ਅਸੀਂ ਕੋਈ ਭਾਜੀਆਂ ਪਾਣੀਆਂ ਨੇ।"

ਜਦੋਂ ਦਾ ਪਾਕਿਸਤਾਨ ਬਣਿਆਂ ਸੀ ਮਾਂ ਦੇ ਮਨ ਵਿਚ ਮੁਸਲਮਾਨਾਂ ਵਿਰੁਧ ਇਕ ਕੀਨਾ ਬੈਠ ਗਿਆ ਸੀ। ਪਾਕਿਸਤਾਨੀ ਫ਼ਸਾਦਾਂ ਨੇ ਬੜੇ ਡੂੰਘੇ ਫਟ ਉਹਦੀ ਰੂਹ ਤੇ ਲਾਏ ਸਨ। ਤਖ਼ਤ ਪੜੀ ਵਿਚ ਮੇਰਾ ਛੋਟਾ ਮਾਮਾ ਅਤੇ ਬਸਾਲੀ ਵਿਚ ਮੇਰੇ ਤਾਇਆ ਜੀ ਦਾ ਪੁੱਤਰ ਮਾਰੇ ਗਏ ਸਨ। ਮੇਰੀ ਵਡੀ ਮਾਸੀ ਦਾ ਜਵਾਈ ਥੋਹੇ ਖਾਲਸੇ ਫ਼ਸਾਦੀਆਂ ਦੇ ਹਜੂਮ ਨਾਲ ਲੜਕੇ ਮਰਿਆ ਸੀ ਤੇ ਉਹਦੀ ਸਜ ਵਿਆਹੀ ਪਤਨੀ ਨੇ ਆਪਣੀ ਪਤ ਬਚਾਣ ਲਈ ਖੂਹ ਵਿਚ ਛਾਲ ਮਾਰ ਦਿੱਤੀ ਸੀ। ਆਪ ਸਾਰਾ ਟਬਰ ਅਸੀਂ ਲੁਟੇ ਪੁਟੇ, ਸ਼ਰਨਾਰਥੀ ਕੈਂਪਾਂ ਵਿਚ ਰੁਲਦੇ, ਕਾਫ਼ਲਿਆਂ ਵਿਚ ਖਜਲ ਖੁਆਰ ਹੁੰਦੇ, ਰਾਹ ਵਿਚ ਖ਼ੂਨ ਖ਼ਰਾਬਾ ਵੇਖਦੇ, ਕਈ ਵਾਰੀ ਮੌਤ ਨਾਲ ਖਹਿਸਰ ਕੇ ਲੰਘਦੇ ਸਰਹੱਦ ਪਾਰ ਕਰ ਸਕੇ ਸਾਂ। ਮੁਸਲਮਾਨ ਜ਼ਾਲਮ, ਵਿਸ਼ੱਈ ਅਤੇ ਇਨਸਾਨੀਅਤ ਤੋਂ ਗਿਰੇ ਹੋਏ ਲੋਕ ਹਨ, ਏਦਾਂ ਦਾ ਮੱਤ ਮਾਂ ਦਾ ਬਣ ਚੁਕਿਆ ਸੀ। ਮਾਂ ਦੇ ਮਨ ਤੋਂ ਮੁਸਲਮਾਨਾਂ ਵਿਰੁਧ ਇਹ ਭੁਅਸਬ ਹੂੰਝਣ ਦਾ ਮੈਂ ਕਈ ਵਾਰੀ ਜਤਨ ਕੀਤਾ। ਮੈਂ ਆਖਿਆ ਕਿ ਜੇ ਪਛਮੀ ਪੰਜਾਬ ਵਿਚ ਮੁਸਲਮਾਨਾਂ ਨੇ ਜ਼ੁਲਮ ਕੀਤਾ ਸੀ ਤਾਂ ਪੂਰਬੀ ਪੰਜਾਬ ਵਿਚ ਹਿੰਦੂਆਂ ਸਿੱਖਾਂ ਵੀ ਕੋਈ ਘਟ ਨਹੀਂ ਸੀ ਗੁਜ਼ਾਰੀ। ਫੇਰ ਮੈਂ ਆਖਿਆ ਕਿ ਜ਼ੁਲਮ ਕਰਨ ਵਾਲੇ ਅਸਲ ਵਿਚ ਨਾ ਹਿੰਦੂ ਸਨ, ਨਾ ਮੁਸਲਮਾਨ ਅਤੇ ਨਾ ਹੀ ਸਿੱਖ। ਜ਼ੁਲਮ ਕਰਨ ਵਾਲਿਆਂ ਦਾ ਕੋਈ ਮਜ਼ਹਬ ਨਹੀਂ ਸੀ। ਉਨ੍ਹਾਂ ਦਾ ਈਮਾਨ ਕੇਵਲ ਬਰਬਰਤਾ ਸੀ ਅਤੇ ਉਹ ਸ਼ੈਤਾਨ ਦੇ ਪੈਰੋਕਾਰ ਸਨ। ਮੇਰੀਆਂ ਦਲੀਲਾਂ ਨਾਲ ਮਾਂ ਦੇ ਮਨ ਵਿਚੋਂ ਮੁਸਲਮਾਨਾਂ ਵਿਰੁਧ ਤੁਅਸਬ ਫਿੱਕਾ ਤਾਂ ਪੈ ਗਿਆ ਸੀ ਪਰ ਮਿਟਿਆ ਨਹੀਂ ਸੀ। ਏਸੇ ਲਈ ਭਾਵੇਂ ਮਾਂ ਨੂੰ ਚਾਣਕਯਪੁਰੀ ਦਾ ਸਵੱਛ ਅਤੇ ਸ਼ੋਭਨੀਕ ਵਾਤਾਵਰਨ ਵੇਖਕੇ ਖ਼ੁਸ਼ੀ ਹੋਈ ਸੀ, ਪਰ ਜਿਵੇਂ ਮੈਂ ਦਸ ਆਇਆਂ ਹਾਂ, ਮੁਸਲਮਾਨ ਗੁਆਂਢ ਮਿਲਣ ਕਰਕੇ ਉਹਦੀ ਇਹ ਖ਼ੁਸ਼ੀ ਪੁਛਾਂਵੀ ਗਈ ਸੀ।

ਨਵੇਂ ਫਲੈਟ ਵਿਚ ਇਹ ਸਾਡੀ ਪਹਿਲੀ ਤਿਪਹਿਰ ਸੀ। ਅਸੀਂ ਸਾਰੇ ਸਾਮਾਨ

ਦੀ ਸਾਂਭ ਸੰਭਾਈ ਵਿਚ ਰੁਝੇ ਹੋਏ ਸਾਂ। ਮੇਰੀ ਪਤਨੀ ਤਸਵੀਰਾਂ ਪੂੰਝ ਸਵਾਰ ਕੇ ਬੈਡਰੂਮਾਂ ਵਿਚ ਲਟਕਾ ਰਹੀ ਸੀ। ਮੇਰੀਆਂ ਭੈਣਾਂ ਭਾਂਡੇ, ਕਰਾਕਰੀ ਅਤੇ ਹੋਰ ਨਿਕ ਸੁਕ ਕਿਚਨ ਵਿਚ ਟਿਕਾ ਰਹੀਆਂ ਸਨ। ਡਰਾਇੰਗ ਰੂਮ ਵਿਚ ਮਾਂ ਕੁਰਸੀਆਂ ਅਤੇ ਸੋਫ਼ੇ ਤੋਂ ਮਿੱਟੀ ਝਾੜ ਰਹੀ ਸੀ ਅਤੇ ਡਰਾਇੰਗ ਰੂਮ ਦੀ ਲਾਗਲੀ ਬਾਲਕੋਨੀ ਵਿਚ ਮੈਂ ਵਡੀ ਪੇਟੀ ਖੋਲ੍ਹਕੇ ਕਿਤਾਬਾਂ ਛਾਂਟ ਰਿਹਾ ਸਾਂ। ਉਸ ਵੇਲੇ ਡਰਾਇੰਗ ਰੂਮ ਦੇ ਬਾਹਰਲੇ ਦਰਵਾਜ਼ੇ ਤੇ ਮਹੀਨ ਜਹੀ ਠਕੋਰ ਹੋਈ। ਮਾਂ ਨੇ ਕੁੰਡੀ ਖੋਲ੍ਹੀ। ਮੈਂ ਬਾਲਕੋਨੀ ਵਿਚੋਂ ਅੰਦਰ ਝਾਕਿਆ, ਇਹ ਵੇਖਣ ਲਈ ਕਿ ਕੌਣ ਆਇਆ ਸੀ। ਪੰਜਤਾਲ੍ਹੀ ਕੁ ਵਰ੍ਹਿਆਂ ਦੀ ਇਕ ਗੋਰੀ ਚਿਟੀ ਇਸਤਰੀ ਬਾਹਰ ਖਲੋਤੀ ਸੀ। ਉਹਨੇ ਮੂੰਗੀਆ ਰੰਗ ਦੀ ਸਾੜ੍ਹੀ ਬਧੀ ਹੋਈ ਸੀ। ਉਹਦੇ ਮਥੇ ਤੇ ਨਾਂ ਬਿੰਦੀ ਸੀ ਅਤੇ ਨਾਂ ਮਾਂਗ ਵਿਚ ਸਿੰਧੂਰ ਜਿਸਤੋਂ ਮੈਂ ਅਨੁਮਾਨ ਲਾਇਆ ਕਿ ਉਹ ਸਾਡੇ ਪੜੋਸੀ ਸ਼ੌਕਤ ਹੁਸੈਨ ਸਾਹਿਬ ਦੀ ਬੇਗਮ ਸੀ।

"ਮੈਂ ਅੰਦਰ ਆ ਸਕਦੀ ਹਾਂ?" ਉਹਦੇ ਨਰਮ ਲਹਿਜੇ ਵਿਚ ਸ਼ਿਸ਼ਟਾਚਾਰ ਸੀ।

"ਆਓ।" ਮਾਂ ਨੇ ਭਿਤ ਪੂਰਾ ਖੋਲ੍ਹ ਦਿੱਤਾ।

ਮੈਂ ਮੁੜ ਉਹਲਾ ਕਰਕੇ ਕਿਤਾਬਾਂ ਛਾਂਟਣ ਵਿਚ ਰੁਝ ਗਿਆ।

ਸੋਫ਼ਿਆਂ ਤੇ ਅਜੇ ਮਿੱਟੀ ਪਈ ਸੀ ਪਰ ਡਾਈਨਿੰਗ ਟੇਬਲ ਅਤੇ ਕੁਰਸੀਆਂ ਮਾਂ ਨੇ ਹੁਣ ਤੀਕ ਝਾੜ ਝੰਬ ਕੇ ਲਿਸ਼ਕਾ ਲਈਆਂ ਸਨ। ਇਸ ਲਈ ਮਾਂ ਨੇ ਉਹਨੂੰ ਇਕ ਕੁਰਸੀ ਤੇ ਬਿਠਾਇਆ ਅਤੇ ਆਪ ਉਹਦੇ ਸਾਹਮਣੇ ਦੂਜੀ ਤੇ ਬਹਿ ਗਈ।

"ਅਸੀਂ ਤੁਹਾਡੇ ਨਾਲ ਦੇ ਫ਼ਲੈਟ ਸਤਾਰ੍ਹਾਂ ਨੰਬਰ ਵਿਚ ਰਹਿੰਦੇ ਹਾਂ। ਮੇਰੇ ਸ਼ੌਹਰ ਮਨਿਸਟਰੀ ਔਫ਼ ਐਜੂਕੇਸ਼ਨ ਵਿਚ ਜਾਇੰਟ ਸੈਕਰੇਟਰੀ ਹਨ। ਤੁਹਾਡੇ ਵਾਲਾ ਫ਼ਲੈਟ ਡੇਢ ਦੋ ਮਹੀਨੇ ਤੋਂ ਖਾਲੀ ਪਿਆ ਸੀ। ਮੈਂ ਦਸ ਨਹੀਂ ਸਕਦੀ, ਤੁਹਾਡੇ ਆਉਣ ਨਾਲ ਸਾਨੂੰ ਕਿੰਨੀ ਖ਼ੁਸ਼ੀ ਹੋਈ ਹੈ।"

ਮੈਨੂੰ ਉਹਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ, ਕਿਉਂਜੋ ਡਾਈਨਿੰਗ ਟੇਬਲ ਬਿਲਕੁਲ ਉਸ ਬੂਹੇ ਦੇ ਲਾਗੇ ਸੀ ਜੋ ਬਾਲਕੋਨੀ ਵਿਚ ਖੁਲ੍ਹਦਾ ਸੀ ਅਤੇ ਜਿਸਦੇ ਭਿਤ ਦੀ ਓਟ ਵਿਚ ਮੈਂ ਬੈਠਾ ਸਾਂ।

ਮਾਂ ਨੇ ਉਹਦੀ ਗੱਲ ਦਾ ਕੋਈ ਉਤਰ ਨਾ ਦਿੱਤਾ। ਔਨੀ ਛੇਤੀ ਮੁਸਲਮਾਨ ਗੁਆਂਢੀਆਂ ਨਾਲ ਵਾਸਤਾ ਪੈ ਜਾਣ ਕਾਰਨ ਉਹ ਠਠੰਬਰ ਗਈ ਲਗਦੀ ਸੀ। ਉਹਦਾ ਅਚੇਤ ਮਨ ਸ਼ਾਇਦ ਸਾਹਮਣੇ ਬੈਠੀ ਦੀ ਤੁਲਨਾਂ ਉਨ੍ਹਾਂ ਬੁਰਕੇ ਵਾਲੀਆਂ ਅਨਪੜ੍ਹ ਤੀਵੀਆਂ ਨਾਲ ਕਰ ਰਿਹਾ ਸੀ ਜਿਨ੍ਹਾਂ ਨਾਲ ਹੁਣ ਤੀਕ ਮਾਂ ਦਾ ਵਾਹ ਰਾਵਲਪਿੰਡੀ ਵਿਚ ਪੈਂਦਾ ਰਿਹਾ ਸੀ।

"ਅੱਜ ਦੀ ਏਸ ਸ਼ਿਫ਼ਟਿੰਗ ਕਾਰਣ ਤੁਸੀਂ ਲੰਚ ਨਹੀਂ ਖਾਧਾ ਹੋਣਾ। ਮੈਂ ਹੁਣੇ ਬਣਵਾਕੇ ਭੇਜਦੀ ਹਾਂ।"

"ਨਹੀਂ ਨਹੀਂ।" ਮਾਂ ਦੇ ਉਤਰ ਵਿਚ ਲੋੜ ਤੋਂ ਵਧੀਕ ਇਨਕਾਰ ਅਤੇ ਮਾਸਾ ਕੁ ਖਿਝ ਸੀ।

"ਪਰ ਕਿਉਂ? ਹੁਣੇ ਅੱਧੇ ਘੰਟੇ ਵਿਚ ਸਭ ਕੁਝ ਤਿਆਰ ਹੋ ਜਾਏਗਾ।"

''ਨਹੀਂ ਨਹੀਂ।'' ਮਾਂ ਨੇ ਉਸੇ ਲਹਿਜੇ ਵਿਚ ਦੁਹਰਾਇਆ, ''ਇਹਦੀ ਕੋਈ ਲੋੜ ਨਹੀਂ। ਲੰਚ ਅਸੀਂ ਖਾਕੇ ਟੁਰੇ ਸਾਂ।''

ਮਾਂ ਗਲਤ ਨਹੀਂ ਸੀ ਆਖ ਰਹੀ। ਲੰਚ ਸਚਮੁਚ ਅਸੀਂ ਕਾਰਨਵਾਲਿਸ ਰੋਡ ਕਰ ਲਿਆ ਸੀ।

''ਤਾਂ ਫਿਰ ਅੱਜ ਰਾਤ ਦਾ ਤੁਹਾਡਾ ਖਾਣਾ ਸਾਡੇ ਵਲ ਏ।''

''ਨਹੀਂ। ਨਹੀਂ। ਇਹ ਕਿਵੇਂ ਹੋ ਸਕਦਾ ਏ। ਇਹ ਬਿਲਕੁਲ ਨਹੀਂ ਹੋ ਸਕਦਾ।''

ਮਾਂ ਦੀ ਆਵਾਜ਼ ਦੀ ਘਬਰਾਹਟ ਅਤੇ ਲਹਿਜੇ ਦੀ ਤਲਖੀ ਨਾਲ ਇਨਕਾਰ ਦਾ ਅਸਲੀ ਕਾਰਨ ਜਿਵੇਂ ਬੇਗਮ ਨੂੰ ਖੁੜਕ ਗਿਆ ਹੋਵੇ, ਉਹਦਾ ਉਤਸ਼ਾਹ ਮਾਂਦਾ ਪੈ ਗਿਆ ਅਤੇ ਉਹਦੇ ਮੂੰਹ ਤੇ ਜਿਵੇਂ ਚੁਪ ਜਹੀ ਲਗ ਗਈ। ਮੇਰੇ ਮਨ ਵਿਚ ਤੌਖਲਾ ਉਠ ਖਲੋਤਾ ਕਿ ਮਾਂ ਦੇ ਮੂੰਹੋਂ ਕੋਈ ਅਜਿਹੀ ਗਲ ਨਾਂ ਨਿਕਲ ਜਾਏ ਜੋ ਪਹਿਲੇ ਦਿਨ ਹੀ ਗੁਆਂਢੀਆਂ ਨਾਲ ਫਿਕ ਦਾ ਕਾਰਨ ਬਣੇ। ਮੈਨੂੰ ਯਾਦ ਆਇਆ, ਇਕ ਵਾਰੀ ਗੁਜਰਾਂਵਾਲੇ ਤੋਂ ਰਾਵਲਪਿੰਡੀ ਦਾ ਸਫ਼ਰ ਕਰਦਿਆਂ ਮਾਂ ਨੇ ਲਾਲੇ ਮੂਸੇ ਦੇ ਰੇਲਵੇ ਸਟੇਸ਼ਨ ਤੇ 'ਹਿੰਦੂ ਪਾਣੀ' ਦੀ ਥਾਂ 'ਮੁਸਲਮਾਨ ਪਾਣੀ' ਪੀ ਲਿਆ ਸੀ। ਜਦੋਂ ਇਕ ਹਮਸਫ਼ਰ ਨੇ ਮਾਂ ਨੂੰ ਦਸਿਆ ਕਿ ਉਹਨੇ ਇਕ ਮੁਸਲਮਾਨ ਦੇ ਹੱਥੋਂ ਪਾਣੀ ਪੀ ਲਿਆ ਸੀ ਤਾਂ ਮਾਂ ਨੂੰ ਲਗਾ ਕਿ ਉਹਨੂੰ ਕੈਅ ਹੋ ਜਾਏਗੀ ਤੇ ਸਾਰਾ ਖਾਧਾ ਪੀਤਾ ਬਾਹਰ ਆ ਜਾਏਗਾ। ਕੈਅ ਤਾਂ ਨਾ ਹੋਈ ਪਰ ਲਾਲੇ ਮੂਸੇ ਤੋਂ ਰਾਵਲਪਿੰਡੀ ਦਾ ਸਫ਼ਰ ਬਕਬਕਾ ਅਤੇ ਕੁਸੈਲਾ ਹੋ ਗਿਆ।

ਇਸ ਲਈ ਸਥਿਤੀ ਸੰਭਾਲਣ ਲਈ ਮੈਂ ਤੁਰੰਤ ਆਪਣੀ ਪਤਨੀ ਨੂੰ ਡਰਾਇੰਗ ਰੂਮ ਵਿਚ ਭੇਜਿਆ।

ਬੇਗਮ ਦਾ ਮਨ ਜੋ ਮਾਂ ਨਾਲ ਵਾਰਤਾਲਾਪ ਮਗਰੋਂ ਰਤਾ ਢਹਿੰਦੀਆਂ ਕਲਾਂ ਵਿਚ ਲਥ ਗਿਆ ਸੀ, ਸਿਮਰਨ ਨੂੰ ਵੇਖ ਕੇ ਉਭਰਿਆ ਅਤੇ ਉਹਨੇ ਰਾਤ ਦੇ ਖਾਣੇ ਦਾ ਆਪਣਾ ਸਦਾ ਦੁਹਰਾਇਆ।

''ਮੈਂ ਮਾਂ ਜੀ ਨੂੰ ਕਹਿ ਰਹੀ ਸਾਂ ਕਿ ਜੇ ਅੱਜ ਰਾਤ ਦਾ ਖਾਣਾ ਤੁਸੀਂ ਸਾਡੇ ਵਲ ਖਾਓ ਤਾਂ ਸਾਨੂੰ ਖੁਸ਼ੀ ਹੋਵੇਗੀ।''

''ਤੁਹਾਡਾ ਬਹੁਤ ਬਹੁਤ ਸ਼ੁਕਰੀਆ'', ਸਿਮਰਨ ਨੇ ਪੂਰੇ ਠਰੰਮੇ ਤੇ ਸਦਾਚਾਰ ਨਾਲ ਆਖਿਆ, ''ਪਰ ਇਹਦੀ ਲੋੜ ਨਹੀਂ ਪੈਣੀ। ਕੁੜੀਆਂ ਨੇ ਰਲ ਮਿਲਕੇ ਕਿਚਨ ਸੈਟ ਕਰ ਲਿਆ ਹੈ। ਗੈਸ ਵੀ ਫਿਟ ਹੋ ਗਈ ਹੈ। ਕੋਈ ਤਕਲੀਫ ਹੋਈ ਤਾਂ ਤੁਹਾਨੂੰ ਹੀ ਦਸਾਂਗੇ।''

ਇਨਕਾਰ ਉਹੀ ਸੀ ਪਰ ਸ਼ਬਦ ਦੂਜੇ ਸਨ, ਲਹਿਜਾ ਹੋਰ ਸੀ। ਸ਼ਿਸ਼ਟਾਚਾਰ ਦਾ ਦਾਇਰਾ ਰਤਾ ਵੀ ਨਹੀਂ ਸੀ ਉਲੰਘ ਹੋਇਆ ਅਤੇ ਦੁਹਾਂ ਧਿਰਾਂ ਦੀ ਰਹਿ ਆਈ ਸੀ।

ਬੇਗਮ ਦੇ ਚਲੇ ਜਾਣ ਨੂੰ ਅਜੇ ਪੰਜ ਮਿੰਟ ਨਹੀਂ ਸਨ ਹੋਏ ਕਿ ਬਾਹਰਲੇ ਦਰਵਾਜ਼ੇ ਤੇ ਮੁੜ ਉਹੀ ਮਹੀਨ ਦਸਤਕ ਹੋਈ। ਇਸ ਵਾਰੀ ਬਾਰ ਮੈਂ ਖੋਲ੍ਹਿਆ। ਬਾਹਰ ਬੇਗਮ ਖੜੀ ਸੀ। ਮੈਨੂੰ ਵੇਖਕੇ ਠਠੰਬਰੀ ਪਰ ਛੇਤੀ ਹੀ ਸੰਭਲ ਗਈ। ਉਹਦੀਆਂ

ਕਾਹਲੀ ਕਾਹਲੀ ਫ਼ਰਕਦੀਆਂ ਪਲਕਾਂ ਜੋ ਪਲ ਦਾ ਪਲ ਨਿੰਵ ਗਈਆਂ ਸਨ ਉਪਰ ਉਠੀਆਂ ਅਤੇ ਉਹਨੇ ਰਤਾ ਕੁ ਸਿਰ ਨਿਵਾ ਕੇ ਆਦਾਬ ਆਖੀ। ਆਦਾਬ ਆਖਦਿਆਂ ਉਹ ਹੱਥ ਨਾ ਹਿਲਾ ਸਕੀ ਕਿਉਂ ਜੋ ਉਹਦੇ ਦੂਹਾਂ ਹੱਥਾਂ ਵਿਚ ਪਲੇਟਾਂ ਫੜੀਆਂ ਸਨ। ਇਕ ਪਲੇਟ ਵਿਚ ਕੁਝ ਕੇਲੇ ਤੇ ਬਗੂਗੋਸ਼ੇ ਸਨ ਤੇ ਦੂਜੀ ਵਿਚ ਖ਼ੁਸ਼ਕ ਮੇਵੇ।

"ਆਉ। ਤਸ਼ਰੀਫ਼ ਲੈ ਆਉ।"

ਦਰਵਾਜ਼ਾ ਖੁਲ੍ਹਣ ਦੀ ਬਿੜਕ ਨਾਲ ਸਿਮਰਨ ਵੀ ਡਰਾਇੰਗ ਰੂਮ ਵਿਚ ਆ ਗਈ।

"ਇਹਦੀ ਕੀ ਲੋੜ ਸੀ।" ਉਹਨੇ ਰਸਮੀ ਅੰਦਾਜ਼ ਵਿਚ ਆਖਿਆ, "ਇਹ ਖੇਚਲ ਤੁਸੀਂ ਕਿਉਂ ਕੀਤੀ।"

"ਖੇਚਲ ਨਹੀਂ।" ਬੇਗ਼ਮ ਨੇ ਕਿਹਾ, "ਇਹ ਖੁਸ਼ੀ ਹੈ। ਬਸ ਇਸ ਵਾਰੀ ਉਜ਼ਰ ਨਾ ਕਰਨਾ।"

ਸਿਮਰਨ ਨੇ ਕੋਈ ਉਜ਼ਰ ਨਾ ਕੀਤਾ ਤੇ ਦੋਵੇਂ ਪਲੇਟਾਂ ਫੜਕੇ ਡਾਈਨਿੰਗ ਟੇਬਲ ਤੇ ਰੱਖ ਲਈਆਂ।

ਬੇਗ਼ਮ ਦੇ ਚਿਹਰੇ ਤੇ ਖ਼ੁਸ਼ੀ ਅਤੇ ਨਿਰਾਸ਼ਾ ਇਕ ਅਜੀਬ ਜਹੀ ਲੁਕਣਮੀਚੀ ਖੇਡ ਰਹੀਆਂ ਸਨ। ਖ਼ੁਸ਼ੀ ਕਿ ਅਸੀਂ ਉਹਦੇ ਲਿਆਂਦੇ ਫਲ ਅਤੇ ਮੇਵੇ ਸਵੀਕਾਰ ਕਰ ਲਏ ਸਨ, ਨਿਰਾਸ਼ਾ ਕਿ ਉਹਦੇ ਘਰ ਵਿਚ ਪਕੇ ਖਾਣੇ ਨੂੰ ਨਾਂਹ ਕਰ ਦਿੱਤੀ ਸੀ।

ਏਨੇ ਨੂੰ ਮਾਂ ਵੀ ਡਰਾਇੰਗ ਰੂਮ ਵਿਚ ਆ ਗਈ, ਇਹ ਵੇਖਣ ਲਈ ਕਿ ਹੁਣ ਕੌਣ ਆਇਆ ਸੀ।

"ਮੇਰੇ ਸ਼ੌਹਰ ਵੀ ਤੁਹਾਨੂੰ ਮਿਲਣ ਆਉਣਾ ਚਾਹੁੰਦੇ ਸਨ", ਬੇਗ਼ਮ ਆਖ ਰਹੀ ਸੀ, "ਪਰ ਅੱਜ ਉਨ੍ਹਾਂ ਦੀ ਤਬੀਅਤ ਨਾਸਾਜ਼ ਹੈ। ਅੱਜ ਆਫ਼ਿਸ ਵੀ ਨਹੀਂ ਗਏ।"

"ਕੀ ਤਕਲੀਫ਼ ਹੈ?" ਮੈਂ ਪੁੱਛਿਆ।

"ਬਸ ਬੈਠੇ ਬੈਠੇ ਅਚਨਚੇਤ ਘਬਰਾ ਜਾਂਦੇ ਹਨ। ਲਤਾਂ ਡਗਮਗਾਣ ਲਗ ਜਾਂਦੀਆਂ ਹਨ। ਹੱਥ ਕੰਬਣ ਲਗ ਜਾਂਦੇ ਹਨ। ਘਬਰਾਹਟ ਦਾ ਐਸਾ ਸ਼ਦੀਦ ਦੌਰਾ ਪੈਂਦਾ ਹੈ ਕਿ ਲਗਦਾ ਹੈ ਜਾਨ ਨਿਕਲ ਜਾਏਗੀ।"

ਮਾਂ, ਸਿਮਰਨ ਅਤੇ ਮੈਂ ਨਜ਼ਰਾਂ ਸਾਂਝੀਆਂ ਕੀਤੀਆਂ। ਇਹ ਸਾਰੀਆਂ ਅਲਾਮਤਾਂ ਤਾਂ ਮੇਰੀ ਆਪਣੀ ਬੀਮਾਰੀ ਦੀਆਂ ਸਨ, ਜਿਸਨੇ ਕਈ ਵਰ੍ਹਿਆਂ ਤੋਂ ਮੈਨੂੰ ਬੇਚੈਨ ਰਖਿਆ ਸੀ।

"ਡਾਕਟਰ ਕੀ ਕਹਿੰਦੇ ਹਨ?" ਸਿਮਰਨ ਨੇ ਪੁੱਛਿਆ।

"ਡਾਕਟਰਾਂ ਦੀ ਇਕੋ ਰਾਏ ਹੈ ਕਿ ਇਨ੍ਹਾਂ ਨੂੰ ਕੋਈ ਬੀਮਾਰੀ ਨਹੀਂ। ਹਾਰਟ ਠੀਕ ਹੈ, ਬਲੱਡ ਪ੍ਰੈਸ਼ਰ ਠੀਕ ਹੈ, ਬਲੱਡ ਸ਼ੂਗਰ ਠੀਕ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਏਨੇ ਸਾਲਾ ਤੋਂ ਬਸ ਇਨ੍ਹਾਂ ਇਕ ਵਹਿਮ ਪਾਲ ਰਖਿਆ ਹੈ ਕਿ ਇਹ ਬੀਮਾਰ ਹਨ।"

ਅਸਾਂ ਫੇਰ ਇਕ ਦੂਜੇ ਵਲ ਵੇਖਿਆ। ਏਨੇ ਸਾਲਾਂ ਤੋਂ ਡਾਕਟਰਾਂ ਦੀ ਮੇਰੀ ਬੀਮਾਰੀ ਬਾਰੇ ਵੀ ਇੰਨ ਬਿੰਨ ਇਹੋ ਰਾਏ ਸੀ।

''ਅੱਜ ਸਵੇਰੇ ਡਾਕਟਰ ਬੋਸ ਕਹਿ ਗਿਆ ਹੈ'', ਬੇਗ਼ਮ ਕਹਿੰਦੀ ਗਈ, ''ਕਿ ਹੁਣ ਇਕੋ ਹੀਲਾ ਰਹਿ ਗਿਆ ਹੈ ਕਿ ਕਿਸੇ ਸਿਆਣੇ ਨੀਉਰਾਲੋਜਿਸਟ ਨੂੰ ਵਿਖਾਇਆ ਜਾਏ ।''

''ਫੇਰ ?'' ਮੈਂ ਪੁੱਛਿਆ ।

''ਵਲਿੰਗਡਨ ਹਸਪਤਾਲ ਦੇ ਟਾਪ ਨੀਉਰਾਲੋਜਿਸਟ ਡਾਕਟਰ ਸੁਖਦੇਵ ਸਿੰਘ ਨੂੰ ਬੁਲਾਇਆ ਹੈ । ਅੱਜ ਪੰਜ ਵਜੇ ਉਹ ਆਉਣ ਗੇ । ਵੇਖੋ ਉਹ ਕੀ ਕਹਿੰਦੇ ਹਨ ।''

ਸ਼ਾਮ ਨੂੰ ਕੋਈ ਪੌਣੇ ਛੇ ਵੱਜੇ ਨਾਲ ਮੈਂ ਡਰਾਇੰਗ ਰੂਮ ਦੀ ਖਿੜਕੀ ਵਿਚੋਂ ਝਾਕਿਆ ਤਾਂ ਇਕ ਡਾਕਟਰ ਆਪਣਾ ਬੈਗ ਚੁਕੀ ਕਾਰ ਵਿਚ ਬੈਠ ਰਿਹਾ ਸੀ ।

''ਸਿਮਰਨ'', ਮੈਂ ਆਪਣੀ ਪਤਨੀ ਨੂੰ ਵਾਜ ਮਾਰੀ, ''ਲਗਦਾ ਹੈ ਨੀਉਰਾ-ਲੋਜਿਸਟ ਸ਼ੌਕਤ ਹੁਸੈਨ ਹੁਰਾਂ ਨੂੰ ਵੇਖਕੇ ਜਾ ਰਿਹਾ ਹੈ । ਸਾਨੂੰ ਉਨ੍ਹਾਂ ਦੇ ਘਰ ਜਾਕੇ ਹਾਲ ਚਾਲ ਪਤਾ ਕਰਨਾ ਚਾਹੀਦਾ ਹੈ ।''

''ਚਲੋ ਮੈਂ ਵੀ ਚਲਦੀ ਹਾਂ ।'' ਇਹ ਮਾਂ ਕਹਿ ਰਹੀ ਸੀ । ਉਹਨੂੰ ਇਹ ਜਾਨਣ ਦੀ ਬੇਸਬਰੀ ਸੀ ਕਿ ਨੀਉਰਾਲੋਜਿਸਟ ਨੇ ਸਾਡੇ ਗੁਆਂਢੀ ਅਤੇ ਮੇਰੀ ਸਾਂਝੀ ਬੀਮਾਰੀ ਬਾਰੇ ਕੀ ਰਾਏ ਦਿੱਤੀ ਸੀ ।

ਸ਼ੌਕਤ ਹੁਸੈਨ ਸਾਹਬ ਬਿਸਤਰੇ ਤੇ ਲੇਟੇ ਸਨ । ਸਾਨੂੰ ਵੇਖਕੇ ਤਕੀਏ ਦੀ ਢੋ ਲਾਕੇ ਬਹਿ ਗਏ । ਸਾਨੂੰ ਆਪਣੇ ਘਰ ਆਇਆਂ ਵੇਖ ਬੇਗ਼ਮ ਨੂੰ ਜਿਵੇਂ ਆਪਣੇ ਸ਼ੌਹਰ ਦੀ ਬੀਮਾਰੀ ਵਿਸਰ ਗਈ ਹੋਵੇ ।

''ਇਥੇ ਬੈਠੋ । ਆਰਾਮ ਨਾਲ ਬੈਠੋ । ਮਾਂ ਜੀ ਤੁਸੀਂ ਇਥੇ ਤਸ਼ਰੀਫ਼ ਰਖੋ ।'' ਉਹ ਸਾਡੇ ਅੱਗੇ ਪਿੱਛੇ ਹੋ ਰਹੀ ਸੀ ।

''ਕੀ ਕਹਿ ਗਿਆ ਏ ਨਿਉਰਾਲੋਜਿਸਟ ?'' ਸਿਮਰਨ ਨੇ ਪੁੱਛਿਆ ।

''ਪਹਿਲਾਂ ਤਾਂ ਉਹਨੇ ਵੀ ਹਾਰਟ ਅਤੇ ਬਲੱਡਪ੍ਰੈਸ਼ਰ ਹੀ ਚੈਕ ਕੀਤਾ ।'' ਬੇਗ਼ਮ ਦਸ ਰਹੀ ਸੀ, ''ਇਨ੍ਹਾਂ ਬਾਰੇ ਤਸੱਲੀ ਕਰ ਲੈਣ ਮਗਰੋਂ ਉਹਨੇ ਇਨ੍ਹਾਂ ਦੀ ਹਿਸਟਰੀ ਪੁਛਣੀ ਸ਼ੁਰੂ ਕੀਤੀ, ਬਚਪਨ ਤੋਂ ਲੈ ਕੇ । ਬਚਪਨ ਵਿਚ ਤੁਹਾਨੂੰ ਕੌਣ ਕੌਣ ਗੁਸੇ ਹੁੰਦਾ ਸੀ, ਕੌਣ ਕੌਣ ਮਾਰਦਾ ਸੀ । ਜਦੋਂ ਘਰ ਇਕੱਲੇ ਹੁੰਦੇ ਸਾਓ ਤਾਂ ਕੋਈ ਨੌਕਰ ਤਾਂ ਨਹੀਂ ਸੀ ਡਾਂਟਿਆ ਡਰਾਇਆ ਕਰਦਾ । ਕਿਤੇ ਤੁਹਾਡੇ ਦਾਦਾ ਜਾਨ ਦਾ ਸੁਭਾ ਗੁਸੀਲਾ ਤਾਂ ਨਹੀਂ ਸੀ । ਘਰ ਵਾਤਾਵਰਨ ਸੁਖਾਵਾਂ ਸੀ ਜਾਂ ਲਹੂ ਸੁਕਾਣ ਵਾਲਾ । ਸਕੂਲ ਵਿਚ ਕੋਈ ਉਸਤਾਦ ਤਾਂ ਨਹੀਂ ਸੀ ਵਢ ਖਾਣਾ । ਬਚਪਨ ਵਿਚ ਜਾਂ ਜਵਾਨੀ ਵਿਚ ਕੋਈ ਐਕਸੀਡੈਂਟ ਕੋਈ ਹਾਦਸਾ ਤਾਂ ਨਹੀਂ ਪੇਸ਼ ਆਇਆ । ਸਾਰੀਆਂ ਗੱਲਾਂ ਦਾ ਜਵਾਬ ਜਦੋਂ ਸ਼ੌਕਤ ਸਾਹਬ ਨੇ ਨਾਂਹ ਵਿਚ ਦਿੱਤਾ ਤਾਂ ਡਾਕਟਰ ਸੋਚੀਂ ਪੈ ਗਿਆ । ਫੇਰ ਜਿਵੇਂ ਉਹਦੇ ਦਿਮਾਗ਼ ਵਿਚ ਕੋਈ ਲਿਸ਼ਕਾਰਾ ਵਜਾ ਹੋਵੇ, ਉਹਨੇ ਪੁੱਛਿਆ :

''ਬਟਵਾਰੇ ਵੇਲੇ ਤੁਸੀਂ ਕਿਥੇ ਸਾਓ ?''

ਅਚਨਚੇਤ ਬੇਗ਼ਮ ਚੁਪ ਹੋ ਗਈ । ਜਿਵੇਂ ਅਤੀਤ ਦੇ ਹਨੇਰੇ ਵਿਚੋਂ ਕੋਈ ਵਹਿਸ਼ੀ ਦਰਿੰਦਾ ਉਹਦੇ ਤੇ ਝਪਟ ਪਿਆ ਹੋਵੇ । ਅਸੀਂ ਉਹਦੇ ਸਭੰਲਣ ਨੂੰ ਉਡੀਕਦੇ ਰਹੇ ।

ਹੁਣ ਜਦੋਂ ਉਹ ਬੋਲੀ ਤਾਂ ਉਹਦੀ ਆਵਾਜ਼ ਥਿੜਕ ਰਹੀ ਸੀ।

''ਇਨ੍ਹਾਂ ਦਸਿਆ ਕਿ ਉਦੋਂ ਇਹ ਮੁਰਾਦਾਬਾਦ ਵਿਚ ਸਨ। ਫ਼ਸਾਦੀਆਂ ਦੇ ਹਜੂਮ ਨੇ ਇਨ੍ਹਾਂ ਦੀ ਜੱਦੀ ਹਵੇਲੀ ਸਾੜ ਸੁਟੀ। ਇਨ੍ਹਾਂ ਦੇ ਵਾਲਦ ਸਾਹਬ ਅਤੇ ਦੋ ਚਾਚਿਆਂ ਨੂੰ ਮਾਰ ਦਿੱਤਾ, ਇਨ੍ਹਾਂ ਦੀ ਭਰਜਾਈ ਅਤੇ ਦੋ ਕੁਆਰੀਆਂ ਭੈਣਾਂ ਦੀ ਬੇਪਤੀ ਕੀਤੀ।''

ਕੌਣ ਨਹੀਂ ਜਾਣਦਾ ਕਿ ਸਿਮਰਨ ਝੱਲੀ ਹੈ। ਦੁਖ ਦਰਦ ਦੀ ਕੋਈ ਦਾਸਤਾਨ ਸੁਣਕੇ ਉਹਦੀਆਂ ਅੱਖਾਂ ਮੋਹਲੇਧਾਰ ਵਸਣ ਲਈ ਬੇਤਾਬ ਹੋ ਉਠਦੀਆਂ ਹਨ। ਹੁਣ ਵੀ ਇਹੀ ਹੋਇਆ। ਮੈਂ ਵੇਖਿਆ ਉਹ ਮੁੜ ਮੁੜ ਹੰਝੂਆਂ ਦੀਆਂ ਵਹੀਰਾਂ ਨੂੰ ਗਲ੍ਹਾਂ ਤੋਂ ਛਿਣਕ ਰਹੀ ਸੀ। ਫੇਰ ਮੈਂ ਵੇਖਿਆ ਹੰਝੂ ਮਾਂ ਦੀਆਂ ਅੱਖਾਂ ਵਿਚ ਵੀ ਡਲ੍ਹਕ ਪਏ ਸਨ।

''ਫੇਰ।'' ਭਰੇ ਹੋਏ ਗਚ ਵਿਚੋਂ ਮੈਂ ਪੁਛਿਆ।

ਬੇਗਮ ਬੋਲੀ, ''ਫੇਰ ਤਾਂ ਜਿਵੇਂ ਇਨ੍ਹਾਂ ਦੀ ਦੁਖਦੀ ਰਗ ਡਾਕਟਰ ਦੇ ਹੱਥ ਆ ਗਈ। ਉਹਨੇ ਉਨ੍ਹਾਂ ਚੰਦਰੇ ਦਿਨਾਂ ਅਤੇ ਕੁਲਹਿਣੀਆਂ ਰਾਤਾਂ ਦੀ ਇਕ ਇਕ ਤਫ਼ਸੀਲ ਇਨ੍ਹਾਂ ਪਾਸੋਂ ਪੁਛੀ। ਫੇਰ ਉਹਨੂੰ ਇਨ੍ਹਾਂ ਦੀ ਮਰਜ਼ ਫੜਦਿਆਂ ਚਿਰ ਨਹੀਂ ਲਗੀ। ਉਹਦੀ ਰਾਏ ਸੀ ਕਿ ਬਟਵਾਰੇ ਦੇ ਫ਼ਸਾਦਾਂ ਦੀ ਦਹਿਸ਼ਤ ਇਨ੍ਹਾਂ ਦੇ ਹਸਾਸ ਅਚੇਤ ਮਨ ਵਿਚ ਬੈਠੀ ਹੋਈ ਹੈ ਅਤੇ ਏਸੇ ਦਹਿਸ਼ਤ ਕਾਰਨ ਇਨ੍ਹਾਂ ਨੂੰ ਘਬਰਾਹਟ ਅਤੇ ਬੇਚੈਨੀ ਦੇ ਦੌਰੇ ਪੈਂਦੇ ਹਨ। ਉਹ ਕਹਿ ਗਿਆ ਹੈ ਕਿ ਇਹ ਵਹਿਮ ਉਕਾ ਨਹੀਂ, ਇਕ ਠੋਸ ਮਾਨਸਕ ਬੀਮਾਰੀ ਹੈ ਜਿਸ ਦਾ ਲਗ ਕੇ ਇਲਾਜ ਕਰਨਾ ਪਏਗਾ ਅਤੇ ਇਲਾਜ ਹੋ ਵੀ ਜਾਏਗਾ।''

ਮੈਂ ਸਿਮਰਨ ਵਲ, ਸਿਮਰਨ ਨੇ ਮੇਰੇ ਵਲ ਤੇ ਮਾਂ ਨੇ ਅਸਾਂ ਦੁਹਾਂ ਵਲ ਵੇਖਿਆ। ਸਾਡੀਆਂ ਨਜ਼ਰਾਂ ਕਹਿ ਰਹੀਆਂ ਸਨ ਕਿ ਲਗਦੇ ਹੱਥ ਮੇਰੀ ਪੁਰਾਣੀ ਬੀਮਾਰੀ ਦੀ ਵੀ ਤਸ਼ਖ਼ੀਸ਼ ਹੋ ਗਈ ਸੀ।

''ਨੀਊਰਾਲੋਜਿਸਟ ਦੀ ਰਾਏ ਮੈਨੂੰ ਬਿਲਕੁਲ ਠੀਕ ਜਾਪਦੀ ਹੈ।'' ਬੇਗਮ ਕਹਿੰਦੀ ਗਈ, ''ਇਨ੍ਹਾਂ ਨੂੰ ਇਹ ਤਕਲੀਫ਼ ਬਟਵਾਰੇ ਤੋਂ ਬਾਅਦ ਹੀ ਸ਼ੁਰੂ ਹੋਈ ਹੈ। ਅਗਸਤ-ਸਤੰਬਰ ਦੇ ਮਹੀਨਿਆਂ ਵਿਚ, ਜਦੋਂ ਇਹ ਫ਼ਸਾਦ ਹੋਏ, ਇਨ੍ਹਾਂ ਨੂੰ ਇਹ ਦੌਰੇ ਜ਼ਰੂਰ ਪੈਂਦੇ ਹਨ।''

ਦੁਪੱਟੇ ਦੇ ਲੜ ਨਾਲ ਹੰਝੂਆਂ ਦੀ ਪੈੜ ਆਪਣੇ ਮੂੰਹ ਤੋਂ ਪੂੰਝਦੀ ਸਿਮਰਨ ਬੋਲੀ—

''ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਬਿਲਕੁਲ ਇਹੀ ਤਕਲੀਫ਼ ਇਨ੍ਹਾਂ ਨੂੰ ਵੀ ਹੈ। ਬੈਠੇ ਬੈਠੇ ਘਬਰਾ ਜਾਂਦੇ ਹਨ। 'ਹਾਏ ਮੈਂ ਮਰ ਗਿਆ, ਮੇਰੀ ਜਾਨ ਨਿਕਲ ਚਲੀ ਜੇ। ਡਾਕਟਰ ਨੂੰ ਬੁਲਾਓ। ਮੇਰਾ ਕੁਝ ਕਰੋ'। ਏਨੇ ਸਾਲ ਕਿਸੇ ਡਾਕਟਰ ਨੂੰ ਇਨ੍ਹਾਂ ਦੀ ਬੀਮਾਰੀ ਦੀ ਸਮਝ ਨਹੀਂ ਆਈ।''

ਉਮਡਦੇ ਆਉਂਦੇ ਹੰਝੂ ਗਚ ਵਿਚ ਨਿਆਰਦੀ ਮਾਂ ਬੋਲੀ, ''ਪਾਕਿਸਤਾਨੀ ਫ਼ਸਾਦਾਂ ਵਿਚ ਅਸਾਂ ਵੀ ਬੜਾ ਖ਼ੂਨ ਖ਼ਰਾਬਾ ਵੇਖਿਆ ਏ। ਵਡੇ ਵਡੇ ਸਲ ਝਲੇ ਨੇ, ਸਦਮੇ ਸਹਾਰੇ ਨੇ। ਲਗਦਾ ਏ ਅਸਾਂ ਦੋਹਾਂ ਪਰਵਾਰਾਂ ਨੂੰ ਇਕੋ ਹੀ ਬੀਮਾਰੀ ਏ।''

''ਹਾਂ, ਇਕੋ ਹੀ ਬੀਮਾਰੀ ਏ।'' ਮਾਂ ਦੀ ਪ੍ਰੋੜਤਾ ਕਰਦਿਆਂ ਮੈਂ ਆਖਿਆ, ''ਕਿਉਂ ਜੋ ਅਸੀਂ ਦੋਵੇਂ ਪਰਵਾਰ ਇਕੋ ਬਰਾਦਰੀ ਵਿਚੋਂ ਹਾਂ।''

ਫੇਰ ਮਾਂ ਅਤੇ ਸਿਮਰਨ ਦੀਆਂ ਤਕਣੀਆਂ ਵਿਚ ਪ੍ਰਸ਼ਨ ਚਿੰਨ ਲਟਕਦੇ ਵੇਖ ਮੈਂ ਕਹਿੰਦਾ ਗਿਆ, ''ਮੈਂ ਠੀਕ ਆਖ ਰਿਹਾ ਹਾਂ। ਇਸ ਦੁਨੀਆਂ ਵਿਚ ਦੋ ਹੀ ਤਾਂ ਬਰਾਦਰੀਆਂ ਹਨ। ਇਕ ਜ਼ਾਲਮਾਂ ਦੀ, ਦੂਜੀ ਮਜ਼ਲੂਮਾਂ ਦੀ। ਅਸੀਂ ਦੋਵੇਂ ਪਰਵਾਰ ਮਜ਼ਲੂਮਾਂ ਦੀ ਬਰਾਦਰੀ ਵਿਚੋਂ ਹਾਂ।''

ਮੈਂ ਵੇਖਿਆ, ਸ਼ੌਕਤ ਹੁਸੈਨ ਸਾਹਬ ਸਿਰ ਹਿਲਾ ਕੇ ਮੇਰੇ ਕਥਨ ਦੀ ਤਾਈਦ ਕਰ ਰਹੇ ਸਨ।

''ਭਾਬੀ ਜਾਨ।'' ਅਚਨਚੇਤ ਮੇਰੇ ਮੂੰਹੋਂ ਨਿਕਲਿਆ, ਤੇ ਫੇਰ ਮੈਂ ਰਤਾ ਝਿਜਕ ਕੇ ਪੁਛਿਆ, ''ਕੀ ਮੈਂ ਤੁਹਾਨੂੰ ਭਾਬੀ ਜਾਨ ਆਖ ਕੇ ਬੁਲਾ ਸਕਦਾ ਹਾਂ?''

''ਜ਼ਰੂਰ ਭਾਈ ਸਾਹਬ। ਕਿਉਂ ਨਹੀਂ।''

''ਭਾਬੀ ਜਾਨ''; ਮੈਂ ਆਖਿਆ, ''ਅਜ ਖ਼ੁਸ਼ੀ ਦਾ ਮੌਕਾ ਹੈ। ਕਿਉਂਜੋ ਅਜ ਇਕ ਸਿਆਣੇ ਨੀਊਰਾਲੋਜਿਸਟ ਨੇ ਅਸਾਂ ਦੋਹਾਂ ਪਰਵਾਰਾਂ ਦਾ ਰੋਗ ਪਛਾਣਿਆਂ ਹੈ। ਰੋਗ ਦੀ ਪਛਾਣ ਅੱਧਾ ਇਲਾਜ ਹੁੰਦੀ ਹੈ। ਬਾਕੀ ਦਾ ਅੱਧਾ ਹੁਣ ਦਿਨਾਂ ਜਾਂ ਮਹੀਨਿਆਂ ਦੀ ਗੱਲ ਹੈ। ਫੇਰ ਨੌ ਬਰ ਨੌ ਹੋ ਕੇ ਸ਼ੌਕਤ ਸਾਹਬ ਤੇ ਮੈਂ ਸਤਯ ਮਾਰਗ ਤੋਂ ਹੁੰਦੇ ਹੋਏ ਸ਼ਾਂਤੀ ਪਥ ਤੇ ਲੰਮੀ ਸੈਰ ਲਈ ਜਾਇਆ ਕਰਾਂਗੇ। ਤਾਂ ਜਿਵੇਂ ਮੈਂ ਕਹਿ ਰਿਹਾ ਸਾਂ ਅਜ ਖ਼ੁਸ਼ੀ ਦਾ ਮੌਕਾ ਹੈ। ਏਸੇ ਖ਼ੁਸ਼ੀ ਵਿਚ ਮੂੰਹ ਮਿਠਾ ਕਰਾਓ।''

ਬੇਗਮ ਬੋਲੀ, ''ਕਿਉਂ ਨਹੀਂ ਭਾਈ ਸਾਹਬ, ਮੈਂ ਹੁਣੇ ਫਲ ਅਤੇ ਸੁਕੇ ਮੇਵੇ ਲਿਆਈ।''

''ਫਲ ਅਤੇ ਸੁਕੇ ਮੇਵੇ ਨੂੰ ਮਾਰੋ ਗੋਲੀ'', ਮੈਂ ਆਖਿਆ, ''ਜੇ ਮੂੰਹ ਮਿਠਾ ਕਰਾਣਾ ਜੇ ਤਾਂ ਚੰਗੀ ਤਰ੍ਹਾਂ ਕਰਾਓ।''

''ਪਰ ਕਿਵੇਂ?'' ਬੇਗਮ ਨੇ ਰਤਾ ਬੇਬਸੀ ਨਾਲ ਪੁਛਿਆ।

''ਹੋ ਜਾਏ ਕੋਈ ਕਿਸ਼ਮਿਸ਼ ਵਾਲਾ ਹਲਵਾ।'' ਮੈਂ ਕਿਹਾ, ''ਕੋਈ ਗਰੀ ਬਦਾਮਾਂ ਵਾਲੀ ਖੀਰ ਜਾਂ ਫਿਰ ਸ਼ਕਰ ਸੇਂਵੀਆਂ ਦਾ ਪੁਲਾ।''

ਬੇਗਮ ਨੇ ਪਹਿਲਾਂ ਸਿਮਰਨ ਅਤੇ ਫਿਰ ਮਾਂ ਵਲ ਵੇਖਿਆ।

ਉਨ੍ਹਾਂ ਦੋਹਾਂ ਦੇ ਚਿਹਰਿਆਂ ਤੇ ਖਿੜੀ ਮੁਸਕਾਨ ਮੇਰੀ ਫ਼ਰਮਾਇਸ਼ ਦੀ ਪ੍ਰੋੜਤਾ ਕਰ ਰਹੀ ਸੀ।

''ਅਸੀਂ ਤੁਹਾਡੀ ਮੁਸ਼ਕਲ ਸਮਝਦੇ ਹਾਂ, ਭਾਬੀ ਜਾਨ'', ਮੈਂ ਕਿਹਾ, ''ਪੁਲਾ ਜਾਂ ਹਲਵਾ ਜਾਂ ਖੀਰ ਬਣਾਣ ਲਈ ਵਕਤ ਚਾਹੀਦਾ ਹੈ। ਸਾਨੂੰ ਵੀ ਕੋਈ ਕਾਹਲ ਨਹੀਂ। ਅਸੀਂ ਵੀ ਨਿਠ ਕੇ ਸਮਝੋ ਆਪਣੇ ਹੀ ਘਰ ਬੈਠੇ ਹਾਂ। ਜਿੰਨਾ ਚਿਰ ਕੁਝ ਹੋਰ ਨਹੀਂ ਬਣਦਾ ਅਸੀਂ ਚਾਹ ਤੇ ਬਿਸਕੁਟਾਂ ਨਾਲ ਹੀ ਪਰਚੇ ਰਹਾਂਗੇ।''

ਖ਼ੁਸ਼ੀ ਨਾਲ ਬੇਗਮ ਉਛਲ ਪਈ ਤੇ ''ਮੈਂ ਹੁਣੇ ਆਈ'' ਕਹਿੰਦੀ ਚਾਈਂ ਚਾਈਂ ਕਿਚਨ ਵਲ ਚਲੀ ਗਈ।

ਮਾਂ

ਸੁਣਦਿਆਂ ਸਾਰ ਰਹਿਮਤ ਬੀਬੀ ਦੀ ਹਿਕ ਵਿਚ ਜਿਵੇਂ ਵਦਾਣ ਆ ਵੱਜਾ। ਉਹਦੇ ਹੋਸ਼ ਹਵਾਸ ਨੂੰ ਘੇਰਨੀ ਆਈ। ਪਰ ਛੇਤੀ ਹੀ ਉਹਨੇ ਇਕ ਹੰਭਲੇ ਨਾਲ ਆਪਣੇ ਆਪ ਨੂੰ ਸੰਭਾਲਿਆ। ਰਮਜ਼ਾਨਾ ਤਾਂ ਸਾਰੇ ਜਹਾਨ ਦਾ ਝੂਠਾ ਸੀ। ਪਤਾ ਨਹੀਂ ਕਿਹੜੇ ਚੁਗਲ ਤੋਂ ਸੁਣੀ ਗੱਲ ਬੋਚ ਲਿਆਇਆ ਸੀ।

''ਤੂੰ ਮੁਗ਼ਲ ਚਕ ਕੀ ਲੈਣ ਗਿਆ ਸੈਂ ?'' ਸ਼ਕ ਨਾਲ ਪਲੇਥਣੇ ਲਹਿਜੇ ਵਿਚ ਰਹਿਮਤ ਬੀਬੀ ਨੇ ਆਪਣੇ ਦਿਉਰ ਨੂੰ ਪੁਛਿਆ।

''ਨੂਰਾਂ ਲਈ ਮੁੰਡਾ ਵੇਖਣਾ ਸੀ ਉਥੇ। ਕੁਵੇਲਾ ਹੋ ਗਿਆ ਤਾਂ ਮੈਂ ਰਾਤ ਉਹਨਾਂ ਦੇ ਹੀ ਰਹਿ ਪਿਆ। ਸਵੇਰੇ ਜਾਗਿਆ ਤਾਂ ਅਲੀਏ ਗਿਰਦੇ ਸਾਰਾ ਪਿੰਡ ਜੁੜਿਆ ਖਲੋਤਾ ਸੀ।''

ਤਾਂ ਰਮਜ਼ਾਨਾ ਸਚ ਆਖ ਰਿਹਾ ਸੀ। ਉਹਦੀ ਗੱਲ ਇਕ ਖੁੰਢੀ ਛੁਰੀ ਬਣ ਕੇ ਰਹਿਮਤ ਬੀਬੀ ਦੇ ਕਾਲਜੇ ਟੁਣ ਗਈ।

''ਤੂੰ ਆਪਣੀ ਅੱਖੀਂ ਵੇਖ ਕੇ ਆਇਆ ਏਂ ?'' ਬੁੱਢੀ ਮਰੀ ਹੋਈ ਆਵਾਜ਼ ਵਿਚ ਸਿਸਕੀ।

''ਆਹੋ ! ਅਲੀਏ ਦੀ ਇਕ ਅੱਖ ਵਿਚੋਂ ਲਹੂ ਦੀ ਧਾਰ ਪਈ ਵਗਦੀ ਸੀ ਤੇ ਡਾਂਗਾਂ ਦੀ ਮਾਰ ਨਾਲ ਉਹ ਪਿੰਜਿਆ ਪਿਆ ਸੀ।''

ਰਹਿਮਤ ਬੀਬੀ ਨੂੰ ਜਾਪਿਆ ਉਹਦਾ ਸਰੀਰ ਝੂਠਾ ਪੈਂਦਾ ਜਾ ਰਿਹਾ ਸੀ। ਉਹ ਜਿਥੇ ਖਲੋਤੀ ਸੀ ਉਥੇ ਹੀ ਬਹਿ ਗਈ। ਕਿੰਨਾ ਚਿਰ ਉਹਦੇ ਮੂੰਹੋਂ ਵਾਜ ਨਾ ਨਿਕਲੀ।

''ਵੇ ਤੂੰ ਕਿਹੋ ਜਿਹਾ ਚਾਚਾ ਏਂ ?'' ਅਖੀਰ ਉਹਨੇ ਨਿਹੋਰੇ ਭਰੀ ਭੀਣੀ ਬਾਣ ਵਿਚ ਆਖਿਆ, ''ਮੁੰਡੇ ਨੂੰ ਮੌਤ ਦੇ ਮੂੰਹ ਵਿਚ ਛੱਡ ਕੇ ਖਿਸਕ ਆਉਣ ਦਾ ਤੇਰਾ ਜਿਗਰਾ ਕਿਵੇਂ ਪਿਆ।''

''ਕੌਣ ਚਾਚਾ, ਕਿਸ ਦਾ ਚਾਚਾ ?'' ਰਮਜ਼ਾਨਾ ਅੱਖਾਂ ਦਾ ਟੀਰ ਲਿਸ਼ਕਾਉਂਦਾ ਕੜਕਿਆ। ''ਮੁੰਡੇ ਡੇਰੇ ਦੇ ਕਾਰਿਆਂ ਨੇ ਸਾਰੇ 'ਲਾਕੇ ਵਿਚ ਸਾਡਾ ਨੱਕ ਵਢਾ

ਛਡਿਆ ਏ। ਜੇ ਮੁਗਲ ਚਕ ਦੇ ਕਰੀਮ ਬਖਸ਼ ਨੂੰ ਪਤਾ ਲਗ ਗਿਆ ਕਿ ਅਲੀਆ ਨੂਰਾਂ ਦਾ ਕੁਝ ਲਗਦਾ ਏ ਤਾਂ ਉਹਨੇ ਸਾਕ ਮੋੜ ਦੇਣਾ ਏਂ। ਮੈਂ ਪੁਛਨਾਂ ਵਾਂ ਅਲੀਏ ਨੂੰ ਕਲ ਰਾਤੀਂ ਸੰਨ੍ਹ ਲਾਣ ਲਈ ਮੁਗਲ ਚੱਕ ਹੀ ਲੱਭਾ ਸੀ।''

ਬਿੰਦ ਕੁ ਲਈ ਰਮਜ਼ਾਨਾ ਰੁਕ ਗਿਆ। ਜਿਵੇਂ ਰਹਿਮਤ ਬੀਬੀ ਦੇ ਬੋਲਣ ਨੂੰ ਉਡੀਕਦਾ ਹੋਵੇ। ਫੇਰ ਬੋਲਿਆ—

''ਲੋਕੀ ਆਂਹਦੇ ਸਨ, ਮੰਗਲ ਸ਼ਾਹ ਠਾਣਾ ਲੈਣ ਕੁਜਰਾਂਆਲੇ ਗਿਆ ਏ। ਮੇਰਾ ਫਰਜ਼ ਬਣਦਾ ਸੀ ਤੈਨੂੰ ਦਸਣਾ। ਅਗੋਂ ਤੂੰ ਜਾਣ ਤੇਰਾ ਕੰਮ।''

ਰਮਜ਼ਾਨੇ ਦੇ ਟੁਰ ਜਾਣ ਮਗਰੋਂ ਰਹਿਮਤ ਬੀਬੀ ਇਕ ਝਟਕੇ ਨਾਲ ਉਠ ਖਲੋਤੀ। ਢੇਰੀ ਢਾਹਿਆਂ ਤਾਂ ਕੁਝ ਨਹੀਂ ਸੀ ਬਣਦਾ। ਜੇ ਉਹ ਏਦਾਂ ਖੂੰਜੇ ਲੱਗੀ ਰਹੀ ਤਾਂ ਉਹਦੇ ਪੁੱਤਰ ਦੀ ਅੱਖ ਵਿਚੋਂ ਵਹਿੰਦਾ ਉਹਦੇ ਜੁਸੇ ਦਾ ਸਾਰਾ ਲਹੂ ਮੁਗਲ ਚਕ ਦੀਆਂ ਗਲੀਆਂ ਵਿਚ ਜ਼ੀਰ ਜਾਣਾ ਸੀ।

ਘਿਓ ਦੀ ਪੀਪੀ ਉਹਨੇ ਇਕ ਗੜਵੀ ਵਿਚ ਲੁਦੀ ਤੇ ਲਪ ਬਦਾਮਾਂ ਦੀ ਵਿਚ ਸੁਟੀ। ਫੇਰ ਕੁਝ ਨਿਕ ਸੁਕ ਦੁਪੱਟੇ ਕੰਨੀ ਬੱਧਾ ਅਤੇ ਫੇਰ ਪੈਰੀਂ ਜੁੱਤੀ ਅੜਾਂਦੀ ਬਾਰ ਖੁਲ੍ਹਾ ਛੱਡ ਕੇ ਨਿਕਲ ਤੁਰੀ। ਮੁਗਲ ਚਕ ਕਾਜ਼ੀ ਦੇ ਕੋਟੋਂ ਪੰਜ ਕੋਹ ਪੱਕੇ ਸੀ। ਰੇਤਲੇ ਪਹਿਆਂ ਵਿਚ ਟੁਰਦਿਆਂ ਉਹਦੀ ਜੁੱਤੀ ਵਿਚ ਲਪ ਲਪ ਰੇਤ ਭਰ ਗਈ। ਜਦੋਂ ਪਹੇ ਦਾ ਪੰਧ ਲੰਮੇਰਾ ਜਾਪਦਾ ਤਾਂ ਵਕਤ ਬਚਾਉਣ ਲਈ ਉਹ ਵਾਹਣਾਂ ਵਿਚੋਂ ਲੰਘਦੀ, ਸਰਕੰਡਿਆਂ ਨਾਲ ਮੂੰਹ ਛਿਲਾਂਦੀ, ਕਰੀਰ ਮਲ੍ਹਿਆਂ ਵਿਚੋਂ ਦੀ ਕਪੜੇ ਪੜਵਾਂਦੀ ਅਤੇ ਪਿੰਡਾ ਝਰੀਟਦੀ ਉਹ ਵਗੇ ਤਗ ਤੁਰਦੀ ਗਈ। ਪੈਲੀਆਂ ਦੀਆਂ ਵਟਾਂ, ਕਲਰਾਂ ਦੇ ਰੋੜ, ਭਖੜੇ ਪੋਹਲੀਆਂ, ਲਾਂਘੇ ਡੰਡੀਆਂ ਉਹਦੇ ਕਦਮਾਂ ਹੇਠ ਪਿਛਾਂਹ ਨੂੰ ਨਠੇ ਜਾ ਰਹੇ ਸਨ। ਹੁੰਦੜਹੇਲ ਹੁਨਾਲ ਦੇ ਤਤੇ ਬੁਲ੍ਹੇ ਉਹਦੇ ਬੁਢਾਪੇ ਨੂੰ ਧੱਕੇ ਮਾਰ ਰਹੇ ਸਨ। ਪਰ ਆਪਣੇ ਫਟੜ ਪੁੱਤਰ ਕੋਲ ਘੜੀਓਂ ਉਰੇ ਅਪੜਨ ਦੀ ਧੁਨ ਵਿਚ ਬਉਰੀ ਹੋਈ ਉਹ ਪਧਰੇ ਅਪਧਰੇ ਰਾਹਾਂ ਤੋਂ, ਟਿਬਿਆਂ ਬਰੇਤਿਆਂ ਵਿਚੋਂ ਦੀ ਕਾਂਗ ਦੇ ਪਾਣੀ ਵਾਂਗ ਸ਼ੂਕਦੀ ਲੰਘਦੀ ਗਈ।

ਦਿਉਰ ਦਾ ਮਾਰਿਆ ਮਿਹਣਾ ਉਹਦੇ ਅਚੇਤ ਮਨ ਵਿਚ ਰੜਕ ਰਿਹਾ ਸੀ। ਉਹਦੇ ਪੁੱਤਰ ਦੀਆਂ ਕਰਤੂਤਾਂ ਦੀ ਭੰਡੀ ਸਾਰੇ ਸ਼ਰੀਕੇ ਵਿਚ ਸੀ। ਪਰ ਇਨ੍ਹਾਂ ਕਰਤੂਤਾਂ ਪਿਛੇ ਇਕ ਕਹਾਣੀ ਸੀ ਜੋ ਬਹੁਤੇ ਲੋਕੀਂ ਨਹੀਂ ਸਨ ਜਾਣਦੇ। ਅਲੀਏ ਦੇ ਨਿਕਾਹ ਮਗਰੋਂ ਰੇਸ਼ਮਾਂ ਸਤ ਵਰ੍ਹੇ ਮਜ਼ਾਰਾਂ ਤੇ ਮੰਨਤਾਂ ਮੰਨਦੀ ਫਿਰੀ ਸੀ ਤਾਂ ਜਾ ਕੇ ਉਹਦੀ ਕੁਖ ਹਰੀ ਹੋਈ ਸੀ। ਪਤਾ ਨਹੀਂ ਕਿਹੜੇ ਪੀਰ ਦੇ ਮਜ਼ਾਰ ਤੇ ਮੰਨੀ ਮੰਨਤ ਨੇ ਉਹਨੂੰ ਪੁੱਤਰ ਦਿੱਤਾ ਸੀ। ਪਰ ਸੁਕਦੀ ਜਾਂਦੀ ਟਾਹਣੀ ਤੇ ਉਹ ਕੋਂਪਲ ਅਜੇ ਫੁਟੀ ਹੀ ਸੀ ਕਿ ਕਿਸੇ ਦੂਜੇ ਪੀਰ ਦਾ ਜਿਗਰ ਕਬਾਬ ਹੋ ਗਿਆ। ਉਹਨੇ ਐਸਾ ਝਖੜਾ ਝੁਲਾਇਆ ਕਿ ਨਿਕੀ ਕੋਂਪਲ ਟਾਹਣੀਓਂ ਟੁਟ ਕੇ ਭੁੰਜੇ ਆਣ ਪਈ ਤੇ ਪੀਰ ਦੀ ਜੁੱਤੀ ਹੇਠਾਂ ਮਿਧੀ ਗਈ।

ਤਦੋਂ ਰੇਸ਼ਮਾਂ ਸੁਦੈਣ ਹੋ ਗਈ। ਇਕ ਦਿਨ ਉਹਨੇ ਖੁਸ਼ਹਾਲ ਚੰਦ ਮਹਾਜਨ ਦੀ ਨੂੰਹ ਦੇ ਕੁਛੜੋਂ ਉਹਦਾ ਬਾਲ ਧਰੂਹ ਲਿਆਂਦਾ। ਖੁਸ਼ਹਾਲ ਚੰਦ ਮਹਾਜਨ ਨੇ ਆਪਣੇ

ਰਸੂਖ ਨਾਲ ਰੇਸ਼ਮਾਂ ਨੂੰ ਪਾਗਲਖਾਨੇ ਭਿਜਵਾ ਦਿੱਤਾ। ਉਸ ਰਾਤ ਅਲੀਏ ਨੇ ਪਹਿਲੀ ਚੋਰੀ ਕੀਤੀ। ਉਹਨੇ ਖੁਸ਼ਹਾਲ ਚੰਦ ਮਹਾਜਨ ਦੇ ਘਰ ਸੰਨ੍ਹ ਲਾਈ ਤੇ ਰੇਸ਼ਮਾਂ ਦੀਆਂ ਉਹ ਸਾਰੀਆਂ ਟੂੰਬਾਂ ਕੱਢ ਲਿਆਇਆ ਜਿਹੜੀਆਂ ਗਹਿਣੇ ਪਾ ਕੇ ਉਹਨੇ ਮਹਾਜਨ ਕੋਲੋਂ ਜਣੇਪੇ ਦੇ ਖਰਚਾਂ ਲਈ ਕਰਜ਼ਾ ਲਿਆ ਸੀ।

ਉਸ ਦਿਨ ਮਗਰੋਂ ਅਲੀਆ ਇਲਾਕੇ ਦੇ ਮਹਾਜਨਾਂ, ਸ਼ਾਹਾਂ, ਸ਼ਾਹੂਕਾਰਾਂ ਅਤੇ ਬਖਤਾਵਰਾਂ ਲਈ ਆਫਤ ਬਣ ਗਿਆ। ਮਹਾਜਨਾਂ, ਸ਼ਾਹੂਕਾਰਾਂ ਉਤੇ ਉਹਨੂੰ ਅੰਤਾਂ ਦਾ ਗੁੱਸਾ ਏਸ ਕਰਕੇ ਵੀ ਸੀ ਕਿ ਉਹ ਗ਼ਰੀਬ ਕਿਸਾਨਾਂ ਨੂੰ ਭੇਡ ਸਮਝ ਕੇ ਹਾੜੀ ਸਾਉਣੀ ਮੁੰਨਦੇ ਸਨ।

ਆਪਣੇ ਪੁੱਤਰ ਦੀਆਂ ਲਾਈਆਂ ਸੰਨ੍ਹਾਂ ਦੀਆਂ ਸੁਣੌਤਾਂ ਸੁਣ ਸੁਣ ਉਹ ਗਿੱਲੇ ਗੋਹਿਆਂ ਤੇ ਰਖੀ ਕੁੰਨੀ ਵਾਂਗ ਮੱਠਾ ਮੱਠਾ ਰਿਝਦੀ ਰਹਿੰਦੀ।

"ਵੇ ਪੁੱਤਰ!" ਉਹ ਉਹਨੂੰ ਨਿਤ ਵਰਜਦੀ, "ਵਾਸਤਾ ਈ ਕਿਸੇ ਵਡੇ ਵਡੇਰੇ ਦਾ, ਸਿਆਣਾ ਬਣ! ਤੇਰੇ ਪਿਓ ਦਾਦੇ ਇਹ ਕਰਤੂਤਾਂ ਨਹੀਂ ਕੀਤੀਆਂ। ਕਿਉਂ ਆਪਣੀ ਜਵਾਨੀ ਦੇ ਦੁੱਧ ਵਿਚ ਕਾਂਜੀ ਪਿਆ ਘੋਲਨਾਂ ਏਂ।"

ਪਹਿਲੇ ਪਹਿਲ ਉਹ ਪਿੰਡ ਵਿਚ, ਸ਼ਰੀਕੇ ਵਿਚ ਨਕ ਨਮੂਜ ਹੱਥੋਂ ਡਾਢੀ ਦੁੱਖੀ ਰਹੀ ਪਰ ਸਹਿਜੇ ਸਹਿਜੇ ਉਲਾਹਮਿਆਂ ਦੀ ਲਾਮ ਡੋਰੀ ਨਿਕੀ ਹੁੰਦੀ ਗਈ ਅਤੇ ਕਈਆਂ ਅੱਖਾਂ ਵਿਚੋਂ ਸ਼ੁਕਰਾਨੇ ਦੇ ਹੰਝੂ ਉਹਦੇ ਵਲ ਤਕਣ ਲਗੇ।

ਅਲੀਆ, ਉਹਦਾ ਪੁੱਤਰ, ਦੁੱਲੇ ਭੱਟੀ ਵਾਂਗ ਤਗੜਿਆਂ ਨੂੰ ਲੁਟ ਕੇ ਮਾੜੇ ਧੀੜਿਆਂ ਵਿਚ ਵੰਡ ਦੇਂਦਾ ਸੀ। ਦੁੱਲੇ ਭੱਟੀ ਵਾਂਗ ਹੀ ਉਹਨੇ ਕਈ ਥੁੜਿਆਂ ਥਿਗੜਿਆਂ ਦੀਆਂ ਧੀਆਂ ਧਿਆਣੀਆਂ ਦਾ ਭਾਰ ਲਾਹਿਆ ਸੀ, ਉਲਾਦ ਵਲੋਂ ਦੁਰਕਾਰੇ ਬੁਢੇ ਰੋਗੀ ਮਾਪਿਆਂ ਦੇ ਦਾਰੂ ਦਰਮਲ ਦਾ ਖਰਚਾ ਟੋਰਿਆ ਸੀ।

ਇਲਾਕੇ ਦੇ ਸ਼ਾਹੂਕਾਰ ਉਹਦੇ ਤੋਂ ਪੁਜ ਕੇ ਦੁਖੀ ਸਨ ਪਰ ਗ਼ਰੀਬ ਗੁਰਬੇ ਉਹਨੂੰ ਅਸੀਸਾਂ ਦੇਂਦੇ ਸਨ।

ਵਹਿਣਾਂ ਵਿਚ ਵਹਿੰਦੀ ਰਹਿਮਤ ਬੀਬੀ ਪੜਾ ਪੜਾ ਮੁਗਲ ਚਕ ਦੀ ਜੂਹ ਦੇ ਨੇੜੇ ਹੁੰਦੀ ਗਈ। ਕਦੀ ਉਹ ਹਉਕਾ ਭਰਦੀ ਤੇ ਕਹਿੰਦੀ,

"ਰੱਬਾ ਨਸ਼ੰਗ ਮੇਰੀ ਜਿੰਦ ਕਢ ਲਵੀਂ। ਪਰ ਮੇਰੇ ਪੁੱਤਰ ਨੂੰ ਤਤੀ ਵਾ ਨਾ ਲਗਣ ਦਈਂ।"

ਪਰ ਮੰਗਲ ਸ਼ਾਹ ਦੇ ਤਬੇਲੇ ਵਿਚ ਫਟਾਂ ਨਾਲ ਹਉਂਕਦਾ ਅਲੀਆ ਕਿਸੇ ਰੱਬ, ਕਿਸੇ ਖੁਦਾ ਕੋਲੋਂ ਖੈਰ ਨਹੀਂ ਸੀ ਮੰਗ ਰਿਹਾ। ਖ਼ੁਦਾ ਦੀ ਰਹਿਮਤ ਤੇ ਖ਼ੁਦਾ ਦੀ ਹਸਤੀ ਤੋਂ ਉਹ ਉਸ ਦਿਨ ਤੋਂ ਹੀ ਮੁਨਕਰ ਹੋ ਗਿਆ ਸੀ ਜਦ ਤੋਂ ਉਹਦਾ ਸਹਿਕ ਸਹਿਕਾਵਾਂ ਪੁੱਤਰ ਤੇਰ੍ਹਾਂ ਦਿਨਾਂ ਦੀ ਲੰਮੀ ਹਯਾਤੀ ਭੋਗ ਕੇ ਅੱਲਾ ਨੂੰ ਪਿਆਰਾ ਹੋ ਗਿਆ ਸੀ। ਅਲੀਏ ਨੂੰ ਹੁਣ ਸਿਰਫ ਆਪਣੇ ਬਾਹੂਆਂ ਦੇ ਜ਼ੋਰ ਤੇ ਇਤਕਾਦ ਸੀ। ਕਸਰਤਾਂ ਕਰ ਕਰ ਕਮਾਏ ਹੋਏ ਆਪਣੇ ਫ਼ੌਲਾਦੀ ਪੱਠਿਆਂ ਤੇ ਮਾਣ ਸੀ। ਲੋਹੇ ਦੀ ਲਠ ਵਰਗੇ ਜੁੱਸੇ ਵਿਚ ਵਹਿਤਕੇ ਜਿੰਨਾਂ ਜ਼ੋਰ ਸੀ। ਜਿਸ ਕਿਸੇ ਨੇ ਭੁਲ ਭੁਲੇਖੇ ਕਦੀ ਉਹਨੂੰ ਹੱਥ ਪਾਇਆ ਸੀ, ਉਹਨੇ ਆਪਣਾ ਬੂਥਾੜ ਭੰਨਵਾਇਆ ਸੀ। ਅੱਜ ਉਹ

ਮੁਗਲ ਚਕ ਦੇ ਚਘਲਾਂ ਦੇ ਅੜਿਕੇ ਆ ਗਿਆ ਸੀ। ਹਵੇਲੀ ਦੀ ਛਤ ਤੋਂ ਜਦੋਂ ਉਹਨੇ ਸ਼ਾਹ ਦੇ ਤਬੇਲੇ ਵਿਚ ਛਾਲ ਮਾਰੀ ਤਾਂ ਉਹਦਾ ਪੈਰ ਕੁਥਾਏਂ ਪਿਆ ਤੇ ਉਹਦਾ ਸਿਰ ਇਕ ਵਢੇ ਹੋਏ ਸੁਕੇ ਕਿਕਰ ਉਤੇ ਵਜਾ ਜਿਸਦੇ ਖੁੰਘ ਨਾਲ ਉਹਦੀ ਖਬੀ ਅੱਖ ਦਾ ਡੇਲਾ ਫੁੱਟ ਗਿਆ ਤੇ ਉਹ ਬੇਸੁਰਤ ਹੋ ਕੇ ਡਿੱਗ ਪਿਆ ਸੀ। ਉਹਦੀ ਹੋਸ਼ ਉਦੋਂ ਪਰਤੀ ਜਦੋਂ ਡਾਂਗਾਂ ਵਾਲੇ ਕੁਝ ਬੰਦੇ ਉਹਨੂੰ ਮੁੰਜ ਵਾਂਗ ਕੁਟ ਰਹੇ ਸਨ। ਭਾਂਤ ਭਾਂਤ ਦੀਆਂ ਵਾਜਾਂ ਉਹਦੀ ਕੰਨੀ ਪੈ ਰਹੀਆਂ ਸਨ।

''ਵੇਖਣਾ, ਕੰਜਰ ਦਾ ਪੁੱਤਰ ਅੱਜ ਜਾਏ ਨਾ।''

''ਚੰਗੀ ਤਰ੍ਹਾਂ ਪਿੰਜੋ ਹਰਾਮਦੇ ਨੂੰ। ਅੱਜ ਬੰਦੇ ਦਾ ਪੁੱਤਰ ਬਣਾਣਾ ਏ ਏਸ ਬਦ ਦੇ ਤੁਖਮ ਨੂੰ।''

''ਜਾਨੋਂ ਨਾ ਮਾਰ ਸੁਟਣਾ ਕੁੱਤੀ ਦੇ ਪੁੱਤਰ ਨੂੰ। ਬਸ ਅਧਮੋਇਆ ਕਰ ਛਡੋ। ਬਾਕੀ ਦੀ ਕੁਟ ਆਪੇ ਠਾਣੇ ਵਾਲੇ ਆਣ ਕੇ ਚਾੜ੍ਹਨਗੇ।''

ਮੰਗਲ ਸ਼ਾਹ ਦੇ ਜਮੂਰਿਆਂ ਨਾ ਆ ਵੇਖਿਆ ਸੀ ਨਾ ਤਾਅ ਤੇ ਉਹਨੂੰ ਕੁਟਣ ਵਾਲੀ ਡੰਝ ਰਜ ਕੇ ਲਾਹੀ ਸੀ।

ਉਹਦੇ ਹੱਡਾਂ ਵਿਚੋਂ ਚੀਸਾਂ ਬਲ ਬਲ ਉਠਦੀਆਂ ਸਨ। ਅੱਖ ਦੀ ਪੀੜ ਨੇ ਉਹਨੂੰ ਤੜਫਣੀ ਲਾਈ ਹੋਈ ਸੀ। ਤੇ ਉਹਦਾ ਸਾਹ ਏਦਾਂ ਘਰਕ ਰਿਹਾ ਸੀ ਜਿਵੇਂ ਜੰਦਰ ਦੀ ਚੱਕੀ ਚਲ ਰਹੀ ਹੋਵੇ।

ਅੱਜ ਪਹਿਲੀ ਵਾਰ ਹੋਈ ਏਡੀ ਬੇਪਤੀ ਦਾ ਖਿਆਲ ਉਹਦੀ ਰੂਹ ਨੂੰ ਕੋਰੜੇ ਮਾਰ ਰਿਹਾ ਸੀ। ਡਾਂਗਾਂ ਦੀ ਮਾਰ ਨਾਲੋਂ ਇਨ੍ਹਾਂ ਕੋਰੜਿਆਂ ਦੀ ਮਾਰ ਝਲਣੀ ਢੇਰ ਔਖੇਰੀ ਸੀ।

ਭਾਵੇਂ ਡਾਂਗਾਂ ਵਾਲੇ ਦੁਆਲੇ ਪਿੜ ਬੰਨ੍ਹੀ ਖਲੋਤੇ ਸਨ ਫੇਰ ਵੀ ਉਹਨੇ ਉਠ ਕੇ ਖਲੋਣ ਦਾ ਜਤਨ ਕੀਤਾ। ਪਰ ਪੀੜਾਂ ਦੇ ਝੱਖੜ ਨੇ ਉਹਨੂੰ ਮੁੜ ਭੁਆਟਣੀ ਦੇ ਕੇ ਭੁੰਜੇ ਮਾਰਿਆ। ਤਦੋਂ ਉਹਨੇ ਜਾਣ ਲਿਆ ਕਿ ਉਹਦੀ ਬਾਜ਼ੀ ਬੁਰਦ ਹੋ ਚੁਕੀ ਸੀ। ਆਪਣੇ ਬਚਾ ਲਈ ਉਹਨੇ ਐਵੇਂ ਅਕੀਂ-ਪਲਾਹੀਂ ਹੱਥ ਨਾ ਮਾਰਿਆ ਤੇ 'ਹਾਏ ਮਾਂ' ਆਖਦਿਆਂ ਆਪਣੇ ਆਪ ਨੂੰ ਹੋਣੀ ਦੇ ਸਪੁਰਦ ਕਰ ਦਿੱਤਾ।

ਅਜੇ 'ਹਾਏ ਮਾਂ' ਉਹਦੇ ਮੂੰਹੋਂ ਨਿਕਲਿਆ ਹੀ ਸੀ ਕਿ ਉਹਦੀ ਮਾਂ ਅੱਪੜ ਪਈ। ਉਹਦੀਆਂ ਚੁੰਨ੍ਹੀਆਂ ਚਮਕੀਲੀਆਂ ਅੱਖਾਂ ਦੀ ਗੁਸੀਲੀ ਲਿਸ਼ਕਣੀ ਨੇ ਜਿਵੇਂ ਲੋਕਾਂ ਤੇ ਟੂਣਾ ਕਰ ਦਿੱਤਾ। ਪਿੜ ਵਿਚ ਜੁੜੇ ਤਿਖੀਆਂ ਤਤੀਆਂ ਸੁਣਾਂਦੇ ਲੋਕ ਅਚਨਚੇਤ ਖ਼ਾਮੋਸ਼ ਹੋ ਗਏ।

ਰਹਿਮਤ ਬੀਬੀ ਦਾ ਜੇਰਾ ਭਾਵੇਂ ਮਹਿੰ ਵਰਗਾ ਸੀ ਪਰ ਪੁੱਤਰ ਦੀ ਹਾਲਤ ਵੇਖ ਕੇ ਉਹਨੂੰ ਲਗਾ ਜਿਵੇਂ ਅਚਨਚੇਤ ਉਹਦੇ ਸੁਕੇ ਸੰਘ ਵਿਚ ਕੰਡੇ ਉਗ ਪਏ ਹੋਣ, ਉਹਦਾ ਚਿਹਰਾ ਹੱਡੀਆਂ ਨਾਲੋਂ ਮਾਸ ਛਡ ਗਿਆ ਹੋਵੇ ਤੇ ਚਾਂਦੀ ਦੀਆਂ ਭਾਰੀਆਂ ਨਤੀਆਂ ਉਹਦੇ ਕੰਨਾਂ ਵਿਚ ਝੂਲਣ ਲਗ ਪਈਆਂ ਹੋਣ। ਉਹਦੇ ਅੰਦਰ ਪੁੱਤਰ ਦੀ ਰੁਸਵਾਈ ਦਾ ਗੁੱਸਾ ਰਿਝ ਰਿਹਾ ਸੀ ਤੇ ਉਹ ਡੂਮਣੇ ਮਖੀਰ ਵਾਂਗ ਲੋਕਾਂ ਦੇ ਗਲ ਪੈ ਜਾਣਾ ਚਾਹੁੰਦੀ ਸੀ। ਪਰ ਉਹਨੇ ਆਪਣੇ ਆਪ ਨੂੰ ਵਰਜੀ ਰਖਿਆ।

ਇਕ ਨਿੱਕੀ ਜਹੀ ਕਾਲੀ ਗੁਥੀ ਉਹਨੇ ਫੀਤਾ ਖਿਚਕੇ ਖੋਲ੍ਹੀ ਅਤੇ ਉਹਦੇ ਵਿਚਲਾ ਨਿਕ ਸੁਕ ਭੋਇੰ ਢੇਰੀ ਕਰ ਦਿੱਤਾ। ਉਸ ਨਿਕ ਸੁਕ ਵਿਚ ਦੋ ਚਾਰ ਕਚੇ ਕੋਲੇ, ਕੁਝ ਕਖ ਕਾਨ, ਦੀਆ ਸਲਾਈ ਦੀ ਡੱਬੀ, ਡੰਡੀਆਂ ਵਾਲੀਆਂ ਸਤ ਲਾਲ ਮਿਰਚਾਂ, ਇਕ ਖਿਟੀ ਫਟਕੜੀ ਦੀ ਅਤੇ ਪੰਦਰ੍ਹਾਂ ਵੀਹ ਦਾਣੇ ਹਰਮਲ ਦੇ ਸਨ।

ਪਿੜ ਵਿਚ ਖੜੋਤੇ ਬਾਲਾਂ ਨੇ ਜਾਤਾ ਬੁਢੀ ਕੋਈ ਮਦਾਰੀ ਦਾ ਤਮਾਸ਼ਾ ਵਖਾਣ ਲਗੀ ਏ। ਗੱਭਰੂਆਂ ਦਾ ਖਿਆਲ ਸੀ ਉਹ ਕੋਈ ਜਾਦੂ ਟੂਣਾਂ ਕਰਨ ਲਗੀ ਏ ਪਰ ਅਧਖੜ ਅਤੇ ਬਜ਼ੁਰਗ ਜਾਣਦੇ ਸਨ ਕਿ ਇਹ ਸਾਰਾ ਸਮਾਨ ਨਜ਼ਰ ਉਤਾਰਨ ਦਾ ਸੀ।

ਬੁਢੀ ਨੇ ਮੁਰਝਾਏ ਨਿਤਾਣੇ ਹੱਥ ਦੀ ਤਲੀ ਨਾਲ ਭੋਇੰ ਸਵਾਰੀ। ਫੇਰ ਕਖ ਕਾਨ ਬਾਲਕੇ ਕੋਲਿਆਂ ਨੂੰ ਚਿਣਗ ਛੁਹਾਈ ਤੇ ਫੇਰ ਫੂਕਾਂ ਮਾਰ ਮਾਰ ਕੇ ਉਸ ਚਿਣਗ ਦੇ ਅੰਗਿਆਰ ਬਣਾ ਲਏ। ਫੇਰ ਉਹਨੇ ਫਟਕੜੀ ਦੀ ਖਿਟੀ ਅੰਗਿਆਰਾਂ ਤੇ ਟਿਕਾ ਦਿੱਤੀ ਅਤੇ ਲਾਲ ਮਿਰਚਾਂ ਤੇ ਹਰਮਲ ਸਤ ਵਾਰੀ ਪੁੱਤਰ ਦੇ ਸਿਰ ਦੁਆਲੇ ਭੁਆ ਕੇ ਮਘਦੇ ਕੋਲਿਆਂ ਵਿਚ ਸੁਟ ਦਿੱਤੀ। ਫੇਰ ਪੈਰੋਂ ਲਾਹ ਕੇ ਸਤ ਜੁੱਤੀਆਂ ਉਹਨੇ ਫੁਲ ਹੋਈ ਫਟਕੜੀ ਦੇ ਬੁਤ ਨੂੰ ਮਾਰੀਆਂ।

ਨਜ਼ਰ ਉਤਾਰ ਚੁਕਣ ਮਗਰੋਂ ਉਹਨੇ ਪੁੱਤਰ ਦਾ ਸਿਰ ਆਪਣੇ ਮੋਢੇ ਲਾਇਆ ਤੇ ਉਹਨੂੰ ਇਕ ਨਿਕੇ ਬਾਲ ਵਾਂਗ ਦੁਲਾਰਦਿਆਂ ਘਿਓ ਬਦਾਮਾਂ ਵਾਲੀ ਗੜਵੀ ਉਹਦੇ ਮੂੰਹ ਨੂੰ ਲਾ ਦਿੱਤੀ।

''ਜਿਗਰਾ ਕਰ ਪੁੱਤਰ। ਮਾਂ ਵਾਰੀ। ਮਾਂ ਸਦਕੇ। ਤੇਰੀਆਂ ਦੂਰ ਬਲਾਈਂ। ਆਹ ਹੁਣੇ ਤੂੰ ਘੋਰੀਂ ਮੋਰ੍ਹੀਂ ਹੋ ਜਾਣਾ ਏ। ਤੈਨੂੰ ਪੰਜਾਂ ਪੀਰਾਂ ਦੀ ਰਖ। ਅੱਲਾ ਕਰੇ ਮੇਰੀ ਹਯਾਤੀ ਵੀ ਤੈਨੂੰ ਲਗ ਜਾਏ।''

ਮਾਂ ਦੇ ਹੱਥਾਂ ਦੀ ਇਕ ਇਕ ਪਲੋਸਣੀ ਫਟਾਂ ਤੇ ਫਿਹਾ ਲਾ ਰਹੀ ਸੀ। ਉਹਦੀ ਵੋਟ ਘਤੀ ਹਿੰਮਤ ਤੇ ਤਾਕਤ ਨੂੰ ਬੰਨ੍ਹ ਮਾਰ ਰਹੀ ਸੀ। ਉਹਦੀ ਹਰ ਇਕ ਛੁਹ ਪੁੱਤਰ ਦੀਆਂ ਪੀੜਾਂ ਨੂੰ ਵਰਚਾਂਦੀ ਗਈ। ਅਲੀਏ ਦਾ ਅੰਗ ਅੰਗ ਆਨੰਦਦਾ ਜਾ ਰਿਹਾ ਸੀ। ਉਹਦਾ ਸਿਥਲ ਹੋਇਆ ਮਨ ਹੁੰਗਾਰਦਾ ਹੋਇਆ ਸੁਰਤ ਫੜਨ ਲਗਾ। ਉਹਦੀਆਂ ਰਗਾਂ ਵਿਚ ਭਖਦੀ ਹਿੰਮਤ ਉਸਲਵੱਟੇ ਲੈਣ ਲਗੀ।

ਮਾਂ ਦੀ ਪਲੋਸਣੀ ਨਾਲ ਡਾਂਗਾਂ ਦੀਆਂ ਲਾਸਾਂ ਉਹਦੀ ਬੱਜਰ ਹਿਕ ਅਤੇ ਪਿੱਠ ਤੋਂ ਪਹਿਲਾਂ ਮੱਧਮ ਪਈਆਂ, ਫੇਰ ਐਵੇਂ ਬੇਮਲੂਮੀਆਂ ਜਹੀਆਂ ਹੋ ਗਈਆਂ ਤੇ ਫੇਰ ਮੂਲੋਂ ਹੀ ਮਿਟ ਗਈਆਂ। ਉਹਦਾ ਪੀਲਾ ਵਸਾਰ ਹੋਇਆ ਜੁਸਾ ਪਹਿਲੋਂ ਕਾਲ ਭਰਮਾ ਹੋ ਗਿਆ ਅਤੇ ਫੇਰ ਉਹਦੇ ਵਿਚ ਤਪਿਆ ਤਾਂਬਾ ਲਿਸ਼ਕ ਪਿਆ।

ਉਹ ਬਲਕਾਰ ਕੇ ਉਠਿਆ। ਸਭ ਤੋਂ ਨੇੜੇ ਖੜੋਤੇ ਦੇ ਹੱਥੋਂ ਡਾਂਗ ਖੋਹ ਕੇ ਉਹਨੇ ਵਹੀਰ ਨੂੰ ਲਲਕਾਰਿਆ। ਇਸ ਤੋਂ ਪਹਿਲਾਂ ਕਿ ਮੁਗਲ ਚਕ ਦਾ ਮੁਲਖਈਆ ਹੋਸ਼ ਹਵਾਸ ਇਕੱਠੇ ਕਰਦਾ, ਅਲੀਆ ਪਿੰਡ ਦੀ ਜੂਹ ਪਾਰ ਕਰ ਚੁਕਾ ਸੀ।

ਜਾਵੇਦ

ਦਰਿਆ ਗੰਜ ਦਾ ਮੋੜ ਮੁੜਦਿਆਂ ਜਿਉਂ ਹੀ ਜਾਵੇਦ ਨੇ ਕੂਚਾ ਖਾਨਮ ਅੰਦਰ ਕਦਮ ਰਖਿਆ, ਬਦਬੂ ਦਾ ਇਕ ਭਬਾਕਾ ਉਹਦੇ ਮੂੰਹ ਤੇ ਆ ਕੇ ਵੱਜਾ। ਇਹ ਭਬਾਕਾ ਉਹਨੂੰ ਗੰਦਗੀ ਦੇ ਠੋਸ ਥਪੇੜੇ ਵਾਂਗ ਮਹਿਸੂਸ ਹੋਇਆ। ਜਿਵੇਂ ਗੁਰਬਤ ਦੇ ਕਿਲ੍ਹੇ ਉਤੇ ਫੜਫੜਾਂਦਾ ਕੋਈ ਫਰੇਰਾ ਉਸ ਸਰਹਦ ਦਾ ਐਲਾਨ ਕਰ ਰਿਹਾ ਹੋਵੇ ਜਿਥੋਂ ਗਰੀਬੀ ਅਤੇ ਗੰਦਗੀ ਦੀ ਸਲਤਨਤ ਸ਼ੁਰੂ ਹੁੰਦੀ ਸੀ।

ਗਲੀ ਵਿਚ ਇਕ ਮਰੀਅਲ ਜਹੀ ਬਕਰੀ ਇਕ ਟੁੱਟੀ ਹੋਈ ਮੁੰਜ ਦੀ ਮੰਜੀ ਦੇ ਪਾਵੇ ਨਾਲ ਬਧੀ ਸੀ। ਰਸੀ ਤੁੜਾਣ ਦਾ ਜਤਨ ਕਰਦੀ ਕਰਦੀ ਉਹ ਮੰਜੀ ਸਮੇਤ ਗਲੀ ਦੇ ਵਿਚਕਾਰ ਅਪੜ ਗਈ ਸੀ ਤੇ ਏਦਾਂ ਉਹਨੇ ਗਲੀ ਦੀ ਨਾਕਾਬੰਦੀ ਕਰ ਦਿੱਤੀ ਸੀ। ਜਦੋਂ ਜਾਵੇਦ ਰਸਤਾ ਵਲਾ ਕੇ ਗਲੀ ਦੀ ਨਾਲੀ ਪਾਸੋਂ ਲੰਘਣ ਲਗਾ ਤਾਂ ਉਹਦੀਆਂ ਰਬੜ ਦੀਆਂ ਚਪਲਾਂ ਹੇਠਾਂ ਬਕਰੀ ਦੀਆਂ ਮੇਂਗਣਾਂ ਮਿਧੀਆਂ ਗਈਆਂ। ਜਾਵੇਦ ਨੂੰ ਲਗਾ ਜਿਵੇਂ ਇਹ ਮੇਂਗਣਾਂ ਉਹਦੇ ਦਿਮਾਗ ਵਿਚ ਵੜ ਗਈਆਂ ਹੋਣ ਅਤੇ ਉਥੇ ਬਦਬੂ ਦੇ ਬੀਜ ਬੀਜ ਰਹੀਆਂ ਹੋਣ।

ਬਦਬੂ ਗਲੀ ਦੀਆਂ ਖੁਲ੍ਹੀਆਂ ਨਾਲੀਆਂ ਵਿਚੋਂ ਵੀ ਆ ਰਹੀ ਸੀ। ਇਨ੍ਹਾਂ ਵਿਚ ਮੇਂਗਣਾਂ ਤੋਂ ਛੁਟ, ਤਰ੍ਹਾਂ ਤਰ੍ਹਾਂ ਦਾ ਕੂੜਾ ਕਰਕਟ, ਇਥੋਂ ਤੀਕ ਕਿ ਬੱਚਿਆਂ ਦਾ ਟੱਟੀ ਪਿਸ਼ਾਬ ਵੀ ਦਸ ਦਸ ਦਿਨ ਤੁਰਦਾ ਰਹਿੰਦਾ ਸੀ। ਤੇ ਇਹ ਬਦਬੂ ਗਲੀ ਦੀ ਇਕ ਇਕ ਇਟ ਵਿਚੋਂ ਆ ਰਹੀ ਸੀ। ਇਟਾਂ ਉਤੇ ਪਿਛਲੇ ਹਫਤੇ ਦੀ ਬਾਰਸ਼ ਦਾ ਚਿਕੜ ਅਜੇ ਤੀਕ ਲਿੱਬਿਆ ਪਿਆ ਸੀ।

ਦਰਿਆਂ ਗੰਜ ਦਾ ਰਸਤਾ ਉਹਦੇ ਘਰ ਕੂਚਾ ਖਾਨਮ ਵਿਚ ਅਪੜਨ ਲਈ ਲੰਮੇਰਾ ਸੀ। ਉਹ ਚਾਹੁੰਦਾ ਤਾਂ ਆਪਣੇ ਛੋਟੇ ਮਾਮੇ ਵਾਂਗ ਤੁਰਕਮਾਨ ਗੇਟ ਵਾਲੇ ਛੋਟੇ ਰਸਤੇ ਵੀ ਆ ਸਕਦਾ ਸੀ। ਉਹਦਾ ਛੋਟਾ ਮਾਮਾ ਸਦਾ ਜੁਮੇਂ ਨੂੰ ਕੰਮ ਤੋਂ ਮੁੜਦਿਆਂ ਤੁਰਕਮਾਨ ਗੇਟ ਵਾਲੇ ਰਸਤੇ ਜਾਮਾ ਮਸਜਦ ਵਿਚ ਨਮਾਜ਼ ਪੜ੍ਹਨ ਜਾਇਆ ਕਰਦਾ ਸੀ। ਪਰ ਜਾਵੇਦ ਕਦੀ ਉਸ ਰਸਤੇ ਉਹਦੇ ਨਾਲ ਨਹੀਂ ਸੀ ਗਿਆ। ਉਹਦੇ ਕੋਲੋਂ ਟਾਂਗੇ ਵਾਲਿਆਂ ਦੇ ਘੋੜਿਆਂ ਦੀ ਲਿਦ ਅਤੇ ਪਿਸ਼ਾਬ ਦੀ ਬਦਬੂ ਨਹੀਂ ਸੀ ਝਲੀ ਜਾਂਦੀ ਜੋ ਤੁਰਕਮਾਨ ਗੇਟ ਦੇ ਬਾਹਰ ਰਾਹ ਗੁਜ਼ਰੂਆਂ ਉਤੇ ਝਪਟ ਕੇ ਪੈਂਦੀ ਸੀ।

ਘੋੜਿਆਂ ਦੀ ਲਿਦ ਅਤੇ ਪਿਸ਼ਾਬ ਦੀ ਬੋ ਨਾਲ ਜਾਵੇਦ ਦੇ ਅੰਦਰ ਸਾਰੇ ਸੂਖਮ ਜਜ਼ਬੇ ਮਰ ਜਾਂਦੇ ਸਨ । ਪਰ ਮੋਂਗਣਾਂ ਅਤੇ ਨਾਲੀਆਂ ਵਿਚ ਤਰੱਕ ਰਹੀ ਗੰਦਗੀ ਵੀ ਕੋਈ ਘਟ ਮੁਹਲਕ ਨਹੀਂ ਸੀ । ਜਿਸ ਮੌਤ ਤੋਂ ਡਰਦਿਆਂ ਮੂਸਾ ਨੇ ਦਰਿਆਗੰਜ ਵਾਲਾ ਰਾਹ ਚੁਣਿਆ ਸੀ ਉਹ ਮੌਤ ਏਥੇ ਵੀ ਉਹਦੇ ਸਾਹਮਣੇ ਖਲੋਤੀ ਸੀ ।

ਨਹੀਂ, ਇਸ ਬਦਬੂ ਅਤੇ ਗੰਦਗੀ ਤੋਂ ਕੋਈ ਛੁਟਕਾਰਾ ਨਹੀਂ ਸੀ । ਇਹ ਬਦਬੂ ਅਤੇ ਗੰਦਗੀ, ਜਾਵੇਦ ਨੇ ਸੋਚਿਆ, ਉਸ ਦੁਨੀਆਂ ਦੇ ਟਰੇਡ ਮਾਰਕ ਸਨ ਜੋ ਉਹਨੂੰ ਵਿਰਸੇ ਵਿਚ ਮਿਲੀ ਸੀ । ਇਸ ਬਦਬੂ ਅਤੇ ਗੰਦਗੀ ਵਿਚ ਉਹ ਜੰਮਿਆ ਸੀ । ਇਸ ਬਦਬੂ ਅਤੇ ਗੰਦਗੀ ਵਿਚ ਉਹਦਾ ਬਚਪਨ ਗੋਡਿਆਂ ਪਰਨੇ ਰਿੜ੍ਹਿਆ ਸੀ । ਇਨ੍ਹਾਂ ਤ੍ਰਕਦੀਆਂ ਨਾਲੀਆਂ ਵਿਚੋਂ ਉਹਦੇ ਲੜਕਪਨ ਨੇ ਚਿਕੜ ਨਾਲ ਨੁਚੜਦੀਆਂ ਗੁਲੀਆਂ ਕਢ ਕਢਕੇ ਗ਼ਿਸਤ ਬੰਨ੍ਹ ਬੰਨ੍ਹ ਕੇ ਡੰਡੇ ਤੇ ਮਾਰੀਆਂ ਸਨ ਤੇ ਫਿਰ ਉਨ੍ਹਾਂ ਚਿਕੜ ਲਿਬੜੇ ਹੱਥਾਂ ਨਾਲ ਹੀ ਆਪਣਾ ਵਹਿੰਦਾ ਨੱਕ ਪੂੰਝਿਆ ਸੀ ।

ਕਾਲਜ ਵਿਚ ਪੜ੍ਹਦਿਆਂ ਚੜ੍ਹਦੀ ਜਵਾਨੀ ਦੀ ਮਸਤੀ ਵਿਚ ਇਸ ਬਦਬੂ ਅਤੇ ਗੰਦਗੀ 'ਚੋਂ ਨਿਕਲ ਜਾਣ ਦਾ ਸੁਫ਼ਨਾ ਜਾਵੇਦ ਨੇ ਵੇਖਿਆ ਸੀ । ਪਰ ਇਸ ਸੁਫ਼ਨੇ ਦਾ ਅਜੇ ਮੁਹਾਂਦਰਾ ਨਹੀਂ ਸੀ ਉਘੜਿਆ ਕਿ ਉਹ ਅਨਿਆਈ ਮੌਤੇ ਮਰ ਗਿਆ, ਇਕ ਦਿਨ ਜਦੋਂ ਕੁਝ ਸਕੂਟਰ ਰਿਕਸ਼ਾ ਚਲਾਣ ਵਾਲੇ ਉਹਦੇ ਵਡੇ ਮਾਮੇ ਦੀ ਲਹੂ ਲਿਬੜੀ ਲੋਥ ਨੂੰ ਚੁਕੀ ਕੂਚਾ ਖ਼ਾਨਮ ਅੰਦਰ ਦਾਖ਼ਲ ਹੋਏ ।

ਉਹਦੇ ਆਪਣੇ ਮਾਪਿਆਂ ਦੀ ਯਾਦ ਉਹਦੇ ਮਨ ਵਿਚ ਬੜੀ ਧੁੰਦਲੀ ਸੀ । ਉਹ ਯਕੀਨ ਨਾਲ ਨਹੀਂ ਸੀ ਆਖ ਸਕਦਾ ਕਿ ਇਹ ਯਾਦ ਸੀ ਜਾਂ ਛਲਾਵਾ ਸੀ, ਇਕ ਭਰਮ, ਇਕ ਫ਼ਰੇਬ ਕਿ ਉਹ ਧੁੰਦਲੇ ਅਤੇ ਧੂਏਂ ਰੰਗੇ ਚਿਹਰੇ ਜੋ ਉਹਦੀ ਨੀਂਦਰ ਨੂੰ ਸੁਫ਼ਨੇ ਬਣਕੇ ਉਪਰਾਮ ਕਰਿਆ ਕਰਦੇ ਸਨ, ਸਚਮੁਚ ਉਹਦੇ ਮਾਪਿਆਂ ਦੇ ਸਨ । ਲੋਕੀਂ ਆਖਦੇ ਸਨ ਕਿ ਜਦੋਂ ਪਾਕਿਸਤਾਨ ਬਣਿਆ ਸੀ ਤੇ ਦਿੱਲੀ ਵਿਚ ਫ਼ਸਾਦ ਸ਼ੁਰੂ ਹੋ ਗਏ ਸਨ ਤਾਂ ਇਕ ਰਾਤ ਦਿੱਲੀ ਦੇ ਹਿੰਦੂਆਂ ਸਿੱਖਾਂ ਨੇ ਪੁਲ ਬੰਗਸ਼ ਦੀ ਮੁਸਲਮਾਨ ਵਸੋਂ ਤੇ ਹੱਲਾ ਬੋਲ ਦਿੱਤਾ ਸੀ । ਉਹਦੀ ਮਾਂ ਤੇ ਪਿਉ ਇਸ ਹੱਲੇ ਵਿਚ ਵਢੇ ਗਏ ਸਨ । ਅਗਲੇ ਦਿਨ ਜਦੋਂ ਦਿੱਲੀ ਵਿਚ ਮਿਲਟਰੀ ਆ ਗਈ ਤਾਂ ਉਹਦਾ ਵਡਾ ਮਾਮਾ ਉਨ੍ਹਾਂ ਦੀ ਖ਼ੈਰੀਅਤ ਪੁਛਣ ਪੁਲ ਬੰਗਸ਼ ਗਿਆ । ਉਹਨੇ ਵੇਖਿਆ ਕਿ ਸਕੀਨਾ ਅਤੇ ਬਸ਼ੀਰ ਅਹਿਮਦ ਦੀਆਂ ਲੋਥਾਂ ਵਿਹੜੇ ਵਿਚ ਮੂੰਹ ਪਰਨੇ ਪਈਆਂ ਸਨ ਤੇ ਦੋਹਾਂ ਦੇ ਵਿਚਕਾਰ ਦੋ ਵਰ੍ਹਿਆਂ ਦਾ ਜਾਵੇਦ ਚਿਰਲਾ ਚਿਰਲਾ ਕੇ ਉਨ੍ਹਾਂ ਨੂੰ ਜਗਾਣ ਦਾ ਯਤਨ ਕਰ ਰਿਹਾ ਸੀ ।

ਟਰੱਕ ਦੀ ਟਕਰ ਨਾਲ ਮਾਮੇ ਦਾ ਸਕੂਟਰ ਰਿਕਸ਼ਾ ਚਿਕਨਾਚੂਰ ਹੋ ਗਿਆ ਸੀ । ਉਹ ਰੋਜ਼ੀ ਜਿਸਦੇ ਨਾਲ ਇਕ ਵਡੇ ਪਰਵਾਰ ਦਾ ਪੇਟ ਪਲਦਾ ਅਤੇ ਜਾਵੇਦ ਦੀ ਕਾਲਜ ਦੀ ਪੜ੍ਹਾਈ ਦਾ ਖ਼ਰਚਾ ਚਲਦਾ ਸੀ, ਉਹ ਰੋਜ਼ੀ ਅਜਿਹੀ ਸੀ ਕਿ ਰੋਜ਼ ਉਹਦਾ ਮਾਮਾ ਖੂਹ ਪੁਟਦਾ ਸੀ ਤੇ ਰੋਜ਼ ਉਹ ਪਾਣੀ ਪੀਂਦੇ ਸਨ । ਜਿਸ ਦਿਨ ਉਹਦਾ ਜਨਾਜ਼ਾ ਉਠਿਆ, ਮਾਮੇ ਕੋਲੋਂ ਖੂਹ ਨਾ ਪੁਟਿਆ ਗਿਆ, ਤੇ ਉਹ ਸਾਰੇ ਪਿਆਸ ਨਾਲ

ਹਲਕਾਨ ਹੋਣ ਲਗੇ । ਫ਼ਾਕਿਆਂ ਦਾ ਦੈਂਤ ਖਸਤਾ ਹਾਲ ਮਕਾਨ ਦੇ ਟੁਟੇ ਭਿਤ ਖੜਕਾਣ ਲਗਾ ।

ਮਾਮੇ ਦੇ ਜਨਾਜ਼ੇ ਨਾਲ ਹੀ ਜਾਵੇਦ ਦੇ ਸੁਫਨਿਆਂ ਦਾ ਜਨਾਜ਼ਾ ਵੀ ਉਠ ਗਿਆ । ਉਹਨੇ ਚੁਪਾਸੀਂ ਨਜ਼ਰ ਘੁਮਾਈ ਪਰ ਕਾਲਜ ਦੇ ਖਰਚੇ ਲਈ ਕਿਤੇ ਕਿਸੇ ਵਸੀਲੇ ਦਾ ਝਾਂਵਲਾ ਨਾਂ ਪਿਆ ਤੇ ਉਹ ਬੀਏ ਦੇ ਪਹਿਲੇ ਸਾਲ ਵਿਚੋਂ ਹੀ ਉਠ ਗਿਆ । ਜਦੋਂ ਅਗਲੇ ਡੰਗ ਦਾ ਬਾਨ੍ਹਣੂ ਨਜ਼ਰ ਨਾ ਆਇਆ ਤਾਂ ਕਾਲਜ ਦੇ ਮੁਨਾਰੇ ਭੁੰਜੇ ਆਣ ਪਏ ।

ਟਾਟ ਦਾ ਪਰਦਾ ਇਕ ਪਾਸੇ ਕਰਕੇ ਜਾਵੇਦ ਡਿਓਢੀ ਅੰਦਰ ਲੰਘ ਗਿਆ । ਜਦੋਂ ਦੀ ਉਹਨੇ ਹੋਸ਼ ਸੰਭਾਲੀ ਸੀ ਇਹ ਟਾਟ ਦਾ ਪਰਦਾ ਡਿਓਢੀ ਦੇ ਦਰਵਾਜ਼ੇ ਅੱਗੇ ਲਟਕਦਾ ਵੇਖਿਆ ਸੀ । ਜਦੋਂ ਇਹ ਛਿਜ ਜਾਂਦਾ ਤਾਂ ਇਹਦੀ ਗੰਢ ਤੁਪ ਹੋ ਜਾਂਦੀ । ਪਰ ਜਦੋਂ ਇਹਦੀਆਂ ਲਿਤੜਾਂ ਲਥ ਜਾਂਦੀਆਂ ਅਤੇ ਗੰਢ ਤੁਪ ਲਈ ਗੁੰਜਾਇਸ਼ ਨਾ ਰਹਿੰਦੀ ਤਾਂ ਉਹਦੀ ਥਾਂ ਟਾਟ ਦਾ ਨਵਾਂ ਪਰਦਾ ਲਟਕਾ ਦਿੱਤਾ ਜਾਂਦਾ । ਕੋਈ ਇਕ ਦਿਨ ਵੀ ਉਹਨੂੰ ਯਾਦ ਨਹੀਂ ਸੀ ਜਦੋਂ ਇਹ ਟਾਟ ਦਾ ਪਰਦਾ ਨਾ ਰਿਹਾ ਹੋਵੇ । ਇਸ ਟਾਟ ਦੇ ਪਰਦੇ ਬਾਰੇ ਉਹਨੇ ਅਕਸਰ ਸੋਚਿਆ ਸੀ । ਇਕ ਤਾਂ ਪਰਦੇ ਦਾ ਦਸਤੂਰ ਸੀ ਪਰ ਇਸ ਤੋਂ ਛੁਟ ਟਾਟ ਦਾ ਇਹ ਪਰਦਾ ਇਸ ਘਰ ਦੀ ਗੁਰਬਤ ਅਤੇ ਗੰਦਗੀ ਨੂੰ ਵੀ ਲੰਘਾਊਆਂ ਦੀ ਨਜ਼ਰੋਂ ਓਹਲਾ ਕਰਦਾ ਸੀ ।

ਡਿਓਢੀ ਵਿਚ ਪੈਰ ਧਰਦਿਆਂ ਜਾਵੇਦ ਦਾ ਵਾਹ ਇਸ ਗੰਦਗੀ ਨਾਲ ਪਿਆ । ਉਹਦੇ ਵਡੇ ਮਾਮੇ ਦੀ ਵਡੀ ਧੀ ਜਮੀਲਾ ਆਪਣੀ ਡੇਢ ਵਰ੍ਹੇ ਦੀ ਨਿਕੀ ਧੀ ਨੂੰ ਡਿਓਡੀ ਦੀ ਨਾਲੀ ਵਿਚ ਟੱਟੀ ਕਰਵਾ ਰਹੀ ਸੀ । ਦੰਦਾਂ ਤੇ ਹੋਣ ਕਰਕੇ ਬੱਚੀ ਨੂੰ ਦਸਤ ਲਗੇ ਹੋਏ ਸਨ । ਸਵੇਰੇ ਸਵੇਰੇ ਜਮੀਲਾ ਆਪ ਕੈਅ ਵੀ ਏਸੇ ਨਾਲੀ ਵਿਚ ਕਰਦੀ ਸੀ । ਇਹ ਉਸਦਾ ਤੀਜਾ ਹਮਲ ਸੀ । ਪਹਿਲੀਆਂ ਦੋਵੇਂ ਕੁੜੀਆ ਸਨ । ਉਹਦਾ ਮੀਆਂ ਸ਼ਬੀਰ ਅਹਿਮਦ ਜੋ ਹਾਪੜ ਵਿਚ ਰਹਿੰਦਾ ਸੀ, ਉਹਨੇ ਇਸ ਵਾਰੀ ਬੇਟੇ ਲਈ ਤਾਕੀਦ ਕੀਤੀ ਸੀ । ਨਾਲ ਹੀ ਇਹ ਧਮਕੀ ਦੇ ਕੇ ਦਿੱਲੀ ਭੇਜਿਆ ਸੀ ਕਿ ਜੇ ਇਸ ਵਾਰੀ ਵੀ ਲੌਂਡੀਆ ਜੰਮੀ ਤਾਂ ਜਮੀਲਾ ਨੂੰ ਵਾਪਸ ਹਾਪੜ ਆਉਣ ਦੀ ਲੋੜ ਨਹੀਂ ਸੀ । ਜਮੀਲਾ ਵਿਚਾਰੀ ਜੋ ਆਪਣੀਆਂ ਪੰਜਾਂ ਭੈਣਾਂ ਤੋਂ ਵਡੀ ਅਤੇ ਸਾਰੀਆਂ ਤੋਂ ਵਧ ਸੋਹਣੀ ਸੀ, ਜ਼ਿੰਦਗੀ ਦੇ ਬਜ਼ਾਰ ਵਿਚ ਬੁਰੀ ਤਰ੍ਹਾਂ ਠਗੀ ਗਈ ਸੀ । ਜਦੋਂ ਜਾਵੇਦ ਦਾ ਮਾਮਾ ਜਮੀਲਾ ਦਾ ਰਿਸ਼ਤਾ ਤੈਅ ਕਰਨ ਹਾਪੜ ਗਿਆ ਸੀ ਤਾਂ ਸ਼ਬੀਰ ਅਹਿਮਦ ਨੇ ਜਿਹੜੀ ਸਾਈਕਲ ਰੀਪੇਅਰ ਸ਼ਾਪ ਤੇ ਜਿਹੜਾ ਮਕਾਨ ਆਪਣੇ ਨਾਂ ਦਸਿਆ ਸੀ, ਉਹ ਦੋਵੇਂ ਅਸਲ ਵਿਚ ਉਹਦੇ ਦੋਸਤ ਦੀ ਮਲਕੀਅਤ ਸਨ । ਆਪ ਹਜ਼ਰਤ ਕਿਰਾਏ ਦੀ ਇਕ ਟੁਟੀ ਫੁਟੀ ਰਿਕਸ਼ਾ ਖਿਚਦੇ ਸਨ ਅਤੇ ਇਕ ਖੋਲੀ ਨੁਮਾ ਕੋਠੜੀ ਵਿਚ ਰਹਿੰਦੇ ਸਨ । ਨਿਕਾਹ ਤੋਂ ਮਗਰੋਂ ਪਹਿਲੇ ਫੇਰੇ ਵਿਚ ਹੀ ਜਦੋਂ ਜਮੀਲਾ ਤੇ ਉਹਦੇ ਮਾਪਿਆਂ ਤੇ ਅਸਲੀਅਤ ਖੁਲ੍ਹੀ ਤਾਂ ਉਨ੍ਹਾਂ ਆਪਣਾ ਮੱਥਾ ਪਿਟ ਲਿਆ ਤੇ ਜਾਵੇਦ ਦੀ ਮਾਮੀ ਨੇ ਅਠ ਮਹੀਨੇ ਮੰਜੀ ਮੱਲੀ ਰਖੀ ।

ਡਿਓਢੀ ਲੰਘਦਿਆਂ ਹੀ ਗਾਲ੍ਹਾਂ ਭਰੀ ਇਕ ਤਕਰਾਰ ਜਾਵੇਦ ਦੇ ਮੱਥੇ ਵਿਚ ਵਜੀ। ਇਹ ਤਕਰਾਰ ਉਹਦੀ ਨਾਨੀ ਅਤੇ ਉਹਦੀ ਮਾਮੀ ਦੀ ਮਾਂ ਦੇ ਵਿਚਕਾਰ ਚਲ ਰਹੀ ਸੀ ਤੇ ਚਲਦੀ ਰਹਿੰਦੀ ਸੀ। ਦੋਵੇਂ ਕੁੜਮਣੀਆਂ ਜੋ ਪਹਿਲੇ ਰਿਸ਼ਤੇ ਵਿਚ ਮਾਮੇ ਫੂਫੀ ਦੀਆਂ ਧੀਆਂ ਹੋਣ ਦੇ ਨਾਤੇ ਭੈਣਾਂ ਵੀ ਸਨ ਅਤੇ ਇਕੋ ਛਤ ਹੇਠਾਂ ਰਹਿੰਦੀਆਂ ਸਨ, ਸਦਾ ਕਿਸੇ ਨਾ ਕਿਸੇ ਗਲੋਂ ਇਕ ਦੂਜੀ ਨੂੰ ਵਢ ਵਢ ਖਾਂਦੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਲਕ ਮੈਲੀਆਂ ਚੂੜੀਦਾਰ ਪਜਾਮੀਆਂ ਸਨ ਜਿਨ੍ਹਾਂ ਦਾ ਆਸਣ ਇਕ ਥੈਲੇ ਵਾਂਗ ਲੋੜ ਤੋਂ ਵਧੀਕ ਹੇਠਾਂ ਲਮਕਦਾ ਰਹਿੰਦਾ ਸੀ। ਗਿਲਟ ਦੇ ਜ਼ੰਜੀਰੀਦਾਰ ਬਟਨਾਂ ਵਾਲੇ ਮਧਰੇ ਕੁਰਤਿਆਂ ਉਤੇ ਪਾਨ ਦੀਆਂ ਥੁੱਕਾਂ ਦੇ ਦਾਗ ਸਨ। ਉਨ੍ਹਾਂ ਦੇ ਝਾਟੇ ਮਹਿੰਦੀ ਨਾਲ ਰੰਗੇ ਸਨ, ਨੱਕ ਵਿਚੋਂ ਨਸਵਰ ਦਾ ਪਾਣੀ ਰਿਸਦਾ ਰਹਿੰਦਾ ਸੀ ਅਤੇ ਮਸੂੜੇ ਤਮਾਕੂ ਚਬਣ ਕਾਰਨ ਕਾਲੇ ਹੋ ਗਏ ਸਨ। ਜਾਵੇਦ ਨੂੰ ਉਹ ਦੋਵੇਂ ਫਫੇਕੁਟਣਾਂ ਲਗਦੀਆਂ ਸਨ ਅਤੇ ਉਨ੍ਹਾਂ ਵਲ ਵੇਖਦਿਆਂ ਸਦਾ ਇਕ ਭਰਮੀ ਭੈ ਉਹਦੇ ਮਨ ਵਿਚ ਵੜ ਜਾਇਆ ਕਰਦਾ ਸੀ। ਇਸ ਵੇਲੇ ਉਹ ਕਿਸੇ ਗਵਾਚ ਗਈ ਨਸਵਾਰ ਦੀ ਡੱਬੀ ਤੋਂ ਇਕ ਦੂਜੇ ਦੇ ਪੜਛੇ ਲਾਹ ਰਹੀਆਂ ਸਨ।

''ਮੋਈ ਚੋਟੀ। ਹਮੇਸ਼ਾਂ ਇਹਦੀ ਅੱਖ ਮੇਰੀ ਡੱਬੀ ਤੇ ਰਹਿੰਦੀ ਏ। ਆਪਣੀ ਤਾਂ ਕਢਦੀ ਵੀ ਨਹੀਂ ਨੇੜਿਓਂ।''

''ਚੋਟੀ ਤੂੰ, ਤੇਰੀ ਕੋਈ ਵਡੀ ਵਡੇਰੀ। ਮਰਦੂਦ ਨਾ ਮਰਦੀ ਏ, ਨਾ ਮਗਰੋਂ ਲਹਿੰਦੀ ਏ।''

''ਮਰਾਂਗੀ, ਪਰ ਤੇਰੇ ਜਨਾਜ਼ੇ ਤੇ ਵਾਜੇ ਵਜਵਾ ਕੇ, ਤੇਰੇ ਵਰ੍ਹੀਣੇ ਤੇ ਹਲਵਾ ਮੰਡਾ ਖਾ ਕੇ।''

''ਤਤੀਏ ਤੇਰਾ ਮੂੰਹ ਸੜੇ। ਕੀੜੇ ਪੈਣ ਤੇਰੀ ਜੀਭ ਵਿਚ। ਕਿਸੇ ਦੀ ਆਈ ਆਵੇ ਤੈਨੂੰ। ਤੂੰ ਚੁੜ ਚੁੜ ਮਰੇਂ ਚੁੜੇਲੇ।''

ਸਦਾ ਵਾਂਗ ਜਾਵੇਦ ਇਸ ਦੁਪਾਸੀ ਗੋਲਾਬਾਰੀ ਵਿਚੋਂ ਕੰਨ ਵਲ੍ਹੇਟ ਕੇ ਤੇ ਕੰਨੀ ਕਤਰਾ ਕੇ ਲੰਘ ਗਿਆ।

ਬਰਾਂਡੇ ਵਿਚ ਉਹਨੇ ਵੇਖਿਆ, ਬਿੱਛੇ ਤਖਤਪੋਸ਼ ਉਤੇ ਕਸੀਦਾ ਲੈ ਕੇ ਬੈਠੀਆਂ ਉਹਦੇ ਵਡੇ ਮਾਮੇ ਦੀਆਂ ਦੋ ਧੀਆਂ ਦਾਦੀ ਜਾਨ ਅਤੇ ਨਾਨੀ ਜਾਨ ਦੀ ਇਸ ਬਰਾਬਰ ਦੀ ਟਕਰ ਦਾ ਮਜ਼ਾ ਲੈ ਰਹੀਆਂ ਸਨ। ਜਦੋਂ ਉਨ੍ਹਾਂ ਦਾ ਕਚਾ ਹਾਸਾ ਦਬਾਇਆਂ ਨਾ ਦਬਦਾ ਤਾਂ ਉਹ ਤੁਰਤ ਉਹਨੂੰ ਕਸੀਦਿਆਂ ਪਿਛੇ ਲੁਕਾ ਲੈਂਦੀਆਂ। ਇਹ ਦੋਵੇਂ ਨਵੇਂ ਬਣੇ ਸਾਕੋਂ ਜਾਵੇਦ ਦੀਆਂ ਸਾਲੀਆਂ ਸਨ ਅਤੇ ਕੁਆਰੀਆਂ ਹੋਣ ਕਰਕੇ ਮਾਮੀ ਜਾਨ ਦੀ ਰਾਤਾਂ ਦੀ ਨੀਂਦ ਦੀਆਂ ਦੁਸ਼ਮਣ। ਜਮੀਲਾ ਤੋਂ ਛੋਟੀ ਸਲਮਾ ਦਾ ਨਿਕਾਹ ਪਿਛਲੇ ਸਾਲ ਜਾਵੇਦ ਨਾਲ ਹੋਇਆ ਸੀ। ਜਦੋਂ ਮਾਮੂ ਜਾਨ ਅੱਲਾ ਨੂੰ ਪਿਆਰੇ ਹੋ ਗਏ ਅਤੇ ਚਾਰ ਪੁਤਾਂ ਦਾ ਬੋਝ ਇਕਲੀ ਮਾਮੀ ਜਾਨ ਦੀ ਹਿਕ ਉਤੇ ਮੂੰਗ ਦਲਣ ਲਗਾ ਤਾਂ ਕਿਸੇ ਹਦ ਤੀਕ ਆਪਣੇ ਵਡੇ ਮਾਮੇ ਦੇ ਇਹਸਾਨਾਂ ਦਾ ਬਦਲਾ ਚੁਕਾਣ ਲਈ ਜਾਵੇਦ ਨੇ ਆਪਣੀ ਮਰਜ਼ੀ ਮਾਮੀ ਜਾਨ ਦੀ ਆਰਜ਼ੂ ਤੋਂ ਵਾਰ ਦਿੱਤੀ

ਅਤੇ ਸਲਮਾਂ ਨਾਲ ਨਿਕਾਹ ਮਨਜ਼ੂਰ ਕਰ ਲਿਆ। ਸੁਫ਼ਨਾ ਤਾਂ ਉਸਦਾ ਪਹਿਲਾਂ ਹੀ ਦਫ਼ਨ ਹੋ ਚੁਕਿਆ ਸੀ। ਸੁਫ਼ਨੇ ਰਹਿਤ ਜ਼ਿੰਦਗੀ ਵਿਚ ਕੁਝ ਫ਼ਰਕ ਨਹੀਂ ਸੀ ਪੈਂਦਾ ਕਿ ਸਲਮਾਂ ਦੀਆਂ ਅੱਖਾਂ ਚੁੰਨ੍ਹੀਆਂ ਅਤੇ ਰੰਗ ਕਚੇ ਬੇਰ ਵਰਗਾ ਸੀ ਤੇ ਉਹਦੇ ਚਿਹਰੇ ਤੇ ਚੀਚਕ ਦੇ ਦਾਗ਼ ਸਨ, ਜਿਨ੍ਹਾਂ ਨੂੰ ਲੁਕਾਣ ਲਈ ਉਹ ਸਸਤਾ ਅਤੇ ਘਟੀਆ ਪਾਉਡਰ ਥਪਦੀ ਰਹਿੰਦੀ ਸੀ।

ਜਾਵੇਦ ਨੇ ਰਸੋਈ ਵਿਚ ਝਾਕਿਆ। ਅਕਸਰ ਉਹਦੀ ਮਾਮੀ ਜਾਨ ਹੀ ਉਹਦਾ ਹੱਥ ਮੂੰਹ ਧੁਆ ਕੇ ਚਾਹ ਬਣਾਕੇ ਦਿਆ ਕਰਦੀ ਸੀ, ਭਾਵੇਂ ਨਿਕਾਹ ਤੋਂ ਮਗਰੋਂ ਇਹ ਕੰਮ ਸਲਮਾਂ ਦਾ ਸੀ। ਪਰ ਨਿਕਾਹ ਤੋਂ ਪਹਿਲੇ ਦੀ ਤੁਰੀ ਆ ਰਹੀ ਆਦਤ ਨਿਕਾਹ ਤੋਂ ਮਗਰੋਂ ਵੀ ਕਾਇਮ ਰਹੀ। ਜਾਵੇਦ ਨੂੰ ਵੀ ਕੋਈ ਫ਼ਰਕ ਨਹੀਂ ਸੀ ਪੈਂਦਾ।

ਸਲਮਾ ਬੋਲੀ, ''ਅੰਮੀਂ ਕੋਠੇ ਤੇ ਰਸ਼ੀਦਾ ਕੋਲੋਂ ਸਿਰ ਕੁਲਵਾ ਰਹੀ ਏ।''

ਰਸ਼ੀਦਾ ਜਾਵੇਦ ਦੀ ਸਭ ਤੋਂ ਛੋਟੀ ਸਾਲੀ ਦਾ ਨਾਂ ਸੀ। ਮਾਮੀ ਜਾਨ ਨੇ ਆਪਣੀ ਛੇਵੀਂ ਹਿਸ ਨਾਲ ਕੋਠੇ ਤੋਂ ਹੀ ਜਾਵੇਦ ਦੀ ਆਮਦ ਭਾਂਪ ਲਈ ਤੇ ਖੁਲ੍ਹੀਆਂ ਜ਼ੁਲਫ਼ਾਂ ਨੂੰ ਜੂੜੇ ਵਿਚ ਸਮੇਟਦੀ ਕਾਹਲੀ ਕਾਹਲੀ ਪੌੜੀਆਂ ਉਤਰ ਆਈ।

ਸਦਾ ਵਾਂਗ ਜਾਵੇਦ ਰਸੋਈ ਦੇ ਖੁਰੇ ਤੇ ਹੀ ਹੱਥ ਮੂੰਹ ਧੋਣ ਬਹਿ ਗਿਆ। ਪਾਣੀ ਦਾ ਭਰਿਆ ਭਰਾਇਆ ਜਗ ਜਿਸ ਉਤੋਂ ਅਨੈਮਲ ਕਈ ਵਰ੍ਹੇ ਪਹਿਲਾਂ ਲਥ ਗਿਆ ਸੀ, ਮਾਮੀ ਨੇ ਸਦਾ ਵਾਂਗ ਧਾਰ ਬੰਨ੍ਹ ਕੇ ਜਾਵੇਦ ਦੇ ਸਿਰ ਵਿਚ ਪਾਇਆ ਤੇ ਜਾਵੇਦ ਦੂਹਾਂ ਹੱਥਾਂ ਨਾਲ ਆਪਣਾ ਸਿਰ ਰਗੜਦਾ ਗਿਆ। ਜਦ ਤੀਕ ਸਿਰ ਸਾਫ਼ ਸੁਥਰਾ ਨਹੀਂ ਸੀ ਹੋ ਜਾਂਦਾ, ਮੂੰਹ ਹੱਥ ਧੋਣ ਵਿਚ ਕੋਈ ਤੁਕ ਨਹੀਂ ਸੀ। ਦੂਜਾ ਜਗ ਉਹਨੇ ਮੂੰਹ ਤੇ ਛਟੇ ਮਾਰ ਮਾਰ ਖਾਲੀ ਕੀਤਾ, ਜਦ ਤੀਕ ਰੇਗਮਾਲ ਦੀ ਮਹੀਨ ਧੂੜ ਦੀ ਚੁਭਨ ਉਹਦੀਆਂ ਅੱਖਾਂ ਵਿਚ ਮਠੀ ਨਾ ਪੈ ਗਈ। ਫੇਰ ਉਹ ਉਂਗਲਾਂ ਤੇ ਜੰਮੀ ਪੇਂਟ ਉਤਾਰਨ ਲਈ ਉਨ੍ਹਾਂ ਨੂੰ ਰਸੋਈ ਦੀਆਂ ਗਿਲੀਆਂ ਇੱਟਾਂ ਤੇ ਰਗੜਦਾ ਰਿਹਾ।

ਕਾਹਲੀ ਕਾਹਲੀ ਉਹਨੇ ਕੱਪੜੇ ਬਦਲੇ। ਕੰਘੀ ਦੀਆਂ ਚਾਰ ਛੋਹਾਂ ਨਾਲ ਉਹਨੇ ਵਾਲਾਂ ਨੂੰ ਸਟਾਈਲ ਵਿਚ ਸਵਾਰਿਆ ਤੇ ਮੈਲੇ ਥਿੰਦੇ ਇਕ ਸਟੂਲ ਤੇ ਚਾਹ ਪੀਣ ਲਈ ਬਹਿ ਗਿਆ। ਐਲੂਮਿਨੀਅਮ ਦੀ ਪਲੇਟ ਵਿਚੋਂ ਉਹਨੇ ਬਿਸਕੁਟਾਂ ਦਾ ਚੂਰਾ ਖਾਧਾ ਅਤੇ ਟੁਟੇ ਕੰਢੇ ਵਾਲੇ ਪਿਆਲੇ 'ਚੋਂ ਚਾਹ ਸੁੜਕਣ ਲਗਾ। ਪੁਰਾਣੇ ਬਿਸਕੁਟਾਂ ਦਾ ਚੂਰਾ ਜੋ ਉਹਨੇ ਪਿਛਲੇ ਮਹੀਨੇ ਦਰਿਆ ਗੰਜ ਦੀ ਇਕ ਰੇੜ੍ਹੀ ਤੋਂ ਸਸਤਾ ਖਰੀਦਿਆ ਸੀ, ਅਜੇ ਤੀਕ ਤਰ ਰਿਹਾ ਸੀ। ਇਹਦਾ ਕਾਰਣ ਵੀ ਉਹ ਜਾਣਦਾ ਸੀ। ਇਹ ਨਿਆਮਤ ਘਰ ਵਿਚ ਸਿਰਫ਼ ਉਸੇ ਨੂੰ ਨਸੀਬ ਸੀ ਤੇ ਉਹ ਵੀ ਜੁਮੇਂ ਵਾਲੇ ਦਿਨ। ਬਾਕੀ ਦਿਨ ਤਾਂ ਉਹ ਹਨੇਰੇ ਪਏ ਕੰਮ ਤੋਂ ਮੁੜਦਾ ਸੀ ਤੇ ਆਉਂਦਿਆਂ ਹੀ ਰੋਟੀ ਖਾ ਕੇ ਸੌਂ ਜਾਂਦਾ ਸੀ।

ਚਾਹ ਪੀ ਕੇ ਬਿਨਾਂ ਕਿਸੇ ਨਾਲ ਗੱਲ ਕੀਤੇ ਜਾਵੇਦ ਘਰੋਂ ਨਿਕਲ ਗਿਆ। ਘਰ ਵਿਚ ਸਾਰੇ ਜਾਣਦੇ ਸਨ ਕਿ ਜੁਮੇ ਦੀ ਸ਼ਾਮ ਉਹਦੀ ਛੁਟੀ ਦੀ ਸ਼ਾਮ ਸੀ ਜਦੋਂ

ਉਹਦੀਆਂ ਖਿਚੀਆਂ ਹੋਈਆਂ ਨਸਾਂ ਹਫ਼ਤੇ ਭਰ ਦਾ ਥਕੇਵਾਂ ਲਾਂਹਦੀਆਂ ਸਨ, ਜਦੋਂ ਉਹਦੇ ਜਿਸਮ ਨਾਲੋਂ ਵਧ ਉਹਦੀ ਰੂਹ ਆਪਣਾ ਥਕੇਵਾਂ ਲਾਂਹਦੀ ਸੀ। ਥਕੇਵਾਂ ਲਾਹਣ ਦਾ ਉਹਦਾ ਤਰੀਕਾ ਉਹਦੇ ਛੋਟੇ ਮਾਮੇ ਦੇ ਤਰੀਕੇ ਨਾਲੋਂ ਬਿਲਕੁਲ ਵਖਰਾ ਸੀ। ਛੋਟਾ ਮਾਮਾ ਜੁਮੇਂ ਨੂੰ ਦੁਪਹਿਰ ਮਗਰੋਂ ਛੁਟੀ ਕਰਕੇ ਸਿਧਾ ਜਾਮਾ ਮਸਜਦ ਨਮਾਜ਼ ਪੜ੍ਹਨ ਚਲਾ ਜਾਂਦਾ ਸੀ। ਅਧੀ ਥਕਾਵਟ ਤਾਂ ਉਹਦੀ ਵਜ਼ੂ ਕਰਨ ਨਾਲ ਹੀ ਲਹਿ ਜਾਂਦੀ ਸੀ। ਬਾਕੀ ਦੀ ਅੱਧੀ ਨਮਾਜ਼ ਪੜ੍ਹ ਚੁਕਣ ਮਗਰੋਂ ਕਾਫ਼ੂਰ ਹੋ ਜਾਂਦੀ। ਉਹਦਾ ਮਨ ਤੇ ਉਹਦੇ ਹਡ ਪੈਰ ਇਕ ਹੋਰ ਹਫ਼ਤੇ ਦੀ ਕਰੜੀ ਮਿਹਨਤ ਲਈ ਜੁੜੇ ਜਾਂਦੇ। ਜਾਵੇਦ ਹੈਰਾਨ ਹੋਇਆ ਕਰਦਾ ਸੀ। ਇਹ ਕਿਹੋ ਜਿਹਾ ਸੁਖ ਸੀ, ਕਿਹੋ ਜਹੀ ਤਸਕੀਨ ਸੀ ਜੋ ਛੋਟੇ ਮਾਮੇ ਨੂੰ ਨਮਾਜ਼ ਵਿਚੋਂ ਮਿਲਦੀ ਸੀ। ਜਾਵੇਦ ਨੇ ਕਦੀ ਨਮਾਜ਼ ਨਹੀਂ ਸੀ ਪੜ੍ਹੀ, ਨਾ ਹੀ ਉਹਨੂੰ ਨਮਾਜ਼ ਪੜ੍ਹਨੀ ਆਉਂਦੀ ਸੀ ਤੇ ਨਾ ਹੀ ਉਹਨੂੰ ਉਮੀਦ ਸੀ ਕਿ ਹਡ-ਭੰਨਵੀਂ ਮੁਸ਼ੱਕਤ ਦੀ ਥਕਾਨ ਲਾਹੁਣ ਲਈ ਨਮਾਜ਼ ਉਹਨੂੰ ਰਾਸ ਆਵੇਗੀ।

ਜੁਮੇਂ ਦੀ ਸ਼ਾਮ ਨੂੰ ਆਪਣੇ ਛੋਟੇ ਮਾਮੇ ਨਾਲ ਜਾਮਾ ਮਸਜਦ ਜਾਣ ਦੀ ਥਾਂ ਉਹ ਕਨਾਟ ਪਲੇਸ ਜਾਂਦਾ ਸੀ, ਜਿਥੇ ਸਾਫ਼ ਸੁਥਰੀਆਂ ਸੜਕਾਂ ਸਨ, ਘਾਹ ਦੇ ਗਲੀਚਿਆਂ ਵਰਗੇ ਫੁਲਾਂ ਨਾਲ ਮਹਿਕਦੇ ਪਾਰਕ ਸਨ ਅਤੇ ਵੀਹ ਵੀਹ ਮੰਜ਼ਲੀਆਂ ਆਕਾਸ਼ ਛੂੰਹਦੀਆਂ ਇਮਾਰਤਾਂ ਸਨ, ਜਿਥੇ ਪਰੀ ਮਹਲ ਵਰਗੇ ਸਿਨਮਾ ਘਰ ਅਤੇ ਪੰਜ ਪੰਜ ਤਾਰਿਆ ਵਾਲੇ ਹੋਟਲ ਸਨ।

ਅਜਿਹੇ ਪੰਜ ਤਾਰਿਆਂ ਵਾਲੇ ਇਕ ਨਵੇਂ ਬਣ ਰਹੇ ਹੋਟਲ ਵਿਚ ਇਕ ਠੇਕੇਦਾਰ ਕੋਲ ਜਾਵੇਦ ਅਤੇ ਉਹਦਾ ਨਿਕਾ ਮਾਮਾ ਪੇਂਟ ਪਾਲਸ਼ ਦਾ ਕੰਮ ਕਰ ਰਹੇ ਸਨ। ਹੋਟਲ ਦੀ ਉਸਾਰੀ ਮੁਕਣ ਦੀ ਢਿਲ ਸੀ, ਮੁੜਕੇ ਸਾਰੀ ਜ਼ਿੰਦਗੀ ਇਸ ਹੋਟਲ ਵਿਚ ਕਦਮ ਧਰਨ ਦੀ ਪੁਜਤ ਉਨ੍ਹਾਂ ਕੋਲ ਨਹੀਂ ਹੋਵੇਗੀ। ਬਸ ਉਹ ਏਨਾਂ ਸੋਚ ਸਕਣਗੇ, ਏਨਾ ਆਖ ਸਕਣਗੇ ਕਿ ਉਨ੍ਹਾਂ ਇਸ ਹੋਟਲ ਵਿਚ ਪੇਂਟ ਪਾਲਸ਼ ਦਾ ਕੰਮ ਕੀਤਾ ਸੀ।

ਵਡੇ ਮਾਮੇ ਦੀ ਮੌਤ ਮਗਰੋਂ ਜਾਵੇਦ ਨੇ ਹਜ਼ਾਰ ਟਕਰਾਂ ਮਾਰੀਆਂ, ਪਰ ਕਿਤੇ ਕੋਈ ਮੁਨਸ਼ੀਗੀਰੀ, ਕਲਰਕੀ ਉਹਨੂੰ ਨਾ ਮਿਲੀ। ਜਦੋਂ ਛੇ ਮਹੀਨੇ ਜ਼ਿੰਦਗੀ ਦੀ ਖੁਰਦਰੀ ਅਸਲੀਅਤ ਦੀ ਅਲੂਣੀ ਸਿਲ ਚਟਦਿਆਂ ਲੰਘ ਗਏ ਤਾਂ ਜਾਵੇਦ ਨੇ ਮੁੜ ਮੁੜ ਰਦ ਕੀਤੀ ਛੋਟੇ ਮਾਮੇ ਦੀ ਤਜਵੀਜ਼ ਅੱਗੇ ਗੋਡੇ ਟੇਕ ਦਿੱਤੇ ਅਤੇ ਜ਼ਿੰਦਗੀ ਭਰ ਲਈ ਪੇਂਟ ਪਾਲਸ਼ ਦਾ ਕਾਰੀਗਰ ਬਣਨਾ ਮਨਜ਼ੂਰ ਕਰ ਲਿਆ।

ਓਡੀਅਨ ਸਿਨੇਮੇ ਦੇ ਬਾਹਰ ਇਕ ਝਮ ਝਮ ਕਰਦੀ, ਸੁੰਗਧੀਆਂ ਖਿਲਾਰਦੀ ਦੁਕਾਨ ਤੋਂ ਜਾਵੇਦ ਨੇ ਚਾਰ ਮੀਨਾਰ ਸਿਗਰਟ ਖਰੀਦੇ। ਸਾਰੇ ਹਫ਼ਤੇ ਵਿਚ ਉਹ ਸਿਰਫ਼ ਦੋ ਸਿਗਰਟ ਜੁੰਮੇਂ ਦੀ ਸ਼ਾਮ ਨੂੰ ਪੀਂਦਾ ਸੀ, ਇਕ ਕਨਾਟ ਪਲੇਸ ਵਿਚ ਅਪੜਦਿਆਂ ਅਤੇ ਦੂਜਾ ਕਨਾਟ ਪਲੇਸ ਤੋਂ ਘਰ ਪਰਤਿਆਂ। ਉਹਦਾ ਛੋਟਾ ਮਾਮਾ ਸਾਰਾ ਦਿਨ ਬੀੜੀਆਂ ਫੂਕਦਾ ਸੀ। ਜਾਵੇਦ ਨੇ ਕੇਵਲ ਇਕੋ ਵਾਰੀ ਬੀੜੀ ਦਾ

ਬਦਬੂਦਾਰ ਸਵਾਦ ਚਖਿਆ ਸੀ ਤੇ ਉਹਦੇ ਮਗਰੋਂ ਉਹਨੂੰ ਬੀੜੀ ਦੇ ਧੂੰਏਂ ਤੋਂ ਨਫ਼ਰਤ ਹੋ ਗਈ ਸੀ।

ਜੁਮੇਂ ਦੀ ਸ਼ਾਮ ਉਹ ਕਨਾਟ ਪਲੇਸ ਦੇ ਕਿਸੇ ਸਿਨਮਾਘਰ ਵਿਚ ਬਿਤਾਂਦਾ ਸੀ, ਜਾਂ ਗੋਲ ਬਰਾਮਦਿਆਂ ਵਿਚ ਆਵਾਰਾਗਰਦੀ ਕਰਦਿਆਂ ਅਤੇ ਜਗਮਗ ਕਰਦੇ ਸ਼ੋਅ-ਕੇਸਾਂ ਵਿਚ ਝਾਕਦਿਆਂ, ਜਾਂ ਫਿਰ ਜਨਪਥ ਦੀਆਂ ਰੌਣਕੀਲੀਆਂ ਦੁਕਾਨਾਂ ਸਾਹਵੇਂ ਘੁੰਮਦੀਆਂ ਬਦੇਸ਼ੀ ਸੈਂਟਾਂ ਨਾਲ ਮਹਿਕਦੀਆਂ ਭੀੜਾਂ ਵਿਚ ਗਵਾਚਦਿਆਂ, ਏਥੋਂ ਤੀਕ ਕਿ ਉਹਦੀ ਨਵੇਕਲੀ ਹੋਂਦ ਮਿਟ ਜਾਂਦੀ ਤੇ ਉਹ ਉਨ੍ਹਾਂ ਭੀੜਾਂ ਦਾ ਹੀ ਭਾਗ ਬਣ ਜਾਂਦਾ।

ਉਸ ਵੇਲੇ ਕੂਚਾ ਖ਼ਾਨਮ ਦੀ ਬਦਬੂ, ਗੰਦਗੀ ਅਤੇ ਗ਼ਰੀਬੀ ਦੂਰ, ਬਹੁਤ ਦੂਰ ਰਹਿ ਜਾਂਦੀਆਂ, ਜਿਵੇਂ ਉਹ ਕੋਈ ਦੂਜੀ ਦੁਨੀਆਂ ਹੋਵੇ, ਜਿਥੇ ਕੋਈ ਦੂਜਾ ਜਾਵੇਦ ਰਹਿੰਦਾ ਹੋਵੇ ਜੋ ਚੀਚਕ ਦੇ ਦਾਗਾਂ ਵਾਲੀ ਸਲਮਾਂ ਦਾ ਮੀਆਂ ਹੋਵੇ ਤੇ ਜਿਸ ਦੀਆਂ ਅੱਖਾਂ ਵਿਚ ਰੇਗ ਮਾਲ ਦੀ ਮਹੀਨ ਧੂੜ ਦੀ ਚੁਭਨ ਦਿਨ ਰਾਤ ਰਹਿੰਦੀ ਹੋਵੇ।

ਓਡੀਅਨ ਸਿਨਮਾ ਦੇ ਬਾਹਰ ਪਿਕਚਰ ਦੇ ਵਿਸ਼ਾਲ ਨੁਮਾਇਸ਼ੀ ਬੋਰਡ ਤੋਂ ਉਹਨੇ ਪਦਮਨੀ ਕੋਲ੍ਹਾਪੁਰੀ ਨੂੰ ਪਛਾਣਿਆ ਅਤੇ ਟਿਕਟ ਖਰੀਦ ਲਿਆ। ਉਹਨੂੰ ਪਦਮਨੀ ਕੋਲ੍ਹਾਪੁਰੀ ਬੇਹਦ ਪਸੰਦ ਸੀ, ਕਿਉਂ ਜੋ ਪਦਮਨੀ ਕੋਲ੍ਹਾਪੁਰੀ ਦੀ ਸ਼ਕਲ ਬਲਕੀਸ ਨਾਲ ਮਿਲਦੀ ਸੀ। ਜਦੋਂ ਆਪਣੇ ਕੋਠੇ ਦੀ ਮਮਟੀ ਵਿਚ ਬਹਿਕੇ ਜਾਵੇਦ ਕਾਲਜ ਦੀ ਪੜ੍ਹਾਈ ਕਰਿਆ ਕਰਦਾ ਸੀ ਤਾਂ ਗਲੀਓਂ ਪਾਰਲੇ ਮਕਾਨ ਦੇ ਕੋਠੇ ਉਤੇ ਬਲਕੀਸ ਮੁੜ ਮੁੜ ਕਪੜੇ ਖਿਲਾਰਨ ਤੇ ਉਤਾਰਨ ਆਉਂਦੀ ਸੀ। ਸਦਾ ਉਹ ਨੰਗੇ ਪੈਰੀਂ ਆਉਂਦੀ ਸੀ। ਨਾ ਉਹਨੂੰ ਗਰਮ ਛਤ ਦੀ ਪਰਵਾਹ ਸੀ ਨਾ ਤਪਦੇ ਬਨੇਰਿਆਂ ਦੀ। ਇਕ ਅਜੀਬ ਮਦਹੋਸ਼ੀ ਵਿਚ ਡੁਬੀ ਉਹ ਆਉਂਦੀ ਤੇ ਸਾਹਮਣੀ ਮਮਟੀ ਨੂੰ ਨਜ਼ਰ ਨਾਲ ਇਕ ਸਿਜਦਾ ਕਰ ਜਾਂਦੀ। ਜਦੋਂ ਜਾਵੇਦ ਦੀ ਜ਼ਿੰਦਗੀ ਦਾ ਸੁਫਨਾ ਵਡੇ ਮਾਮੇ ਨਾਲ ਕਬਰ ਵਿਚ ਦਫ਼ਨ ਹੋ ਗਿਆ ਤਾਂ ਬਲਕੀਸ ਦੇ ਇਸ਼ਕ ਨੇ ਵੀ ਤੜਪ ਤੜਪ ਕੇ ਦਮ ਤੋੜ ਦਿੱਤਾ।

ਸਿਨਮਾਂ ਘਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਜਾਵੇਦ ਨੇ ਕੋਨੇ ਵਿਚ ਪਈ ਵਜ਼ਨ ਕਰਨ ਵਾਲੀ ਮਸ਼ੀਨ ਵਲ ਵੇਖਿਆ। ਪਿਕਚਰ ਤੋਂ ਪਹਿਲਾਂ ਉਹ ਕਈ ਵਾਰੀ ਆਪਣਾ ਵਜ਼ਨ ਕਰਿਆ ਕਰਦਾ ਸੀ, ਵਜ਼ਨ ਜਾਨਣ ਲਈ ਨਹੀਂ ਸਗੋਂ ਆਪਣੀ ਤਕਦੀਰ ਪੜ੍ਹਨ ਲਈ ਜੋ ਵਜ਼ਨ ਵਾਲੇ ਟਿਕਟ ਦੇ ਪੁਠੇ ਪਾਸੇ ਇਕ ਫ਼ਿਕਰੇ ਵਿਚ ਲਿਖੀ ਹੁੰਦੀ ਸੀ। ਉਹਨੂੰ ਵੇਖ ਕੇ ਨਿਰਾਸ਼ਾ ਹੋਈ ਕਿ ਮਸ਼ੀਨ ਦੀ ਲਾਲ ਤੇ ਸਾਵੀ ਬੱਤੀ ਬੁਝੀ ਹੋਈ ਸੀ ਜੋ ਮਸ਼ੀਨ ਦੇ ਖ਼ਰਾਬ ਹੋਣ ਦੀ ਅਲਾਮਤ ਸੀ।

ਪਰ ਜਦੋਂ ਉਹ ਪਿਕਚਰ ਵੇਖ ਕੇ ਬਾਹਰ ਨਿਕਲਿਆ ਤਾਂ ਮਸ਼ੀਨ ਦੀਆਂ ਬਤੀਆਂ ਜਗਦੀਆਂ ਵੇਖ ਕੇ ਤ੍ਰਭਕ ਪਿਆ। ਜ਼ਾਹਿਰ ਸੀ ਕਿ ਸ਼ੋ ਦੇ ਦੌਰਾਨ ਮਾਲਕਾਂ ਨੇ ਮਸ਼ੀਨ ਠੀਕ ਕਰਵਾ ਲਈ ਸੀ। ਕਾਸ਼ ਵਿਗੜੀ ਮਸ਼ੀਨ ਵਾਂਗ ਕਦੀ ਵਿਗੜੀਆਂ ਤਕਦੀਰਾਂ ਵੀ ਏਨੀ ਜਲਦੀ ਠੀਕ ਹੋ ਸਕਦੀਆਂ।

ਕਾਹਲੀ ਕਾਹਲੀ ਚੁਆਨੀ ਉਹਨੇ ਮਸ਼ੀਨ ਵਿਚ ਪਾਈ। ਜਿਹੜਾ ਟਿਕਟ ਨਿਕਲਿਆ ਉਹਦੇ ਪੁਠੇ ਪਾਸੇ ਲਿਖਿਆ ਸੀ :

''ਨਿਰਾਸ਼ ਨਾ ਹੋਵੋ। ਚੰਗੇ ਦਿਨ ਹੁਣ ਬਹੁਤੇ ਦੂਰ ਨਹੀਂ।'' ਪੜ੍ਹਕੇ ਜਾਵੇਦ ਦੇ ਚਿਹਰੇ ਤੇ ਇਕ ਨਿਤਾਣੀ ਮੁਸਕਾਨ ਆ ਗਈ। ਕੂਚਾ ਖਾਨਮ ਜਾਣ ਲਈ ਜਿਉਂ ਹੀ ਜਾਵੇਦ ਨੇ ਅਪਣਾ ਮੂੰਹ ਕਨਾਟ ਪਲੇਸ ਤੋਂ ਦਰਿਆ ਗੰਜ ਵਲ ਭੁਆਇਆ, ਉਹਦੀ ਮੁਸਕਾਨ ਵਿਚ ਤਲਖ਼ੀ ਤੇ ਕੁੜਿਤਣ ਰਲ ਗਈ। ਫੇਰ ਉਹਨੇ ਸਿਗਰਟ ਦੇ ਸਾੜ ਨਾਲ ਇਸ ਮੁਸਕਾਨ ਨੂੰ ਸੜਕ ਤੇ ਥੁਕ ਦਿੱਤਾ।

ਚਾਲ੍ਹੀ ਸਾਲ ਬਾਅਦ

ਜੈਪੁਰ ਦਾ ਪ੍ਰਸਿੱਧ ਪ੍ਰਾਚੀਨ ਮੰਦਰ ਵੇਖ ਕੇ ਜਦੋਂ ਅਸੀਂ ਪਰਤਣ ਲੱਗੇ ਤਾਂ ਮੰਦਰ ਦੀ ਫਸੀਲ ਲਾਗਲੀ ਕੱਚੀ ਸੜਕ 'ਤੇ ਪੈਰ ਧਰਦਿਆਂ ਸਾਡਾ ਸਾਹ ਅੰਦਰ ਦਾ ਅੰਦਰ ਅਤੇ ਬਾਹਰ ਦਾ ਬਾਹਰ ਰਹਿ ਗਿਆ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਮੈਂ ਇੰਡੀਅਨ ਆਡਿਟ ਡਿਪਾਰਟਮੈਂਟ ਵਿਚ ਡਾਇਰੈਕਟਰ ਆਫ ਇੰਸਪੈਕਸ਼ਨਜ਼ ਸਾਂ। ਨਿੱਤ ਦੌਰੇ 'ਤੇ ਰਹਿੰਦਾ ਸਾਂ। ਕਦੀ ਜੰਮੂੰ-ਕਸ਼ਮੀਰ, ਕਦੀ ਕਰਨਾਟਕ, ਕਦੀ ਮੱਧ ਪ੍ਰਦੇਸ਼, ਕਦੀ ਗੁਜਰਾਤ, ਕਦੀ ਆਂਧਰਾ ਪ੍ਰਦੇਸ਼ ਤੇ ਕਦੀ ਰਾਜਸਥਾਨ ਦੇ ਅਕਾਊਂਟੈਂਟ ਜਨਰਲ ਦੇ ਦਫਤਰ ਦੀ ਇੰਸਪੈਕਸ਼ਨ ਮੇਰਾ ਰੁਝੇਵਾਂ ਸੀ। ਇਸ ਇੰਸਪੈਕਸ਼ਨ ਦਾ ਮੁੱਖ ਉਦੇਸ਼ ਇਹ ਹੋਇਆ ਕਰਦਾ ਸੀ ਕਿ ਅਕਾਊਂਟੈਂਟ ਜਨਰਲ ਜੋ ਰਾਜ ਸਰਕਾਰਾਂ ਦੀ ਆਮਦਨ ਅਤੇ ਖਰਚੇ ਦਾ ਆਡਿਟ ਕਰਦਿਆਂ ਰਾਜ ਸਰਕਾਰਾਂ ਵਲੋਂ ਹੋਈ ਕਾਨੂੰਨ ਅਤੇ ਨਿਯਮਾਂ ਦੀ ਉਲੰਘਣਾ ਉਤੇ ਨਿੱਤ ਟਿੱਪਣੀ ਕਰਦਾ ਹੈ, ਉਹਦੇ ਆਪਣੇ ਦਫਤਰ ਵਿਚ ਕਾਨੂੰਨ ਅਤੇ ਨਿਯਮਾਂ ਦੀ ਕਿੰਨੀ ਕੁ ਪਾਲਣਾ ਹੁੰਦੀ ਹੈ। ਹਰ ਅਕਾਊਂਟੈਂਟ ਜਨਰਲ ਦਾ ਯਤਨ ਹੁੰਦਾ ਸੀ ਕਿ ਉਹ ਡਾਇਰੈਕਟਰ ਆਫ ਇੰਸਪੈਕਸ਼ਨਜ਼ ਨੂੰ ਖੁਸ਼ ਰੱਖੇ। ਦੌਰੇ ਦੇ ਦਿਨਾਂ ਵਿਚ ਉਹਦੇ ਸੁਖ ਆਰਾਮ ਅਤੇ ਜੀਅ ਪ੍ਰਚਾਵੇ ਦਾ ਧਿਆਨ ਰੱਖੇ ਤਾਂ ਜੋ ਉਹ ਆਪਣੀ ਇੰਸਪੈਕਸ਼ਨ ਰਿਪੋਰਟ ਵਿਚ ਬਹੁਤੀ ਮੀਨ ਮੇਖ ਨਾ ਕੱਢੇ, ਬਹੁਤੀਆਂ ਹੁਝਤਾਂ ਨਾ ਪੁੱਟੇ।

ਰਾਜਸਥਾਨ ਦੇ ਦਫਤਰ ਦੀ ਇੰਨਸਪੈਕਸ਼ਨ ਮੁੱਕਣ ਵਾਲੀ ਸੀ ਕਿ ਅਕਾਊਂਟੈਂਟ ਜਨਰਲ ਨੇ ਆਉਂਦੇ ਐਤਵਾਰ ਲਈ ਮੇਰੀ ਸੈਰ ਤਫਰੀਹ ਦਾ ਪ੍ਰੋਗਰਾਮ ਬਣਾਇਆ। ਉਸ ਨੇ ਆਪਣੇ ਇਕ ਸੀਨੀਅਰ ਅਫਸਰ ਨੂੰ ਆਖਿਆ ਕਿ ਉਹ ਆਪਣੀ ਕਾਰ ਵਿਚ ਮੈਨੂੰ ਜੈਪੁਰ ਦੀਆਂ ਸਾਰੀਆਂ ਵੇਖਣ ਯੋਗ ਥਾਵਾਂ ਦਾ ਚੱਕਰ ਲਵਾ ਲਿਆਵੇ।

ਸਵੇਰੇ ਅੱਠ ਵਜੇ ਹੀ ਕੁਲਦੀਪ ਮਧੋਕ ਮੈਨੂੰ ਗੈਸਟ ਹਾਊਸ ਤੋਂ ਲੈਣ ਆ ਗਿਆ। ਮੈਨੂੰ ਵੇਖ ਕੇ ਖੁਸ਼ੀ ਹੋਈ ਕਿ ਉਸ ਦੀ ਪਤਨੀ ਅਤੇ ਦੋ ਬੱਚੀਆਂ ਵੀ ਨਾਲ ਜਾ ਰਹੀਆਂ ਸਨ। ਸ੍ਰੀਮਤੀ ਮਧੋਕ ਨੇ ਸਾਰਿਆਂ ਲਈ ਨਾਸ਼ਤਾ ਇਕ ਟੋਕਰੀ ਅਤੇ ਦੋ ਥਰਮਸਾਂ ਵਿਚ ਪੈਕ ਕਰ ਕੇ ਨਾਲ ਲੈ ਲਿਆ ਸੀ। ਇਹ ਨਾਸ਼ਤਾ ਅਸੀਂ ਅੰਬੇਰ ਕਿਲ੍ਹੇ

ਦੀ ਬਾਰ੍ਹਾਂਦਰੀ ਵਿਚ ਬੈਠ ਕੇ ਖਾਧਾ। ਸ੍ਰੀਮਤੀ ਮਧੋਕ ਬੜੀ ਹੱਸਮੁਖ, ਮਿਠਬੋਲੀ ਅਤੇ ਮਹਿਮਾਨ-ਨਿਵਾਜ਼ ਸੀ ਅਤੇ ਦੋਵੇਂ ਬੱਚੀਆਂ ਆਪਣੀ ਉਮਰ ਤੋਂ ਵਧੀਕ ਗੋਭਲੀਆਂ ਅਤੇ ਭੋਲੀਆਂ ਸਨ। ਸੱਤ ਸਾਲਾਂ ਦੀ ਰੀਨਾ ਦੀਆਂ ਕਿਲਕਾਰੀਆਂ ਅਤੇ ਚਾਰ ਸਾਲਾਂ ਦੀ ਨੇਹਾ ਦੀਆਂ ਤੋਤਲੀਆਂ ਬਾਝੋਂ ਉਸ ਸੈਰ ਦੀ ਖੁਸ਼ੀ ਅਧੂਰੀ ਰਹਿ ਜਾਂਦੀ।

ਜਦੋਂ ਅਸੀਂ ਜੈਪੁਰ ਦੇ ਉਸ ਪ੍ਰਸਿੱਧ ਪ੍ਰਾਚੀਨ ਮੰਦਰ ਵਿਚ ਅੱਪੜੇ ਤਾਂ ਡੇਢ ਵਜ ਗਿਆ ਸੀ। ਗਰਮੀ, ਧੁੱਪ ਅਤੇ ਥਕਾਣ ਕਾਰਨ ਅਸੀਂ ਉਸ ਮੰਦਰ ਦੇ ਇਤਿਹਾਸ ਵਿਚ ਬਹੁਤੀ ਦਿਲਚਸਪੀ ਨਹੀਂ ਸਾਂ ਵਿਖਾ ਸਕੇ। ਚਾਹੁੰਦੇ ਸਾਂ, ਛੇਤੀ ਤੋਂ ਛੇਤੀ ਘਰ ਮੁੜ ਚਲੀਏ ਤੇ ਕੁਝ ਖਾ ਪੀ ਕੇ ਨਿੱਸਲ ਹੋਈਏ। ਪਰ ਜਿਉਂ ਹੀ ਅਸੀਂ ਪਰਤਣ ਲਈ ਮੰਦਰ ਦੀ ਫ਼ਸੀਲ ਲਾਗਲੀ ਢਾਲਵੀਂ ਕੱਚੀ ਸੜਕ 'ਤੇ ਪੈਰ ਧਰਿਆ, ਸਾਡੇ ਕਦਮ ਬੱਧੇ ਗਏ ਤੇ ਸਾਡਾ ਸਾਹ ਅੰਦਰ ਦਾ ਅੰਦਰ ਅਤੇ ਬਾਹਰ ਦਾ ਬਾਹਰ ਰਹਿ ਗਿਆ।

ਕੱਚੀ ਸੜਕ ਦੇ ਵਿਚਕਾਰ ਇਕ ਕਾਲਾ ਨਾਗ ਫਣ ਫੈਲਾਈ ਸਾਡਾ ਰਾਹ ਮੱਲੀ ਖੜੋਤਾ ਸੀ।

ਮੰਦਰ ਦੇ ਬੁੱਢੇ ਪੁਜਾਰੀ ਨੇ ਸਾਡੀ ਦੁਬਿਧਾ ਵੇਖੀ ਤੇ ਫ਼ਸੀਲ ਤੋਂ ਇਕ ਅਛੋਪਲੀ ਟਪੋਸੀ ਮਾਰ ਕੇ ਸਾਡੇ ਲਾਗੇ ਆਣ ਖੜੋਤਾ।

"ਹਿਲਨਾ ਬਿਲਕੁਲ ਭੀ ਨਹੀਂ", ਉਹਨੇ ਚਿਤਾਵਨੀ ਕੀਤੀ, "ਹਿਲਨੇ ਸੇ ਨਾਗ ਡਰ ਜਾਤਾ ਹੈ ਔਰ ਡਸ ਲੇਤਾ ਹੈ।"

ਬੁੱਢੇ ਪੁਜਾਰੀ ਦੇ ਮੂੰਹ ਵਿਚ ਇਕ ਵੀ ਦੰਦ ਨਹੀਂ ਸੀ ਤੇ ਜਦੋਂ ਉਹ ਸਾਨੂੰ ਮੰਦਰ ਦਾ ਇਤਿਹਾਸ ਸੁਣਾ ਰਿਹਾ ਸੀ ਤਾਂ ਉਹਦੇ ਬੋੜੇ ਮੂੰਹ ਵਿਚੋਂ ਸ਼ਬਦ ਭੂਰ ਭੂਰ ਕੇ ਨਿਕਲਦੇ ਸਨ ਤੇ ਉਹਦੀ ਗੱਲ ਅੱਧ-ਪਚੱਧੀ ਸਮਝ ਪੈਂਦੀ ਸੀ ਪਰ ਉਹਦੀ ਇਸ ਚਿਤਾਵਨੀ ਦਾ ਇਕ ਇਕ ਅੱਖਰ ਸਾਡੀ ਚੇਤਨਾ ਦੀ ਫੱਟੀ 'ਤੇ ਉਕਰਿਆ ਗਿਆ।

ਜੋਦੜੀ ਦੀ ਮੁਦਰਾ ਵਿਚ ਦੋਵੇਂ ਹੱਥ ਬੰਨ੍ਹ ਕੇ ਨਾਗ ਨੂੰ ਸੰਬੋਧਨ ਕਰਦਿਆਂ ਬੁੱਢੇ ਪੁਜਾਰੀ ਨੇ ਆਖਿਆ,

"ਜਾਈਏ ਮਹਾਰਾਜ, ਕਾਹੇ ਪਬਲਿਕ ਕੋ ਪ੍ਰੇਸ਼ਾਨ ਕਰਤੇ ਹੋ।"

ਪਰ ਫਨੀਅਰ ਨੇ ਅਣਸੁਣੀ ਕਰ ਛੱਡੀ ਤੇ ਉਸੇ ਤਰ੍ਹਾਂ ਫਣ ਫੈਲਾਈ ਤਣਿਆ ਰਿਹਾ।

ਬੁੱਢੇ ਪੁਜਾਰੀ ਨੇ ਹਥ ਪਹਿਲੇ ਹੀ ਜੋੜ ਰੱਖੇ ਸਨ। ਹੁਣ ਉਹਨੇ ਸਿਰ ਵੀ ਨਿਵਾ ਲਿਆ ਅਤੇ ਆਪਣੀ ਆਵਾਜ਼ ਵਿਚ ਆਜਜ਼ੀ ਭਰ ਕੇ ਪ੍ਰਾਰਥਨਾ ਦੇ ਲਹਿਜੇ ਵਿਚ ਤਰਲਾ ਲਿਆ।

"ਯਿਹ ਤੋ ਮੰਦਰ ਕੇ ਯਾਤਰੀ ਹੈਂ, ਪ੍ਰਭੂ। ਬੜੀ ਦੂਰ ਸੇ ਚਲ ਕਰ ਭਗਵਾਨ ਸ਼ਿਵ ਕੇ ਦਰਸ਼ਨੋਂ ਕੋ ਆਏ ਹੈਂ। ਆਪ ਤੋ ਮੰਦਰ ਔਰ ਯਾਤਰੀਓਂ ਕੇ ਰਖਵਾਲੇ ਹੈਂ। ਕਿਰਪਾ ਕਰ ਕੇ ਜਾਈਏ ਔਰ ਆਪਣੀ ਗੁਫਾ ਮੇਂ ਬਿਰਾਜੀਏ।"

ਏਸ ਅਰਜੋਈ ਦਾ ਅਸਰ ਫਨੀਅਰ 'ਤੇ ਬਸ ਏਨਾ ਹੋਇਆ ਕਿ ਉਹਨੇ ਆਪਣੀਆਂ ਕਾਲੀਆਂ ਅੱਖਾਂ ਦੀ ਲਿਸ਼ਕ ਮੇਰੇ ਮੂੰਹ 'ਤੇ ਗੱਡ ਦਿੱਤੀ। ਉਹਦੀ ਦੁਸਾਂਗੀ

ਜੀਭ ਹਵਾ ਵਿਚ ਲਹਿਰਾ ਰਹੀ ਸੀ ਤੇ ਮੈਨੂੰ ਜਾਪਿਆ ਉਹ ਫੁੰਕਾਰੇ ਮਾਰਦਾ ਆਖ ਰਿਹਾ ਸੀ,

''ਇਸ ਪਗੜੀ ਵਾਲੇ ਨੂੰ ਤਾਂ ਮੈਂ ਕਦੀ ਨਹੀਂ ਛੱਡਣਾ। ਕਦੀ ਨਹੀਂ, ਕਦੀ ਨਹੀਂ, ਕਦੀ ਨਹੀਂ।''

ਉਸੇ ਛਿਨ ਮੇਰੀ ਉਤੇਜਤ ਚੇਤਨਾ ਉਤੇ ਮੇਰੇ ਬਚਪਨ ਦੀ ਇਕ ਯਾਦ ਬਿਜਲੀ ਕੌਂਦੇ ਵਾਂਗ ਲਿਸ਼ਕ ਗਈ।

ਉਦੋਂ ਮੈਂ ਢਾਈਆਂ ਵਰ੍ਹਿਆਂ ਦਾ ਸਾਂ। ਮਾਂ ਨਾਲ ਆਪਣੇ ਨਾਨਕੇ ਆਇਆ ਹੋਇਆ ਸਾਂ। ਮੇਰਾ ਨਾਨਕਾ ਪਿੰਡ ਜ਼ਿਲਾ ਗੁੱਜਰਾਂਵਾਲਾ ਵਿਚ ਸੀ। ਨਾਂ ਸੀ ਲੱਧੇ ਵਾਲਾ ਵੜੈਚ। ਪਿੰਡ ਦਾ ਗੁਰਦੁਆਰਾ ਮੇਰੇ ਨਾਨਕੇ ਘਰ ਦੇ ਬਿਲਕੁਲ ਸਾਹਮਣੇ ਸੀ। ਵਿਚਕਾਰ ਇਕ ਭੀੜੀ ਜਿਹੀ ਗਲੀ ਸੀ। ਮੇਰੀ ਮਾਸੀ ਉਦੋਂ ਬਾਰ੍ਹਾਂ ਕੁ ਵਰ੍ਹਿਆਂ ਦੀ ਸੀ। ਉਸ ਦਾ ਨਾਂ ਸੀ ਵੀਰਾਂਵਾਲੀ। ਪਿੰਡ ਵਿਚ ਸਾਰੇ ਉਹਨੂੰ ਵੀਰੋ ਆਖ ਕੇ ਬੁਲਾਇਆ ਕਰਦੇ ਸਨ। ਇਕ ਦਿਨ ਮੇਰੀ ਮਾਸੀ ਪਿੰਡ ਦੀਆਂ ਹੋਰ ਕੁੜੀਆਂ ਨਾਲ ਗੁਰਦੁਆਰੇ ਦੇ ਗ੍ਰੰਥੀ ਪਾਸੋਂ ਪੰਜ ਗ੍ਰੰਥੀ ਪੜ੍ਹਨ ਗਈ ਹੋਈ ਸੀ। ਮੇਰੀ ਨਾਨੀ ਨੂੰ ਕਿਸੇ ਟਰੰਕ ਦੀਆਂ ਕੁੰਜੀਆਂ ਨਹੀਂ ਸਨ ਪਈਆਂ ਲੱਭਦੀਆਂ। ਉਹਨੇ ਮੈਨੂੰ ਆਖਿਆ—

''ਜਾਈਂ ਵੇ ਜੀਵਣ ਜੋਗਿਆ, ਧਰਮਸਾਲੋਂ ਮਾਸੀ ਨੂੰ ਕੁਆ ਲਿਆ।''

ਗੁਰਦੁਆਰੇ ਦੇ ਅੰਦਰ ਜਾਣ ਲਈ ਇਕ ਲੰਮੀ ਅਤੇ ਹਨੇਰੀ ਡਿਉਢੀ ਅਉਂਦੀ ਸੀ। ਡਿਉਢੀ ਦੇ ਇਕ ਕੋਨੇ ਵਿਚ ਚੋਖੀਆਂ ਸਾਰੀਆਂ ਦਿਆਰ ਦੀਆਂ ਸ਼ਤੀਰੀਆਂ ਪਈਆਂ ਹੋਈਆਂ ਸਨ। ਗੁਰਦੁਆਰੇ ਦੀ ਉਪਰਲੀ ਮੰਜ਼ਲ ਦੀ ਉਸਾਰੀ ਲਈ ਇਹ ਸਾਰੀ ਲੱਕੜ ਖਰੀਦੀ ਗਈ ਸੀ ਪਰ ਮਗਰੋਂ ਪੈਸੇ ਥੁੜ੍ਹ ਜਾਣ ਕਾਰਨ ਉਪਰ ਇਕੋ ਚੁਬਾਰਾ ਪਾਇਆ ਗਿਆ ਤੇ ਇਹ ਚੋਖੀ ਸਾਰੀ ਲੱਕੜ ਬਚ ਗਈ।

ਜਦੋਂ ਮੈਂ ਡਿਉਢੀ ਵਿਚ ਪੈਰ ਧਰਿਆ ਤਾਂ ਉਨ੍ਹਾਂ ਸ਼ਤੀਰੀਆਂ ਉਤੇ ਇਕ ਬੜਾ ਲੰਮਾ ਕੀੜਾ ਮੈਂ ਵਲ ਖਾਂਦਾ ਵੇਖਿਆ। ਆਪਣੀ ਢਾਈ ਵਰ੍ਹਿਆਂ ਦੀ ਹਯਾਤੀ ਵਿਚ ਮੈਂ ਏਡਾ ਲੰਮਾ ਕੀੜਾ ਅੱਗੇ ਕਦੀ ਨਹੀਂ ਸੀ ਵੇਖਿਆ। ਅੰਦਰ ਜਾ ਕੇ ਮੈਂ ਮਾਸੀ ਨੂੰ ਆਖਿਆ,

''ਮਾਸੀ, ਉਥੇ ਐਡਾ ਵੱਡਾ ਤੀੜਾ।''

''ਮਾਸੀ ਸਦਕੇ, ਦਸ ਖਾਂ ਮੈਨੂੰ ਕਿਥੇ।''

ਡਿਉਢੀ ਅੰਦਰ ਝਾਕਦਿਆਂ ਮਾਸੀ ਦੀਆਂ ਅੱਖਾਂ ਟੱਡੀਆਂ ਗਈਆਂ।

''ਹਾਏ ਮੈਂ ਮਰ ਗਈ, ਇਹ ਤਾਂ ਕਾਲਾ ਨਾਗ ਏ।'' ਝੱਟ ਮਾਸੀ ਨੇ ਮੈਨੂੰ ਕੁਛੜ ਚੁੱਕ ਲਿਆ ਤੇ ਅੰਦਰੋਂ ਭਾਈ ਜਵਾਹਰ ਸਿੰਘ ਗ੍ਰੰਥੀ ਨੂੰ ਸੱਦ ਲਿਆਈ। ਭਾਈ ਜਵਾਹਰ ਸਿੰਘ ਪੁਣਛ ਦਾ ਰਹਿਣ ਵਾਲਾ ਸੀ। ਗੋਰਾ ਚਿੱਟਾ ਕਸ਼ਮੀਰੀ ਗੱਭਰੂ। ਬਾਜ਼ ਵਾਂਗ ਤਿੱਖਾ ਤੇ ਚੀਤੇ ਵਰਗਾ ਛੁਹਲਾ। ਉਹਦੀ ਇਕੋ ਡਾਂਗ ਫਨੀਅਰ ਦੇ ਸਿਰ 'ਤੇ ਵੱਜੀ ਤੇ ਉਹਦੇ ਵਾਲਾ ਕੰਮ ਹੋ ਗਿਆ। ਮਗਰੋਂ ਸੱਪ ਦਾ ਲੰਮਾ ਜਵਾਨ ਸਰੀਰ ਕਿੰਨਾ ਚਿਰ ਸ਼ਤੀਰੀਆਂ ਉਤੇ ਝਟਕੇ ਖਾਂਦਾ ਰਿਹਾ। ਫੇਰ ਭਾਈ ਜਵਾਹਰ ਸਿੰਘ ਨੇ

ਸੱਪ ਨੂੰ ਡਾਂਗ ਨਾਲ ਚੁੱਕ ਕੇ ਗਲੀ ਵਿਚ ਲੰਮਾ ਪਾ ਦਿੱਤਾ। ਉਹ ਗਲੀ ਦੀ ਸਾਰੀ ਚੁੜਿੱਤਣ ਵਿਚ ਵੀ ਪੂਰਾ ਨਹੀਂ ਸੀ ਆਉਂਦਾ। ਪਿੰਡ ਦੇ ਲੋਕੀਂ ਮੋਏ ਫਨੀਅਰ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਪੰਜ ਗ੍ਰੰਥੀ ਪੜ੍ਹਨ ਗਈਆਂ ਮੇਰੀ ਮਾਸੀ ਦੀਆਂ ਸਹੇਲੀਆਂ ਵੀ ਬਾਹਰ ਨਠੀਆਂ ਆਈਆਂ। ਫੇਰ ਮੇਰੀ ਮਾਂ ਅਤੇ ਨਾਨੀ ਵੀ ਭੀੜ ਵਿਚ ਆਣ ਰਲੀਆਂ।

"ਨੀਂ ਪਹਿਲੋਂ ਵੀਰ ਦੇ ਭਣੇਵੇਂ ਨੇ ਵੇਖਿਆ ਸਾਈ।"

"ਹਉ ਹਾਏ। ਐਸ ਨਹੁੰ ਜਿੰਨੇ ਬਾਲ ਨੇ ?"

"ਆਹੋ, ਆਂਹਦਾ ਸੀ, ਮਾਸੀ ਉਥੇ ਐਡਾ ਵੱਡਾ ਤੀੜਾ।"

"ਹਲਾ ਜੀਉਂਦਾ ਰਹੇ। ਜਵਾਨੀਆਂ ਮਾਣੇ।"

ਮੇਰੀ ਨਾਨੀ ਨੇ ਮੈਨੂੰ ਮਾਸੀ ਦੇ ਕੁੱਛੜੋਂ ਚੁੱਕ ਲਿਆ ਸੀ। ਆਪਣੇ ਨਾਲ ਘੁੱਟਦੀ ਮੇਰਾ ਮੂੰਹ-ਮੱਥਾ ਚੁੰਮ ਰਹੀ ਸੀ। ਮੇਰੀ ਮਾਂ, ਭਬੱਤਰੀ ਹੋਈ ਮੇਰੇ ਮੂੰਹ ਵਲ ਵੇਖੀ ਜਾਂਦੀ ਸੀ।

ਮੇਰੇ ਨਾਨਕਿਆਂ ਦੀ ਗੁਆਂਢਣ ਰੇਸ਼ਮ ਬੀਬੀ ਨੇ ਮੇਰੀ ਕੰਡ 'ਤੇ ਪਿਆਰ ਦਿੱਤਾ ਤੇ ਬੋਲੀ—

"ਪਾਰਬਤੀਏ ਸ਼ਾਹਣੀਏ। ਤੇਰੇ ਦੋਹਤਰੇ ਨੇ ਤਾਂ ਪਿੰਡ ਬਚਾ ਦਿੱਤਾ। ਖੌਰੇ ਏਸ ਮੂਜ਼ੀ ਨੇ ਕਿੰਨਿਆਂ ਨੂੰ ਡੱਸਣਾ ਸੀ।"

ਨਾ ਮੈਨੂੰ ਪਤਾ ਸੀ ਮੂਜ਼ੀ ਕੀ ਹੁੰਦਾ ਹੈ, ਨਾ ਪਤਾ ਸੀ ਡੱਸਣਾ ਕੀ ਹੁੰਦਾ ਹੈ, ਪਰ ਏਨੀ ਕੁ ਸਮਝ ਹੈ ਸੀ ਕਿ ਪਿੰਡ ਵਾਲੇ ਮੇਰੀ ਵਡਿਆਈ ਕਰ ਰਹੇ ਸਨ। ਕਿਉਂ ਕਰ ਰਹੇ ਸਨ, ਇਹਦੇ 'ਤੇ ਹੈਰਾਨੀ ਸੀ, ਕਿਉਂ ਜੋ ਮੈਨੂੰ ਆਪ ਡਾਢਾ ਮੰਦਾ ਲਗ ਰਿਹਾ ਸੀ ਤੇ ਕੋਈ ਮੇਰੇ ਅੰਦਰੋਂ ਮੁੜ ਮੁੜ ਮੈਨੂੰ ਆਖਦਾ ਸੀ ਕਿ ਮੈਂ ਜੋ ਵੀ ਕੀਤਾ ਸੀ, ਚੰਗਾ ਨਹੀਂ ਸੀ ਕੀਤਾ।

ਜਦੋਂ ਮੇਰੀ ਮਾਂ ਅਤੇ ਨਾਨੀ ਘਰ ਵਲ ਮੁੜੀਆਂ ਤਾਂ ਨਾਨੀ ਦੇ ਮੋਢੇ ਲਗਿਆ ਮੈਂ ਮੋਏ ਫਨੀਅਰ ਵਲ ਵੇਖੀ ਗਿਆ। ਉਹ ਕਿੰਨਾ ਸੋਹਣਾ ਸੀ। ਭਾਵੇਂ ਆਖਣ ਨੂੰ ਉਹ ਕਾਲਾ ਨਾਗ ਸੀ ਪਰ ਉਹਦੀ ਪਿੱਠ ਦੇ ਵਿਚਕਾਰ ਸ਼ਹਿਦ-ਰੰਗੇ ਅਤੇ ਨਸਵਾਰੀ ਰੰਗ ਦੇ ਵਚਿਤਰ ਲਹਿਰੀਏ ਸਨ। ਉਹਦੇ ਸਰੀਰ ਦੁਆਲੇ ਪੁਰਾਣੇ ਹਾਥੀ ਦੰਦ ਦੇ ਰੰਗ ਦੇ ਛੱਲਿਆਂ ਦੀ ਕਤਾਰ ਸੀ। ਧੌਣ ਦੇ ਹੇਠਾਂ ਕਰ ਕੇ ਇਹ ਛੱਲੇ ਭੜਕੀਲੇ ਨਾਰੰਜੀ ਰੰਗ ਦੇ ਹੋ ਗਏ ਸਨ। ਸਵੇਰ ਦੀ ਸੁਨਹਿਰੀ ਧੁੱਪ ਵਿਚ ਉਹ ਰੱਜ ਕੇ ਸੋਹਣਾ ਲਗ ਰਿਹਾ ਸੀ। ਕੁਝ ਚਿਰ ਪਹਿਲਾਂ ਸ਼ਤੀਰੀਆਂ ਉਤੇ ਉਹ ਕਿਵੇਂ ਖੇਡ ਰਿਹਾ ਸੀ, ਮੌਜਾਂ ਮਾਣ ਰਿਹਾ ਸੀ ਤੇ ਹੁਣ। ਤੇ ਏਸ ਸਭ ਕਾਸੇ ਲਈ ਜ਼ਿੰਮੇਵਾਰ ਮੈਂ ਸਾਂ, ਢਾਈਆਂ ਵਰ੍ਹਿਆਂ ਦਾ ਨਹੁੰ ਜਿੰਨਾ ਬਾਲ।

ਕੁਝ ਦਿਨਾਂ ਮਗਰੋਂ ਪਿਤਾ ਜੀ ਰਾਵਲਪਿੰਡੀ ਤੋਂ ਮਾਂ ਅਤੇ ਮੈਨੂੰ ਲੈਣ ਆਏ। ਪਿੰਡ ਵਿਚ ਕਈਆਂ ਨੇ ਮੇਰੇ ਸਾਹਮਣੇ ਉਨ੍ਹਾਂ ਨਾਲ ਮੇਰੇ ਇਸ ਕਾਰਨਾਮੇ ਦਾ ਜ਼ਿਕਰ ਕੀਤਾ। ਰਾਵਲਪਿੰਡੀ ਜਾਣ ਲਈ ਗੱਡੀ ਅਸੀਂ ਰਾਤ ਦੇ ਨੌਂ ਵਜੇ ਗੁੱਜਰਾਂਵਾਲੇ ਸਟੇਸ਼ਨ ਤੋਂ ਫੜਨੀ ਸੀ। ਚੋਖਾ ਹਨੇਰਾ ਪਿਆਂ ਅਸੀਂ ਟਾਂਗੇ 'ਤੇ ਲੱਧੇ ਵਾਲਿਓਂ

ਟੁਰੇ । ਰਾਤ ਹਨੇਰੀ ਸੀ । ਸੜਕ ਹਨੇਰੀ ਸੀ । ਦੁਪਾਸੀਂ ਟਾਹਲੀਆਂ ਦੇ ਕਾਲੇ ਆਕਾਰ ਸਨ । ਜੇ ਕੋਈ ਮਾੜੀ ਮੋਟੀ ਲੋਅ ਸੀ ਤਾਂ ਉਹ ਕੇਵਲ ਟਾਂਗੇ ਦੀਆਂ ਦੋ ਲੈਂਪੀਆਂ ਦੀ ਸੀ । ਲੱਧੇ ਵਾਲੇ ਤੋਂ ਗੁਜਰਾਂਵਾਲਾ ਕੇਵਲ ਤਿੰਨ ਕੋਹ ਦੀ ਵਾਟ ਸੀ ਪਰ ਉਹ ਤਿੰਨ ਕੋਹ ਮੇਰੇ ਲਈ ਤਿੰਨ ਸੌ ਕੋਹ ਹੋ ਕੇ ਨਿਬੜੇ । ਸਾਰਾ ਰਾਹ ਟਾਹਲੀਆਂ ਤੋਂ ਅਤੇ ਹਨੇਰੇ ਅਸਮਾਨ ਤੋਂ ਮੈਨੂੰ ਹਜ਼ਾਰਾਂ ਫਨੀਅਰ ਲਟਕਦੇ ਵਿਖਾਈ ਦਿੰਦੇ ਰਹੇ । ਉਨ੍ਹਾਂ ਦੀਆਂ ਰੋਹ ਵਿਚ ਆਈਆਂ ਕਾਲੀਆਂ ਚਮਕਦਾਰ ਅੱਖਾਂ ਅਸਮਾਨੇ ਚੰਗਿਆੜੇ ਬਾਲ ਰਹੀਆਂ ਸਨ । ਜੀਭਾਂ ਕੱਢ ਕੱਢ ਫੁੰਕਾਰਦੇ ਉਹ ਮੈਥੋਂ ਆਪਣੇ ਮੋਏ ਸਾਥੀ ਦਾ ਦੋਸ਼ ਪੁੱਛਦੇ ਸਨ । ਕਿਸ ਖੁਨਾਮੀ ਬਦਲੇ ਮੈਂ ਉਹਨੂੰ ਮਰਵਾਇਆ ਸੀ । ਉਹਨੇ ਮੇਰਾ ਕੀ ਵਿਗਾੜਿਆ ਸੀ । ਉਹਨੇ ਤਾਂ ਮੈਨੂੰ ਕੋਲੋਂ ਲੰਘਦੇ ਨੂੰ ਵੀ ਕੁਝ ਨਹੀਂ ਸੀ ਆਖਿਆ । ਮੇਰੇ ਕੋਲ ਕੋਈ ਜਵਾਬ ਨਹੀਂ ਸੀ ਜੋ ਮੈਂ ਉਨ੍ਹਾਂ ਨੂੰ ਦਿੰਦਾ । ਇਸ ਲਈ ਮੈਂ ਮੁੜ ਮੁੜ ਅੱਖਾਂ ਮੀਚ ਲੈਂਦਾ ਅਤੇ ਮੂੰਹ ਮਾਂ ਦੀ ਬੁੱਕਲ ਵਿਚ ਲੁਕਾ ਲੈਂਦਾ ਸਾਂ । ਹੈਰਾਨ ਸਾਂ ਕਿ ਉਹ ਹਜ਼ਾਰਾਂ ਫਨੀਅਰ ਮੇਰੀ ਮਾਂ ਨੂੰ ਕਿਉਂ ਨਹੀਂ ਸਨ ਪਏ ਦਿਸਦੇ । ਕਿਵੇਂ ਉਹ ਅਤੇ ਪਿਤਾ ਜੀ ਨਿਸ਼ਚਿੰਤ ਬੈਠੇ ਸਨ । ਪੌਣਾ ਘੰਟਾ ਸਹਿਮ ਦਾ ਉਹ ਬੱਜਰ ਪਹਿਰਾ ਮੈਂ ਮੁੜ ਕੇ ਨਹੀਂ ਵੇਖਿਆ । ਜਦੋਂ ਟਾਂਗਾ ਗੁੱਜਰਾਂਵਾਲੇ ਸ਼ਹਿਰ ਦੀਆਂ ਜਗਮਗ ਕਰਦੀਆਂ ਬੱਤੀਆਂ ਵਿਚ ਵੜਿਆ ਤਾਂ ਮੇਰੀ ਜਾਨ ਵਿਚ ਜਾਨ ਆਈ ।

ਅੱਜ ਚਾਲ੍ਹੀ ਵਰ੍ਹਿਆਂ ਮਗਰੋਂ ਮੇਰੇ ਨਾਨਕੇ ਪਿੰਡ ਵਿਚ ਮਾਰੇ ਗਏ ਸੱਪ ਦਾ ਕੋਈ ਪੁੱਤਰ ਪੋਤਰਾ ਆਪਣੇ ਪਿਤਰ ਦਾ ਬਦਲਾ ਲੈਣ ਲਈ ਮੇਰਾ ਰਾਹ ਮੱਲੀ ਬੈਠਾ ਸੀ । ਆਪਣੀ ਲਾਲ ਜੀਭ ਹਵਾ ਵਿਚ ਲਹਿਰਾ ਰਿਹਾ ਸੀ ਅਤੇ ਬਿਲਕੁਲ ਮੇਰੀ ਸੇਧ ਵਿਚ ਫਨ ਚੁੱਕੀ ਫੁੰਕਾਰੇ ਮਾਰ ਰਿਹਾ ਸੀ । ਉਨ੍ਹਾਂ ਫੁੰਕਾਰਿਆਂ ਦੀ ਬੋਲੀ ਮੈਨੂੰ ਸਪੱਸ਼ਟ ਸੁਣੀਂਦੀ ਜਾਪਦੀ ਸੀ ।

''ਤੂੰ ਆ ਗਿਆ ਏਂ ਪਗੜੀ ਵਾਲਿਆ । ਆਖਰ ਤੂੰ ਆ ਈ ਗਿਓਂ । ਉਮਰ ਭਰ ਉਡੀਕਿਆ ਏ ਮੈਂ ਤੈਨੂੰ । ਹੁਣ ਆਇਆ ਏਂ ਤਾਂ ਬਚ ਕੇ ਨਾ ਜਾਈਂ, ਬਚ ਕੇ ਨਾ ਜਾਈਂ, ਬਚ ਕੇ ਨਾ ਜਾਈਂ ।''

ਬਚ ਕੇ ਨਿਕਲਣ ਦਾ ਤਾਂ ਰਾਹ ਹੀ ਨਹੀਂ ਸੀ ਰਹਿ ਗਿਆ । ਪਿੱਛੇ ਦੌੜ ਕੇ ਅਸੀਂ ਮੰਦਰ ਵਿਚ ਲੁਕ ਨਹੀਂ ਸਾਂ ਸਕਦੇ । ਸਾਡੇ ਹਿੱਲਣ ਦੀ ਢਿੱਲ ਸੀ ਕਿ ਸੱਪ ਨੇ ਸਾਡਾ ਪਿੱਛਾ ਕਰ ਕੇ ਮੈਨੂੰ ਡੱਸ ਲੈਣਾ ਸੀ । ਨਾ ਹਿੱਲ ਸਕਣ ਦੀ ਸਕਤ ਹੀ ਸਾਡੇ ਵਿਚ ਰਹਿ ਗਈ ਸੀ । ਕੁਲਦੀਪ ਮਧੋਕ, ਉਹਦੀ ਪਤਨੀ ਅਤੇ ਦੋਵੇਂ ਬੱਚੀਆਂ ਸਹਿਮੇ ਖੜ੍ਹੇ ਸਨ ਪਰ ਮੇਰੇ ਤਾਂ ਉਕਾ ਸੌਤਰ ਹੀ ਸੁੱਕ ਗਏ ਸਨ । ਕੱਟਿਆਂ ਮੇਰੇ ਪਿੰਡੇ ਵਿਚੋਂ ਲਹੂ ਨਹੀਂ ਸੀ ਲੱਭਣਾ ।

ਉਸ ਵੇਲੇ ਮੈਨੂੰ ਆਪਣੀ ਮਾਂ ਯਾਦ ਆਈ, ਆਪਣੀ ਪਤਨੀ ਯਾਦ ਆਈ, ਆਪਣਾ ਦਸ ਵਰ੍ਹਿਆਂ ਦਾ ਬੇਟਾ ਨਵਤੇਜ ਅਤੇ ਆਪਣੀ ਚਾਰ ਵਰ੍ਹਿਆਂ ਦੀ ਬੇਟੀ ਜਸਕਿਰਨ ਯਾਦ ਆਈ । ਮੈਨੂੰ ਆਪਣੀ ਮੌਤ ਦਾ ਡਰ ਨਹੀਂ ਸੀ । ਡਰ ਸੀ ਤਾਂ ਉਸ ਤ੍ਰਾਸਦੀ ਦਾ ਜੋ ਮੇਰੀ ਅਣਿਆਈ ਮੌਤ ਕਾਰਨ ਮੇਰੇ ਪਰਿਵਾਰ ਦੀ ਜ਼ਿੰਦਗੀ ਵਿਚ ਵਾਪਰ ਜਾਣੀ ਸੀ ।

ਬੁੱਢੇ ਪੁਜਾਰੀ ਨੂੰ ਹੁਣ ਤੀਕ ਸਾਡੇ ਖਤਰੇ ਦਾ ਤੀਖਣ ਅਨੁਭਵ ਹੋ ਗਿਆ ਸੀ। ਇਕ ਹੋਰ ਹੀਲਾ ਕਰਦਿਆਂ ਉਹਨੇ ਤਰਲਾਂਦੀ ਆਵਾਜ਼ ਵਿਚ ਆਖਿਆ—

''ਜਾਈਏ ਪ੍ਰਭੂ। ਔਰ ਨਹੀਂ ਤੋ ਇਨ ਦੋ ਮਾਸੂਮ ਬੱਚੀਓਂ ਪਰ ਤਰਸ ਖਾਈਏ। ਦੇਖੋ ਕੈਸੀ ਸਹਿਮੀ ਖੜੀ ਹੈਂ।''

ਇਕ ਝਟਕੇ ਨਾਲ ਸੱਪ ਨੇ ਆਪਣੀਆਂ ਨੀਝਾਂ ਮੇਰੇ ਮੂੰਹ ਤੋਂ ਰੀਨਾ ਅਤੇ ਨੇਹਾ ਵਲ ਭੁਆਈਆਂ। ਤੁਰੰਤ ਉਹਨੇ ਆਪਣਾ ਫਨ ਹੇਠਾਂ ਰੱਖ ਦਿੱਤਾ ਤੇ ਫੇਰ ਧਰਤੀ 'ਤੇ ਆਪਣੇ ਕੁੰਡਲ ਲਹਿਰਾਂਦਾ ਮੰਦਰ ਦੀ ਨੀਂਹ ਵਿਚ ਬਣੀ ਆਪਣੀ ਖੁੱਡ ਅੰਦਰ ਸਰਕ ਗਿਆ।

ਮੈਂ ਜਿਥੇ ਖੜੋਤਾ ਸਾਂ ਉਥੇ ਹੀ ਗੋਡਿਆਂ ਪਰਨੇ ਹੋ ਗਿਆ। ਰੀਨਾ ਅਤੇ ਨੇਹਾ ਨੂੰ ਇਕ ਇਕ ਬਾਂਹ ਦੇ ਕਲਾਵੇ ਵਿਚ ਲੈਂਦਾ ਮੈਂ ਚੁੰਮ ਚੁੰਮ ਫਾਹ ਵਾ ਹੋ ਗਿਆ। ਫੇਰ ਬੱਚੀਆਂ ਦੇ ਮਾਪਿਆਂ ਦੀਆਂ ਅੱਖਾਂ ਵਿਚ ਹੈਰਾਨੀ ਪੜ੍ਹਦਿਆਂ ਮੈਂ ਆਖਿਆ—

''ਤੁਹਾਡੀ ਹੈਰਾਨੀ ਬਜਾ ਹੈ, ਕਿਉਂ ਜੋ ਤੁਸੀਂ ਨਹੀਂ ਜਾਣਦੇ ਤੁਹਾਡੀਆਂ ਮਾਸੂਮ ਬੱਚੀਆਂ ਨੇ ਅੱਜ ਮੇਰੇ 'ਤੇ ਕੀ ਉਪਕਾਰ ਕੀਤਾ ਹੈ। ਕੱਲ੍ਹ ਮੈਂ ਦਿੱਲੀ ਇਨ੍ਹਾਂ ਨੂੰ ਆਪਣੇ ਨਾਲ ਲੈ ਕੇ ਜਾਵਾਂਗਾ। ਆਪਣੀ ਮਾਂ ਅਤੇ ਆਪਣੀ ਪਤਨੀ ਨਾਲ ਮਿਲਾਵਾਂਗਾ। ਆਪਣੇ ਬੇਟੇ ਨਵਤੇਜ ਤੇ ਆਪਣੀ ਬੇਟੀ ਜਸਕਿਰਨ ਨਾਲ ਮਿਲਾਵਾਂਗਾ ਤੇ ਉਨ੍ਹਾਂ ਨੂੰ ਦੱਸਾਂਗਾ ਕਿ ਜੇ ਇਹ ਦੋ ਚੰਨ ਟੁਕੜੀਆਂ ਨਾ ਹੁੰਦੀਆਂ ਤਾਂ ਉਨ੍ਹਾਂ ਦੀ ਦੁਨੀਆਂ ਹਨੇਰ ਹੋ ਜਾਣੀ ਸੀ।''

ਕਾਲੀ ਬਰਫ਼

ਇਕ ਤੂਫ਼ਾਨ ਬਾਹਰ ਝੂਲ ਰਿਹਾ ਸੀ, ਇਕ ਤੂਫ਼ਾਨ ਅੰਦਰ। ਬਾਹਰਲਾ ਤੂਫ਼ਾਨ ਨਜ਼ੀਰ ਕਾਟੇਜ ਦੇ ਬੂਹੇ ਬਾਰੀਆਂ ਦੇ ਭਿੱਤਾਂ ਨੂੰ ਜਲ-ਤਰੰਗ ਵਾਂਗ ਵਜਾ ਰਿਹਾ ਸੀ ਤੇ ਅੰਦਰਲਾ ਤੂਫ਼ਾਨ ਨਜ਼ੀਰ ਅਹਿਮਦ ਦੇ ਮਨ ਦੇ ਚੈਨ ਨੂੰ ਕੱਖਾਂ-ਕਾਨਿਆਂ ਵਾਂਗ ਉਡਾ ਰਿਹਾ ਸੀ। ਉਹਦੀਆਂ ਅੱਖਾਂ ਦੀ ਨੀਂਦਰ ਨੂੰ ਵਲੂੰਧਰਦਾ ਖੇਹ-ਖੱਜਲੀ ਕਰ ਰਿਹਾ ਸੀ। ਇਹ ਕਿਹੋ ਜਿਹਾ ਮੌਸਮ ਸਨੌਬਰ ਆਪਣੇ ਨਾਲ ਲਿਆਈ ਸੀ। ਡੁਬਡੁਬਾਈਆਂ ਅੱਖਾਂ, ਹੰਝੂਆਂ ਦੇ ਉਮਡਦੇ ਬੱਦਲ, ਬੇਜਾਨ, ਬੇਚਮਕ ਰੇਗਿਸਤਾਨੀ ਤੱਕਣੀਆਂ, ਕੁਮਲਾਇਆ ਕਲਬੂਤ, ਬੁੱਢੀ ਝੁਰੜੀਆਂ ਮਾਰੀ ਆਤਮਾ।

ਉਹਦੀਆਂ ਸ਼ਰਮੀਲੀਆਂ ਅੱਖਾਂ ਦੀ ਖੁਸ਼ ਟਿਮਕਣੀ ਕਿੱਥੇ ਗਈ। ਬੁੱਲ੍ਹਾਂ ਦੀਆਂ ਪੰਖੜੀਆਂ ਦੀ ਕਿਰਮਚੀ ਆਬ ਕਿੱਥੇ ਗਈ। ਕਿੱਥੇ ਗਈ ਉਹਦੇ ਮੱਥੇ ਦੀ ਨੂਰੀ ਛੱਟਾ ਕਿੱਥੇ ਗਿਆ ਉਹਦੇ ਲੂੰ ਲੂੰ ਵਿਚੋਂ ਛਣਦਾ ਜੰਨਤ ਦਾ ਚਾਨਣ। ਅਜੇ ਤਾਂ ਮਸਾਂ ਵਰ੍ਹਾ ਬੀਤਿਆ ਸੀ ਜਦੋਂ ਉਨਾਬੀ ਰੇਸ਼ਮ ਵਿਚ ਵਲ੍ਹੇਟਿਆ ਉਹਦਾ ਹੁਸਨ ਡੁੱਲ੍ਹੇ ਪਿਆ ਸੀ।

ਸਵਾ ਸਾਲ ਪਹਿਲੇ ਹੀ ਤਾਂ ਮਿਰਜ਼ਾ ਸਾਹਿਬ ਇਕ ਬੜੇ ਰਸੂਖ ਵਾਲੇ ਅਮਰੀਕਨ ਟੂਰਿਸਟ ਨੂੰ ਆਪ ਖਿਲਨਮਰਗ ਦੀ ਸੈਰ ਲਈ ਲਿਆਏ ਸਨ ਅਤੇ ਨਜ਼ੀਰ ਕਾਟੇਜ ਵਿਚ ਠਹਿਰੇ ਸਨ। ਸਨੌਬਰ ਦਾ ਹੁਸਨ ਵੇਖ ਕੇ ਮਿਰਜ਼ਾ ਸਾਹਿਬ ਦਾ ਸਾਹ ਅੰਦਰ ਦਾ ਅੰਦਰ ਤੇ ਬਾਹਰ ਦਾ ਬਾਹਰ ਰਹਿ ਗਿਆ ਸੀ। ਸਨੌਬਰ ਨੂੰ ਵੇਖਦਿਆਂ ਸਾਰ ਮਿਰਜ਼ਾ ਸਾਹਿਬ ਨੂੰ ਅਮਰੀਕਨ ਟੂਰਿਸਟ ਵੱਲ ਮਹਿਮਾਨ ਨਿਵਾਜ਼ੀ ਮੂਲੋਂ ਵਿਸਰ ਗਈ। ਇਕ ਜਨੂੰਨ ਉਨ੍ਹਾਂ ਦੇ ਸਿਰ ਨੂੰ ਚੜ੍ਹ ਗਿਆ ਤੇ ਸੱਖਣੀਆਂ ਅੱਖਾਂ ਵਿਚ ਉਨ੍ਹਾਂ ਦੀ ਰੂਹ ਤਰਲੋਮੱਛੀ ਹੋਣ ਲੱਗੀ। ਜਦੋਂ ਉਹ ਵਾਪਸ ਸ੍ਰੀਨਗਰ ਰਵਾਨਾ ਹੋਣ ਲੱਗੇ ਤਾਂ ਉਨ੍ਹਾਂ ਦੀਆਂ ਭਟਕਦੀਆਂ ਨੀਝਾਂ ਸਨੌਬਰ ਦੇ ਇਕ ਝਾਂਵਲੇ ਲਈ ਤਰਸ ਰਹੀਆਂ ਸਨ। ਉਨ੍ਹਾਂ ਦੇ ਕਦਮ ਫੱਟੜ ਦਿਲ ਨੂੰ ਘਸੀਟਦੇ ਲਈ ਜਾ ਰਹੇ ਸਨ ਤੇ ਉਹ ਮੁੜ ਮੁੜ ਪਿੱਛੇ ਵੇਖਦੇ ਸਨ।

ਤੇ ਫਿਰ ਸ੍ਰੀਨਗਰ ਤੋਂ ਮਿਰਜ਼ਾ ਸਾਹਿਬ ਦੀਆਂ ਚਿੱਠੀਆਂ ਦੀ ਵਾਛੜ ਖਿਲਨ-ਮਰਗ 'ਤੇ ਵਰ੍ਹਨੀ ਸ਼ੁਰੂ ਹੋਈ। ਇਨ੍ਹਾਂ ਸਾਰੀਆਂ ਚਿੱਠੀਆਂ 'ਤੇ ਨਜ਼ੀਰ ਅਹਿਮਦ ਦਾ

ਸਿਰਨਾਵਾਂ ਲਿਖਿਆ ਹੁੰਦਾ ਸੀ। ਮਿਰਜ਼ਾ ਸਾਹਿਬ ਇਕ ਚਿੱਠੀ ਲਿਖਦੇ, ਜਵਾਬ ਉਡੀਕੇ ਬਿਨਾਂ ਦੂਜੀ ਪਾ ਦਿੰਦੇ ਸਨ। ਓੜਕ ਦੇ ਬੇਸਬਰੇ ਆਸ਼ਕ ਸਾਬਤ ਹੋਏ ਸਨ ਮਿਰਜ਼ਾ ਸਾਹਿਬ। ਏਡੀ ਬੇਸਬਰੀ ਉਨ੍ਹਾਂ ਦੀ ਢਲਦੀ ਉਮਰ ਲਈ ਬੜੀ ਬੇਮੇਚਾ ਸੀ ਜਾਂ ਸ਼ਾਇਦ ਏਡੀ ਬੇਸਬਰੀ ਦਾ ਕਾਰਨ ਉਨ੍ਹਾਂ ਦੀ ਢਲਦੀ ਉਮਰ ਹੀ ਸੀ।

ਉਧੜੇ-ਗੁਧੜੇ ਬਿਸਤਰੇ 'ਤੇ ਕਰਵਟਾਂ ਬਦਲਦਿਆਂ, ਨੀਂਦਰ ਲਈ ਤਰਲਾਂਦਿਆਂ ਨਜ਼ੀਰ ਅਹਿਮਦ ਨੂੰ ਯਾਦ ਆਇਆ ਕਿ ਮਿਰਜ਼ਾ ਸਾਹਿਬ ਦੀ ਹਰ ਚਿੱਠੀ ਦਾ ਮਜ਼ਮੂਨ ਕੁਝ ਇਸ ਤਰ੍ਹਾਂ ਦਾ ਹੁੰਦਾ ਸੀ :—

ਕਿ ਉਨ੍ਹਾਂ ਦੀ ਆਪ ਖਿਲਨਮਰਗ ਆਉਣ ਦੀ ਕੋਈ ਮਨਸ਼ਾ ਨਹੀਂ ਸੀ। ਉਸ ਅਮਰੀਕਨ ਟੂਰਿਸਟ ਜੈਕਸਨ ਸਾਹਿਬ ਨਾਲ ਉਹ ਆਪਣੇ ਕਿਸੇ ਬੇਟੇ ਜਾਂ ਦਾਮਾਦ ਨੂੰ ਭੇਜ ਸਕਦੇ ਸਨ। ਇਹਦੇ ਵਿਚ ਖ਼ੁਦਾ ਦੀ ਕੋਈ ਮਸਲਿਹਤ, ਕੋਈ ਰਮਜ਼ ਲੁਕੀ ਸੀ ਕਿ ਉਹ ਖ਼ੁਦ ਆਉਣ ਲਈ ਪਰੇਰੇ ਗਏ ਤੇ ਏਦਾਂ ਸਨੋਬਰ ਨੂੰ ਵੇਖ ਸਕਣ ਦਾ ਮੌਕਾ ਮਹੱਲ ਬਣਿਆ। ਉਨ੍ਹਾਂ ਦੀ ਦਿਲੀ ਹਸਰਤ ਸੀ ਕਿ ਸਨੋਬਰ ਉਨ੍ਹਾਂ ਦੀ ਨੂੰਹ ਬਣਦੀ ਪਰ ਅੱਲਾ ਨੂੰ ਇਹ ਮਨਜ਼ੂਰ ਨਹੀਂ ਸੀ। ਕਿਉਂ ਜੋ ਉਨ੍ਹਾਂ ਦੇ ਦੋਵੇਂ ਬੇਟੇ ਸ਼ਾਦੀ-ਸ਼ੁਦਾ ਅਤੇ ਸਾਹਿਬ ਔਲਾਦ ਸਨ। ਇਸ ਲਈ ਚਿੱਠੀ ਰਾਹੀਂ ਉਹ ਸਨੋਬਰ ਲਈ ਆਪਣਾ ਪੈਗ਼ਾਮ ਭੇਜਣ ਲਈ ਮਜਬੂਰ ਸਨ। ਉਨ੍ਹਾਂ ਦੀ ਉਮਰ ਮਸਾਂ ਪੰਜਾਹ ਪਚਵੰਜਾ ਸੀ। ਸਾਰੀ ਹਯਾਤੀ ਕਦੀ ਉਨ੍ਹਾਂ ਦਾ ਸਿਰ ਨਹੀਂ ਸੀ ਦੁਖਿਆ, ਕਦੀ ਉਨ੍ਹਾਂ ਦਾ ਪਿੰਡਾ ਤੱਤਾ ਨਹੀਂ ਸੀ ਹੋਇਆ। ਅੱਜ ਵੀ ਉਹ ਜਿਸਮਾਨੀ ਤਾਕਤ ਅਤੇ ਫੁਰਤੀ ਵਿਚ ਜਵਾਨਾਂ ਨੂੰ ਪਿੱਛੇ ਛੱਡ ਜਾਂਦੇ ਸਨ। ਉਨ੍ਹਾਂ ਦੀ ਪਹਿਲੀ ਬੀਵੀ ਅੱਠ ਵਰ੍ਹੇ ਪਹਿਲੇ ਅੱਲਾ ਨੂੰ ਪਿਆਰੀ ਹੋ ਗਈ, ਦੂਜੀ ਨੂੰ ਉਨ੍ਹਾਂ ਪਿਛਲੇ ਸਾਲ ਬਦਚਲਣ ਹੋਣ ਕਾਰਨ ਤਲਾਕ ਦੇ ਦਿੱਤਾ ਸੀ। ਉਹ ਤਖ਼ਤ ਜਿਸ 'ਤੇ ਬੈਠ ਕੇ ਸਨੋਬਰ ਨੇ ਰਾਜ ਭੋਗਣਾ ਸੀ ਅੱਜ ਕੱਲ੍ਹ ਖ਼ਾਲੀ ਪਿਆ ਸੀ। ਚਾਰ ਲੱਖ ਰੁਪਏ ਤਕ ਉਹ ਮਿਹਰ ਲਿਖ ਕੇ ਦੇਣ ਲਈ ਤਿਆਰ ਸਨ। ਇਕ ਇਕ ਹਾਊਸ ਬੋਟ ਅਤੇ ਇਕ ਇਕ ਕੋਠੀ ਉਹ ਆਪਣੇ ਦੋ ਬੇਟਿਆਂ ਅਤੇ ਦੋ ਬੇਟੀਆਂ ਦੇ ਨਾਂ ਕਰਵਾ ਚੁੱਕੇ ਸਨ। ਬਾਕੀ ਦੇ ਦੋ ਹਾਊਸ ਬੋਟ ਅਤੇ ਸ੍ਰੀਨਗਰ ਲਾਲ ਚੌਕ ਵਾਲੀ ਕੋਠੀ ਉਹ ਸਨੋਬਰ ਦੇ ਨਾਂ ਲਵਾਉਣ ਨੂੰ ਤਿਆਰ ਸਨ। ਉਨ੍ਹਾਂ ਨੂੰ ਉਮੀਦ ਕਾਮਲ ਸੀ ਕਿ ਸਨੋਬਰ ਵੀ ਜੰਨਤ ਦੇ ਸੁੱਖਾਂ ਨਾਲ ਉਨ੍ਹਾਂ ਦਾ ਦਾਮਨ ਭਰ ਦੇਵੇਗੀ। ਅੱਲਾ-ਤਾਲਾ ਦੀ ਵੀ ਇਹੀ ਮਨਸ਼ਾ ਸੀ। ਨਹੀਂ ਤਾਂ ਭਲਾ ਉਹ ਖਿਲਨਮਰਗ ਜਾਣ ਲਈ ਕਿਉਂ ਪਰੇਰੇ ਜਾਂਦੇ ਜਦ ਕਿ ਉਨ੍ਹਾਂ ਦਾ ਉਕਾ ਕੋਈ ਵਿਚਾਰ ਨਹੀਂ ਸੀ।

ਇਨ੍ਹਾਂ ਚਿੱਠੀਆਂ ਨਾਲ ਸਖੀਦਾ ਉਕਾ ਨਾ ਪਤੀਜੀ।

"ਬੁੱਢਾ ਖ਼ਬੀਸ!" ਮਿਰਜ਼ਾ ਸਾਹਿਬ ਨੂੰ ਕੋਸਦੀ ਉਹ ਕਹਿੰਦੀ, "ਹੱਦ ਹੋ ਗਈ ਬੇਹਯਾਈ ਦੀ। ਸਨੋਬਰ ਉਹਦੀਆਂ ਪੋਤਰੀਆਂ ਜਿਹੀ ਵੇ।"

"ਐਵੇਂ ਕੁਫ਼ਰ ਨਾ ਪਈ ਤੋਲ।" ਨਜ਼ੀਰ ਅਹਿਮਦ ਨੇ ਆਪਣੀ ਬੀਵੀ ਨੂੰ ਡਾਂਟਿਆ ਸੀ, "ਮਿਰਜ਼ਾ ਸਾਹਿਬ ਦੀ ਵੱਡੀ ਪੋਤਰੀ ਅਜੇ ਪੰਦਰਾਂ ਵਰ੍ਹਿਆਂ ਦੀ ਏ ਜਦ ਕਿ ਸਨੋਬਰ ਬਾਈਆਂ ਦੀ ਹੋ ਗਈ ਏ।"

''ਬਾਈਆਂ ਦੀ ਧਿੰਙਾਣੇ।'' ਸਈਦਾ ਨੇ ਆਖਿਆ, ''ਅਜੇ ਪਿਛਲੇ ਰਮਜ਼ਾਨ ਵਿਚ ਉਹਨੂੰ ਇੱਕੀਵਾਂ ਚੜ੍ਹਿਆ ਏ।''

''ਉਹਦੇ ਨਾਲ ਕੀ ਫ਼ਰਕ ਪੈਂਦਾ ਏ,'' ਬੀਵੀ ਨੂੰ ਝਿੜਕਦਿਆਂ ਉਹਨੇ ਆਖਿਆ ਸੀ, ''ਤੇਰੀ ਇਹ ਮੀਨ ਮੇਖ ਮੈਨੂੰ ਚੰਗੀ ਨਹੀਂ ਲਗਦੀ। ਸੁਣਿਆਂ ਈ। ਮਿਰਜ਼ਾ ਸਾਹਿਬ ਬੁੱਢੇ ਤਾਂ ਕਿਸੇ ਪਾਸਿਓਂ ਵੀ ਨਹੀਂ। ਚਿੱਠੀਆਂ ਵਿਚ ਜੋ ਵੀ ਉਨ੍ਹਾਂ ਆਪਣੀ ਸਿਹਤ ਬਾਰੇ ਲਿਖਿਆ ਹੈ, ਉਹ ਅੱਖਰ ਅੱਖਰ ਸਹੀ ਹੈ। ਅਜੇ ਤੀਹ-ਪੈਂਤੀ ਸਾਲ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ। ਮਿਰਜ਼ਾ ਸਾਹਿਬ ਦੇ ਖ਼ਾਨਦਾਨ ਨੂੰ ਤੂੰ ਨਹੀਂ ਜਾਣਦੀ। ਮੈਂ ਜਾਣਦਾ ਹਾਂ। ਮੈਂ ਤਾਂ ਉਸ ਖ਼ਾਨਦਾਨ ਦਾ ਨਮਕ ਖਾਧਾ ਹੈ। ਬਾਰਾਂ ਵਰ੍ਹੇ ਮਿਰਜ਼ਾ ਸਾਹਿਬ ਦੇ ਵਾਲਦ ਮਰਹੂਮ, ਅੱਲਾ ਉਨ੍ਹਾਂ ਨੂੰ ਜੰਨਤ ਨਸੀਬ ਕਰੇ, ਪਾਸ ਮੁਲਾਜ਼ਮਤ ਕੀਤੀ ਹੈ। ਉਦੋਂ ਉਨ੍ਹਾਂ ਪਾਸ ਕੇਵਲ ਇਕ ਹਾਊਸ ਬੋਟ ਸੀ। ਆਪਣੀ ਵਪਾਰਕ ਸੂਝ-ਬੂਝ ਸਦਕਾ ਮਿਰਜ਼ਾ ਸਾਹਿਬ ਅੱਜ ਛੇ ਹਾਊਸ ਬੋਟਾਂ ਦੇ ਮਾਲਕ ਹਨ। ਪੰਜ ਤਾਰਿਆਂ ਵਾਲੇ ਹੋਟਲਾਂ ਦੇ ਸਾਰੇ ਐਸ਼-ਆਰਾਮ ਮਿਰਜ਼ਾ ਸਾਹਿਬ ਦੇ ਹਾਊਸ ਬੋਟਾਂ ਵਿਚ ਹਨ। ਤਾਹੀਓਂ ਤਾਂ ਅਮਰੀਕਨ ਟੂਰਿਸਟ ਆ ਕੇ ਠਹਿਰਦੇ ਹਨ। ਹਰ ਐਰਾ-ਗੈਰਾ ਮੂੰਹ ਚੁੱਕੀ ਉਨ੍ਹਾਂ ਹਾਊਸ ਬੋਟਾਂ ਦੇ ਨਜ਼ਦੀਕ ਨਹੀਂ ਫਟਕ ਸਕਦਾ। ਹਾਊਸ ਬੋਟਾਂ ਦੀ ਕਮਾਈ ਨਾਲ ਮਿਰਜ਼ਾ ਸਾਹਿਬ ਨੇ ਸ੍ਰੀਨਗਰ ਵਿਚ ਏਨੀ ਜਾਇਦਾਦ ਖੜੀ ਕਰ ਲਈ ਏ ਕਿ ਅੱਜ ਕਸ਼ਮੀਰ ਦੇ ਪਹਿਲੇ ਚਾਰ-ਪੰਜ ਰਈਸਾਂ ਵਿਚ ਉਨ੍ਹਾਂ ਦਾ ਸ਼ੁਮਾਰ ਹੁੰਦਾ ਹੈ। ਸਰਕਾਰੀ ਹਲਕਿਆਂ ਵਿਚ ਉਨ੍ਹਾਂ ਦਾ ਰਸੂਖ ਹੈ। ਅਸੈਂਬਲੀ ਦੇ ਮੈਂਬਰ ਉਨ੍ਹਾਂ ਦਾ ਪਾਣੀ ਭਰਦੇ ਹਨ। ਮਨਿਸਟਰ ਉਨ੍ਹਾਂ ਦੀ ਕੋਠੀ ਖਾਣੇ 'ਤੇ ਸੱਦੇ ਜਾਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ।''

''ਕੁੜੀ ਨੂੰ ਜਿਸ ਦੇ ਲੜ ਲਾਣਾ ਏ'', ਸਈਦਾ ਬੋਲ ਉਠੀ, 'ਜੇ ਉਹੀ ਉਹਦੇ ਹਾਣ-ਮੇਲ ਦਾ ਨਾ ਹੋਇਆ ਤਾਂ ਏਡੇ ਰਿਜ਼ਕ ਰਸੂਖ ਨੂੰ ਅਸੀਂ ਚੁੱਲ੍ਹੇ ਪਾਣਾ ਏ।''

ਨਜ਼ੀਰ ਅਹਿਮਦ ਸੋਚ ਰਿਹਾ ਸੀ ਕਿ ਉਹਦੀਆਂ ਦਲੀਲਾਂ ਨਾਲ ਸਈਦਾ ਦੀ ਤਸੱਲੀ ਹੋ ਗਈ ਹੋਵੇਗੀ। ਬੀਵੀ ਦੀ ਇਸ ਅਚਨਚੇਤੀ ਵਿਰੋਧਤਾ 'ਤੇ ਉਹ ਹੱਕਾ-ਬੱਕਾ ਰਹਿ ਗਿਆ ਤੇ ਕੁਝ ਚਿਰ ਉਹਨੂੰ ਆਖਣ ਲਈ ਕੁਝ ਨਾ ਅਹੁੜਿਆ।

''ਨਾਲੇ ਮੈਂ,'' ਸਈਦਾ ਕਹਿੰਦੀ ਗਈ, ''ਆਪਣੇ ਭਣੇਵੇਂ ਨਈਮ ਲਈ ਆਮਨਾ ਨਾਲ ਕੌਲ-ਇਕਰਾਰ ਕਰ ਚੁੱਕੀ ਹਾਂ। ਨਈਮ ਤੇ ਸਨੋਬਰ ਦਾ ਬੜਾ ਹੇਜ ਏ। ਇਕ ਦੂਜੇ ਦੇ ਮਰਨੇ ਮਰਦੇ ਨੇ।''

ਸੁਣ ਕੇ ਨਜ਼ੀਰ ਅਹਿਮਦ ਇਕੋ ਵਾਰੀ ਬਰੂਦ ਦੀ ਸੁਰੰਗ ਵਾਂਗ ਫਟਿਆ।

''ਕਮਜ਼ਾਤੇ ਤੂੰ ਹੁਨੀ ਕੌਣ ਏਂ ਮੇਰੀ ਧੀ ਦੇ ਰਿਸ਼ਤੇ ਜੋੜਨ ਵਾਲੀ। ਕੀਹਦੇ ਤੋਂ ਪੁੱਛ ਕੇ ਤੂੰ ਦਿੱਤਾ ਸੀ ਕੌਲ ਉਸ ਦੋ ਟਕੇ ਦੀ ਮੇਰੀ ਸਾਲੀ ਨੂੰ। ਉਨ੍ਹਾਂ ਕੰਗਾਲਾਂ ਦੀ ਔਕਾਤ ਹੀ ਕੀ ਏ। ਘਰ ਉਨ੍ਹਾਂ ਦੇ ਭੰਗ ਭੁੱਜਦੀ ਏ। ਭੈਣ ਤੇਰੀ ਲੋਕਾਂ ਦੇ ਕੱਪੜੇ ਸੀਉਂਦੀ ਏ ਤੇ ਉਹਦਾ ਮੁੰਡਾ ਸਾਰਾ ਦਿਨ ਪ੍ਰਾਈਵੇਟ ਫ਼ਰਮ ਵਿਚ ਟਾਈਪ ਕੁੱਟਦਾ ਏ, ਬਾਰ੍ਹਾਂ ਸੌ ਮਾਹਵਾਰ 'ਤੇ। ਬਾਰ੍ਹਾਂ ਸੌ ਵਿਚ ਅੱਜ ਕੱਲ੍ਹ ਇਕ ਡੰਗ ਦੀ ਰੋਟੀ ਨਹੀਂ ਤੁਰਦੀ। ਉਹ ਆਪ ਕੀ ਖਾਏਗਾ ਤੇ ਤੇਰੀ ਧੀ ਨੂੰ ਕੀ ਖੁਆਏਗਾ।''

ਸਈਦਾ ਜਾਣਦੀ ਸੀ ਉਹਦਾ ਅੜੀਅਲ ਸ਼ੌਹਰ ਮਨ ਵਿਚ ਜੋ ਇਕ ਵਾਰੀ ਮਿੱਥ ਲੈਂਦਾ ਸੀ, ਉਹ ਕਰ ਕੇ ਰਹਿੰਦਾ ਸੀ। ਆਪਣੀ ਬੀਵੀ ਦੀ ਰਜ਼ਾਮੰਦੀ ਤਾਂ ਉਹ ਐਵੇਂ ਰਸਮੀ ਤੌਰ 'ਤੇ ਪੁੱਛ ਰਿਹਾ ਸੀ। ਪਰ ਇਹ ਰਸਮੀ ਰਜ਼ਾਮੰਦੀ ਵੀ ਸਈਦਾ ਨੇ ਨਾ ਦਿੱਤੀ ਤੇ ਅੰਤ ਤੀਕ ਵਿੱਟਰੀ ਰਹੀ। ਸ਼ੌਹਰ ਦੇ ਕਰੋਧ ਦੇ ਲਾਵੇ ਹੇਠਾਂ ਉਹਦੇ ਵਿਰੋਧ ਦੀ ਚਿੰਗਾਰੀ ਦੱਬ ਜਾਂਦੀ। ਪਰ ਉਹ ਦੱਬੀ ਹੋਈ ਵੀ ਸੁਲਗਦੀ ਰਹਿੰਦੀ। ਕਦੀ ਕਦੀ ਉਹ ਮੱਚ ਉਠਦੀ, ਉਹਦੇ ਵਿਚੋਂ ਲਾਟਾਂ ਨਿਕਲਦੀਆਂ, ਸ਼ੋਅਲੇ ਭੜਕਦੇ ਪਰ ਜਵਾਲਾਮੁਖੀ ਦਾ ਦਹਾਨਾ ਫਿਰ ਸੁਲਗ ਉਠਦਾ ਅਤੇ ਲਾਵੇ ਦੀ ਨਦੀ ਚਿੰਗਾਰੀ ਨੂੰ ਮੁੜ ਬੇਹਿਸ ਕਰ ਦਿੰਦੀ।

ਜਵਾਲਾਮੁਖੀ ਦੇ ਸਾਹਮਣੇ ਚਿੰਗਾਰੀ ਦੀ ਪੇਸ਼ ਨਾ ਗਈ ਤੇ ਸਨੋਬਰ ਦਾ ਨਿਕਾਹ ਮਿਰਜ਼ਾ ਸਾਹਿਬ ਨਾਲ ਹੋ ਗਿਆ।

ਅੱਜ ਉਹ ਜਵਾਲਾਮੁਖੀ ਸਰਦ ਹੋ ਗਿਆ ਸੀ। ਬਰਫ ਦਾ ਇਕ ਤੂਫਾਨ ਬਾਹਰ ਝੁੱਲ ਰਿਹਾ ਸੀ ਤੇ ਬਰਫ ਦਾ ਇਕ ਤੂਫਾਨ ਜਵਾਮੁਖੀ ਦੇ ਅੰਦਰ ਝੁੱਲ ਰਿਹਾ ਸੀ।

ਠੰਢੀਆਂ ਬਰਫੀਲੀਆਂ ਆਹਾਂ ਭਰਦਾ ਨਜ਼ੀਰ ਅਹਿਮਦ ਰਜ਼ਾਈ ਵਿਚ ਸੁੰਗੜਦਾ ਜਾ ਰਿਹਾ ਸੀ। ਕਾਂਗੜੀ ਵਿਚ ਭਖਦੇ ਕੋਲੇ ਬੁਝ ਕੇ ਕਦੋਂ ਦੇ ਰਾਖ ਹੋ ਗਏ ਸਨ ਤੇ ਰਜ਼ਾਈ ਵਿਚ ਜਿਵੇਂ ਕੱਕਰ ਪੈ ਰਿਹਾ ਸੀ। ਉਂਜ ਵੀ ਕਾਂਗੜੀ ਬਦਨ ਦੀ ਠੰਢ ਦੂਰ ਕਰਦੀ ਹੈ। ਜਦ ਠੰਢ ਦਿਲ ਦਿਮਾਗ ਅਤੇ ਰੂਹ ਵਿਚ ਵੜ ਜਾਏ ਤਾਂ ਭਖਦੀਆਂ ਕਾਂਗੜੀਆਂ ਕੁਝ ਨਹੀਂ ਸੁਆਰਦੀਆਂ।

ਠੰਢੀ ਕਾਂਗੜੀ ਨਜ਼ੀਰ ਅਹਿਮਦ ਨੇ ਰਜ਼ਾਈ ਵਿਚੋਂ ਕੱਢ ਕੇ ਹੇਠਾਂ ਫਰਸ਼ ਉਤੇ ਰੱਖ ਦਿੱਤੀ ਅਤੇ ਖਿੜਕੀ ਦੀਆਂ ਝੀਤਾਂ ਵੱਲ ਝਾਕਿਆ। ਬਾਹਰ ਲੋਅ ਲੱਗ ਰਹੀ ਸੀ। ਤਾਂ ਕੀ ਦਿਨ ਚੜ੍ਹਨ ਵਾਲਾ ਸੀ ਤੇ ਸਾਰੀ ਰਾਤ ਉਹਦੀ ਪਲਕ ਨਾਲ ਪਲਕ ਨਹੀਂ ਸੀ ਜੁੜੀ। ਉਹਦੀ ਰੂਹ ਉਹਨੂੰ ਕੋਸਦੀ ਰਹੀ ਸੀ, ਉਹਦੀ ਜ਼ਮੀਰ ਉਹਨੂੰ ਲਾਅਨਤਾਂ ਪਾਉਂਦੀ ਰਹੀ ਸੀ। ਕਿਹੋ ਜਿਹਾ ਹਤਿਆਰਾ ਬਾਪ ਸੀ ਉਹ ਜਿਸ ਨੇ ਆਪਣੀ ਹੂੜਮਤ ਅਤੇ ਆਪਣੀ ਹਿਰਸ ਮਗਰ ਲੱਗ ਕੇ ਆਪਣੀ ਧੀ ਦੀ ਜ਼ਿੰਦਗੀ ਵੀਰਾਨ ਕਰ ਸੁੱਟੀ ਸੀ। ਉਹਨੇ ਤਾਂ ਇਸ ਹੱਦ ਤੀਕ ਵੀ ਸੋਚਿਆ ਸੀ ਕਿ ਮਿਰਜ਼ਾ ਸਾਹਿਬ ਦਾ ਰਸੂਖ ਵਰਤ ਕੇ ਕਿਸੇ ਦਿਨ ਉਹ ਗੁਲਮਰਗ ਵਿਚ ਚਾਰ ਪੰਜ ਤਾਰਿਆਂ ਵਾਲਾ ਹੋਟਲ ਖੜਾ ਕਰ ਲਵੇਗਾ।

ਨਿਕਾਹ ਵਾਲੇ ਦਿਨ ਮਿਰਜ਼ਾ ਸਾਹਿਬ ਉਤੇ ਕੈਸਾ ਰੂਪ ਚੜ੍ਹਿਆ ਸੀ। ਉਮਰ ਦੀਆਂ ਝੁਰੜੀਆਂ ਉਨ੍ਹਾਂ ਦੇ ਚਿਹਰੇ ਤੋਂ ਸਾਫ ਹੋ ਗਈਆਂ ਸਨ। ਉਨ੍ਹਾਂ ਦੀਆਂ ਗੱਲ੍ਹਾਂ 'ਤੇ ਇਕ ਉਨਾਬੀ ਚਮਕ ਸੀ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਸੋਲ੍ਹਾਂ ਵਰ੍ਹਿਆਂ ਦੇ ਕਿਸੇ ਨਟ-ਖਟ ਛੋਕਰੇ ਦੀ ਖੁਸ਼-ਟਿਮਕਣੀ ਸੀ।

ਪਰ ਵਿਆਹ ਦੀ ਖੁਸ਼ੀ ਅਤੇ ਵਸਲ ਦੀ ਤਪਸ਼ ਮਿਰਜ਼ਾ ਸਾਹਿਬ ਤੋਂ ਜਰੀ ਨਹੀਂ ਸੀ ਗਈ। ਪਹਿਲੀ ਰਾਤ ਹੀ ਉਨ੍ਹਾਂ ਨੂੰ ਹਾਰਟ ਅਟੈਕ ਹੋ ਗਿਆ ਤੇ ਉਹ ਮਰਦੇ ਮਰਦੇ ਬਚੇ। ਪੂਰਾ ਵਰ੍ਹਾ ਉਨ੍ਹਾਂ ਮੰਜਾ ਮੱਲੀ ਰੱਖਿਆ। ਪੂਰਾ ਵਰ੍ਹਾ ਸਨੋਬਰ ਨੇ ਵਿੱਤੋਂ ਵੱਧ ਉਨ੍ਹਾਂ ਦੀ ਖਿਦਮਤ ਗੁਜ਼ਾਰੀ। ਪਿਛਲੇ ਮਹੀਨੇ ਇਕ ਰਾਤ ਉਹ ਐਸੇ

ਸੁੱਤੇ ਕਿ ਅੱਖ ਜੰਨਤ ਵਿਚ ਅੱਪੜ ਕੇ ਹੀ ਖੋਲ੍ਹੀ। ਤੇ ਹੁਣ ਮਤਰਏ ਬੇਟੇ ਬੇਟੀਆਂ ਨੇ ਬੋਲਾਂ-ਕੁਬੋਲਾਂ ਨਾਲ ਵਿੰਨ੍ਹ ਕੇ ਸਨੋਬਰ ਨੂੰ ਘਰ ਛੱਡਣ 'ਤੇ ਮਜਬੂਰ ਕਰ ਦਿੱਤਾ ਤੇ ਉਹ ਖਿਲਨਮਰਗ ਪਰਤ ਆਈ ਸੀ। ਕਿਹੋ ਜਿਹਾ ਮੌਸਮ ਉਹ ਆਪਣੇ ਨਾਲ ਲਿਆਈ ਸੀ। ਡੁਬਡੁਬਾਈਆਂ ਅੱਖਾਂ, ਹੰਝੂਆਂ ਦੇ ਉਮਡਦੇ ਬੱਦਲ, ਬੇਜਾਨ, ਬੇਚਮਕ ਰੇਗਿਸਤਾਨੀ ਤਕਣੀਆਂ, ਕੁਮਲਾਇਆ ਕਲਬੂਤ, ਬੁੱਢੀ ਝੁਰੜੀਆਂ ਮਾਰੀ ਆਤਮਾ। ਤੇ ਇਸ ਸਭ ਕਾਸੇ ਲਈ ਉਹ ਆਪ ਜ਼ਿੰਮੇਵਾਰ ਸੀ, ਨਜ਼ੀਰ ਅਹਿਮਦ ਜਿਸ ਨੇ ਸਾਰੀ ਉਮਰ ਆਪਣੀ ਬੀਵੀ ਨੂੰ ਆਪਣੀ ਮਰਜ਼ੀ ਅੱਗੇ ਹਿੱਕਿਆ ਸੀ ਤੇ ਜਿਸ ਨੇ ਹੁਣ ਆਪਣੀ ਧੀ ਦੀਆਂ ਜਵਾਨ ਹਸਰਤਾਂ ਦਾ ਭੁੱਬਲ ਬਣਾ ਦਿੱਤਾ ਸੀ।

ਜਦੋਂ ਉਹ ਰਜ਼ਾਈ ਵਿਚੋਂ ਨਿਕਲਿਆ ਤਾਂ ਉਹਦੇ ਹੱਥ ਕੰਬ ਰਹੇ ਸਨ। ਸੁੰਨ ਹੋ ਗਈਆਂ ਲੱਤਾਂ ਨਾਲ ਲੜਖੜਾਂਦਾ ਉਹ ਮਸਾਂ ਖਿੜਕੀ ਤਕ ਗਿਆ। ਖਿੜਕੀ ਖੋਲ੍ਹ ਕੇ ਬਾਹਰ ਝਾਕਿਆ। ਤੂਫ਼ਾਨ ਥੰਮ੍ਹ ਗਿਆ ਸੀ ਤੇ ਹੁਣ ਬਰਫ਼ ਪੈ ਰਹੀ ਸੀ। ਸੂਰਜ ਸੰਘਣੇ ਬੱਦਲਾਂ ਉਹਲੇ ਹੋਣ ਕਰ ਕੇ ਚੌਤਰਫੀਂ ਇਕ ਧੁੰਦਲਕਾ ਛਾਇਆ ਸੀ। ਹਲਕੀ ਸਲੇਟੀ ਧੁੰਦ, ਮੱਕੜੀ ਦੇ ਜਾਲੇ ਵਾਂਗ ਲਗਦੀ ਸੀ। ਸਾਰਾ ਦ੍ਰਿਸ਼ ਏਦਾਂ ਜਾਪਦਾ ਸੀ ਜਿਵੇਂ ਪਰਬਤ ਅਤੇ ਵਾਦੀ ਦਾ ਅਕਸ ਕਿਸੇ ਝੀਲ ਵਿਚੋਂ ਨਜ਼ਰ ਆ ਰਿਹਾ ਹੋਵੇ।

ਫਿਰ ਅਚਨਚੇਤ ਸੂਰਜ ਬੱਦਲਾਂ ਦੀ ਭੀੜ ਪਾੜ ਕੇ ਬਾਹਰ ਆ ਗਿਆ। ਇਹ ਕੋਈ ਐਸੀ ਅਲੋਕਾਰ ਗੱਲ ਨਹੀਂ ਸੀ ਪਰ ਆਕਾਸ਼ ਨੂੰ ਚਾਨਣ ਨਾਲ ਭਰਦਾ ਵੇਖ ਨਜ਼ੀਰ ਅਹਿਮਦ ਏਦਾਂ ਤ੍ਰਭਕਿਆ ਜਿਵੇਂ ਉਹ ਕੋਈ ਚੰਦਰਾ ਸੁਫਨਾ ਵੇਖ ਰਿਹਾ ਹੋਵੇ। ਫਿਰ ਉਹ ਕਿੰਨਾ ਚਿਰ ਸਕਤੇ ਵਿਚ ਆਇਆ ਬੁੱਤ ਵਾਂਗ ਖਿੜਕੀ ਵਿਚ ਖੜੋਤਾ ਰਿਹਾ ਤੇ ਉਹਦੀਆਂ ਅੱਖਾਂ ਦੀਆਂ ਭੈਭੀਤ ਪੁਤਲੀਆਂ ਨਜ਼ੀਰ ਟੂਰਿਸਟ ਕਾਟੇਜ 'ਤੇ ਵਰ੍ਹਦੀ ਬਰਫ਼ 'ਤੇ ਜੁੜੀਆਂ ਰਹੀਆਂ। ਫਿਰ ਉਹ ਇਕ ਤ੍ਰਾਹੇ ਹੋਏ ਸਹੇ ਵਾਂਗ ਭੁੜਕਿਆ ਤੇ ਨਾਲ ਵਾਲੇ ਵੱਡੇ ਕਮਰੇ ਵੱਲ ਨੱਠਾ ਜਿੱਥੇ ਚੁੱਲ੍ਹੇ ਚੜ੍ਹਾਈ ਕਾਹਵੇ ਦੀ ਕੇਤਲੀ ਲਾਗੇ ਬੈਠੀ ਸਨੋਬਰ ਆਪਣੀਆਂ ਗਿਣਤੀਆਂ ਵਿਚ ਗਵਾਚੀ ਸੀ। ਇਕ ਕੋਨੇ ਵਿਚ ਮੁਸੱਲਾ ਵਿਛਾ ਕੇ ਸਈਦਾ ਆਪਣੇ ਪਾਕ ਪਰਵਰਦਿਗਾਰ ਅੱਗੇ ਦੁਆ ਕਰ ਰਹੀ ਸੀ।

ਨਜ਼ੀਰ ਅਹਿਮਦ ਨੇ ਪਿੱਛੇ ਖੜੋ ਕੇ ਸਈਦਾ ਨੂੰ ਮੋਢਿਆਂ ਤੋਂ ਝੰਜੋੜਿਆ।

"ਔਹ ਵੇਖ! ਔਹ ਵੇਖ!" ਦੋਹਾਂ ਕਮਰਿਆਂ ਵਿਚਲੇ ਬੂਹੇ ਵਿਚੋਂ ਖੁੱਲ੍ਹੀ ਖਿੜਕੀ ਵੱਲ ਸੈਨਤ ਕਰਦਿਆਂ ਉਹ ਚੀਕਿਆ, "ਔਹ ਵੇਖ ਤੇਰਾ ਪਾਕ ਪਰਵਰਦਿਗਾਰ ਕੀ ਕਿਆਮਤ ਢਾਹ ਰਿਹਾ ਹੈ।"

"ਕੀ ਹੋਇਆ ਏ ਸਨੋਬਰ ਦੇ ਅੱਬਾ?" ਸਈਦਾ ਨੇ ਦੁਆ ਮੁਕਾ ਕੇ ਦੋਵੇਂ ਹੱਥ ਮੂੰਹ ਤੇ ਫੇਰਦਿਆਂ ਪੁੱਛਿਆ, "ਤੂੰ ਏਨਾ ਡੌਰਿਆ ਭੌਰਿਆ ਕਿਉਂ ਗਿਆ ਏਂ?"

"ਔਹ ਬਾਹਰ ਵੇਖ ਕੀ ਕਹਿਰ ਟੁਟ ਰਿਹਾ ਏ।"

"ਕੈਸਾ ਕਹਿਰ! ਮੈਂ ਪੁਛਨੀ ਆਂ ਤੈਨੂੰ ਹੋ ਕੀ ਗਿਆ ਏ?"

"ਔਹ ਵੇਖ! ਔਹ ਵੇਖ ਬਰਫ਼।"

"ਬਰਫ਼ ਨਹੀਂ ਮੈਂ ਅੱਗੇ ਕਦੀ ਵੇਖੀ। ਬਰਫ਼ ਵਿਚ ਐਸੀ ਕੀ ਗੱਲ ਹੈ?"

"ਉਹ ਕਾਲੀ ਏ।"

"ਕੌਣ ਕਾਲੀ ਏ?"

"ਬਰਫ਼।"

''ਤੇਰਾ ਦਿਮਾਗ ਤਾਂ ਨਹੀਂ ਹਿਲ ਗਿਆ ? ਬਰਫ਼ ਵੀ ਕਦੀ ਕਾਲੀ ਹੋਈ ਏ ?''

ਸਈਦਾ ਦਾ ਮੂੰਹ ਚਿੰਤਾ ਨਾਲ ਪਰਛਾਂਵਿਆਂ ਗਿਆ। ਕੀ ਧੀ ਦੇ ਗਮ ਨਾਲ ਉਹਦਾ ਸ਼ੌਹਰ ਆਪਣੇ ਹੋਸ਼-ਹਵਾਸ ਗਵਾ ਬੈਠਾ ਸੀ। ਉਹਦੀਆਂ ਅੱਖਾਂ ਮਿਚ ਗਈਆਂ ਤੇ ਉਹਦੇ ਹੱਥ ਇਕ ਵਾਰੀ ਫਿਰ ਦੁਆ ਵਿਚ ਉਠ ਗਏ।

''ਯਾ ਪਾਕ ਪਰਵਰਦਿਗਾਰ ਆਪਣੀ ਇਸ ਨਾਚੀਜ਼ ਬੰਦੀ 'ਤੇ ਰਹਿਮਤ ਕਰ। ਤੇਰੀ ਇਹ ਬੰਦੀ ਐਬਾਂ ਭਰੀ ਗੁਨਾਹਗਾਰ ਹੈ ਪਰ ਆਪਣੇ ਹਬੀਬ ਦੇ ਸਦਕੇ ਮੇਰੀ ਦੁਆ ਕਬੂਲ ਕਰ। ਯਾ ਗ਼ਫ਼ੂਰ ! ਯਾ ਰਹੀਮ ! ਮੇਰੇ ਸਿਰ ਦੇ ਸਾਈਂ ਨੂੰ ਹਰ ਬਲਾ ਤੋਂ ਬਚਾ।''

ਨਜ਼ੀਰ ਅਹਿਮਦ ਨੇ ਉਹਨੂੰ ਫਿਰ ਮੋਢਿਆਂ ਤੋਂ ਝੰਜੋੜਿਆ।

''ਤੂੰ ਮੇਰੀ ਕਿਉਂ ਨਹੀਂ ਸੁਣਦੀ। ਆਪਣੀ ਮਾਰੀ ਜਾਨੀ ਏਂ। ਤੇਰੇ ਪਾਕ ਪਰਵਰਦਿਗਾਰ, ਤੇਰੇ ਰਹੀਮ ਨੇ ਮੇਰੇ 'ਤੇ ਕੋਈ ਰਹਿਮ ਨਹੀਂ ਕਰਨਾ। ਉਹਨੇਂ ਆਪਣਾ ਫ਼ੈਸਲਾ ਸੁਣਾ ਦਿੱਤਾ ਏ। ਇਹੋ ਜਿਹੀ ਸਜ਼ਾ ਉਹਨੇ ਕਦੀ ਕਿਸੇ ਨੂੰ ਨਹੀਂ ਦਿੱਤੀ ਹੋਣੀ। ਆ ਵੇਖ ਉਹਦਾ ਕਹਿਰ, ਉਹਦੀ ਕਿਆਮਤ। ਵੇਖ ਉਹ ਕਿਵੇਂ ਨਜ਼ੀਰ ਕਾਟੇਜ ਉਤੇ ਕਾਲੀ ਬਰਫ਼ ਵਰਸਾ ਰਿਹਾ ਹੈ।''

ਬਾਹੋਂ ਘਸੀਟ ਕੇ ਸਈਦਾ ਨੂੰ ਉਹ ਦੂਜੇ ਕਮਰੇ ਦੀ ਖਿੜਕੀ ਕੋਲ ਲੈ ਗਿਆ। ਚੁੱਲ੍ਹੇ ਲਾਗਿਓਂ ਉਠ ਕੇ ਸਨੋਬਰ ਉਨ੍ਹਾਂ ਦੇ ਮਗਰ ਆਈ।

ਸੂਰਜ ਨੇ ਬੱਦਲਾਂ ਦੀ ਭੀਤ ਪਾੜ ਕੇ ਇਕ ਮੁੰਘਾਰਚਾ ਬਣਾ ਲਿਆ ਸੀ। ਚੁਪਾਸੀਂ ਨਜ਼ਰ ਘੁੰਮਾਣ ਮਗਰੋਂ ਸਈਦਾ ਦੀਆਂ ਅੱਖਾਂ ਟੱਡੀਆਂ ਗਈਆਂ ਤੇ ਉਹਦੇ ਮੂੰਹੋਂ ਨਿਕਲਿਆ—

''ਯਾ ਅੱਲਾ ਤੇਰਾ ਕਹਿਰ।''

ਹੁਣ ਤੀਕ ਨਜ਼ੀਰ ਅਹਿਮਦ ਦੇ ਅਚੇਤ ਮਨ ਵਿਚ ਇਕ ਧੁੰਦਲੀ ਜਿਹੀ ਤਸੱਲੀ ਸੀ ਕਿ ਉਹਦੀ ਆਪਣੀ ਗੁਨਾਹਗਾਰ ਜ਼ਮੀਰ ਅਤੇ ਭੜਕੀ ਹੋਈ ਕਲਪਨਾ ਉਹਨੂੰ ਉਹ ਕੁਝ ਵਿਖਾ ਰਹੀ ਸੀ ਜੋ ਅਸਲ ਵਿਚ ਹੈ ਨਹੀਂ ਸੀ। ਪਰ ਹੁਣ ਤਾਂ ਕਾਲੀ ਬਰਫ਼ ਦਾ ਕ੍ਰਿਸ਼ਮਾ ਸਈਦਾ ਅਤੇ ਸਨੋਬਰ ਨੇ ਵੀ ਵੇਖ ਲਿਆ ਸੀ। ਤਾਂ ਕੀ ਸੱਚਮੁੱਚ ਖ਼ੁਦਾ ਨਜ਼ੀਰ ਕਾਟੇਜ ਉਤੇ ਆਪਣਾ ਕਹਿਰ ਨਾਜ਼ਲ ਕਰ ਰਿਹਾ ਸੀ, ਜਿਥੇ ਇਕ ਮਾਸੂਮ ਕੁੜੀ ਉਤੇ ਉਹਦੇ ਹੈਂਸਿਆਰੇ ਬਾਪ ਨੇ ਜ਼ੁਲਮ ਢਾਹਿਆ ਸੀ। ਸੋਚ ਕੇ ਨਜ਼ੀਰ ਅਹਿਮਦ ਦੀਆਂ ਨਿਤਾਣੀਆਂ ਲੱਤਾਂ ਲੜਖੜਾਈਆਂ ਤੇ ਉਹ ਬੇਹੋਸ਼ ਹੋ ਗਿਆ।

ਥੰਮ੍ਹ ਥੰਮ੍ਹ ਕੇ ਸਈਦਾ ਅਤੇ ਸਨੋਬਰ ਨੇ ਉਹਨੂੰ ਮੰਜੇ 'ਤੇ ਪਾਇਆ। ਦੱਬਿਆ ਘੁੱਟਿਆ, ਗਰਮ ਘਿਓ ਵਿਚ ਕੇਸਰ ਅਤੇ ਬਦਾਮ ਸਾੜ ਕੇ ਪੁੜਪੁੜੀਆਂ ਝੱਸੀਆਂ ਤੇ ਕਈ ਹੀਲਿਆਂ ਨਾਲ ਉਹਦੀ ਦੰਦਲ ਖੋਲ੍ਹੀ। ਪਰ ਉਹਦੀਆਂ ਅੱਖਾਂ ਨਾ ਖੁੱਲ੍ਹੀਆਂ, ਨਾ ਹੀ ਉਹਦੀ ਬੇਹੋਸ਼ੀ ਟੁੱਟੀ। ਉਹਦੀਆਂ ਵਰਾਛਾਂ ਵਿਚ ਝੱਗ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ ਤੇ ਉਹ ਬੇਸੁਰਤੀ ਵਿਚ ਬੋਲ ਰਿਹਾ ਸੀ—

''ਔਹ ਵੇਖ ਮਲਕੁਲ ਮੌਤ ! ਵੇਖ ਸਈਦਾ, ਤੇਰੇ ਪਾਕ ਪਰਵਰਦਿਗਾਰ ਨੇ ਉਹਨੂੰ

ਘੱ ਲਿਆ ਈ, ਮੇਰੀਆਂ ਮੁਸ਼ਕਾਂ ਕੱਸ ਕੇ ਫੜ ਲਿਆਉਣ ਲਈ। ਉਹਦੇ ਹੱਥਾਂ ਵਿਚ ਕਾਲੀ ਬਰਫ਼ ਨਾਲ ਭਰੀਆਂ ਦੋ ਬਾਲਟੀਆਂ ਨੇ। ਤੇ ਉਹਦੇ ਨਾਲ ਮਿਰਜ਼ਾ ਸਾਹਿਬ ਵੀ ਆ ਰਹੇ ਹਨ, ਕਾਲੀ ਬਰਫ਼ ਦਾ ਤਸਲਾ ਸਿਰ 'ਤੇ ਚੁੱਕੀ। ਜਹੱਨਮ ਵਿਚ ਇਕੱਲਿਆਂ ਮਿਰਜ਼ਾ ਸਾਹਿਬ ਦਾ ਦਮ ਘੁਟਦਾ ਏ। ਉਹ ਜਹੱਨਮ ਵਿਚ ਮੇਰੇ ਇਸਤਕਬਾਲ ਲਈ ਆ ਰਹੇ ਹਨ। ਯਾ ਅੱਲਾ ਮੇਰੇ 'ਤੇ ਰਹਿਮ ਕਰ। ਯਾ ਪਾਕ ਪਰਵਰਦਿਗਾਰ, ਸਈਦਾ ਦੀਆਂ ਦੁਆਵਾਂ ਸਦਕਾ ਮੈਨੂੰ ਦੋਜ਼ਖ ਦੀ ਅੱਗ ਵਿਚ ਨਾ ਸਾੜੀਂ।"

ਸਈਦਾ ਪੱਤੇ ਵਾਂਗ ਕੰਬ ਰਹੀ ਸੀ। ਜਦੋਂ ਉਹਨੂੰ ਕੁਝ ਨਾ ਸੁੱਝਾ ਤਾਂ ਉਹ ਆਪਣੇ ਕੋਨੇ ਵਿਚ ਖੜੇ ਕੇ ਮਗ਼ਰਬ ਵੱਲ ਮੂੰਹ ਭੁਆ ਕੇ ਦੁਆ ਮੰਗਣ ਲੱਗੀ।

"ਯਾ ਰਹੀਮ! ਯਾ ਗਫੂਰ ਆਪਣੀ ਇਸ ਨਾਮੁਰਾਦ ਬੰਦੀ ਦੀ ਦੁਆ ਕਬੂਲ ਕਰ। ਮੈਂ ਤਾਂ ਹਾਂ ਹੀ ਗੁਨਾਹਗਾਰ ਪਰ ਜੇ ਮੇਰੇ ਸਿਰ ਦੇ ਸਾਈਂ ਤੋਂ ਅਣਜਾਣੇ ਵਿਚ ਕੋਈ ਗੁਨਾਹ ਹੋ ਗਿਆ ਹੋਵੇ ਤਾਂ ਉਹ ਵੀ ਮੇਰੀ ਝੋਲੀ ਪਾ ਦੇ। ਮੈਨੂੰ ਆਪਣੇ ਲਈ ਦੋਜ਼ਖ ਦੀ ਅੱਗ ਮਨਜ਼ੂਰ ਏ ਪਰ ਮੇਰੇ ਸ਼ੌਹਰ ਨੂੰ ਹਰ ਬਲਾ ਤੋਂ ਮਹਿਫੂਜ਼ ਰੱਖ। ਤੈਨੂੰ ਤੇਰੇ ਹਬੀਬ ਦਾ ਵਾਸਤਾ। ਤੇਰੇ ਹਬੀਬ ਦਾ ਵਾਸਤਾ। ਤੇਰੇ ਹਬੀਬ ਦਾ ਵਾਸਤਾ।"

ਅਨੈਕਸੀ ਵਿਚੋਂ ਦੌੜ ਕੇ ਛੱਤਿਆ ਹੋਇਆ ਲਾਂਘਾ ਲੰਘਦੀ ਸਨੋਬਰ ਮੇਨ ਕਾਟੇਜ ਵਿਚ ਗਈ ਜਿੱਥੇ ਇਕ ਟੂਰਿਸਟ ਪਰਿਵਾਰ ਠਹਿਰਿਆ ਹੋਇਆ ਸੀ। ਉਹਦੀ ਮਾਂ ਨੇ ਅੱਜ ਸਵੇਰੇ ਹੀ ਸਨੋਬਰ ਨੂੰ ਦੱਸਿਆ ਸੀ ਕਿ ਉਹ ਲੋਕ ਸਵੀਡਨ ਤੋਂ ਆਏ ਸਨ। ਬੁੱਢਾ ਡਾਕਟਰ ਬਰਗਮੈਨ ਜੋ ਇਕ ਸਾਇੰਸਦਾਨ ਸੀ, ਉਹਦੀ ਧੀ ਤੇ ਉਹਦਾ ਮੰਗੇਤਰ ਜੋ ਇਕ ਡਾਕਟਰ ਸੀ। ਸਨੋਬਰ ਨੂੰ ਕੋਈ ਬਹੁਤੀ ਆਸ ਨਹੀਂ ਸੀ, ਕਿਉਂ ਜੋ ਉਹ ਜਾਣਦੀ ਸੀ ਕਿ ਸੁਵੱਖਤੇ ਹੀ ਨਾਸ਼ਤਾ ਖਾ ਕੇ ਉਹ ਤਿੰਨੋਂ ਜਣੇ ਦੂਰ ਪਹਾੜੀ ਢਲਵਾਨਾਂ 'ਤੇ ਸਕੀਇੰਗ ਕਰਨ ਚਲੇ ਗਏ ਸਨ। ਉਹਨੇ ਆਪ ਉਨ੍ਹਾਂ ਨੂੰ ਟੱਟੂਆਂ 'ਤੇ ਜਾਂਦਿਆਂ ਵੇਖਿਆ ਸੀ। ਉਦੋਂ ਅਜੇ ਬਰਫ਼ ਪੈਣੀ ਸ਼ੁਰੂ ਨਹੀਂ ਸੀ ਹੋਈ। ਸਨੋਬਰ ਨੇ ਕਾਟੇਜ ਦੇ ਬਾਵਰਚੀਖਾਨੇ ਵਿਚ ਵੇਖਿਆ। ਨਾ ਨੂਰਾ ਬਾਵਰਚੀ ਨਾ ਅਲੀਆ ਖਾਨਸਾਮਾ ਉਹਨੂੰ ਨਜ਼ਰ ਆਇਆ।

ਚਿੰਤਾ ਨਾਲ ਭਬੰਤਰੀ ਹੋਈ ਉਹ ਕਾਟੇਜ ਦੇ ਸਾਰੇ ਕਮਰੇ ਘੁੰਮ ਗਈ। ਅਖੀਰ ਡਰਾਇੰਗ ਰੂਮ ਦੀ ਬੰਦ ਖਿੜਕੀ ਦੇ ਸ਼ੀਸ਼ਿਆਂ ਵਿਚੋਂ ਉਹਨੂੰ ਝਾਉਲਾ ਪਿਆ। ਗਿੱਲਾ, ਸ਼ੀਸ਼ਾ ਉਹਨੇ ਚੁੰਨੀ ਨਾਲ ਰਗੜ ਕੇ ਨੀਝਿਆ। ਅਲੀਆ ਖਾਨਸਾਮਾ ਕਾਟੇਜ ਦੇ ਗੇਟ ਤੋਂ ਲੈ ਕੇ ਬਾਹਰਲੇ ਬਰਾਂਡੇ ਤੀਕ ਫੌਹੜੇ ਨਾਲ ਬਰਫ਼ ਹੂੰਝ ਕੇ ਰਸਤਾ ਬਣਾ ਰਿਹਾ ਸੀ। ਸਨੋਬਰ ਨੇ ਉਹਨੂੰ ਤੁਰਤ ਡਾਕਟਰ ਨੂੰ ਸੱਦ ਲਿਆਉਣ ਲਈ ਖਿਲਨਮਰਗ ਦੀ ਇਕੋ ਇਕ ਡਿਸਪੈਂਸਰੀ ਵੱਲ ਦੁੜਾ ਦਿੱਤਾ ਜੋ ਨਜ਼ੀਰ ਕਾਟੇਜ ਤੋਂ ਚਾਰ ਫਰਲਾਂਗ ਦੀ ਵਿੱਥ 'ਤੇ ਸੀ।

ਸਨੋਬਰ ਨੂੰ ਅਨੈਕਸੀ ਵਿਚ ਮੁੜਿਆਂ ਅਜੇ ਬਹੁਤਾ ਚਿਰ ਨਹੀਂ ਸੀ ਲੰਘਿਆ ਕਿ ਉਹਨੇ ਵੇਖਿਆ ਉਹ ਟੂਰਿਸਟ ਪਰਿਵਾਰ ਟੱਟੂਆਂ 'ਤੇ ਵਾਪਸ ਪਰਤ ਆਇਆ ਸੀ। ਉਹ ਮੁੜ ਨੱਠੀ ਨੱਠੀ ਕਾਟੇਜ ਵਿਚ ਗਈ।

''ਮੇਰਾ ਅੱਬਾ !'' ਉਹ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਸਿਸਕੀ, ''ਉਹ ਬੇਹੋਸ਼ ਪਿਆ ਏ। ਦੋ ਘੰਟੇ ਹੋ ਗਏ ਨੇ। ਉਹਨੂੰ ਹੋਸ਼ ਨਹੀਂ ਆ ਰਹੀ। ਪਲੀਜ਼ ਸਰ ਤੁਸੀਂ ਡਾਕਟਰ ਹੋ। ਮੇਰੇ ਅੱਬਾ ਨੂੰ ਹੋਸ਼ ਵਿਚ ਲਿਆਓ।''

ਮਿਸ ਰੋਜ਼ਾ ਬਰਗਮੈਨ ਦੇ ਮੰਗੇਤਰ ਨੇ ਆਪਣੇ ਬੈਡਰੂਮ ਵਿਚੋਂ ਆਪਣਾ ਬੈਗ ਚੁੱਕਿਆ ਤੇ ਉਹ ਤਿੰਨੇ ਕਾਹਲੀ ਕਾਹਲੀ ਸਨੋਬਰ ਦੇ ਨਾਲ ਅਨੈਕਸੀ ਵਿਚ ਗਏ। ਡਾਕਟਰ ਨੇ ਨਜ਼ੀਰ ਅਹਿਮਦ ਦੀ ਹਾਲਤ ਦੇਖ ਕੇ ਇਕ ਇੰਜੈਕਸ਼ਨ ਦਿੱਤਾ ਤੇ ਨਬਜ਼ 'ਤੇ ਹੱਥ ਰੱਖੀ ਰੱਖਿਆ ਜਦ ਤੀਕ ਨਜ਼ੀਰ ਅਹਿਮਦ ਨੇ ਅੱਖਾਂ ਨਾ ਖੋਲ੍ਹ ਦਿੱਤੀਆਂ।

''ਅੱਬਾ ਨੂੰ ਹੋਸ਼ ਆ ਗਿਆ ਮਾਂ।'' ਸਨੋਬਰ ਨੇ ਸਈਦਾ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, ''ਤੇਰੀਆਂ ਦੁਆਵਾਂ ਕਬੂਲ ਹੋ ਗਈਆਂ ਨੇ।''

''ਯਾ ਪਾਕ ਪਰਵਰਦਿਗਾਰ !'' ਸਈਦਾ ਗੋਡਿਆਂ ਪਰਨੇ ਹੋ ਕੇ ਸਿਜਦੇ ਵਿਚ ਡਿੱਗ ਪਈ, ''ਤੇਰਾ ਲੱਖ ਲੱਖ ਸ਼ੁਕਰ ! ਤੇਰੀ ਰਹਿਮਤ ਦਾ ਕੋਈ ਪਾਰਾਵਾਰ ਨਹੀਂ। ਤੂੰ ਆਪਣੇ ਗੁਨਾਹਗਾਰ ਬੰਦਿਆਂ ਦੀ ਵੀ ਸੁਣਦਾ ਏਂ।''

ਨਜ਼ੀਰ ਅਹਿਮਦ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਸਭ ਤੋਂ ਪਹਿਲਾਂ ਉਹਦੀ ਨਜ਼ਰ ਸਿਜਦੇ ਵਿਚ ਡਿੱਗੀ ਸਈਦਾ 'ਤੇ ਪਈ।

''ਮੈਂ ਤਾਂ ਮਰ ਗਿਆ ਹਾਂ ਸਈਦਾ,'' ਉਹ ਝੀਣੀ ਆਵਾਜ਼ ਵਿਚ ਵਿਲਕਿਆ, ''ਤੇਰੀਆਂ ਦੁਆਵਾਂ ਨੇ ਕੁਝ ਨਹੀਂ ਸਾਰਿਆ। ਛੱਡ ਇਹ ਪੁਰਾਣਾ ਰਾਗ ਤੇ ਉਠ ਕੇ ਮੇਰੇ ਕਫ਼ਨ ਦਫ਼ਨ ਦਾ ਇੰਤਜ਼ਾਮ ਕਰ। ਹੋਰ ਨਹੀਂ ਤਾਂ ਮੈਨੂੰ ਕਾਲੀ ਬਰਫ਼ ਦੇ ਏਸੇ ਢੇਰ ਵਿਚ ਦੱਬ ਦੇ। ਜਿਹੜਾ ਢੇਰ ਤੇਰੇ ਪਾਕ ਪਰਵਰਦਿਗਾਰ ਨੇ ਸਿਰਫ਼ ਮੇਰੇ ਲਈ ਉਸਾਰਿਆ ਹੈ, ਕਿਉਂ ਜੋ ਮੈਂ ਸਨੋਬਰ ਦਾ ਗੁਨਾਹਗਾਰ ਹਾਂ। ਮੈਂ ਹੀ ਉਹਦੀ ਜ਼ਿੰਦਗੀ ਵੀਰਾਨ ਕੀਤੀ ਹੈ।''

ਸਈਦਾ ਉਠ ਕੇ ਨਜ਼ੀਰ ਅਹਿਮਦ ਦੀ ਪੁਆਂਦੀ ਆਣ ਬੈਠੀ ਤੇ ਰਜ਼ਾਈ ਵਿਚ ਹੱਥ ਵਾੜ ਕੇ ਉਹਦੇ ਠੰਢੇ ਪੈਰ ਘੁੱਟਣ ਲੱਗੀ। ਜ਼ਿੰਦਗੀ ਦੀ ਇਸ ਨਿੱਘੀ ਛੋਹ ਨਾਲ ਨਜ਼ੀਰ ਅਹਿਮਦ ਨੂੰ ਆਪਣੇ ਜੀਉਂਦੇ ਹੋਣ ਦਾ ਭਰਮ ਜਿਹਾ ਪਿਆ। ਫਿਰ ਜਦੋਂ ਉਹਨੇ ਨਜ਼ਰ ਭੁਆ ਕੇ ਟੂਰਿਸਟ ਮਹਿਮਾਨਾਂ ਵੱਲ ਵੇਖਿਆ ਤਾਂ ਉਹਦੇ ਮੂੰਹ 'ਤੇ ਇਕ ਨਿੰਮੀ ਜਿਹੀ ਤਸੱਲੀ ਝਲਕ ਪਈ ਕਿ ਉਹ ਅਜੇ ਸੱਚਮੁੱਚ ਜੀਉਂਦਾ ਸੀ।

ਸਨੋਬਰ ਦੇ ਮਨ ਵਿਚ ਚਿੰਤਾਵਾਂ ਦਾ ਇਕ ਢੇਰ ਉਸਰਿਆ ਸੀ। ਪਹਿਲੋਂ ਇਸ ਢੇਰ ਵਿਚੋਂ ਸਭ ਤੋਂ ਵੱਡੀ ਚਿੰਤਾ ਉਭਰੀ ਤਾਂ ਮਿਸ ਰੋਜ਼ਾ ਬਰਗਮੈਨ ਵੱਲ ਮੂੰਹ ਮੋੜ ਕੇ ਸਨੋਬਰ ਨੇ ਡਰੀ ਹੋਈ ਆਵਾਜ਼ ਵਿਚ ਪੁੱਛਿਆ—

''ਇਹ ਕਾਲੀ ਬਰਫ਼ ? ਕੀ ਤੁਸੀਂ ਵੇਖੀ ਹੈ ?''

''ਹਾਂ !'' ਮਿਸ ਬਰਗਮੈਨ ਨੇ ਆਖਿਆ, ''ਅਸੀਂ ਸਾਰਾ ਰਾਹ ਵੇਖਦੇ ਆਏ ਹਾਂ। ਇਥੋਂ ਤਿੰਨ ਮੀਲ ਦੂਰ ਜਿੱਥੇ ਅਸੀਂ ਸਕੀਇੰਗ ਲਈ ਜਾਂਦੇ ਹਾਂ, ਉਥੇ ਵੀ ਪਈ ਹੈ। ਪਾਪਾ ਦਾ ਅਨੁਮਾਨ ਹੈ ਕਿ ਇਹ ਕਾਲੀ ਬਰਫ਼ ਕਸ਼ਮੀਰ ਵਿਚ ਲਗਪਗ, ਅੱਸੀ ਨੱਬੇ ਵਰਗ ਕਿਲੋਮੀਟਰ ਇਲਾਕੇ ਵਿਚ ਪਈ ਹੋਵੇਗੀ।''

ਸੁਣਦਿਆਂ ਸਾਰ ਨਜ਼ੀਰ ਅਹਿਮਦ ਕੂਹਣੀਆਂ ਪਰਨੇ ਅੱਧਾ ਕੁ ਬਿਸਤਰੇ ਤੋਂ ਉਠ ਪਿਆ। ਤਾਂ ਕੀ ਕਾਲੀ ਬਰਫ਼ ਸਿਰਫ਼ ਨਜ਼ੀਰ ਟੂਰਿਸਟ ਕਾਟੇਜ 'ਤੇ ਨਹੀਂ ਸੀ ਵਰ੍ਹੀ। ਇਹ ਖ਼ੁਦਾਈ ਕਹਿਰ ਕੇਵਲ ਉਹਦੇ 'ਤੇ ਨਾਜ਼ਲ ਨਹੀਂ ਸੀ ਹੋਇਆ, ਇਹ ਕਿਆਮਤ ਸਿਰਫ਼ ਉਹਦੇ 'ਤੇ ਬਰਪਾ ਨਹੀਂ ਸੀ ਹੋਈ। ਜੇਕਰ ਇਹ ਉਹਦੇ ਗੁਨਾਹਾਂ ਦੀ ਸਜ਼ਾ ਹੁੰਦੀ ਤਾਂ ਦੂਰ ਦੂਰ ਤਕ ਕਾਲੀ ਬਰਫ਼ ਡਿੱਗਣ ਦਾ ਕੋਈ ਮਤਲਬ ਨਹੀਂ ਸੀ। ਇਹ ਤਾਂ ਕੋਈ ਹੋਰ ਹੀ ਰਮਜ਼ ਜਾਪਦੀ ਸੀ।

ਨਜ਼ੀਰ ਅਹਿਮਦ ਦੀਆਂ ਨੀਝਾਂ ਹੁਣ ਮਿਸਟਰ ਮਾਈਕਲ ਬਰਗਮੈਨ ਦੇ ਮੂੰਹ 'ਤੇ ਗੱਡੀਆਂ ਸਨ।

"ਇਹ ਤਾਂ ਅਸੀਂ ਸਾਰੇ ਜਾਣਦੇ ਹਾਂ," "ਬੁੱਢਾ ਸਾਇੰਸਦਾਨ ਕਹਿ ਰਿਹਾ ਸੀ, "ਕਿ ਇਰਾਕ ਦੀਆਂ ਫ਼ੌਜਾਂ ਹਾਰ ਕੇ ਪਿੱਛੇ ਹਟਦੀਆਂ ਕੁਵੈਤ ਵਿਚ ਪੈਟਰੋਲ ਦੇ ਸੈਂਕੜੇ ਖੂਹਾਂ ਨੂੰ ਅੱਗ ਲਾ ਗਈਆਂ ਹਨ। ਇਹ ਅੱਗਾਂ ਮੱਚ ਰਹੀਆਂ ਹਨ ਤੇ ਇਨ੍ਹਾਂ ਨੂੰ ਬੁਝਾਣ 'ਤੇ ਅਜੇ ਦੋ ਚਾਰ ਵਰ੍ਹੇ ਲੱਗਣਗੇ। ਪੈਟਰੋਲ ਦੇ ਧੂੰਏਂ ਵਿਚ ਗੰਧਕ ਅਤੇ ਨਾਈਟਰੋਜਨ ਹੁੰਦੇ ਹਨ। ਇਹ ਜਦੋਂ ਹਵਾ ਦੀ ਆਕਸੀਜ ਨਾਲ ਰਲਦੇ ਹਨ ਤਾਂ ਆਕਸਾਈਡ ਬਣਾਂਦੇ ਹਨ। ਇਨ੍ਹਾਂ ਆਕਸਾਈਡਾਂ ਦੀ ਤਾਸੀਰ ਤੇਜ਼ਾਬੀ ਹੁੰਦੀ ਹੈ। ਕੁਵੈਤ ਵਲੋਂ ਵਗਦੀਆਂ ਹਵਾਵਾਂ ਇਨ੍ਹਾਂ ਨੂੰ ਕਸ਼ਮੀਰ ਚੁੱਕ ਲਿਆਈਆਂ ਹਨ। ਜਿਸ ਜਿਸ ਇਲਾਕੇ ਵਿਚੋਂ ਇਹ ਹਵਾਵਾਂ ਲੰਘਣਗੀਆਂ, ਉਥੇ ਬਾਰਸ਼ ਵੀ ਕਾਲੀ ਵਰ੍ਹੇਗੀ ਤੇ ਬਰਫ਼ ਵੀ ਕਾਲੀ ਗਿਰੇਗੀ।"

ਅਚਨਚੇਤ ਨਜ਼ੀਰ ਅਹਿਮਦ ਉਠ ਕੇ ਬਹਿ ਗਿਆ। ਫਿਰ ਉਹ ਮੰਜੇ ਤੋਂ ਉਠ ਖਲੋਤਾ। ਫਿਰ ਉਹਨੇ ਕਮਰੇ ਦੇ ਇਕ ਖੂੰਜੇ ਪਿਆ ਫੌਹੜਾ ਚੁੱਕਿਆ ਤੇ ਕਾਟੇਜ ਦੇ ਮੇਨ ਗੇਟ ਲਾਗਿਓਂ ਬਰਫ਼ ਹੂੰਝਣ ਲਈ ਬਾਹਰ ਨਿਕਲ ਗਿਆ।

ਜਲੂਸ

ਤਾਰਿਆਂ ਦੀ ਛਾਂਵੇਂ ਅਬਨਾਸ਼ ਗੁਰਦੁਆਰਾ ਬੰਗਲਾ ਸਾਹਿਬ ਵਲ ਹੋ ਤੁਰੀ। ਇਹ ਨੇਮ ਬਣ ਗਿਆ ਸੀ ਉਹਦਾ,ਜਦੋਂ ਤੋਂ ਉਹ ਆਪਣੇ ਨਿੱਕੇ ਬਾਲ ਬੱਚਿਆਂ ਨੂੰ ਨਾਲ ਲੈ ਕੇ ਪਿੰਡੀਓਂ ਦਿੱਲੀ ਆਪਣੀ ਨਨਾਣ ਕੋਲ ਆਈ ਸੀ। ਚਿੰਤਾ ਝੋਰੇ ਦੇ ਝੱਖੜ ਝਾਂਜੇ ਵਿਚ ਉਹਨੂੰ ਇਹੋ ਠਾਹਰ ਦਿਸ ਆਈ ਸੀ। ਉਸ ਬਾਲਾ ਗੁਰੂ ਦੇ ਅਸਥਾਨ 'ਤੇ ਜਿਸ ਡਿੱਠਿਆਂ ਸਭ ਦੁਖ ਦੂਰ ਹੋ ਜਾਂਦੇ ਹਨ, ਸੰਗਤ ਦੇ ਜੋੜਿਆਂ ਵਿਚ ਖੜ੍ਹੋ ਕੇ ਉਹ ਅਰਦਾਸਾਂ ਕਰਦੀ, ਜੋਦੜੀਆਂ ਕਰਦੀ ਅਤੇ ਪਿੰਡੀ ਰਹਿ ਗਏ ਆਪਣੇ ਪਤੀ ਤੇ ਵੱਡੇ ਦੋ ਪੁੱਤਰਾਂ ਅਤੇ ਐਬਟਆਬਾਦ ਵਿਚ ਰਹਿ ਗਈ ਆਪਣੀ ਸਜ-ਵਿਆਹੀ ਧੀ ਅਤੇ ਜਵਾਈ ਦੀ ਸੁਖ ਮੰਗਦੀ।

ਅੱਗੇ ਰੋਜ਼ ਕੋਈ ਨਾ ਕੋਈ ਉਹਨੂੰ ਰਾਹ ਵਿਚ ਪਹਾੜਗੰਜ ਤੋਂ ਗੁਰਦੁਆਰੇ ਵਲ ਜਾਂਦਾ ਮਿਲ ਜਾਂਦਾ ਸੀ ਪਰ ਅੱਜ ਤਾਂ ਸੜਕਾਂ ਸੁੰਨਸਾਨ ਪਈਆਂ ਸਨ। ਇਹ ਸੁੰਨ ਪਰਸੋਂ ਰਾਤ ਤੋਂ ਹੀ ਦਿੱਲੀ ਵਿਚ ਵਰਤ ਗਈ ਸੀ ਜਦੋਂ ਤੋਂ ਸ਼ਹਿਰ ਵਿਚ ਮੁਸਲਮਾਨਾਂ ਵਿਰੁਧ ਦੰਗੇ ਫਸਾਦ ਸ਼ੁਰੂ ਹੋਏ ਸਨ। ਕੱਲ੍ਹ ਵਾਂਗ ਅੱਜ ਵੀ ਉਹਦੀ ਨਨਾਣ ਨੇ ਉਹਨੂੰ ਇਸ ਤਰ੍ਹਾਂ ਕੱਲੀ ਕਾਰੀ ਨਿਕਲ ਟੁਰਨੋਂ ਵਰਜਿਆ ਸੀ। ਪਰ ਉਹ ਆਪਣਾ ਨੇਮ ਨਹੀਂ ਸੀ ਤੋੜ ਸਕਦੀ। ਤੇ ਫੇਰ ਆਜ਼ਾਦ ਹੋ ਗਏ ਭਾਰਤ ਵਿਚ ਉਹਨੂੰ ਕਾਹਦਾ ਖਤਰਾ ਸੀ। ਸਾਰੇ ਖਤਰੇ ਤਾਂ ਉਨ੍ਹਾਂ ਲਈ ਸਨ ਜਿਹੜੇ ਵੰਡ ਦੀ ਲਕੀਰ ਦੇ ਉਸ ਪਾਸੇ ਜਿਨਾਹ ਦੇ ਪਾਕਿਸਤਾਨ ਵਿਚ ਰਹਿ ਗਏ ਸਨ।

ਪਰ ਉਹਦੇ ਨਨਾਣਵਈਏ ਨੇ ਉਹਨੂੰ ਰਸਮੀ ਤੌਰ 'ਤੇ ਵੀ ਨਹੀਂ ਸੀ ਹੋੜਿਆ। ਪਿਛਲੇ ਤਿੰਨ ਮਹੀਨਿਆਂ ਵਿਚ ਉਹਦਾ ਵਰਤਾਰਾ ਅਬਨਾਸ਼ ਤੇ ਉਹਦੇ ਬੱਚਿਆਂ ਵਲ ਰੁੱਖਾ ਰਿਹਾ ਸੀ। ਜਿਉਂ ਜਿਉਂ ਦਿਨ ਲੰਘਦੇ ਜਾਂਦੇ ਸਨ ਤੇ ਉਹਦੇ ਪਤੀ ਤੇ ਵੱਡੇ ਦੋ ਪੁੱਤਰਾਂ ਦੇ ਬਚ ਨਿਕਲਣ ਦੀ ਆਸ ਨਿੰਮੀ ਹੁੰਦੀ ਜਾਂਦੀ ਸੀ, ਉਹਦੇ ਨਨਾਣਵਈਏ ਦਾ ਸੁਭਾ ਕੌੜਾ ਤੇ ਕੁਰੀਲ ਹੁੰਦਾ ਜਾਂਦਾ ਸੀ। ਅੰਦਰੋਂ ਅੰਦਰ ਉਹਦੇ ਨਨਾਣਵਈਏ ਨੂੰ ਇਹ ਚਿੰਤਾ ਖਾਈ ਜਾਂਦੀ ਸੀ ਕਿ ਕਿਤੇ ਉਹਦੀ ਅਤੇ ਉਹਦੇ ਬੱਚਿਆਂ ਦੀ ਕਬੀਲਦਾਰੀ ਦਾ ਭਾਰ ਹਮੇਸ਼ਾ ਲਈ ਉਹਦੇ ਸਿਰ ਨਾ ਪੈ ਜਾਏ। ਕੱਲ੍ਹ ਸ਼ਾਮ ਤੋਂ ਤਾਂ

ਨਨਾਣਵਈਏ ਦਾ ਮੂੰਹ ਸੁੱਜ ਕੇ ਭੁਕਾਨਾ ਬਣਿਆ ਹੋਇਆ ਸੀ। ਫਸਾਦਾਂ ਅਤੇ ਅੱਗਾਂ ਕਾਰਨ ਪਹਾੜਗੰਜ ਦੀ ਲਾਗਲੀ ਆਬਾਦੀ ਮੁਲਤਾਨੀ ਢਾਂਡੇ ਵਿਚ ਢੇਰ ਸਾਰੇ ਮਕਾਨ ਖਾਲੀ ਹੋ ਗਏ ਸਨ। ਨਨਾਣਵਈਆ ਇਕ ਮਕਾਨ ਮੱਲ ਵੀ ਆਇਆ ਸੀ ਜੋ ਲੁੱਟਿਆ ਪੁੱਟਿਆ ਗਿਆ ਸੀ ਪਰ ਸੜਿਆ ਨਹੀਂ ਸੀ। ਉਹ ਚਾਹੁੰਦਾ ਸੀ ਕਿ ਅਬਨਾਸ਼ ਤੇ ਉਹਦੇ ਬੱਚੇ ਉਸ ਮਕਾਨ ਵਿਚ ਜਾ ਰਹਿਣ।

"ਨਹੀਂ ਭਾਈਆ ਜੀ," ਅਬਨਾਸ਼ ਨੇ ਇਕ ਸਖਤ ਜਿਹੀ ਹਲੀਮੀ ਨਾਲ ਆਖਿਆ, "ਮੈਂ ਕਿਸੇ ਮਜ਼ਲੂਮ ਦੇ ਲੁੱਟੇ ਪੁੱਟੇ ਘਰ ਤੇ ਮੱਲ ਮਾਰ ਲਵਾਂ, ਇਹ ਗੱਲ ਮੈਂ ਸੋਚ ਵੀ ਨਹੀਂ ਸਕਦੀ। ਉਨ੍ਹਾਂ ਨੂੰ ਆ ਲੈਣ ਦਿਓ। ਫੇਰ ਸਾਨੂੰ ਭਾਵੇਂ ਕਿਰਾਏ ਦੀ ਕਿਸੇ ਝੁੱਗੀ ਵਿਚ ਰਹਿਣਾ ਪਵੇ।"

ਉਹਦੀ ਨਨਾਣ ਵੀ ਹੁਣ ਉਹਦੇ ਨਾਲ ਏਨੀ ਨਿੱਘੀ ਤੇ ਮਿੱਠ-ਬੋਲੀ ਨਹੀਂ ਸੀ ਜਿਨੀ ਕਦੀ ਹੋਇਆ ਕਰਦੀ ਸੀ। ਕਈ ਵਾਰੀ ਉਹ ਅਬਨਾਸ਼ ਨੂੰ ਏਸ ਗੱਲੋਂ ਗੁੱਝੀਆਂ ਟਕੋਰਾਂ ਮਾਰਦੀ ਸੀ ਕਿ ਉਹ ਉਹਦੇ ਭਰਾ ਅਤੇ ਸੋਨੇ ਵਰਗੇ ਦੋ ਜਵਾਨ ਭਤੀਜਿਆਂ ਨੂੰ ਏਡੇ ਖਤਰੇ ਦੇ ਮੂੰਹ ਕਿਉਂ ਛੱਡ ਆਈ ਸੀ। ਉਹਦੀ ਨਨਾਣ ਨਹੀਂ ਸੀ ਜਾਣਦੀ ਕਿ ਉਹਨੇ ਕਿੰਨੀ ਵਾਹ ਲਾਈ ਸੀ, ਕਿ ਉਹ ਉਦੋਂ ਤੋਂ ਹੀ ਆਪਣੇ ਪਤੀ ਨੂੰ ਪ੍ਰੇਰਦੀ ਰਹੀ ਸੀ ਜਦੋਂ ਜੂਨ ਵਿਚ ਪਾਕਿਸਤਾਨ ਬਣਾਏ ਜਾਣ ਦਾ ਫੈਸਲਾ ਹੋ ਗਿਆ ਸੀ ਤੇ ਪੰਦਰਾਂ ਅਗਸਤ ਦੀ ਤਾਰੀਖ ਵੀ ਨੀਯਤ ਹੋ ਗਈ ਸੀ। ਉਸ ਦਿਨ ਤੋਂ ਹੀ ਰਾਵਲਪਿੰਡੀ ਸ਼ਹਿਰ ਬੜੀ ਤੇਜ਼ੀ ਨਾਲ ਸੱਖਣਾ ਹੋਣਾ ਸ਼ੁਰੂ ਹੋ ਗਿਆ ਸੀ। ਲੋਕ ਘਰਾਂ ਦੁਕਾਨਾਂ ਨੂੰ ਤਾਲੇ ਲਾ ਕੇ ਪਟਿਆਲੇ ਜਾ ਰਹੇ ਸਨ। ਕ੍ਰੋਸ਼ੀਆਂ ਕਸੀਦਿਆਂ ਨਾਲ ਰੌਣਕਾਏ ਮੁਹੱਲੇ ਦਿਨਾਂ ਵਿਚ ਭਾਂ ਭਾਂ ਕਰਨ ਲੱਗ ਪਏ ਸਨ। ਤਦੋਂ ਅਬਨਾਸ਼ ਨੇ ਚਾਹਿਆ ਸੀ ਕਿ ਉਹ ਸਾਰਾ ਟੱਬਰ ਛੇਤੀ ਤੋਂ ਛੇਤੀ ਪਿੰਡੀਓਂ ਨਿਕਲ ਜਾਣ ਪਰ ਉਹਦੇ ਪਤੀ ਦੀ ਮਰਜ਼ੀ ਸਾਹਵੇਂ ਉਹਦੀ ਪੇਸ਼ ਨਹੀਂ ਸੀ ਗਈ। ਉਹਦੇ ਪਤੀ ਨੂੰ ਆਪਣੀ ਅਤੇ ਆਪਣੇ ਦੋਹਾਂ ਵੱਡੇ ਪੁੱਤਰਾਂ ਦੀ ਨੌਕਰੀ ਦੀ ਚਿੰਤਾ ਸੀ। ਪਟਿਆਲੇ ਜਾਂ ਦਿੱਲੀ ਉਹ ਆਪਣੀ ਰੋਜ਼ੀ ਰੋਟੀ ਆਪਣੇ ਨਾਲ ਲਿਜਾਣਾ ਚਾਹੁੰਦਾ ਸੀ। ਸ਼ਰਨਾਰਥੀ ਕੈਂਪਾਂ ਵਿਚ ਸਰਕਾਰੀ ਖੈਰਾਇਤ 'ਤੇ ਦਿਨ-ਕਟੀ ਨਹੀਂ ਸੀ ਕਰਨਾ ਚਾਹੁੰਦਾ।

"ਖਾ ਗਈਆਂ ਖਸਮਾਂ ਨੂੰ ਨੌਕਰੀਆਂ," ਅਬਨਾਸ਼ ਨੇ ਆਖਿਆ ਸੀ, "ਆਪਣੀ ਜਾਨ, ਆਪਣੀ ਪਤ ਅਬਰੋ ਅਰਬੀਂ ਖਰਬੀਂ ਹੱਥ ਨਹੀਂ ਆਉਂਦੀ। ਜਾਨ ਰਹੀ ਤਾਂ ਨੌਕਰੀਆਂ ਹੋਰ ਮਿਲ ਜਾਸਨ।"

ਉਹਦੇ ਪਤੀ ਨੇ ਆਖਿਆ ਕਿ ਬੈਂਕ ਦਾ ਸਾਰਾ ਸਟਾਫ ਡਿਊਟੀ 'ਤੇ ਸੀ। ਟੱਬਰ ਟੋਰ ਉਨ੍ਹਾਂ ਭਾਵੇਂ ਤੋਰ ਦਿੱਤੇ ਸਨ। ਉਹਨੇ ਆਖਿਆ ਕਿ ਬੈਂਕ ਦੇ ਹੈਡ ਆਫਿਸ ਦੇ ਕਿਸੇ ਆਰਡਰ ਬਿਨਾਂ, ਮੈਨੇਜਰ ਦੀ ਹੈਸੀਅਤ ਵਿਚ ਉਹ ਬੈਂਕ ਛੱਡ ਕੇ ਨਹੀਂ ਸੀ ਜਾ ਸਕਦਾ।

ਕਦੀ ਉਹਦਾ ਪਤੀ ਆਖਦਾ, "ਤੂੰ ਨਿੱਕੇ ਬੱਚਿਆਂ ਨੂੰ ਲੈ ਕੇ ਦਿੱਲੀ ਹਰਬੰਸ ਕੋਲ ਚਲੀ ਜਾਹ। ਸਾਨੂੰ ਏਥੇ ਸੱਤੇ ਖੈਰਾਂ ਨੇ। ਜੇ ਮੁਸਲਮਾਨ ਸਾਰੇ ਹਿੰਦੂਆਂ, ਸਿੱਖਾਂ

ਨੂੰ ਮਾਰ ਛੱਡਸਨ ਤਾਂ ਰਾਜ ਕਿਸ ਉਪਰ ਕਰਸਨ। ਨਾਲੇ ਹਮੇਸ਼ਾ ਰਾਜ ਬਦਲਦੇ ਆਏ ਨੇ। ਪਰਜਾ ਵੀ ਕਦੀ ਬਦਲੀਆਂ ਨੇ।"

ਉਹਨੂੰ ਪਤੀ ਦੀ ਇਸ ਦਲੀਲ ਵਿਚ ਕੋਈ ਕੂਕ ਨਜ਼ਰ ਨਹੀਂ ਸੀ ਆਉਂਦੀ। ਉਹ ਜਾਣਦੀ ਸੀ ਉਹਦੇ ਪਤੀ ਦੀ ਪੁਰਾਣੀ ਆਦਤ ਸੀ ਭੁਲੇਖਿਆਂ ਨਾਲ ਆਪਣੇ ਆਪ ਨੂੰ ਸੁਖਿਆਰਨ ਦੀ। ਉਹਨੇ ਪਤੀ ਦੀਆਂ ਮਿੰਨਤਾਂ ਕੀਤੀਆਂ, ਸਮਾਜਤਾਂ ਕੀਤੀਆਂ ਪਰ ਓਹਦੇ ਪਤੀ ਦੇ ਆਸ਼ਾਵਾਦੀ ਮਨ ਨੇ ਆਪਣੀ ਅੜੀ ਨਾ ਛੱਡੀ। ਹਾਰ ਕੇ ਜੂਨ ਦੇ ਅਖੀਰ ਵਿਚ ਉਹ ਚੁਹਾਂ ਨਿੱਕੇ ਬੱਚਿਆਂ ਨੂੰ ਲੈ ਕੇ ਦਿੱਲੀ ਆਪਣੀ ਨਨਾਣ ਕੋਲ ਆ ਗਈ।

ਪਿਛਲੇ ਤਿੰਨ ਮਹੀਨੇ ਉਹਨੇ ਇਕ ਗ੍ਰਹਿਣੀ ਹੋਈ ਜ਼ਿੰਦਗੀ ਜੀਵੀ ਸੀ। ਦਿਨ ਹਉਕਿਆਂ ਦੀ ਹਨੇਰੀ ਝਾਗਦਿਆਂ ਅਤੇ ਰਾਤਾਂ ਹੰਝੂਆਂ ਦੀ ਕਾਂਗ ਲੰਘਦਿਆਂ ਬੀਤਦੀਆਂ ਸਨ। ਆਸ ਦੀ ਕੱਚੀ ਤੰਦ ਦੇ ਆਸਰੇ ਉਹ ਜ਼ਿੰਦਗੀ ਨੂੰ ਧੱਕਾ ਦਿੰਦੀ ਆਈ ਸੀ।

ਫੇਰ ਭੈੜੀਆਂ ਭੈੜੀਆਂ ਖਬਰਾਂ ਆਉਣ ਲਗ ਪਈਆਂ। ਲਾਹੌਰ ਦੀਆਂ ਅੱਗਾਂ ਦੀਆਂ, ਸ਼ੇਖੂਪੁਰੇ ਦੇ ਕਤਲਾਮ ਦੀਆਂ, ਰਾਵਲਪਿੰਡੀ ਵਿਚ ਛੁਰੇਬਾਜ਼ੀ ਦੀਆਂ ਵਾਰਦਾਤਾਂ ਦੀਆਂ, ਪਿੰਡੀ ਪਸ਼ੌਰੋਂ ਚਲੀਆਂ ਸ਼ਰਨਾਰਥੀ ਸਪੈਸ਼ਲ ਗੱਡੀਆਂ ਗੁਜਰਾਤ, ਵਜ਼ੀਰਾਬਾਦ ਅਤੇ ਲਾਲੇਮੂਸੇ ਵੱਢੀਆਂ ਜਾਣ ਦੀਆਂ। ਫੇਰ ਪਿੰਡੀਓਂ, ਐਬਟਾਬਾਦੋਂ ਚਿੱਠੀਆਂ ਆਉਣੀਆਂ ਬੰਦ ਹੋ ਗਈਆਂ। ਹੋਰ ਵੀ ਕਿਤੋਂ ਕੋਈ ਉਘ-ਸੁੱਘ ਨਹੀਂ ਸੀ ਨਿਕਲ ਰਹੀ। ਉਹਦਾ ਪਤੀ, ਉਹਦੇ ਧੀ ਜਵਾਈ ਤੇ ਵੱਡੇ ਦੋ ਪੁੱਤਰ ਜਿਉਂਦੇ ਸਨ ਜਾਂ ਪਾਕਿਸਤਾਨ ਦੇ ਲੇਖੇ ਲਗ ਗਏ ਸਨ, ਉਹ ਨਹੀਂ ਸੀ ਜਾਣਦੀ।

ਦਿਨ ਧੁਆਂਖੇ ਹੋਏ ਚੜ੍ਹਦੇ, ਸਾਵਣ ਭਾਦੋਂ ਦੀਆਂ ਤਿੱਖੀਆਂ ਧੁੱਪਾਂ ਵੀ ਧੁੰਦ ਵਾਂਗ ਜਾਪਦੀਆਂ। ਰਾਤ ਪਿਆਂ ਚਿੰਤਾ ਦੀ ਚਿਖਾ ਮਚ ਮਚ ਉਠਦੀ।

ਕਦੀ ਉਹਦੀ ਨਾਨਣ ਦੀ ਕੋਈ ਗੁਆਂਢਣ ਆਖਦੀ—

"ਰੱਬ ਸਭਨਾਂ ਦੀ ਆਂਦਰੀਂ ਠੰਢ ਪਾਏ, ਪਰ ਹੁਣ ਤਾਂ ਕੋਈ ਕਰਮਾਂ ਨਾਲ ਹੀ ਉਧਰੋਂ ਆਏਗਾ। ਜਿਹੜੇ ਆ ਗਏ ਸੋ ਆ ਗਏ ਜਿਹੜੇ ਰਹਿ ਗਏ ਸੋ ਰਹਿ ਗਏ।"

ਸੁਣ ਕੇ ਉਹਨੂੰ ਡੋਬੂ ਪੈਂਦੇ ਤੇ ਪਛਤਾਵੇ ਵਿਚ ਹੱਥ ਮਲਦੀ ਉਹ ਸੋਚਦੀ :

'ਹਾਏ ਮੈਂ ਕਾਹਨੂੰ ਆਪਣੇ ਸਿਰ ਦੇ ਸਾਈਂ ਅਤੇ ਜਵਾਨ ਪੁੱਤਰਾਂ ਨੂੰ ਛੱਡ ਕੇ, ਇਨ੍ਹਾਂ ਨਿੱਕੇ ਨਿੱਕੇ ਜੀਆਂ ਨੂੰ ਲੈ ਕੇ ਪਰਦੇਸ ਵਿਚ ਆਣ ਬੈਠੀ। ਮੈਨੂੰ ਆਪਣੀ ਜਿੰਦ ਕੋਈ ਬਹੁਤੀ ਪਿਆਰੀ ਸੀ। ਉਹ ਜਾਣੇ ਪਾਕਿਸਤਾਨ ਵਿਚ ਸਾਡੇ ਨਾਲ ਜੋ ਬੀਤਦੀ। ਜੀਉਂਦੇ ਰਹਿੰਦੇ ਤਾਂ ਇਕੱਠੇ ਜੀਉਂਦੇ। ਮਰਨਾ ਪੈਂਦਾ ਤਾ ਇਕੱਠੇ ਮਰਦੇ।'

ਗੁਰਦੁਆਰਾ ਬੰਗਲਾ ਸਾਹਿਬ ਤੋਂ ਪਰਤਦਿਆਂ ਸਾਰਾ ਰਾਹ ਅਬਨਾਸ਼ ਇਨ੍ਹਾਂ ਵਹਿਣਾਂ ਵਿਚ ਗੁਆਚੀ ਰਹੀ। ਜਦੋਂ ਉਹ ਬੇਅਰਡ ਰੋਡ ਅਤੇ ਮਾਰਕਿਟ ਰੋਡ ਦਾ ਚੌਕ ਲੰਘੀ ਤਾਂ ਅਚਨਚੇਤ ਉਹਦਾ ਤ੍ਰਾਹ ਨਿਕਲ ਗਿਆ। ਲੇਡੀ ਹਾਰਡਿੰਗ ਹਸਪਤਾਲ ਦੇ ਗੇਟ ਦੇ ਸਾਹਮਣੇ ਇਕ ਭਿਆਨਕ ਦ੍ਰਿਸ਼ ਉਹਦੀ ਨਜ਼ਰੀਂ ਪਿਆ ਜਿਸ ਨੇ ਉਹਦਾ ਕਣ ਕਣ ਕੰਬਾ ਦਿੱਤਾ। ਇਹ ਇਕ ਪਠਾਣ ਦੀ ਲੋਥ ਸੀ। ਉਹਦੇ ਛੱਤੇ ਖਿਲਰੇ ਹੋਏ

ਤੇ ਆਨੇ ਟੱਡੇ ਹੋਏ ਸਨ ਤੇ ਉਹਦੇ ਸਿਰ ਦੇ ਹੇਠਾਂ ਇਕ ਲਹੂ ਦੀ ਕਾਲੀ ਛਪੜੀ ਸੀ। ਗੁਰਦੁਆਰੇ ਜਾਂਦਿਆਂ, ਇਹ ਲੋਥ ਉਹਨੂੰ ਨਹੀਂ ਸੀ ਦਿਸੀ ਕਿਉਂ ਜੋ ਉਸ ਵੇਲੇ ਹਨੇਰਾ ਸੀ। ਲੋਅ ਲਗਦਿਆਂ ਸਭ ਤੋਂ ਪਹਿਲੀ ਚੀਜ਼ ਜੋ ਨਿਤਰ ਕੇ ਉਹਦੇ ਸਾਹਮਣੇ ਆਈ, ਉਹ ਇਹ ਲੋਥ ਸੀ। ਜਦੋਂ ਪੰਚਕੂਈਆਂ ਰੋਡ ਤੋਂ ਉਹ ਪਹਾੜਗੰਜ ਵਲ ਮੁੜੀ ਤਾਂ ਤਿੰਨ ਹੋਰ ਮੁਸਲਮਾਨਾਂ ਦੀਆਂ ਲੋਥਾਂ ਉਹਨੂੰ ਸੜਕ ਦੇ ਵਿਚਕਾਰ ਪਈਆਂ ਦਿਸੀਆਂ। ਉਹਦੀ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਸੀ ਕਿ ਉਹਨੇ ਕਿਸੇ ਕਤਲ ਹੋਏ ਇਨਸਾਨ ਦੀ ਲਾਸ਼ ਵੇਖੀ ਸੀ ਤੇ ਜਦੋਂ ਉਹ ਘਰ ਅੱਪੜੀ ਤਾਂ ਪੱਤੇ ਵਾਂਗ ਕੰਬ ਰਹੀ ਸੀ।

ਅਜੇ ਧੁੱਪਾਂ ਨੇ ਬਨੇਰੇ ਨਹੀਂ ਸਨ ਛੋਹੇ ਕਿ ਫ਼ਸਾਦ ਦੀਆਂ ਖ਼ਬਰਾਂ ਧੁੰਮਣੀਆਂ ਸ਼ੁਰੂ ਹੋ ਗਈਆਂ। ਸਾਹਮਣੇ ਘਰ ਦੀ ਬਾਲਕੋਨੀ ਵਿਚ ਖੜੋਤੀ ਲੰਗੜੇ ਵਕੀਲ ਦੀ ਪਤਨੀ ਉਹਦੀ ਨਨਾਣ ਨੂੰ ਦੱਸ ਰਹੀ ਸੀ ਕਿ ਪਹਾੜਗੰਜ ਬਾਜ਼ਾਰ ਵਿਚ ਮੁਸਲਮਾਨਾਂ ਦੀਆਂ ਦੁਕਾਨਾਂ ਲੁੱਟੀਆਂ ਜਾ ਰਹੀਆਂ ਸਨ, ਕਿ ਮੁਲਤਾਨੀ ਢਾਡੇ ਦੀ ਮੁਸਲਮਾਨ ਆਬਾਦੀ ਦਾ ਸਫ਼ਾਇਆ ਕਰਨ ਮਗਰੋਂ ਹੁਣ ਚੂਨਾ ਮੰਡੀ ਦੇ ਇੱਕੜ-ਦੁੱਕੜ ਮੁਸਲਮਾਨ ਘਰਾਂ ਨੂੰ ਲੁੱਟਿਆ ਤੇ ਸਾੜਿਆ ਜਾ ਰਿਹਾ ਸੀ। ਜਿਹੜਾ ਕੋਈ ਅੱਗ ਤੋਂ ਬਾਹਰ ਨੱਠਦਾ ਉਹਨੂੰ ਝੱਟ ਛੁਰਾ ਮਾਰ ਕੇ ਪਾਕਿਸਤਾਨ ਪੁਚਾਇਆ ਜਾ ਰਿਹਾ ਸੀ।

ਸੁਣ ਸੁਣ ਕੇ ਅਬਨਾਸ਼ ਦੇ ਦਿਲ ਦੀ ਧੜਕਣ ਬੇਸੁਰੀ ਹੁੰਦੀ ਜਾ ਰਹੀ ਸੀ।

ਫੇਰ ਹੇਠਾਂ ਗਲੀ ਵਿਚੋਂ ਢੋਲ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ।

''ਹੁਣ ਕੀ ਹੋਇਆ ਏ ?'' ਅਬਨਾਸ਼ ਸਿਸਕੀ ''ਇਹ ਢੋਲ ਕਿਉਂ ਪਿਆ ਵੱਜਦਾ ਏ ?''

''ਜਲੂਸ ਪਏ ਕੱਢਦੇ ਨੇ।'' ਹੇਠਲੀ ਮੰਜ਼ਲ ਵਿਚ ਰਹਿੰਦੇ ਓਵਰਸੀਅਰ ਦੀ ਘਰਵਾਲੀ ਬੋਲੀ। ਉਹ ਗਲੀ ਵਿਚ ਝਾਤੀ ਮਾਰਨ ਲਈ ਉਪਰ ਪੌੜੀਆਂ ਚੜ੍ਹ ਆਈ ਸੀ।

''ਜਲੂਸ ?'' ਅਬਨਾਸ਼ ਨੇ ਪੁੱਛਿਆ, ''ਜਲੂਸ ਕਾਹਦਾ ?''

''ਦੋ ਮੁਸਲੀਆਂ ਦਾ।'' ਓਵਰਸੀਅਰ ਦੀ ਘਰਵਾਲੀ ਨੇ ਖਿੜ ਕੇ ਆਖਿਆ।

'ਮੁਸਲੀਆਂ' ਸ਼ਬਦ ਅਬਨਾਸ਼ ਨੂੰ ਬੜਾ ਰੜਕਿਆ। ਇਹ ਸ਼ਬਦ ਵੈਰ ਦਾ ਸੂਚਕ ਸੀ, ਘਿਰਣਾ ਦਾ ਲਖਾਇਕ ਸੀ। 'ਮੁਸਮਾਨੀਆਂ' ਆਖਣ ਨਾਲ ਜੀਭ ਵਿਚ ਕੋਈ ਕੜਵੱਲ ਨਹੀਂ ਸੀ ਪੈਂਦਾ। ਅਜਿਹੇ ਸ਼ਬਦ ਵਰਤਣ ਵਾਲੇ ਲੋਕਾਂ ਤੋਂ ਉਹਨੂੰ ਬੜੀ ਗਿਲਾਨੀ ਆਉਂਦੀ ਸੀ। ਨਾ ਹੀ ਉਹਨੂੰ ਚੰਗਾ ਲਗਦਾ ਸੀ ਜਦੋਂ ਕੋਈ ਮੁਸਲਮਾਨ ਸਿੱਖਾਂ ਨੂੰ 'ਸਿਖੜੇ' ਤੇ ਹਿੰਦੂਆਂ ਨੂੰ 'ਕਿਰਾੜ' ਕਹਿੰਦਾ ਸੀ। ਇਹ ਸਾਰੇ ਸ਼ਬਦ ਤੁਅਸਬ ਦੇ ਜ਼ਹਿਰ ਵਿਚ ਗਲੇਫ਼ੇ ਸਨ ਤੇ ਇਹ ਜ਼ਹਿਰ ਹੁਣ ਰੂਹ ਵਿਚ ਬੜਾ ਡੂੰਘਾ ਉਤਰ ਗਿਆ ਸੀ।

''ਦੋ ਮੁਸਲਮਾਨ ਔਰਤਾਂ ਦਾ ਜਲੂਸ ?'' ਉਹਨੇ ਹੈਰਾਨ ਹੋ ਕੇ ਪੁੱਛਿਆ।

''ਹਾਂ।'' ਓਵਰਸੀਰਨੀ ਨੇ ਆਪਣੀ ਖ਼ੁਸ਼ੀ ਲੁਕਾਣ ਦਾ ਕੋਈ ਜਤਨ ਨਾ ਕੀਤਾ, ''ਰੁੜ੍ਹ ਜਾਣੀਆਂ ਨੂੰ ਅਲਫ਼ ਨੰਗਾ ਕਰ ਕੇ।''

ਸੁਣ ਕੇ ਅਬਨਾਸ਼ ਨੂੰ ਇਕ ਘੇਰਨੀ ਆਈ ਤੇ ਉਹ ਬੇਸੁਰਤ ਹੋ ਕੇ ਢੇਰੀ ਹੋ ਗਈ।

ਉਹਦੀ ਨਨਾਣ ਨੇ ਉਹਦੇ ਮੂੰਹ 'ਤੇ ਛੱਟੇ ਮਾਰੇ, ਦੱਬਿਆ ਘੁੱਟਿਆ ਤੇ ਕਈ ਜਤਨਾਂ ਨਾਲ ਉਹਦੀ ਦੰਦਲ ਖੋਲ੍ਹੀ।

ਜਦੋਂ ਉਹਦੀਆਂ ਅੱਖਾਂ ਫਰਕੀਆਂ ਤਾਂ ਉਹ ਬੋਲੀ, ''ਹਾਏ ਉਨ੍ਹਾਂ ਕੁੜੀਆਂ ਨੂੰ ਕੋਈ ਚੁੰਨੀ ਚਾਦਰ ਸੁੱਟੋ ਤੇ ਉਨ੍ਹਾਂ ਨੂੰ ਆਖੋ ਢੋਲ ਨਾ ਵਜਾਣ। ਇਹਦੀ ਧਮਕ ਮੇਰੀਆਂ ਆਂਦਰਾਂ ਵਿਚ ਪੈਂਦੀ ਏ।''

ਪਤਾ ਨਹੀਂ ਕਿਵੇਂ ਅਬਨਾਸ਼ ਨੇ ਸਮਝਿਆ ਹੋਇਆ ਸੀ ਕਿ ਅਜਿਹੇ ਜ਼ੁਲਮ ਕੇਵਲ ਮੁਸਲਮਾਨ ਹੀ ਕਰ ਸਕਦੇ ਹਨ। ਇਹ ਜਾਣ ਕੇ ਕਿ ਜ਼ੁਲਮ ਕਰਨ ਵਿਚ ਹਿੰਦੂ ਸਿੱਖ ਕਿਸੇ ਮਾਈ ਦੇ ਲਾਲ ਤੋਂ ਪਿੱਛੇ ਨਹੀਂ ਸਨ, ਉਹ ਅੰਦਰੋਂ ਲੀਰੋ ਲੀਰ ਹੋ ਗਈ।

ਕਿਸੇ ਨੇ ਉਹਦੀ ਆਖੀ ਗੱਲ ਨਾ ਗੌਲੀ। ਇਹ ਸਾਰੇ ਲੋਕ, ਉਹਨੂੰ ਜਾਪਿਆ, ਬਲਦੇ ਭਾਂਬੜ ਨੂੰ ਹਵਾ ਦੇਣ ਵਾਲੇ ਸਨ। ਬੁਝਾ ਕੇ ਉਹ ਆਪਣਾ ਸੁਆਦ ਖਰਾਬ ਨਹੀਂ ਸਨ ਕਰਨਾ ਚਾਹੁੰਦੇ। ਜਿਨ੍ਹਾਂ ਨੂੰ ਦਿੱਲੀ ਵਿਚ ਬੈਠਿਆਂ ਬਿਠਾਇਆਂ ਸਵਰਾਜ ਮਿਲ ਗਿਆ ਸੀ ਤੇ ਜਿਨ੍ਹਾਂ ਪੰਦਰਾਂ ਅਗਸਤ ਨੂੰ ਆਪਣੇ ਘਰਾਂ 'ਤੇ ਤਿਰੰਗੇ ਲਹਿਰਾਏ ਸਨ ਉਨ੍ਹਾਂ ਲਈ ਦਿੱਲੀ ਦੇ ਇਹ ਫਸਾਦ ਇਕ ਤਮਾਸ਼ਾ ਬਣੇ ਹੋਏ ਸਨ ਤੇ ਉਹ ਦਿਲੋਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਤਫ਼ਰੀਹ ਲਈ ਇਹ ਤਮਾਸ਼ਾ ਚਲਦਾ ਰਹੇ। ਕੇਵਲ ਉਹ ਜੋ ਆਪ ਬਲਦੇ ਭਾਂਬੜ ਵਿਚੋਂ ਨਿਕਲ ਕੇ ਆਏ ਸਨ, ਜਾਣਦੇ ਸਨ ਕਿ ਅੱਗ ਕੀ ਹੁੰਦੀ ਹੈ ਅਤੇ ਸੇਕ ਕੀ ਹੁੰਦਾ ਹੈ।

ਓਵਰਸੀਰਨੀ ਨੂੰ ਇਕ ਬੇਸ਼ਰਮ ਹਾਸਾ ਹੱਸਦੀ ਵੇਖ ਅਬਨਾਸ਼ ਦੇ ਅੰਦਰ ਮੁਆਤਾ ਬਲ ਉਠਿਆ।

''ਏਨਾ ਜ਼ੁਲਮ ਹੋ ਰਿਹਾ ਏ'', ਉਹ ਚੀਖੀ, ''ਤੁਸੀਂ ਸਾਰੇ ਲੋਕ ਕਿਵੇਂ ਨਿਠ ਕੇ ਬੈਠੇ ਹੋ।''

''ਫੇਰ ਅਸੀਂ ਕੀ ਕਰੀਏ?'' ਓਵਰਸੀਰਨੀ ਬੋਲੀ, ''ਇਨ੍ਹਾਂ ਦੀ ਇਹੋ ਬਾਬ ਹੋਣੀ ਚਾਹੀਦੀ ਏ। ਹੋਰ ਬਨਾਣ ਪਾਕਿਸਤਾਨ।''

ਇਕ ਹੋਰ ਗੁਆਂਢਣ ਬੋਲੀ, ''ਬੁਲਾਣ ਹੁਣ ਜਿਨਾਹ ਨੂੰ, ਆ ਕੇ ਛੁਡਾਵੇ।''

ਸੁਣ ਕੇ ਅਬਨਾਸ਼ ਦੇ ਅੰਦਰ ਦਾ ਮੁਆਤਾ ਉਹਦੀਆਂ ਅੱਖਾਂ ਦੇ ਅੰਗਾਰ ਬਣ ਗਿਆ। ਉਹ ਲਰਜ਼ਾ ਖਾ ਕੇ ਉਠੀ। ਉਹਨੇ ਇਕ ਛਿੰਨ ਹੋਰ ਨਾ ਲਾਈ ਤੇ ਪਲੰਘ ਤੋਂ ਖੇਸ ਚਾਦਰ ਖਿੱਚ ਕੇ ਕਾਹਲੀ ਕਾਹਲੀ ਪੌੜੀਆਂ ਉਤਰ ਗਈ। ਉਹਦੀ ਨਨਾਣ ਵਾਜ਼ਾਂ ਮਾਰਦੀ ਉਹਦੇ ਮਗਰ ਨੱਠੀ ਪਰ ਗਲੀ ਦਾ ਮੋੜ ਮੁੜ ਕੇ ਜਿਥੋਂ ਬਾਜ਼ਾਰ ਸ਼ੁਰੂ ਹੋ ਜਾਂਦਾ ਸੀ, ਉਹ ਵਾਪਸ ਪਰਤ ਆਈ।

ਢੋਲ ਦੀ ਆਵਾਜ਼ ਦੀ ਸਿਮਤ ਟੋਂਹਦੀ ਉਹ ਵਾਹੋ-ਦਾਹੀ ਨੱਠਦੀ ਗਈ। ਕਦੋਂ ਉਹਦਾ ਦੁਪੱਟਾ ਉਹਦੇ ਸਿਰੋਂ ਲੱਥ ਕੇ ਸੜਕ 'ਤੇ ਜਾ ਪਿਆ, ਉਹ ਨਹੀਂ ਸੀ ਜਾਣਦੀ। ਅਖੀਰ ਤਿਲਕ ਸਟਰੀਟ ਅਤੇ ਚੂਨਾ ਮੰਡੀ ਦਾ ਬਾਜ਼ਾਰ ਲੰਘ ਕੇ ਪੰਜਾਬੀ

ਗਲੀ ਵਿਚ ਜਦੋਂ ਉਹ ਜਲੂਸ ਦੇ ਨੇੜੇ ਜਾ ਢੁਕੀ ਤਾਂ ਉਹਨੂੰ ਹੌਂਕਣੀ ਚੜ੍ਹੀ ਹੋਈ ਸੀ ਤੇ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ।

ਬਿੰਦ ਦਾ ਬਿੰਦ ਉਹ ਰਤਾ ਕੁ ਪਰੇਡੇ ਖੜ੍ਹ ਕੇ ਬਾਘੀਆਂ ਪਾਂਦੀ ਭੀੜ ਵਲ ਵੇਖਦੀ ਰਹੀ। ਜਦੋਂ ਮਨੁੱਖ ਕੰਧਰਾਂ ਵਿਚ ਰਹਿੰਦਾ ਸੀ ਅਤੇ ਹੱਡੀਆਂ ਦੇ ਹਥਿਆਰ ਵਰਤਦਾ ਸੀ, ਉਹਦੇ ਨਾਲੋਂ ਵੱਧ ਵਹਿਸ਼ੀਪੁਣਾ ਇਨ੍ਹਾਂ ਲੋਕਾਂ ਵਿਚ ਸੀ। ਜਦੋਂ ਉਹ ਅਭਾਗੀਆਂ ਕੁੜੀਆਂ ਆਪਣੇ ਹੱਥਾਂ ਨਾਲ ਆਪਣਾ ਨੰਗੇਜ਼ ਕੱਜਣ ਦਾ ਯਤਨ ਕਰਦੀਆਂ ਤਾਂ ਡਾਂਗ ਦੀਆਂ ਹੁੱਝਾਂ ਉਨ੍ਹਾਂ ਦੀਆਂ ਵੱਖੀਆਂ ਵਿਚ ਮਾਰੀਆਂ ਜਾਂਦੀਆਂ।

ਨੱਠਦੀ ਹੋਈ ਅਬਨਾਸ਼ ਭੀੜ ਵਿਚ ਆਣ ਰਲੀ ਤੇ ਉਹਨੇ ਹੁੱਝਾਂ ਮਾਰ ਰਹੇ ਬੰਦੇ ਹੱਥੋਂ ਡਾਂਗ ਖੋਹ ਲਈ।

ਢੋਲ ਵਾਲੇ ਦੀਆਂ ਟਮਕਾਂ ਅਚਨਚੇਤ ਰੁਕ ਗਈਆਂ।

ਅਬਨਾਸ਼ ਨੂੰ ਵੇਖਦਿਆਂ ਸਾਰ ਭੀੜ ਦੇ ਮੂੰਹ 'ਤੇ ਹੈਰਾਨੀ ਦਾ ਸੰਘਣਾ ਲੇਪ ਪੋਚਿਆ ਗਿਆ। ਉਹਨੂੰ ਆਪ ਵੀ ਘੱਟ ਹੈਰਾਨੀ ਨਾ ਹੋਈ, ਇਹ ਵੇਖ ਕੇ ਕਿ ਚਾਂਘਰਾਂ ਮਾਰਦੇ ਵਹਿਸ਼ੀਆਂ ਦੀ ਭੀੜ ਵਿਚ ਉਹ ਜ਼ਨਾਨੀ ਮੁਹਾਣੀ ਇਕੱਲੀ ਖਲੋਤੀ ਸੀ।

ਜਦੋਂ ਡਾਂਗ ਵਾਲੇ ਭਾਈ ਨੂੰ ਸ਼ਬਦ ਅਹੁੜੇ ਤਾਂ ਉਹ ਬੋਲਿਆ।

"ਭੈਣ ਜੀ ਤੁਸੀਂ ਏਥੇ ਕੀ...?"

"ਖ਼ਬਰਦਾਰ!" ਅਬਨਾਸ਼ ਨੇ ਟੋਕਿਆ, "ਜੇ ਮੈਨੂੰ ਭੈਣ ਆਖਿਆ। ਤੁਹਾਡੇ ਵਰਗੇ ਭਰਾਵਾਂ ਬਾਝੋਂ ਐਵੇਂ ਹੀ ਚੰਗੀ ਹਾਂ।"

"ਬੀਬੀ ਤੂੰ ਘਰ ਨੂੰ ਮੁੜ ਜਾਹ।" ਇਕ ਅਧਖੜ ਸੂਝਵਾਨ ਤਮਾਸ਼ਬੀਨ ਨੇ ਆਖਿਆ "ਜ਼ਨਾਨੀਆਂ ਦਾ ਇਥੇ ਕੋਈ ਕੰਮ ਨਹੀਂ।"

"ਔਹ ਜ਼ਨਾਨੀਆਂ ਨਹੀਂ ਤੁਹਾਨੂੰ ਦਿਸਦੀਆਂ?" ਅਬਨਾਸ਼ ਨੇ ਪੁੱਛਿਆ।

"ਉਨ੍ਹਾਂ ਦੀ ਹੋਰ ਗੱਲ ਏ।" ਸੂਝਵਾਨ ਨੇ ਦਲੀਲ ਦਿੱਤੀ, "ਉਹ ਮੁਸਲੀਆਂ ਨੇ। ਉਨ੍ਹਾਂ ਤੋਂ ਅਸੀਂ ਬਦਲਾ ਲੈ ਰਹੇ ਹਾਂ।"

"ਕਾਹਦਾ ਬਦਲਾ?"

"ਪਾਕਿਸਤਾਨ ਵਿਚ ਜਿਹੜੇ ਸਾਡੀਆਂ ਧੀਆਂ ਭੈਣਾਂ ਦੇ ਨੰਗੇ ਜਲੂਸ ਕੱਢੇ ਗਏ ਹਨ।"

"ਤਾਂ ਕੀ," ਅਬਨਾਸ਼ ਨੇ ਪੁੱਛਿਆ, "ਇਹ ਦੋਵੇਂ ਕੁੜੀਆਂ ਪਾਕਿਸਤਾਨੀਆਂ ਨੂੰ ਆਖਣ ਗਈਆਂ ਸਨ ਕਿ ਉਹ ਤੁਹਾਡੀਆਂ ਧੀਆਂ ਭੈਣਾਂ ਨਾਲ ਏਦਾਂ ਕਰਨ?"

ਸੂਝਵਾਨ ਚੁੱਪ ਕਰ ਗਿਆ। ਲਗਦਾ ਸੀ ਅਬਨਾਸ਼ ਦੀ ਆਖੀ ਗੱਲ ਰਤਾ ਕੁ ਉਹਦੇ ਪੈਰ ਥਿੜਕਾ ਗਈ ਸੀ।

ਸੁਆਰ ਕੇ ਬੱਧੀ ਦਾੜ੍ਹੀ ਦਸਤਾਰ ਵਾਲਾ ਇਕ ਗੱਭਰੂ ਬੋਲਿਆ, "ਬੀਬੀ ਜੀ ਤੁਸੀਂ ਤਾਂ ਸਿੱਖ ਹੋ। ਕੜਾ ਪਾਇਆ ਹੋਇਆ ਏ ਤੁਸੀਂ। ਤੁਹਾਨੂੰ ਮੁਸੱਲਿਆਂ ਦਾ ਕਾਹਦਾ ਹੇਜ ਏ?"

''ਸ਼ਾਵਾਸ਼ੇ ਤੁਹਾਡੇ।'' ਅਬਨਾਸ਼ ਦੀ ਆਵਾਜ਼ ਇਕ ਠੰਢੇ ਹਉਕੇ ਵਿਚ ਗੁੰਨ੍ਹੀ ਪਈ ਸੀ। ''ਚੰਗਾ ਨਾ ਰੌਸ਼ਨ ਕਰਨ ਲੱਗੇ ਓ ਸਿੱਖੀ ਅਤੇ ਹਿੰਦੂ ਧਰਮ ਦਾ। ਚੰਗੀ ਖੇਹ ਉਡਾਣ ਲੱਗੇ ਓ ਇਨਸਾਨੀਅਤ ਦੀ।''

''ਇਨਸਾਨੀਅਤ।'' ਉਹ ਗੱਭਰੂ ਭਖ ਕੇ ਬੋਲਿਆ, ''ਕਾਹਦੀ ਇਨਸਾਨੀਅਤ। ਕਿਥੋਂ ਦੀ ਇਨਸਾਨੀਅਤ। ਮੈਂ ਪੁਛਨਾਂ ਸਾਡੀਆਂ ਭੈਣਾਂ ਦੀ ਪੱਤ ਲਾਹਣ ਲੱਗਿਆਂ ਉਹਨਾਂ ਕਿਹੜੀ ਇਨਸਾਨੀਅਤ ਵਿਖਾਈ ਸੀ। ਨੰਗੇ ਜਲੂਸ ਕੱਢਣੇ ਉਹਨਾਂ ਸ਼ੁਰੂ ਕੀਤੇ ਨੇ। ਉਹਨਾਂ ਨੂੰ ਕਿਸੇ ਕੁਝ ਨਹੀਂ ਆਖਿਆ। ਅਸੀਂ ਤਾਂ ਸਿਰਫ ਭਾਜੀ ਮੋੜ ਰਹੇ ਹਾਂ।''

ਭੀੜ ਵਿਚੋਂ ਕੁਝ ਵਿਰਲੇ ਜਿਨ੍ਹਾਂ ਦਾ ਅੰਦਰਲਾ ਮਨੁੱਖ ਅਜੇ ਉੱਕਾ ਨਹੀਂ ਸੀ ਮੋਇਆ, ਨਜ਼ਰਾਂ ਚੁਰਾਣ ਲੱਗ ਪਏ ਸਨ। ਪਰ ਬਹੁਤੇ ਉਹਨੂੰ ਵੱਢਖਾਣੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਕਿਥੋਂ ਆ ਗਈ ਸੀ ਇਹ ਕੁਲਹਿਣੀ ਤੀਵੀਂ। ਲੈ ਕੇ ਸਾਰਾ ਸੁਆਦ ਖਰਾਬ ਕਰ ਦਿੱਤਾ ਸੂ।

''ਠੀਕ ਹੈ।'' ਅਬਨਾਸ਼ ਨੇ ਕਿਹਾ, ''ਮੋੜੋ ਭਾਜੀ, ਲਵੋ ਬਦਲਾ। ਪਰ ਬਦਲਾ ਲੈਣ ਲਈ ਸਿਰਫ ਉਹੀ ਏਥੇ ਰੁਕੇ, ਜਿਸ ਦੀ ਆਪਣੀ ਧੀ ਭੈਣ ਦੀ ਬੇਪਤੀ ਪਾਕਿਸਤਾਨ ਵਿਚ ਹੋਈ ਏ। ਬਾਕੀਆਂ ਅੱਗੇ ਮੇਰੀ ਹੱਥ ਬੰਨ੍ਹ ਕੇ ਅਰਜ਼ ਏ ਕਿ ਆਪਣੇ ਘਰੋ ਘਰੀਂ ਜਾਉ।''

ਉਹਦੀ ਪੱਛੀ ਹੋਈ ਆਤਮਾ ਜਾਣਦੀ ਸੀ ਕਿ ਜਿਸ ਦੀ ਆਪਣੀ ਧੀ ਭੈਣ 'ਤੇ ਜ਼ੁਲਮ ਹੋਇਆ ਹੋਵੇ ਉਹ ਕਿਸੇ ਦੀ ਧੀ ਭੈਣ ਨਾਲ ਜ਼ੁਲਮ ਨਹੀਂ ਕਰ ਸਕਦਾ।

ਸਭ ਤੋਂ ਪਹਿਲੇ ਭੀੜ ਵਿਚੋਂ ਢੋਲ ਵਾਲਾ ਖਿਸਕਿਆ। ਫੇਰ ਕੁਝ ਉਹ ਜਿਨ੍ਹਾਂ ਅੰਦਰ ਇਨਸਾਨੀਅਤ ਅਜੇ ਸਿਸਕਦੀ ਤੇ ਸਾਹ ਲੈਂਦੀ ਸੀ। ਤੇ ਫੇਰ ਪਤਲੀ ਪੈਂਦੀ ਭੀੜ ਉੱਕਾ ਖਿੰਡ ਗਈ।

ਪੰਘਰੀਆਂ ਪੰਘਰੀਆਂ ਨਜ਼ਰਾਂ ਨਾਲ ਅਬਨਾਸ਼ ਨੇ ਉਹਨਾ ਅਭਾਗੀਆਂ ਕੁੜੀਆਂ ਵਲ ਵੇਖਿਆ। ਸਹਿਮ ਨਾਲ ਸੁੰਨ ਹੋਈਆਂ ਉਹ ਕਾਬੇ ਮੂੰਹ ਆਈਆਂ ਹੋਈਆਂ ਸਨ ਤੇ ਉਹਨਾਂ ਦੀ ਤੱਕਣੀ ਸ਼ੁਦੈਣਾ ਵਰਗੀ ਸੀ।

ਅਬਨਾਸ਼ ਨੇ ਚਾਦਰ ਤੇ ਖੇਸ ਉਹਨਾਂ ਵਲ ਵਧਾਇਆ, ਪਰ ਉਹਨਾਂ ਫੜਿਆ ਕੋਈ ਨਾ ਤੇ ਗੁੰਮ-ਸੁੰਮ ਖੜੋਤੀਆਂ ਰਹੀਆਂ। ਹੋਸ਼ ਹਵਾਸ ਉਹਨਾਂ ਦਾ ਸਾਥ ਛੱਡ ਗਏ ਜਾਪਦੇ ਸਨ।

ਅਬਨਾਸ਼ ਨੇ ਆਪ ਅੱਗੇ ਹੋ ਕੇ ਇਕ ਨੂੰ ਖੇਸ ਅਤੇ ਦੂਜੀ ਨੂੰ ਚਾਦਰ ਵਿਚ ਵਲ੍ਹੇਟਿਆ ਤੇ ਇਕ ਇਕ ਬਾਂਹ ਦੇ ਕਲਾਵੇ ਵਿਚ ਲੈਂਦੀ, ਨਿੱਕੇ ਨਿੱਕੇ ਕਦਮ ਤੁਰਾਂਦੀ ਉਹਨਾਂ ਨੂੰ ਆਪਣੀ ਨਨਾਣ ਦੇ ਘਰ ਲੈ ਆਈ।

ਸਭ ਤੋਂ ਪਹਿਲਾਂ ਉਹਨੇ ਆਪਣੇ ਟਰੰਕ ਵਿਚੋਂ ਕੱਪੜਿਆਂ ਦੇ ਦੋ ਜੋੜੇ ਕੱਢ ਕੇ ਉਹਨਾਂ ਨੂੰ ਪਹਿਨਾਏ। ਫੇਰ ਉਹਨੇ ਆਪਣੇ ਸੋਲ੍ਹਾਂ ਵਰ੍ਹਿਆਂ ਦੇ ਪੁੱਤਰ ਗੁਰਦੀਪ ਨੂੰ ਨਾਲ ਲਿਆ ਤੇ ਉਹਨਾਂ ਨੂੰ ਮੁਸਲਮਾਨ ਸ਼ਰਨਾਰਥੀਆਂ ਦੇ ਤੀਸ ਹਜ਼ਾਰੀ ਕੈਂਪ ਵਿਚ ਉਹਨਾਂ ਦੇ ਰਿਸ਼ਤੇਦਾਰਾਂ ਪਾਸ ਛੱਡ ਆਈ।

ਜਦੋਂ ਉਹ ਘਰ ਪਰਤੀ ਤਾਂ ਦੁਪਹਿਰ ਦੀ ਡਾਕ ਵਿਚ ਆਈ ਇਕ ਚਿੱਠੀ ਉਹਨੂੰ ਉਡੀਕ ਰਹੀ ਸੀ । ਉਹਦੀ ਧੀ ਜਸਬੀਰ ਦੀ ਚਿੱਠੀ, ਜਿਸ ਦੇ ਵਿਚ ਉਹਨੇ ਲਿਖਿਆ ਸੀ ਕਿ ਕਲਗੀ ਵਾਲੇ ਪਿਤਾ ਦੀ ਮਿਹਰ ਨਾਲ ਉਹ ਤੇ ਉਹਦਾ ਪਤੀ ਐਬਟਾਬਾਦੋਂ ਨਿਕਲ ਕੇ ਸੁਖੀ ਸਾਂਦੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਗਏ ਸਨ ।

ਜੁਗਨੂੰ

ਜਦੋਂ ਮੁਸੀਬਤ ਤੋਂ ਛੁਟਕਾਰਾ ਪਾ ਕੇ ਮੀਨਾਕਸ਼ੀ ਆਪਣੀ ਦੋਸਤ ਲੇਡੀ ਡਾਕਟਰ ਦੇ ਕਲੀਨਿਕ ਤੋਂ ਬਾਹਰ ਨਿਕਲੀ ਤਾਂ ਉਹਦਾ ਸਰੀਰ ਨੁਚੜਿਆ ਨੁਚੜਿਆ ਸੀ ਪਰ ਉਹਦੇ ਮਨ ਵਿਚ ਅੰਤਾਂ ਦਾ ਸੁਖ ਸੀ । ਚਿੰਤਾ ਸੰਤਾਪ ਦਾ ਹਫਤਾ ਪੁਰਾਣਾ ਤਾਪ ਜਿਵੇਂ ਅਚਨਚੇਤ ਟੁੱਟ ਗਿਆ ਸੀ ਅਤੇ ਫੁੱਲਾਂ ਵਰਗੀ ਹਲਕੀ ਹੋ ਗਈ ਉਹਦੀ ਆਤਮਾ ਵਿਚ ਮੁੜ ਭਿੰਨੀਆਂ ਸੁਗੰਧੀਆਂ ਜਾਗ ਉਠੀਆਂ ਸਨ ।

ਅਜ ਤੋਂ ਦੋ ਮਹੀਨੇ ਪਹਿਲਾਂ ਉਹ ਜੀਉਣ ਦੇ ਇਸ਼ਕ ਨਾਲ ਮੂੰਹੋਂ ਮੂੰਹ ਭਰੀ ਸੀ ਕਿ ਅਚਨਚੇਤ ਇਕ ਕਾਲੀ ਪਰਛਾਈਂ ਉਹਦਾ ਆਕਾਰ ਮੱਲ ਬੈਠੀ, ਜਦੋਂ ਉਹਨੂੰ ਗਰਭ ਠਹਿਰ ਗਿਆ । ਉਹਨੂੰ ਯਕੀਨ ਨਹੀਂ ਸੀ ਆਇਆ । ਕਿਸੇ ਅਜਿਹੀ ਦੁਰਘਟਨਾ ਵਿਰੁਧ ਉਹਨੇ ਆਪ ਵੀ ਪੂਰੀ ਚੌਕਸੀ ਵਰਤੀ ਸੀ ਅਤੇ ਆਪਣੇ ਪਤੀ ਨੂੰ ਵੀ ਅਵੇਸਲਾ ਨਹੀਂ ਸੀ ਹੋਣ ਦਿੱਤਾ । ਉਹਨਾਂ ਨੇ ਤਾਂ ਆਪਣਾ ਹਨੀਮੂਨ ਹੀ ਗਰਭ ਨਿਰੋਧਕ ਉਪਰਾਲਿਆਂ ਨਾਲ ਸ਼ੁਰੂ ਕੀਤਾ ਸੀ ! ਤਾਂ ਹੀ ਇਹ ਹਨੀਮੂਨ ਪੂਰੇ ਤਿੰਨ ਸਾਲ ਸੱਜਰਾ ਅਤੇ ਨਿੱਤ-ਨਵਾਂ ਰਿਹਾ ਸੀ । ਫੇਰ ਜਦੋਂ ਸਾਰੇ ਪਹਿਰੇ ਭੰਨ ਕੇ ਗਰਭ ਉਹਦੇ ਅੰਦਰ ਆਣ ਵੜਿਆ ਤਾਂ ਮੀਨਾਕਸ਼ੀ ਨੇ ਮਨ ਵਿਚ ਨਿਰਣਾ ਕਰ ਲਿਆ ਕਿ ਗਰਭ ਨਿਰੋਧਕ ਸਾਰੇ ਅਖੌਤੀ ਉਪਰਾਲੇ ਬਕਵਾਸ ਸਨ ਤੇ ਕੇਵਲ ਸਰਕਾਰ ਦੇ ਪਬਲਿਸਿਟੀ ਸਟੰਟ ਸਨ । ਸਭ ਤੋਂ ਵਧੀਆ ਨਿਰੋਧ ਤਾਂ ਇਹ ਸੀ ਕਿ ਜੈਰਾਮਨ ਸਾਹਿਬ ਹੁਣ ਤੋਂ ਵੱਖਰੇ ਬੈਡਰੂਮ ਵਿਚ ਸਵਿਆ ਕਰਨ । ਜਿਨੀ ਨ੍ਹਾਤੀ ਉਨਾਂ ਹੀ ਪੁੰਨ । ਜਿੱਥੇ ਅੱਖ ਖੁੱਲ੍ਹ ਜਾਏ ਓਥੇ ਹੀ ਸਵੇਰ ਹੋ ਗਈ ਸਮਝਣੀ ਚਾਹੀਦੀ ਹੈ ।

ਮੀਨਾਕਸ਼ੀ ਨੇ ਵਿਆਹ ਲਈ ਤਾਂ ਆਪਣੇ ਆਪ ਨੂੰ ਮਨਾ ਲਿਆ ਸੀ ਕਿਉਂ ਜੋ ਉਹਦੀਆਂ ਸਾਰੀਆਂ ਸਹੇਲੀਆਂ ਇਕ ਇਕ ਕਰ ਕੇ ਵਿਆਹੀਆਂ ਗਈਆਂ ਸਨ ਤੇ ਕਿਸੇ ਗੱਲੋਂ ਉਹਨਾਂ ਤੋਂ ਪਿੱਛੇ ਰਹਿ ਜਾਣਾ ਉਹਨੂੰ ਕਦੀ ਵੀ ਗਵਾਰਾ ਨਹੀਂ ਸੀ । ਜੈਰਾਮਨ ਸਾਹਿਬ ਦੀ ਲੰਮੀ ਪ੍ਰੇਮ ਅਰਾਧਨਾ ਨੇ ਉਹਦੇ ਪੱਥਰ ਦਿਲ ਨੂੰ ਮੋਮ ਕਰ ਲਿਆ ਸੀ । ਪਰ ਵਿਆਹ ਲਈ ਹਾਂ ਕਰਨ ਤੋਂ ਪਹਿਲੇ ਉਹਨੇ ਮਨ ਵਿਚ ਧਾਰ ਲਿਆ ਸੀ ਕਿ ਹਰ ਹੀਲੇ ਬੱਚਿਆਂ ਵਰਗੀਆਂ ਮਲਾਮਤਾਂ ਕੋਲੋਂ ਉਹ ਸਾਰੀ ਉਮਰ ਬਚੀ ਰਹੇਗੀ ।

ਪਰ ਕੁਦਰਤ ਅੱਗੇ ਕਿਸੇ ਦਾ ਜ਼ੋਰ ਚੱਲਿਆ ਹੈ ਜੋ ਉਹਦਾ ਚਲਦਾ। ਬੇਬਸ ਹੋ ਕੇ ਮੀਨਾਕਸ਼ੀ ਨੇ ਸਮਝੌਤਾ ਕਰ ਲਿਆ ਸੀ। ਉਹ ਜਾਣੇ ਇਕ ਬੇਟਾ ਹੋ ਜਾਏ। ਜੈਰਾਮਨ ਸਾਹਿਬ ਖ਼ੁਸ਼ ਹੋ ਜਾਣਗੇ। ਕੁਝ ਮਹੀਨਿਆਂ ਤੋਂ ਉਹਦੇ ਪਤੀ ਦੇ ਮਨ ਵਿਚ ਆਪਣੀ ਅੰਸ਼ ਅੱਗੇ ਤੋਰਨ ਦੀ ਚਾਹ ਬਿਹਬਲ ਹੁੰਦੀ ਜਾਂਦੀ ਸੀ। ਜੈਰਾਮਨ ਸਾਹਿਬ ਦੀ ਵਕਾਲਤ ਦੀ ਕਮਾਈ ਕਾਇਮ ਰਹੇ। ਇਸ ਕਮਾਈ ਸਦਕਾ ਉਹ ਇਕ ਦੀ ਥਾਂ ਦੋ ਆਯਾ ਰੱਖ ਲਏਗੀ। ਇਕ ਦਿਨ ਦੀ, ਇਕ ਰਾਤ ਦੀ ਪਰ ਆਪਣੀ ਮੜ੍ਹਕ ਅਤੇ ਰੁਟੀਨ ਵਿਚ ਕਦੀ ਫ਼ਰਕ ਨਹੀਂ ਪੈਣ ਦਏਗੀ।

ਪਰ ਜਦੋਂ ਮੀਨਾਕਸ਼ੀ ਨੇ ਅਲਟਰਾ ਸਾਊਂਡ ਟੈਸਟ ਕਰਵਾਇਆ ਤਾਂ ਉਹਦੇ 'ਤੇ ਭਿਆਨਕ ਭੇਦ ਖੁੱਲ੍ਹਿਆ ਕਿ ਉਹਦੀ ਕੁੱਖ ਵਿਚ ਪੁੰਗਰ ਰਿਹਾ ਬੀਜ ਇਕ ਮਦੀਨ ਬੱਚੇ ਦਾ ਹੈ। ਮਦੀਨ ਬੱਚਾ ਮਤਲਬ ਕੁੜੀ ਜੋ ਸੱਤ ਕੁਲਾਂ ਵਿਚ ਇਕ ਨਹੀਂ ਮਾਣ ਹੁੰਦੀ। ਕੁੜੀ ਜੋ ਉਸ ਬਾਬਲ ਨੂੰ ਵੀ ਆਣ ਨਿਵਾਂਦੀ ਹੈ ਜਿਹੜਾ ਬਾਬਲ ਕਦੀ ਨਹੀਂ ਨਿਵਿਆਂ ਹੁੰਦਾ।

ਮੀਨਾਕਸ਼ੀ ਨੂੰ ਲੱਗਾ ਜਿਵੇਂ ਉਹਦੀ ਕੁੱਖ ਨੂੰ, ਉਹਦੀ ਜ਼ਿੰਦਗੀ ਨੂੰ ਗ੍ਰਹਿਣ ਲਗ ਗਿਆ ਹੋਵੇ।

ਜੈਰਾਮਨ ਸਾਹਿਬ ਬੱਚੇ ਨੂੰ ਜ਼ਾਇਆ ਕਰਨ ਦੇ ਹੱਕ ਵਿਚ ਨਹੀਂ ਸਨ ਪਰ ਉਹ ਕਦੀ ਆਪਣੀ ਪਤਨੀ ਨੂੰ ਧਿਕਕੇ ਆਪਣੀ ਡਗਰ 'ਤੇ ਨਹੀਂ ਸਨ ਪਾ ਸਕੇ। ਏਨੀ ਖੁੱਲ੍ਹ ਮੀਨਾਕਸ਼ੀ ਨੇ ਸ਼ੁਰੂ ਤੋਂ ਹੀ ਆਪਣੇ ਪਤੀ ਨੂੰ ਨਹੀਂ ਸੀ ਦਿੱਤੀ। ਉਹ ਪਰੇਰ ਸਕਦਾ ਸੀ ਪਰ ਵਰਜ ਨਹੀਂ ਸੀ ਸਕਦਾ। ਉਹ ਸੁਣ ਜ਼ਰੂਰ ਲੈਂਦੀ ਸੀ ਪਰ ਕਰਦੀ ਸਦਾ ਆਪਣੀ ਸੀ। ਉਹਦੇ ਪਤੀ ਦੀ ਮਜਾਲ ਨਹੀਂ ਸੀ ਕਿ ਉਹਦੀਆਂ ਆਪ-ਹੁਦਰੀਆਂ ਸਾਹਵੇਂ ਕੁਸਕ ਜਾਏ।

ਕਲੀਨਿਕ ਵਿਚੋਂ ਨਿਕਲ ਕੇ ਆਪਣੀ ਮਾਰੂਤੀ ਵਿਚ ਬਹਿੰਦਿਆਂ ਮੀਨਾਕਸ਼ੀ ਨੇ ਨਜ਼ਰ ਘੁਮਾਈ। ਉਹਨੇ ਗੋਲਫ਼ ਲਿੰਕਸ ਦੀ ਸੁਹਣੀ ਸੁਰਮਈ ਸੜਕ ਵੱਲ ਵੇਖਿਆ। ਸੜਕ ਦੇ ਦੁਪਾਸੀਂ ਲੱਗੇ ਗੁਲਮੋਹਰ ਦੇ ਕੇਸਰੀ ਛਤਨਾਰਿਆਂ ਵੱਲ ਵੇਖਿਆ। ਉਪਰ ਅਸਮਾਨ ਦੀ ਗੂਹੜੀ ਨੀਲਾਣ ਵੱਲ ਵੇਖਿਆ। ਸਭ ਕੁਝ ਪਹਿਲੇ ਵਰਗਾ ਹੋ ਗਿਆ ਸੀ। ਧੁਖਧੁਖੀ ਦਾ ਧੂੰਆਂ ਜਿਸ ਨੇ ਪਿਛਲਾ ਹਫ਼ਤਾ ਉਹਦੀ ਨਜ਼ਰ ਨੂੰ ਧੁੰਆਂਖੀ ਰੱਖਿਆ ਸੀ ਅਤੇ ਉਹ ਗਹਿਰ ਜੋ ਉਹਦੀ ਚੇਤਨਾ 'ਤੇ ਛਾਈ ਰਹੀ ਸੀ, ਉਹਦਾ ਹੁਣ ਕਿਤੇ ਨਾਂ ਨਿਸ਼ਾਨ ਨਹੀਂ ਸੀ।

ਸੜਕ ਦੇ ਕੰਢੇ ਇਕ ਥਾਂ ਫੁੱਲਾਂ ਦੀ ਭਰਮਾਰ ਵੇਖ ਕੇ ਮੀਨਾਕਸ਼ੀ ਨੇ ਮਾਰੂਤੀ ਰੋਕ ਲਈ। ਬਾਹਰ ਨਿਕਲ ਕੇ ਕਾਰ ਦੀ ਬਾਨਟ ਦੀ ਟੇਕ ਲਾ ਕੇ ਉਹਨੇ ਚੌਗਿਰਦਾ ਨੀਝਿਆ। ਉਹਨੂੰ ਜਾਪਿਆ ਜਿਵੇਂ ਉਹਦੀ ਕੁੱਖ ਦਾ ਗ੍ਰਹਿਣ ਲੱਥਦਿਆਂ ਸਾਰ ਕੁਦਰਤ ਦੀ ਕੁੱਖ ਦਾ ਹੁਸਨ ਲੁਸ ਲੁਸ ਕਰ ਉਠਿਆ ਸੀ। ਅਮਲਤਾਸ ਦੇ ਪੀਲੇ ਜ਼ਰਦ ਖੇੜੇ ਦੀ ਭਰਪੂਰਤਾ ਡਾਲਾਂ ਤੋਂ ਡੁੱਲ੍ਹ ਡੁੱਲ੍ਹ ਪੈਂਦੀ ਸੀ। ਲਾਜਵਰਦੀ ਆਕਾਸ਼ ਜਿਵੇਂ ਨਿਉਂ ਕੇ ਗੁਲਮੋਹਰਾਂ ਅਤੇ ਅਮਲਤਾਸਾਂ ਦੇ ਝੁੰਬਲਾਂ ਨੂੰ ਚੁੰਮ ਰਿਹਾ ਸੀ।

ਕੁਦਰਤ ਦੇ ਨਾਲ ਖੁਸ਼ੀਆਂ ਦਾ ਸੋਗਵਾਰ ਮੂੰਹ ਵੀ ਝੱਮ ਝੱਮ ਕਰ ਉਠਿਆ ਸੀ। ਜ਼ਿੰਦਗੀ ਨੂੰ, ਜਵਾਨੀ ਨੂੰ ਜਿਵੇਂ ਇਕ ਨਵੀਂ ਲੀਜ਼ ਮਿਲ ਗਈ ਸੀ।

ਸਰੀਰਕ ਕਮਜ਼ੋਰੀ ਕਾਰਨ ਮੀਨਾਕਸ਼ੀ ਇਕ ਤੂੰਡੀ ਹੋਈ ਵੇਲ ਵਾਂਗ ਮਹਿਸੂਸ ਕਰ ਰਹੀ ਸੀ ਪਰ ਆਤਮਾ ਉਹਦੀ 'ਤੇ ਇਕ ਨਵੀਂ ਬਹਾਰ ਦਾ ਖੇੜਾ ਸੀ। ਗੁਲਮੋਹਰ ਦੀ ਇਕ ਡਾਲ ਨਾਲ ਝੂਲਦੀ ਇਕ ਚਿੜੀ ਉਹਦੀ ਕਾਰ ਦੀ ਬਾਨਟ 'ਤੇ ਆਣ ਬੈਠੀ। ਉਹਨੂੰ ਵੇਖ ਕੇ ਮੀਨਾਕਸ਼ੀ ਨੂੰ ਕੁਝ ਯਾਦ ਆ ਗਿਆ। ਉਹਨੇ ਕਾਹਲੀ ਕਾਹਲੀ ਕਾਰ ਸਟਾਰਟ ਕਰ ਕੇ ਸਪੀਡ ਤੇਜ਼ ਕਰ ਦਿੱਤੀ। ਉਹ ਛੇਤੀ ਤੋਂ ਛੇਤੀ ਆਪਣੇ ਜੁਗਨੂੰ ਨੂੰ ਵੇਖਣਾ ਚਾਹੁੰਦੀ ਸੀ।

ਇਹ ਨਾਂ ਉਹਨੇ ਚਿੜੀ ਦੇ ਉਸ ਬੋਟ ਦਾ ਰੱਖਿਆ ਸੀ ਜਿਹੜਾ ਹਫਤਾ ਕੁ ਪਹਿਲੇ ਡਰਾਇੰਗ ਰੂਮ ਦੇ ਇਕ ਪੈਲਮੈਟ ਉਤੇ ਬਣੇ ਆਲ੍ਹਣੇ ਵਿਚੋਂ ਡਿੱਗਾ ਸੀ। ਚਿੜੀ ਦਾ ਚੀਕ ਚਿਹਾੜਾ ਸੁਣ ਕੇ ਮੀਨਾਕਸ਼ੀ ਦਾ ਧਿਆਨ ਉਹਦੇ ਵੱਲ ਖਿੱਚਿਆ ਗਿਆ ਸੀ। ਅਖੀਰ ਉਹੀ ਗੱਲ ਹੋਈ ਜਿਸ ਦਾ ਤੌਖਲਾ ਜੈਰਾਮਨ ਸਾਹਿਬ ਨੂੰ ਲੱਗਾ ਰਹਿੰਦਾ ਸੀ। ਜੈਰਾਮਨ ਸਾਹਿਬ ਤਾਂ ਸ਼ੁਰੂ ਤੋਂ ਹੀ ਇਸ ਆਲ੍ਹਣੇ ਦੇ ਨਿਰਮਾਣ ਦੇ ਹੱਕ ਵਿਚ ਨਹੀਂ ਸਨ। ਜਦੋਂ ਚਿੜੇ ਨੇ ਇਸ ਆਲ੍ਹਣੇ ਦਾ ਨੀਂਹ ਪੱਥਰ ਰੱਖਣ ਦਾ ਪਹਿਲਾ ਯਤਨ ਕੀਤਾ, ਉਸੇ ਵੇਲੇ ਜੈਰਾਮਨ ਸਾਹਿਬ ਨੇ ਉਹ ਚਾਰ ਤੀਲੇ ਪੈਲਮੈਟ ਤੋਂ ਹੂੰਝ ਸੁੱਟੇ ਸਨ। ਜਦੋਂ ਮੀਨਾਕਸ਼ੀ ਨੇ ਰੋਸ ਪ੍ਰਗਟ ਕੀਤਾ ਤਾਂ ਜੈਰਾਮਨ ਸਾਹਿਬ ਨੇ ਆਖਿਆ ਸੀ—

"ਤੇਰਾ ਖਿਆਲ ਹੈ, ਇਹ ਆਲ੍ਹਣਾ ਛਾਵੇਂ ਬਹਿਣ ਲਈ ਬਣਾ ਰਹੇ ਨੇ। ਇਹ ਤਾਂ ਇਹਨਾਂ ਦੀ ਘਰ ਗ੍ਰਿਹਸਥੀ ਦਾ ਉਦਘਾਟਨ ਹੈ। ਇਸ ਆਲ੍ਹਣੇ ਵਿਚ ਚੋਹਲ ਹੋਣਗੇ, ਕਲੋਲ ਹੋਣਗੇ। ਫੇਰ ਅੰਡੇ ਦਿੱਤੇ ਜਾਣਗੇ ਤੇ ਫੇਰ ਕਿਸੇ ਦਿਨ ਕੋਈ ਬੋਟ ਆਲ੍ਹਣੇ ਵਿਚੋਂ ਡਿੱਗ ਪਵੇਗਾ ਤੇ ਇਕ ਮੁਸੀਬਤ ਖੜ੍ਹੀ ਹੋ ਜਾਏਗੀ।"

ਪਰ ਮੀਨਾਕਸ਼ੀ ਨੇ ਆਪਣੇ ਪਤੀ ਨੂੰ ਆਲ੍ਹਣਾ ਉਜਾੜਨ ਨਾ ਦਿੱਤਾ। ਆਪ ਉਹ ਆਲ੍ਹਣੇ ਦੀ ਉਸਾਰੀ ਲਈ ਬਹੁਕਰਾਂ ਝਾੜੂਆਂ ਵਿਚੋਂ ਤੀਲੇ ਕੱਢ ਕੇ ਚਿੜੀ ਚਿੜੇ ਨੂੰ ਸਪਲਾਈ ਕਰਦੀ ਰਹੀ। ਨਤੀਜਾ ਇਹ ਨਿਕਲਿਆ ਕਿ ਚਿੜੀ ਗਰਭਵਤੀ ਮਗਰੋਂ ਹੋਈ, ਇਕ ਨਰਮ ਨਿੱਘਾ ਅਤੇ ਆਰਾਮਦੇਹ ਆਲ੍ਹਣਾ ਪਹਿਲੋਂ ਤਿਆਰ ਹੋ ਗਿਆ।

ਬੋਟ ਡਰਾਇੰਗ ਰੂਮ ਦੇ ਗਫ ਅਤੇ ਗੁਦਗੁਦੇ ਈਰਾਨੀ ਕਾਲੀਨ ਉਤੇ ਡਿੱਗਾ। ਚਮਕੀਲੇ ਰੰਗ ਦੇ ਕਾਲੀਨ ਉਤੇ ਇਕ ਪਿਲਪਿਲਾ ਗੁਲਾਬੀ ਚੇਚਮਕ ਲੋਥੜਾ। ਪੀਲੀ ਚੁੰਝ, ਲੰਮੀਆਂ ਤੀਲਿਆਂ ਵਰਗੀਆਂ ਲੱਤਾਂ, ਸਿਰ ਧੜ ਦੇ ਮੁਕਾਬਲੇ ਵਿਚ ਅਸਾਧਾਰਨ ਤੌਰ 'ਤੇ ਵੱਡਾ, ਅੱਖਾਂ ਬੰਦ, ਤਿੱਖੇ ਉਭੜਵਾਹੇ ਸਾਹਾਂ ਨਾਲ ਪੇਟ ਧੌਂਖਣੀ ਵਾਂਗ ਉਭਰਦਾ।

ਸਭ ਤੋਂ ਪਹਿਲਾ ਫੁਰਨਾ, ਜੋ ਮੀਨਾਕਸ਼ੀ ਨੂੰ ਫੁਰਿਆ ਉਹ ਬੋਟ ਨੂੰ ਚੁੱਕ ਕੇ ਮੁੜ ਆਲ੍ਹਣੇ ਵਿਚ ਟਿਕਾ ਦੇਣ ਦਾ ਸੀ। ਪਰ ਇਹ ਫੁਰਨਾ ਛੇਤੀ ਹੀ ਪਰਤ ਗਿਆ। ਕਿਉਂ ਜੋ ਆਲ੍ਹਣਾ ਪੈਲਮੈਟ ਉਤੇ ਕੁਝ ਇਸ ਤਰ੍ਹਾਂ ਕੁਵਾਸਾ ਜਿਹਾ ਬਣਿਆ ਹੋਇਆ ਸੀ ਕਿ ਮੀਨਾਕਸ਼ੀ ਨੂੰ ਵੀਹ ਵਿਸਵੇ ਨਿਸ਼ਚਾ ਸੀ ਕਿ ਹੱਥ ਲੱਗਦਿਆਂ ਹੀ ਭੋਇੰ 'ਤੇ ਆਣ ਪਏਗਾ ਤੇ ਕੌਣ ਜਾਣੇ ਉਹਦੇ ਵਿਚ ਹੋਰ ਕਿੰਨੇ ਕੁ ਬੋਟ ਹੋਣ।

ਇਸ ਲਈ ਮੀਨਾਕਸ਼ੀ ਨੂੰ ਆਪਣੀ ਸਹੇਲੀ ਰਜਨੀ ਦੇ ਪਤੀ ਡਾਕਟਰ ਪਟਨਾਇਕ ਦਾ ਖਿਆਲ ਆਇਆ ਜੋ ਇਕ ਸਲੋਤਰੀ ਡਾਕਟਰ ਸੀ। ਨੰਬਰ ਘੁਮਾ ਕੇ ਮੀਨਾਕਸ਼ੀ ਨੇ ਹੱਥਾਂ ਦੀ ਤੁਲੀ ਸਾੜ੍ਹੀ ਨਾਲ ਸੁਕਾਈ। ਬੋਟ ਤੋਂ ਤਿੱਖੇਰਾ ਉਹਦਾ ਆਪਣਾ ਦਿਲ ਧੜਕ ਰਿਹਾ ਸੀ।

''ਰਜਨੀ, ਮੈਂ ਮੀਨਾਕਸ਼ੀ ! ਡਾਕਟਰ ਸਾਹਿਬ ਕਿੱਥੇ ਨੇ ?''

''ਕਿਉਂ, ਤੁਹਾਡੇ ਪੋਮੇਰੀਅਨ, ਕੀ ਨਾਂ ਏ ਉਹਦਾ, ਚੀਕੂ ਦੀ ਤਬੀਅਤ ਨਾਸਾਜ਼ ਏ ?''

''ਨਹੀਂ,'' ਮੀਨਾਕਸ਼ੀ ਦੀ ਆਵਾਜ਼ ਵਿਚ ਹੰਝੂ ਉਮਡ ਆਏ ਸਨ, ''ਚੀਕੂ ਤਾਂ ਪਿਛਲੇ ਸਾਲ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਸੀ।''

''ਓ, ਆਈ ਐਮ ਸੌਰੀ। ਅੱਜ ਕੱਲ੍ਹ ਕਿਹੜਾ ਡੌਗੀ ਏ ਤੁਹਾਡੇ ਪਾਸ ?''

''ਨਹੀਂ, ਚੀਕੂ ਮਗਰੋਂ ਕੋਈ ਡੌਗੀ ਰੱਖਣ ਦਾ ਜਿਗਰਾ ਨਹੀਂ ਪਿਆ।''

''ਤਾਂ ਫਿਰ ਡਾਕਟਰ ਸਾਹਿਬ ਨਾਲ ਕੀ ਕੰਮ ਏ ?''

''ਇਕ ਹੋਰ ਐਮਰਜੈਂਸੀ ਆਣ ਪਈ ਏ।''

''ਐਮਰਜੈਂਸੀ ?''

''ਹਾਂ, ਇਕ ਚਿੜੀ ਦਾ ਬੋਟ...''

''ਤਾਂ ਕੀ ਕੁੱਤਿਆਂ ਦੀ ਥਾਂ ਹੁਣ ਤੁਸੀਂ ਚਿੜੀਆਂ ਕਾਵਾਂ ਦੇ ਬੋਟ ਪਾਲਣੇ ਸ਼ੁਰੂ ਕਰ ਦਿੱਤੇ ਨੇ।''

''ਨਹੀਂ। ਉਹ ਨਾ, ਆਲ੍ਹਣੇ ਵਿਚੋਂ ਡਿੱਗ ਪਿਆ ਏ।''

''ਫੇਰ ਸਭ ਤੋਂ ਸੌਖਾ ਤਰੀਕਾ ਏ, ਉਹਨੂੰ ਚੁੱਕ ਕੇ ਆਲ੍ਹਣੇ ਵਿਚ ਰੱਖ ਦੇ।''

''ਮੈਂ ਵੀ ਸੋਚਿਆ ਸੀ ਪਰ ਆਲ੍ਹਣਾ ਐਸੀ ਉਲਾਰ ਥਾਂ ਬਣਿਆ ਏ ਕਿ ਹੱਥ ਲਾਇਆ ਭੋਇੰ 'ਤੇ ਆਣ ਪਏਗਾ। ਤੂੰ ਜ਼ਰਾ ਡਾਕਟਰ ਸਾਹਿਬ ਨੂੰ ਬੁਲਾ ਦੇ।''

''ਉਹ ਲੰਚ ਖਾ ਕੇ ਰਤਾ ਟਿਕ ਗਏ ਨੇ।''

''ਰਤਾ ਜਗਾ ਦੇ ਉਹਨਾਂ ਨੂੰ ਰਜਨੀ। ਪਲੀਜ਼।''

''ਅੱਛਾ ਦੇਖਦੀ ਹਾਂ।''

''ਪਲੀਜ਼ ਰਜਨੀ ਪਲੀਜ਼।''

''ਅੱਛਾ ਬਾਬਾ ਜਗਾ ਦੇਨੀ ਆਂ। ਏਨਾ ਨਰਵਸ ਹੋਣ ਦੀ ਲੋੜ ਨਹੀਂ।''

ਡਾਕਟਰ ਪਟਨਾਇਕ ਨੂੰ ਜੇ ਕੋਈ ਚੀਜ਼ ਜ਼ਿੰਦਗੀ ਵਿਚ ਅਤਿ ਪਿਆਰੀ ਸੀ ਤਾਂ ਉਹ ਦੁਪਹਿਰ ਦੀ ਨੀਂਦਰ ਸੀ। ਉਹਦੀ ਅੱਖ ਅਜੇ ਲੱਗੀ ਹੀ ਸੀ। ਏਦਾਂ ਅਬੜਵਾਹੇ ਕੱਚੀ ਨੀਂਦਰੇ ਜਗਾਇਆ ਜਾਣਾ ਉਹਨੂੰ ਚੰਗਾ ਨਾ ਲੱਗਾ। ਟੈਲੀਫੋਨ 'ਤੇ ਉਹਦਾ ਲਹਿਜ਼ਾ ਸਾਫ ਖਿਝਿਆ ਹੋਇਆ ਸੀ। ਚਿੜੀ ਦੇ ਬੋਟ ਦਾ ਜ਼ਿਕਰ ਸੁਣਦਿਆਂ ਉਹ ਵੱਢ ਖਾਣ ਨੂੰ ਪਿਆ ਪਰ ਛੇਤੀ ਹੀ ਮੀਨਾਕਸ਼ੀ ਦੀ ਸੁਰੀਲੀ ਅਤੇ ਰਸੀਲੀ ਆਵਾਜ਼ ਦਾ ਜਾਦੂ ਉਹਦੇ 'ਤੇ ਤਾਰੀ ਹੁੰਦਾ ਗਿਆ। ਤੇ ਹੁਣ ਉਹ ਬਿਨਾਂ ਕਿਸੇ ਫੀਸ ਜਾਂ ਅਪਾਇੰਟਮੈਂਟ ਦੇ ਚਿੜੀ ਦੇ ਬੋਟ ਦੀ ਪਰਵਰਿਸ਼ ਲਈ ਸਵਿਸਥਾਰ ਹਦਾਇਤਾਂ ਟੈਲੀਫੋਨ 'ਤੇ ਦੇ ਰਿਹਾ ਸੀ।

ਮੀਨਾਕਸ਼ੀ ਨੇ ਉਸੇ ਤਰ੍ਹਾਂ ਕੀਤਾ। ਆਪਣੀ ਮੇਡ ਸਰਵੇਂਟ ਦੀ ਕਸੀਦੇ ਵਾਲੀ ਪੱਛੀ ਖਾਲੀ ਕਰਵਾ ਕੇ ਪੂਰੇ ਦਾ ਪੂਰਾ ਬੰਡਲ ਰੂੰ ਦਾ ਉਹਦੇ ਵਿਚ ਵਿਛਾ ਦਿੱਤਾ। ਜਦੋਂ ਇਹ ਨਰਮ ਗੁਦਗੁਦਾ ਵਿਛੌਣਾ ਵਿਛ ਗਿਆ ਤਾਂ ਉਹਨੇ ਕੰਬਦੀਆਂ ਉਂਗਲਾਂ ਨਾਲ ਚਿੜੀ ਦੇ ਬੋਟ ਨੂੰ ਏਨੀ ਨਰਮਾਈ ਨਾਲ ਕਾਲੀਨ ਤੋਂ ਚੁੱਕਿਆ ਜਿਵੇਂ ਕਿਸੇ ਨੇ ਕਿਸੇ ਨਵਜੰਮੇ ਰਾਜਕੁਮਾਰ ਨੂੰ ਨਹੀਂ ਚੁੱਕਿਆ ਹੋਣਾ।

ਫੇਰ ਮੀਨਾਕਸ਼ੀ ਨੇ ਆਪ ਕਿਚਨ ਵਿਚ ਜਾ ਕੇ ਇਕ ਪਿਆਲੀ ਵਿਚ ਚੂੰਢੀ ਕੁ ਵੇਸਣ ਘੋਲਿਆ ਅਤੇ ਅੱਖਾਂ ਵਿਚ ਦਵਾਈ ਪਾਣ ਵਾਲੇ ਡਰਾਪਰ ਨਾਲ ਬੋਟ ਦੇ ਮੂੰਹ ਵਿਚ ਪਾਇਆ। ਫੇਰ ਉਹਨੂੰ ਲੱਗਾ ਜਿਵੇਂ ਬੋਟ ਊਂਘਣ ਲਗ ਪਿਆ ਹੋਵੇ ਤਾਂ ਮੀਨਾਕਸ਼ੀ ਨੇ ਬੁੱਲ੍ਹਾਂ ਤੇ ਉਂਗਲ ਰੱਖ ਕੇ ਕਿਚਨ ਵਿਚ ਨੌਕਰ ਨੂੰ ਭਾਂਡਿਆਂ ਦਾ ਖੜਾਕ ਕਰਨੋਂ ਵਰਜ ਦਿੱਤਾ ਤਾਂ ਜੋ ਬੋਟ ਦੀ ਨੀਂਦਰ ਵਿਚ ਵਿਘਨ ਨਾ ਪਏ।

ਰਾਤੀਂ ਉਹ ਘੰਟੇ ਘੰਟੇ ਮਗਰੋਂ ਜਾਗ ਕੇ ਪੱਬਾਂ ਭਾਰ ਟੁਰਦੀ ਬੋਟ ਦੀ ਖਬਰ ਸੁਰਤ ਲੈਂਦੀ ਰਹੀ। ਜੇ ਉਹ ਭੁੱਖ ਨਾਲ ਹਿਲ ਰਿਹਾ ਹੁੰਦਾ ਤਾਂ ਉਹਦੀ ਪੀਲੀ ਚੁੰਝ ਖੋਲ੍ਹ ਕੇ ਉਹੀ ਵੇਸਣ ਦਾ ਘੋਲ ਪਿਆ ਦਿੰਦੀ।

ਏਦਾਂ ਉਹ ਬੋਟ ਮੀਨਾਕਸ਼ੀ ਦਾ ਸਾਰਾ ਧਿਆਨ, ਸਾਰਾ ਸਮਾਂ, ਸਾਰਾ ਮੋਹ ਮਲ ਬੈਠਾ। ਪੰਜਵੇਂ ਦਿਨ ਬੋਟ ਨੇ ਪਹਿਲੀ ਵਾਰੀ ਅੱਖਾਂ ਖੋਲ੍ਹੀਆਂ ਤਾਂ ਉਹਨਾਂ ਮਹੀਨ ਟਿਮਕਦੀਆਂ ਅੱਖਾਂ ਵੱਲ ਵੇਖ ਕੇ ਮੀਨਾਕਸ਼ੀ ਨੇ ਉਹਦਾ ਨਾਂ ਜੁਗਨੂੰ ਰੱਖ ਦਿੱਤਾ।

ਤੇ ਅੱਜ ਸਵੇਰੇ ਉਹਨੇ ਵੇਖਿਆ ਸੀ, ਜੁਗਨੂੰ ਦੇ ਨਿੱਕੇ ਨਿੱਕੇ ਪੀਲੇ ਖੰਭ ਨਿਕਲਣੇ ਸ਼ੁਰੂ ਹੋ ਗਏ ਸਨ।

ਜਦੋਂ ਗਰਾਜ ਵਿਚ ਮੋਟਰ ਖੜੀ ਕਰਕੇ ਮੀਨਾਕਸ਼ੀ ਨਿਤਾਣੇ ਕਦਮ ਪੁਟਦੀ ਆਪਣੀ ਕੋਠੀ ਵਿਚ ਦਾਖਲ ਹੋਈ ਤਾਂ ਉਹਨੂੰ ਸਾਰਾ ਕੁਝ ਬੜਾ ਅਜੀਬ ਜਿਹਾ ਲੱਗਾ। ਜਿਵੇਂ ਪੌਣ ਵਿਚ ਸਿਸਕੀਆਂ ਹੋਣ, ਜਿਵੇਂ ਵਾਤਾਵਰਣ ਵਿਚ ਅਲਾਹੁਣੀਆਂ ਦੀ ਗੂੰਜ ਹੋਵੇ ਜਿਵੇਂ ਇਹ ਮਾਤਮ ਵਾਲਾ ਘਰ ਹੋਵੇ। ਕਿਸੇ ਤ੍ਰਾਸਦੀ ਦੀਆਂ ਕੰਨਸੋਆਂ ਨਾਲ ਉਹਦਾ ਅੰਦਰ ਬੁਝ ਗਿਆ। ਡਰਾਇੰਗ ਰੂਮ ਲੰਘ ਕੇ ਰੇਲਿੰਗ ਫੜ ਫੜ ਕੇ ਪਉੜੀਆਂ ਚੜ੍ਹਦੀ ਜਦੋਂ ਉਹ ਆਪਣੇ ਬੈਡਰੂਮ ਵਿਚ ਪੁੱਜੀ ਤਾਂ ਉਹਨੇ ਡਰਿਆ ਕੇ ਚੀਕ ਮਾਰੀ। ਪਲੰਘ ਦੇ ਵਿਚਕਾਰ ਕਸੀਦੇ ਵਾਲੀ ਪੱਛੀ ਵਿਚ ਜੁਗਨੂੰ ਨਹੀਂ ਜੁਗਨੂੰ ਦੀ ਆਕੜੀ ਹੋਈ ਲੋਥ ਪਈ ਸੀ।

ਰੈਟੀਨਾ ਕਲੀਨਿਕ

ਅੰਦਰ ਵੜਦਿਆਂ ਹੀ ਬਾਹਰਲੀ ਦੁਨੀਆਂ ਅਤੇ ਉਹਦੇ ਰੰਗ ਤਮਾਸ਼ੇ ਵਿਸਰ ਜਾਂਦੇ ਸਨ । ਕਿਉਂ ਜੋ ਅੰਦਰ ਇਕ ਵੱਖਰੀ ਦੁਨੀਆ ਸੀ । ਇਹ ਦੁਨੀਆਂ ਅੱਖਾਂ ਦੇ ਵੱਡੇ ਸਰਕਾਰੀ ਹਸਪਤਾਲ ਦੀ ਦੁਨੀਆਂ ਸੀ । ਇਹ ਦੁਨੀਆਂ ਕਾਲੀਆਂ ਐਨਕਾਂ, ਸਾਵੀਆਂ ਟਾਕੀਆਂ ਅਤੇ ਲਹੂ-ਲਿਬੱੜੀਆਂ ਪੱਟੀਆਂ ਦੀ ਦੁਨੀਆਂ ਸੀ । ਇਹ ਦੁਨੀਆਂ ਹਨੇਰੇ ਬੁਢਾਪੇ ਅਤੇ ਮੁਥਾਜੀ ਦੀ ਦੁਨੀਆਂ ਸੀ, ਇਹ ਦੁਨੀਆਂ ਚਿੱਟੇ ਤੇ ਕਾਲੇ ਮੋਤੀਏ ਦੇ ਔਪਰੇਸ਼ਨਾਂ ਦੀ ਦੁਨੀਆਂ ਸੀ ਪਰ ਨਾਲ ਹੀ ਇਹ ਦੁਨੀਆਂ ਮਾਨਵੀ ਹਿਤ ਅਤੇ ਹਮਦਰਦੀ ਦੀ ਦੁਨੀਆਂ ਸੀ । ਇਥੇ ਕੋਈ ਕਿਸੇ ਵਲ ਮਨ ਮੈਲਾ ਨਹੀਂ ਸੀ ਕਰਦਾ । ਕੋਈ ਕਿਸੇ ਨੂੰ ਮੰਦਾ ਨਹੀਂ ਸੀ ਬੋਲਦਾ । ਹਰ ਕਿਸੇ ਦੇ ਲਹਿਜੇ ਵਿਚ ਨਰਮਾਈ ਸੀ, ਚੀਸ ਸੀ ।

ਫਾਟਕੋਂ ਬਾਹਰ ਤਾਂ ਸੁਖ ਦਾ ਰਾਜ ਸੀ । ਜਿਹੜਾ ਸੁਖ ਰੋਗ ਬਣ ਜਾਂਦਾ ਹੈ । ਸ਼ਰੀਕਾ, ਵਿਤਕਰਾ, ਸਾੜਾ ਅਤੇ ਨਫਰਤ ਬਣ ਜਾਂਦਾ ਹੈ । ਅੰਦਰ ਦੁਖ ਸੀ ਜੋ ਦਾਰੂ ਬਣ ਕੇ ਮਨਾਂ ਦੀ ਮੈਲ ਅਤੇ ਦਿਲਾਂ ਦਾ ਸਾੜ ਧੋ ਸੁੱਟਦਾ ਹੈ ।

ਹਸਪਤਾਲ ਦੇ ਇਕ ਵਿੰਗ ਵਿਚ ਰੈਟੀਨਾ ਕਲੀਨਿਕ ਸੀ । ਉਹਨਾਂ ਮਰੀਜ਼ਾਂ ਲਈ ਜਿਨ੍ਹਾਂ ਦੀਆਂ ਰੈਟੀਨਾ, ਭਾਵ ਅੱਖਾਂ ਦੇ ਪਰਦਿਆਂ ਵਿਚ ਕੋਈ ਨੁਕਸ ਪੈ ਗਿਆ ਸੀ । ਇਕ ਲੰਮੇ ਬਰਾਂਡੇ ਦੀਆਂ ਕੰਧਾਂ ਨਾਲ ਬੈਂਚਾਂ ਦੀ ਕਤਾਰ ਸੀ ਜਿਸ 'ਤੇ ਮਰੀਜ਼ ਘੁਸੜ ਕੇ ਬੈਠੇ ਸਨ । ਬਰਾਂਡੇ ਦੇ ਵਿਚਕਾਰ ਦੋ ਨਰਸਾਂ ਇਕ ਟੇਬਲ ਦੇ ਦੁਪਾਸੀਂ ਬੈਠੀਆਂ ਸਨ । ਇਕ ਨਰਸ ਮਰੀਜ਼ਾਂ ਦੇ ਕਾਰਡਾਂ ਦੇ ਨੰਬਰ, ਤਾਰੀਖ ਆਦਿ ਇਕ ਰਜਿਸਟਰ ਵਿਚ ਦਰਜ ਕਰ ਰਹੀ ਸੀ ।

''ਊਸ਼ਾ ਅਨੰਦ ।'' ਉਹਨੇ ਪੁਕਾਰ ਕੇ ਪੁੱਛਿਆ, ''ਤੁਹਾਡੇ ਵਿਚੋਂ ਊਸ਼ਾ ਅਨੰਦ ਕੌਣ ਹੈ ?''

ਸੱਠਾਂ ਕੁ ਵਰ੍ਹਿਆਂ ਦੀ ਇਕ ਗੋਰੀ ਚਿੱਟੀ, ਭਾਰੇ ਸਰੀਰ ਵਾਲੀ ਇਸਤਰੀ ਬੈਂਚ ਦੇ ਦੁਰਾਡਲੇ ਕੋਨੇ ਤੋਂ ਉਠੀ । ਕਾਰਡ ਵਿਚ ਜੋ ਨਹੀਂ ਸੀ ਪੜ੍ਹਿਆ ਜਾ ਰਿਹਾ, ਨਰਸ ਨੂੰ ਦੱਸ ਕੇ ਮੁੜ ਆਪਣੀ ਸੀਟ 'ਤੇ ਆ ਬੈਠੀ ।

ਕੁਝ ਚਿਰ ਮਗਰੋਂ ਨਰਸ ਨੇ ਮੁੜ ਪੁਕਾਰਿਆ, ''ਪਦਮਾ ਚੱਢਾ। ਪਦਮਾ ਚੱਢਾ ਕੌਣ ਹੈ ?''

ਪਹਿਲੀ ਇਸਤਰੀ ਦੇ ਬਿਲਕੁਲ ਲਾਗੇ ਬੈਠੀ ਪਦਮਾ ਚੱਢਾ ਉਠੀ। ਉਚੀ ਲੰਮੀ, ਤਿੱਖੇ ਨਕਸ਼, ਰੰਗ ਸਾਂਵਲਾ, ਸਾੜ੍ਹੀ ਬਲਾਊਜ਼ ਵਿਚ ਇਕ ਫ਼ਬਣੀ, ਉਮਰ ਪੰਜਾਹ ਪਚਵੰਜਾ ਦੇ ਵਿਚਕਾਰ।

ਰਜਿਸਟਰ ਭਰਵਾਣ ਵਿਚ ਨਰਸ ਦਾ ਹੱਥ ਵਟਾ ਕੇ ਜਦੋਂ ਉਹ ਪਰਤੀ ਤਾਂ ਉਹਨੇ ਵੇਖਿਆ ਉਹਦੀ ਸੀਟ ਮੱਲੀ ਗਈ ਸੀ। ਊਸ਼ਾ ਅਨੰਦ ਦੇ ਨਾਲ ਇਕ ਗਰੀਬੜਾ ਮਾੜਚੂ ਜਿਹਾ ਬ੍ਰਿਧ ਆਣ ਬੈਠਾ ਸੀ ਤੇ ਮੈਲੀ ਪਗੜੀ ਦੇ ਲੜ ਨਾਲ ਅੱਖਾਂ ਪੂੰਝ ਰਿਹਾ ਸੀ।

ਊਸ਼ਾ ਅਨੰਦ ਨੇ ਬੈਂਚ 'ਤੇ ਸਿਮਟਦਿਆਂ ਆਪਣੇ ਅਤੇ ਬ੍ਰਿਧ ਦੇ ਵਿਚਕਾਰ ਗਿੱਠ ਕੁ ਥਾਂ ਬਣਾਈ ਤੇ ਬੋਲੀ—

''ਆਓ, ਏਥੇ ਬਹਿ ਜਾਓ ਭੈਣ ਜੀ, ਐਖੇ ਸੌਖੇ ਹੋ ਕੇ।''

ਬ੍ਰਿਧ ਠਠੰਬਰ ਕੇ ਉਠ ਖੜੋਤਾ।

''ਤੁਸੀਂ ਵੀ ਬਹਿ ਜਾਓ ਬਾਬਾ ਜੀ'', ਪਦਮਾ ਚੱਢਾ ਨੇ ਬਹਿੰਦਿਆਂ ਬੈਂਚ ਦਾ ਕੋਨਾ ਬ੍ਰਿਧ ਲਈ ਛੱਡ ਦਿੱਤਾ। ਬ੍ਰਿਧ ਟਿਕ ਗਿਆ ਤੇ ਕਾਹਲੀ ਕਾਹਲੀ ਅੱਖਾਂ ਝਮਕਣ ਲੱਗਾ। ਇਹ ਝਮਕਣੀ ਬੁਝੀ ਬੁਝੀ ਤੇ ਜੋਤਹੀਣ ਲਗਦੀ ਸੀ।

''ਤੁਹਾਡਾ ਕਾਰਡ ਵੀ ਨਹੀਂ ਪੜ੍ਹਿਆ ਗਿਆ ਨਰਸ ਤੋਂ'' ਊਸ਼ਾ ਅਨੰਦ ਨੇ ਪੁੱਛਿਆ।

''ਹਾਂ। ਸਾਫ਼ ਸਾਹਮਣੇ ਅੱਜ ਦੀ ਤਾਰੀਖ ਲਿਖੀ ਹੋਈ ਸੀ। ਪਤਾ ਨਹੀਂ ਉਹਨੂੰ ਕਿਉਂ ਨਜ਼ਰ ਨਹੀਂ ਆਈ।''

ਇਹ ਪਹਿਲੀ ਸਾਂਝ ਸੀ ਊਸ਼ਾ ਅਨੰਦ ਅਤੇ ਪਦਮਾ ਚੱਢਾ ਦੇ ਵਿਚਕਾਰ। ਨਾਂ ਕੇਵਲ ਉਹ ਨਾਲ ਨਾਲ ਬੈਠੀਆਂ ਸਨ ਸਗੋਂ ਏਨੇ ਸਾਰੇ ਮਰੀਜ਼ਾਂ ਵਿਚੋਂ ਉਨ੍ਹਾਂ ਦੋਹਾਂ ਦੇ ਕਾਰਡ ਹੀ ਨਰਸ ਤੋਂ ਨਹੀਂ ਸਨ ਪੜ੍ਹੇ ਗਏ।

ਦਸ ਦਸ ਮਿੰਟ ਦੇ ਵਕਫ਼ੇ ਮਗਰੋਂ ਨਰਸ ਮਰੀਜ਼ਾਂ ਦੀਆਂ ਅੱਖਾਂ ਡਾਇਲੇਟ ਕਰਨ ਲਈ ਦਵਾਈ ਪਾ ਰਹੀ ਸੀ। ਪੂਰੀ ਡਾਇਲੇਸ਼ਨ ਤਿੰਨ ਚਾਰ ਵਾਰੀ ਦਵਾਈ ਪਾਣ ਮਗਰੋਂ ਹੁੰਦੀ ਸੀ। ਰੈਟੀਨਾ ਕਲੀਨਿਕ ਵਿਚ ਅੱਖਾਂ ਦੇ ਮੁਆਇਨੇ ਲਈ ਡਾਇਲੇਸ਼ਨ ਜ਼ਰੂਰੀ ਸੀ। ਕੁਝ ਮਰੀਜ਼ਾਂ ਦੀ ਡਾਇਲੇਸ਼ਨ ਹੋ ਚੁੱਕੀ ਸੀ ਤੇ ਉਹ ਹੁਣ ਡਾਕਟਰ ਦੇ ਆਉਣ ਨੂੰ ਉਡੀਕ ਰਹੇ ਸਨ।

ਇਨ੍ਹਾਂ ਵਿਚੋਂ ਇਕ ਮਰੀਜ਼ ਜਿਸ ਦੀ ਗੋਗੜ ਉਹਦੀ ਧੋਤੀ ਤੋਂ ਬਾਹਰ ਲਮਕੀ ਹੋਈ ਸੀ ਸਹਿਜੇ ਸਹਿਜੇ ਤੁਰਦਾ ਉਸ ਕੋਨੇ ਕੋਲ ਅੱਪੜਿਆ ਜਿਥੇ ਊਸ਼ਾ ਅਨੰਦ ਅਤੇ ਪਦਮਾ ਚੱਢਾ ਬੈਠੀਆਂ ਸਨ। ਸਾਹਮਣੀ ਕੰਧ ਉਤੇ ਸ਼ੀਸ਼ੇ ਦੇ ਫ਼ਰੇਮ ਵਿਚ ਲਿਖਿਆ ਸੀ, 'ਅੱਖਾਂ ਕੁਦਰਤ ਦੀ ਸਭ ਤੋਂ ਵੱਡਮੁਲੀ ਸੁਗਾਤ ਹਨ।' ਦੋਹਾਂ ਇਸਤਰੀਆਂ ਵਲ ਪਿੱਠ ਕਰ ਕੇ ਉਹ ਕੰਧ ਦੀ ਲਿਖਤ ਬੜੇ ਧਿਆਨ ਨਾਲ ਪੜ੍ਹਨ ਲੱਗਾ। ਉਹਦੇ ਦੋਵੇਂ ਹੱਥ ਪਿੱਛੇ ਉਹਦੀ ਧੋਤੀ ਦੇ ਉਭਾਰ 'ਤੇ ਜੁੜੇ ਹੋਏ ਸਨ।

ਅਚਨਚੇਤ, ਬਿਨਾਂ ਕਿਸੇ ਚਿਤਾਵਨੀ ਦੇ ਉਹਨੇ ਪਿੱਛੋਂ ਗੈਸ ਦਾ ਭਬਾਕਾ ਛੱਡਿਆ ਤੇ ਵਾਪਸ ਆਪਣੀ ਸੀਟ ਵਲ ਤੁਰ ਪਿਆ। ਕੋਲ ਬੈਠੇ ਮਰੀਜ਼ਾਂ ਦੇ ਨੱਕ ਸੜ ਗਏ। ਅਜੇ ਦਸ ਮਿੰਟ ਵੀ ਨਹੀਂ ਸਨ ਲੰਘੇ ਕਿ ਸਹਿਜ ਸੁਭਾਈਂ ਤੁਰਦਾ ਉਹ ਮੁੜ ਉਸੇ ਥਾਂ 'ਤੇ ਆਣ ਖੜੋਤਾ ਅਤੇ ਕੰਧ ਦੀ ਲਿਖਤ ਪੜ੍ਹਨ ਲੱਗਾ ਜਿਵੇਂ ਪਹਿਲੀ ਵਾਰੀ ਉਹਨੂੰ ਉਸ ਕਥਨ ਦੀ ਸੱਚਾਈ 'ਤੇ ਵਿਸ਼ਵਾਸ ਨਾ ਆਇਆ ਹੋਵੇ।

ਤੇ ਫੇਰ ਉਹਨੇ ਧੋਤੀ ਦੀ ਪਤਲੀ ਜਹੀ ਤਹਿ ਵਿਚੋਂ ਇਕ ਹੋਰ ਗਰਨੇਡ ਛੱਡਿਆ ਜੋ ਪਹਿਲੇ ਨਾਲੋਂ ਵੱਧ ਧਮਾਕੇਦਾਰ ਅਤੇ ਮੁਹਲਕ ਸੀ।

ਪਿੱਛੇ ਬੈਠੀਆਂ ਦੋਹਾਂ ਸੁਆਣੀਆਂ ਦਾ ਹਾਸਾ ਰੋਕਦਿਆਂ ਰੋਕਦਿਆਂ ਨਿਕਲ ਗਿਆ।

ਧੋਤੀ ਵਾਲੇ ਭਾਈ ਨੇ ਅੱਭੜਵਾਹੇ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਆਪਣਾ ਹਾਸਾ ਸਾੜ੍ਹੀ ਦੇ ਪੱਲੂ ਵਿਚ ਲੁਕਾ ਰਹੀਆਂ ਸਨ। ਉਹਦੀ ਤੱਕਣੀ ਵਿਚ ਅੰਤਾਂ ਦੀ ਹੈਰਾਨੀ ਅਤੇ ਇਕ ਮੂਕ ਨਿਹੋਰਾ ਸੀ। ਇਹਦੇ ਵਿਚ ਹਾਸੇ ਦੀ ਕਿਹੜੀ ਗੱਲ ਸੀ ਭਲਾ। ਜੇ ਹਸਪਤਾਲ ਦੇ ਕਰਮਚਾਰੀਆਂ ਨੇ ਉਹ ਲਿਖਤ ਸ਼ੀਸ਼ੇ ਵਿਚ ਮੜ੍ਹਵਾ ਕੇ ਕੰਧ 'ਤੇ ਟੰਗੀ ਸੀ ਤਾਂ ਪੜ੍ਹਨ ਲਈ ਹੀ ਟੰਗੀ ਸੀ।

ਮੁੜ ਮੁੜ ਕੇ ਡਾਢੀ ਗਿਲਾਨੀ ਨਾਲ ਉਨ੍ਹਾਂ ਦੋਹਾਂ ਵਲ ਵੇਖਦਾ ਉਹ ਆਪਣੀ ਸੀਟ 'ਤੇ ਜਾ ਬੈਠਾ।

ਊਸ਼ਾ ਅਨੰਦ ਵਿਚ ਸੰਜਮ ਵਧੇਰੇ ਸੀ ਕਿਉਂ ਜੋ ਉਹਨੇ ਪਦਮਾ ਚੱਢਾ ਤੋਂ ਪਹਿਲਾਂ ਆਪਣੇ ਹਾਸੇ 'ਤੇ ਕਾਬੂ ਪਾ ਲਿਆ ਤੇ ਬੋਲੀ—

''ਵਿਚਾਰਾ।''

''ਵਿਚਾਰਾ ਨਾ ਵਿਚਾਰਾ'' ਪਦਮਾ ਚੱਢਾ ਨੇ ਆਖਿਆ, ''ਵੇਖੋ ਨਾਂ ਕਿਵੇਂ ਗੁੱਸੇ ਨਾਲ ਵੇਖ ਰਿਹਾ ਏ ਜਿਵੇਂ ਜੋ ਕੁਝ ਉਹਨੇ ਕੀਤਾ ਹੈ ਉਹਦੇ ਲਈ ਅਸੀਂ ਜ਼ਿੰਮੇਵਾਰ ਹੋਈਏ।''

''ਵਿਚਾਰਾ ਮੈਂ ਤਾਂ ਕਿਹਾ ਏ,'' ਊਸ਼ਾ ਅਨੰਦ ਨੇ ਕਿਹਾ, ''ਕਿ ਅੱਖਾਂ ਤਾਂ ਅੱਗੇ ਈ ਗਈਆਂ ਗੁਜ਼ਰੀਆਂ ਨੇ ਤੇ ਹੁਣ ਪੇਟ ਵੀ ਖਰਾਬ ਹੋ ਗਿਆ ਸੂ।''

''ਪਰ ਇਹ ਆਪਣੇ ਪੇਟ ਦੀ ਖਰਾਬੀ ਹਰ ਵਾਰੀ ਏਥੇ ਆ ਕੇ ਕਿਉਂ ਕੱਢਦਾ ਏ।''

''ਆਪਣੀ ਕਰਤੂਤ 'ਤੇ ਪਰਦਾ ਪਾਉਣ ਲਈ। ਓਹ ਸਾਹਮਣੀ ਲਿਖਤ ਪੜ੍ਹਨ ਦੇ ਪੱਜ ਆਪਣਾ ਅਸਲੀ ਮੰਤਵ ਸਾਰ ਜਾਂਦਾ ਏ।''

''ਫੇਰ ਵੀ ਤੁਸੀਂ ਉਹਨੂੰ ਵਿਚਾਰਾ ਆਖਦੇ ਹੋ ?''

''ਹੋਰ ਕੀ ਭੈਣੇ ਮੇਰੀਏ,'' ਊਸ਼ਾ ਅਨੰਦ ਬੋਲੀ, ''ਸੋਚੀਏ ਤਾਂ ਅਸੀਂ ਸਾਰੇ ਜੋ ਅੱਖਾਂ ਬੰਦ ਕਰ ਕੇ ਇਨ੍ਹਾਂ ਬੈਂਚਾਂ 'ਤੇ ਬੈਠੇ ਹਾਂ, ਵਿਚਾਰੇ ਹੀ ਹਾਂ।''

ਏਸ ਫਲਸਫੀਆਨਾ ਦਲੀਲ ਦਾ ਪਦਮਾ ਚੱਢਾ ਪਾਸ ਕੋਈ ਉੱਤਰ ਨਹੀਂ ਸੀ। ਇਸ ਲਈ ਉਸ ਨੇ ਪੁੱਛਿਆ,

''ਤੁਸੀਂ ਅਨੰਦ ਹੁੰਦੇ ਓ ?''

''ਹਾਂ।''

''ਅਸੀਂ ਚੱਢੇ ਹਾਂ।''

''ਆਹੋ ਮੈਂ ਜਾਣ ਗਈ ਸਾਂ ਜਦੋਂ ਨਰਸ ਨੇ ਤੁਹਾਡਾ ਨਾਂ ਪੁਕਾਰਿਆ ਸੀ। ਚੱਢੇ ਕੀ ਤੇ ਅਨੰਦ ਕੀ। ਹੈ ਤਾਂ ਖੁਖਰੈਣ ਬਰਾਦਰੀ ਹੀ।''

''ਮੇਰੇ ਪੇਕੇ ਅਨੰਦ ਨੇ।''

''ਤੇ ਮੇਰੇ ਚੱਢੇ ਨੇ।''

''ਫੇਰ ਤਾਂ ਅਸੀਂ ਨਨਾਣ ਭਰਜਾਈ ਹੋਈਆਂ,'' ਪਦਮਾ ਚੱਢਾ ਨੇ ਖਿੜ ਕੇ ਆਖਿਆ। ''ਸਾਡਾ ਤਾਂ ਦੂਹਰਾ ਸਾਕ ਏ। ਇਕ ਸਾਕੋਂ ਤੁਸੀਂ ਨਨਾਣ ਤੇ ਮੈਂ ਭਰਜਾਈ। ਦੂਜੇ ਸਾਕੋਂ ਮੈਂ ਨਨਾਣ ਤੇ ਤੁਸੀਂ ਭਰਜਾਈ।''

''ਕਿਥੇ ਸਨ ਤੁਹਾਡੇ ਪੇਕੇ ?''

''ਗੁਜਰਖਾਨ। ਤੇ ਤੁਹਾਡੇ ?''

''ਮੇਰੇ ਜਿਹਲਮ।''

''ਲੈ ਜਿਹਲਮ ਕੀ ਤੇ ਗੁਜਰਖਾਨ ਕੀ। ਨਾਲੋਂ ਨਾਲ ਸਨ। ਆਪਣੇ ਪਾਸੇ ਦਾ ਕੋਈ ਆਪਣੇ ਵਰਗਾ ਮਿਲ ਜਾਏ ਤਾਂ ਕਿੰਨੀ ਖੁਸ਼ੀ ਹੁੰਦੀ ਏ।''

''ਤੇ ਹੋਰ ਕੀ ਭੈਣੇ ਮੇਰੀਏ,'' ਊਸ਼ਾ ਅਨੰਦ ਨੇ ਆਖਿਆ, ''ਜਗ ਚਾਰ ਦਿਨਾਂ ਦਾ ਮੇਲਾ ਏ। ਹੱਸ ਵੱਸਦਿਆਂ ਦੀ ਪ੍ਰੀਤ ਏ। ਹੋਰ ਏਥੋਂ ਲੈ ਕੇ ਕਿਸੇ ਨੇ ਕੀ ਜਾਣਾ ਏ।''

ਨਰਸ ਤੀਜੀ ਵਾਰੀ ਦੋਹਾਂ ਦੀਆਂ ਅੱਖਾਂ ਵਿਚ ਦੁਆਈ ਪਾ ਗਈ।

''ਕਾਹਲੀ ਪਈ ਹੋਈ ਸੂ,'' ਪਦਮਾ ਚੱਢਾ ਨੇ ਸ਼ਿਕਾਇਤ ਕੀਤੀ, ''ਅੱਧੀ ਦੁਆਈ ਤਾਂ ਬਾਹਰ ਡੁਲ੍ਹ ਜਾਂਦੀ ਏ।''

''ਅਜੇ ਤਾਂ ਇਕ ਵਾਰੀ ਹੋਰ ਪਾਣ ਆਏਗੀ। ਮੇਰੀ ਡਾਏਲੇਸ਼ਨ ਬੜੀ ਦੇਰ ਨਾਲ ਹੁੰਦੀ ਏ। ਕਈ ਵਾਰੀ ਤਾਂ ਪੰਜ ਵਾਰੀ ਦਵਾਈ ਪਾਣੀ ਪੈਂਦੀ ਏ।''

''ਤੁਹਾਡੀ ਕਿਹੜੀ ਅੱਖ ਵਿਚ ਤਕਲੀਫ ਏ।''

''ਦੋਹਾਂ ਵਿਚ।'' ਊਸ਼ਾ ਆਨੰਦ ਨੇ ਦੱਸਿਆ, ''ਮੇਰੀਆਂ ਦੋਹਾਂ ਅੱਖਾਂ ਦਾ ਲੈਂਸ ਵਾਲਾ ਔਪਰੇਸ਼ਨ ਹੋ ਚੁੱਕਾ ਏ। ਪਹਿਲਾਂ ਖੱਬੀ ਦਾ ਹੋਇਆ। ਤਿੰਨ ਮਹੀਨੇ ਮਗਰੋਂ ਚੈਕਅਪ ਲਈ ਆਈ ਤਾਂ ਸੱਜੀ ਰੈਟੀਨਾ ਵੀ ਛਿਜੀ ਪਈ ਸੀ।''

''ਮੇਰੀ ਖੱਬੀ ਠੀਕ ਏ,'' ਪਦਮਾ ਚੱਢਾ ਨੇ ਕਿਹਾ, ''ਪਰ ਇਸ ਮਰ ਜਾਣੀ ਸੱਜੀ ਨੇ ਮੈਨੂੰ ਸ਼ੁਰੂ ਤੋਂ ਹੀ ਦੁੱਖ ਦਿੱਤਾ ਏ। ਅਜੇ ਸਕੂਲ ਵਿਚ ਹੀ ਪੜ੍ਹਦੀ ਸਾਂ ਕਿ ਸੱਜੀ ਅੱਖ ਦਾ ਮਾਈਓਪੀਆ ਮਾਈਨਸ ਸਿਕਸ ਸੀ।''

''ਰੈਟੀਨਾ ਦੀ ਤਕਲੀਫ ਹੁੰਦੀ ਹੀ ਬਹੁਤੀ ਮਾਈਓਪੀਏ ਵਾਲਿਆਂ ਨੂੰ ਏ। ਮੈਨੂੰ ਕਾਲਜ ਵਿਚ ਪਹਿਲੇ ਸਾਲ ਹੀ ਐਨਕਾਂ ਲਗ ਗਈਆਂ ਸਨ।''

''ਪੰਜ ਮਹੀਨੇ ਪਹਿਲੋਂ ਨਾ,'' ਪਦਮਾ ਚੱਢਾ ਆਪਣੀ ਸੱਜੀ ਅੱਖ ਦਾ ਦੁਖੜਾ ਰੋਂਦੀ ਕਹਿੰਦੀ ਗਈ, ''ਸੱਜੀ ਅੱਖ ਵਿਚੋਂ ਮੈਨੂੰ ਇਂਵ ਲਗੇ ਜਿਵੇਂ ਕੋਈ ਚੂਹਾ ਦੌੜ ਕੇ ਲੰਘ ਗਿਆ ਏ। ਮੈਂ ਇਨ੍ਹਾਂ ਨੂੰ ਆਖਾਂ ਬਜ਼ਾਰੋਂ ਚੂਹੇ ਮਾਰਨ ਵਾਲੀ ਦੁਆਈ

ਲਿਆ ਦਿਓ। ਇਹ ਆਖਣ ਘਰ ਵਿਚ ਚੂਹੇ ਦਾ ਤਾਂ ਨਾਮ ਨਿਸ਼ਾਨ ਨਹੀਂ। ਅਸੀਂ ਕਿੰਨੀ ਵਾਰੀ ਏਸ ਗੱਲੋਂ ਖਹਿਬੜ ਵੀ ਪਏ। ਕੁਝ ਦਿਨਾਂ ਮਗਰੋਂ ਮੇਰੀ ਸੱਜੀ ਅੱਖ ਵਿਚ ਲਿਸ਼ਕਾਰੇ ਪੈਣ ਲੱਗੇ। ਮੈਂ ਆਖਾਂ ਲਿਸ਼ਕਦਾ ਬੜਾ ਏ ਪਰ ਵਸਦਾ ਕਿਉਂ ਨਹੀਂ। ਅਖੀਰ ਜਾ ਕੇ ਸਮਝ ਆਈ ਕਿ ਕਸੂਰ ਸਾਰਾ ਮੇਰੀ ਨਿਜਹੋਣੀ ਸੱਜੀ ਅੱਖ ਦਾ ਏ। ਉਥੇ ਜਨਕਪੁਰੀ ਸਾਡੇ ਗੁਆਂਢ ਡਾਕਟਰ ਬੁਧੀਰਾਜਾ ਆਈ ਸਪੈਸ਼ਲਿਸਟ ਏ। ਉਹਨੂੰ ਵਿਖਾਇਆ। ਆਖਣ ਲੱਗਾ, ਢਿੱਲ ਨਾ ਲਾਓ, ਹੁਣੇ ਜਾ ਕੇ ਵੱਡੇ ਹਸਪਤਾਲ 'ਦੀ ਐਮਰਜੈਂਸੀ ਵਿਚ ਵਿਖਾਓ। ਏਥੇ ਮਸ਼ੀਨਾਂ ਲਾ ਕੇ ਡਾਕਟਰਾਂ ਵੇਖਿਆ, ਸੱਜੀ ਅੱਖ ਦੀ ਰੈਟੀਨਾ ਵਿਚ ਪਾੜ ਪਿਆ ਹੋਇਆ ਸੀ। ਜਿਵੇਂ ਘੋੜੇ ਦਾ ਨਾਅਲ ਨਹੀਂ ਹੁੰਦਾ, ਉਸ ਸ਼ਕਲ ਦਾ ਪਾੜ। ਦੋ ਦਿਨ ਨਾ ਆਉਂਦੀ ਤਾਂ ਰੈਟੀਨਾ ਡੀਟੈਚ ਹੋ ਜਾਣਾ ਸੀ।

''ਤੁਸੀਂ ਜਨਕਪੁਰੀ ਰਹਿੰਦੇ ਹੋ ?'' ਊਸ਼ਾ ਅਨੰਦ ਨੇ ਪੁੱਛਿਆ।

''ਆਹੋ। ਆਪਣਾ ਫਲੈਟ ਏ। ਭਲੇ ਵੇਲੇ ਦਿੱਲੀ ਵਿਚ ਜ਼ਮੀਨ ਨਹੀਂ ਖਰੀਦੀ ਤੇ ਹੁਣ ਉਮਰ ਭਰ ਦੀ ਕਮਾਈ, ਗਹਿਣੇ ਗੱਟੇ ਸਮੇਤ ਇਸ ਫਲੈਟ 'ਤੇ ਲਾ ਛੱਡੀ ਏ। ਤੁਸੀਂ ਕਿਥੇ ਰਹਿੰਦੇ ਓ ?''

''ਅਸੀਂ ਤਾਂ ਨੇੜੇ ਹੀ ਹਾਂ। ਡੀਫੈਂਸ ਕਾਲੋਨੀ।''

''ਆਪਣੀ ਕੋਠੀ ਏ ?''

''ਹਾਂ।''

''ਕਿੰਨੇ ਗਜ਼ ?''

''ਸਵਾ ਤਿੰਨ ਸੌ।''

''ਡੀਫੈਂਸ ਕਾਲੋਨੀ ਤਾਂ ਜ਼ਮੀਨ ਅੱਜ ਕੱਲ੍ਹ ਸੋਨੇ ਦੇ ਭਾਅ ਏ। ਸੁਣਿਆ ਏ ਹੁਣ ਰੇਟ ਵੀਹ ਹਜ਼ਾਰ ਰੁਪਏ ਮੀਟਰ ਏ। ਏਸ ਹਿਸਾਬ ਤਾਂ ਤੁਹਾਡਾ ਪਲਾਟ ਹੀ ਸੱਠ ਲੱਖ ਤੋਂ ਉਪਰ ਹੋਇਆ।'' ਪਦਮਾ ਚੱਢਾ ਨੇ ਝੱਟ ਹਿਸਾਬ ਲਾਂਦਿਆਂ ਆਖਿਆ।

''ਅਸਾਂ ਕਿਹੜਾ ਵੇਚਣਾ ਏ। ਵੇਚੀਏ ਤਾਂ ਰਹੀਏ ਕਿਥੇ। ਸਿਰ 'ਤੇ ਛੱਤ ਨਾ ਹੋਵੇ ਤਾਂ ਲੱਖਾਂ ਨੂੰ ਕਿਸੇ ਕੀ ਕਰਨਾ ਏ। ਇਹ ਆਪ ਭਾਵੇਂ ਕਈ ਵਾਰੀ ਕਹਿੰਦੇ ਨੇ ਕਿ ਵੇਚ ਕੇ ਚੰਡੀਗੜ੍ਹ ਜਾਂ ਡੇਹਰਾਦੂਨ ਜਾ ਰਹੀਏ। ਪਰ ਕਾਕੇ ਦੀ ਠੇਕੇਦਾਰੀ ਏਥੇ, ਨੂੰਹ ਦੇ ਪੇਕੇ ਏਥੇ ਨੇ। ਦਿੱਲੀ ਛੱਡਣੀ ਮੁਸ਼ਕਲ ਏ।''

''ਕਾਕਾ ਠੇਕੇਦਾਰੀ ਕਰਦਾ ਜੇ ?''

''ਹਾਂ।''

''ਜੀਉਂਦਾ ਰਹੇ। ਏਥੇ ਨਾਲ ਆਇਆ ਜੇ ?''

''ਕਿਥੇ। ਉਹਨੂੰ ਆਪਣੇ ਕੰਮਾਂ 'ਚੋਂ ਸਿਰ ਖੁਰਕਣ ਦੀ ਵਿਹਲ ਨਹੀਂ।''

''ਫੇਰ ਨੂੰਹ ਆਈ ਹੋਵੇਗੀ ਜੇ।''

''ਨਹੀਂ, ਉਹਦੀ ਅੱਜ ਕਿੱਟੀ ਪਾਰਟੀ ਸੀ। ਕਹਿੰਦੀ ਸੀ, 'ਮਾਂ ਜੀ ਤੁਸੀਂ ਕਾਰ ਤੇ ਡਰਾਈਵਰ ਲੈ ਜਾਓ।' ਪਰ ਮੈਂ ਆਖਿਆ, 'ਤੂੰ ਲੈ ਜਾ, ਮੈਂ ਤਾਂ ਨਾਲ

ਈ ਜਾਣਾ ਏ, ਕੋਈ ਥ੍ਰੀ-ਵ੍ਹੀਲਰ ਫੜ ਲਵਾਂਗੀ।' ਤੁਹਾਡੇ ਨਾਲ ਕੌਣ ਆਇਆ ਏ ?"

"ਕੋਈ ਨਹੀਂ ? ਚਢਾ ਸਾਹਿਬ ਆਖਣ ਲੱਗੇ, 'ਮੈਂ ਦਫਤਰੋਂ ਛੁੱਟੀ ਲੈ ਲੈਣਾ ਵਾਂ।' ਮੈਂ ਆਖਿਆ, 'ਦਵਾਈ ਮੇਰੀਆਂ ਅੱਖਾਂ ਵਿਚ ਪੈਣੀ ਏ, ਚੈਕਅਪ ਡਾਕਟਰ ਨੇ ਮੇਰੀਆਂ ਅੱਖਾਂ ਦਾ ਕਰਨਾ ਏ। ਤੁਸੀਂ ਜਾ ਕੇ ਕੀ ਲੈਣਾ ਏ ?"

"ਨਹੀਂ, ਉਂਜ ਤਾਂ ਕੋਈ ਆਪਣਾ ਨਾਲ ਹੋਵੇ ਤਾਂ ਦਿਲ ਨੂੰ ਸਹਾਰਾ ਰਹਿੰਦਾ ਏ।"

"ਆਪਣੇ ਮੈਨੂੰ ਤੁਸੀਂ ਜੁ ਮਿਲ ਗਏ ਓ।" ਪਦਮਾ ਚੱਢਾ ਨੇ ਓੜਕ ਦੀ ਅਪਣੱਤ ਨਾਲ ਆਖਿਆ, "ਤੁਸੀਂ ਮੇਰਾ ਸਹਾਰਾ, ਮੈਂ ਤੁਹਾਡਾ ਸਹਾਰਾ। ਹੋਰ ਸਹਾਰੇ ਅਸਾਂ ਕੀ ਕਰਨੇ ਨੇ।"

ਊਸ਼ਾ ਅਨੰਦ ਨੇ ਪ੍ਰਤੀਤ ਕੀਤਾ ਕਿ ਉਨ੍ਹਾਂ ਦੇ ਦਿਲ ਬੜੀ ਨੇੜੇ ਨੇੜੇ ਧੜਕ ਰਹੇ ਸਨ।

ਚੌਥੀ ਵਾਰੀ ਦਵਾਈ ਪਾਣ ਆਈ ਨਰਸ ਨੇ ਪਦਮ ਚੱਢਾ ਨੂੰ ਦੱਸਿਆ ਕਿ ਉਹਦੀ ਡਾਇਲੇਸ਼ਨ ਹੋ ਗਈ ਸੀ ਤੇ ਉਹ ਹੁਣ ਡਾਕਟਰ ਦੇ ਕਮਰੇ ਵਿਚ ਜਾ ਸਕਦੀ ਸੀ।

ਚੈਕਅਪ ਮਗਰੋਂ ਜਦੋਂ ਚੱਢਾ ਬਾਹਰ ਆਈ ਤਾਂ ਊਸ਼ਾ ਅਨੰਦ ਨੇ ਪੁੱਛਿਆ,

"ਕੀ ਕਹਿੰਦਾ ਏ ਡਾਕਟਰ ?"

"ਸਭ ਠੀਕ ਠਾਕ ਏ। ਕਹਿੰਦਾ ਏ ਕੋਈ ਨਵੀਂ ਥਾਂ ਨਹੀਂ ਛਿਜੀ।" ਆਖ ਕੇ ਪਦਮਾ ਚੱਢਾ ਫੇਰ ਬੈਂਚ 'ਤੇ ਬਹਿ ਗਈ ਤੇ ਉਨਾ ਚਿਰ ਬੈਠੀ ਉਡੀਕਦੀ ਰਹੀ ਜਿੰਨਾ ਚਿਰ ਊਸ਼ਾ ਅਨੰਦ ਦਾ ਚੈਕਅਪ ਖਤਮ ਨਾ ਹੋਇਆ।

"ਸ਼ੁਕਰ ਏ ਮੇਰਾ ਵੀ ਠੀਕ ਠਾਕ ਨਿਕਲਿਆ ਏ," ਊਸ਼ਾ ਅਨੰਦ ਬਾਹਰ ਆਉਂਦੀ ਬੋਲੀ, "ਮੇਰਾ ਦਿਲ ਅਜੇ ਤਕ ਧੜਕੀ ਜਾਂਦਾ ਏ।"

"ਮੁੜ ਕਦੋਂ ਬੁਲਾਇਆ ਨੇ ?"

"ਤਿੰਨ ਮਹੀਨਿਆਂ ਨੂੰ।"

"ਮੈਨੂੰ ਵੀ ਤਿੰਨ ਮਹੀਨਿਆਂ ਨੂੰ।" ਪਦਮਾ ਚੱਢਾ ਨੇ ਖੁਸ਼ ਹੋ ਕੇ ਆਖਿਆ, "ਅਸੀਂ ਕਾਊਂਟਰ ਤੋਂ ਇਕੋ ਡੇਟ ਪਵਾ ਲੈਨੀਆਂ ਵਾਂ। ਤਿੰਨ ਮਹੀਨਿਆਂ ਨੂੰ ਦੋਵੇਂ ਭੈਣਾਂ ਮੁੜ ਰਲ ਬੈਠਾਂਗੀਆਂ।"

"ਤਿੰਨ ਮਹੀਨੇ ਮੇਰੇ ਤੋਂ ਮਿਲੇ ਬਗੈਰ ਨਹੀਂ ਰਿਹਾ ਜਾਣਾ। ਸਾਡੇ ਘਰ ਡੀਫੈਂਸ ਕਾਲੋਨੀ ਆਇਆ ਜੇ। ਸਾਡਾ ਨੰਬਰ ਪੀ-162 ਹੈ।"

"ਆਵਾਂਗੀ। ਜ਼ਰੂਰ ਆਵਾਂਗੀ ਪਰ ਪਹਿਲੇ ਤੁਸੀਂ ਕਿਸੇ ਦਿਨ ਜਨਕਪੁਰੀ ਆਓ। ਸਾਡਾ ਨੰਬਰ ਐਮ 123 ਏ। ਮੈਂ ਤੁਹਾਡਾ ਰਾਹ ਵੇਖਾਂਗੀ।"

ਕੋਈ ਪੰਦਰ੍ਹਾਂ ਦਿਨਾਂ ਮਗਰੋਂ ਜਦੋਂ ਪਦਮਾ ਚੱਢਾ ਦੀ ਨਜ਼ਰ ਖਿੜਕੀ 'ਚੋਂ ਬਾਹਰ ਪਈ ਤਾਂ ਉਹਨੇ ਆਪਣੇ ਘਰ ਦੇ ਅੱਗੇ ਇਕ ਕਾਰ ਰੁਕਦੀ ਵੇਖੀ। ਸ਼ੋਫ਼ਰ ਨੇ ਬਾਹਰ ਨਿਕਲ ਕੇ ਕਾਰ ਦਾ ਦਰਵਾਜ਼ਾ ਖੋਲ੍ਹਿਆ।

"ਸੁਣ ਲਖਸ਼ਮੀ," ਪਦਮਾ ਚੱਢਾ ਨੇ ਝਾੜੂ ਪੋਚਾ ਕਰਦੀ ਮਾਈ ਨੂੰ ਆਖਿਆ,

"ਇਕ ਚਨਾਨੀ ਸਾਡੇ ਘਰ ਵਲ ਆ ਰਹੀ ਏ । ਆਖ ਦਈਂ ਮੈਂ ਘਰ ਨਹੀਂ । ਆਖ ਦਈਂ ਮੈਂ ਚਾਂਦਨੀ ਚੌਂਕ ਗਈ ਆਂ, ਰਾਤੀਂ ਪਰਤਾਂਗੀ ।"

ਜਦੋਂ ਮੋਟਰ ਚਲੀ ਗਈ ਤਾਂ ਪਸੀਨਾ ਪਸੀਨਾ ਹੋਈ ਪਦਮਾ ਚੱਢਾ ਸਟੋਰ 'ਚੋਂ ਨਿਕਲੀ ।

"ਕੌਣ ਸੀ, ਬੀਬੀ ਜੀ ?" ਲਖਸ਼ਮੀ ਨੇ ਪੁਛਿਆ ।

"ਮੈਨੂੰ ਹਸਪਤਾਲ ਮਿਲੀ ਸੀ । ਬੜੀ ਆਪਣੀ ਡੀਫੈਂਸ ਕਾਲੋਨੀ ਦੀ ਕੋਠੀ ਦੀ ਸ਼ਾਨ ਸਾੜਦੀ ਸੀ । ਹੁਣ ਮੈਨੂੰ ਆਪਣੀ ਕਾਰ ਤੇ ਵਰਦੀ ਵਾਲਾ ਡਰਾਈਵਰ ਵਿਖਾਣ ਆਈ ਸੀ ।"

ਕੁਲ ਗੁਰੂ ਵਸ਼ਿਸ਼ਟ

ਜਦੋਂ ਪੁਲੀਸ ਨੇ ਝੌਂਪੜੀਆਂ ਵਿਚੋਂ ਲੁਟ ਦਾ ਮਾਲ ਬਰਾਮਦ ਕਰਨਾ ਸ਼ੁਰੂ ਕੀਤਾ ਤਾਂ ਮੁਕੰਦੀ ਲਾਲ ਦੀ ਖਾਨਿਉਂ ਗਈ। ਏਨਾਂ ਸ਼ੁਕਰ ਕਿ ਕਿਸੇ ਕੈਦ ਸਜ਼ਾ ਦਾ ਧੁੜਕੂ ਨਹੀਂ ਸੀ। ਸਿਰਫ਼ ਹਜ਼ਮ ਕੀਤਾ ਮਾਲ ਉਗਲਨਾ ਪੈਣਾ ਸੀ। ਪਰ ਇਹ ਕਿਹੜਾ ਘਟ ਤਸੀਹਾ ਸੀ। ਮਾਲ ਉਗਲਦਿਆਂ ਅੰਦਰੋਂ ਆਂਦਰਾਂ ਵਲੂੰਧਰੀਆਂ ਜਾਂਦੀਆਂ ਸਨ। ਇਹਦੇ ਨਾਲੋਂ ਤਾਂ ਕੈਦ ਬਾਮੁਸ਼ੱਕਤ ਢੇਰ ਸੌਖੇਰੀ ਸੀ। ਮਹੀਨੇ ਭੂਢ ਮਗਰੋਂ ਲੁਟਿਆ ਮਾਲ ਬਰਾਮਦ ਕਰਵਾਣਾ ਕਿਥੋਂ ਦਾ ਕਾਨੂੰਨ ਸੀ। ਨਿਰਾ ਡਾਢਿਆਂ ਦਾ ਨਿਆਂ। ਬੰਦਾ ਪੁਛੇ, ਜੇ ਮਗਰੋਂ ਬਰਾਮਦ ਹੀ ਕਰਵਾਣਾ ਸੀ ਤਾਂ ਪਹਿਲੋਂ ਲੁਟਣ ਹੀ ਕਿਉਂ ਦਿੱਤਾ। ਏਸ ਹਸਾਬ ਤਾਂ ਉਹੀਓ ਸੁਘੜ ਸਿਆਣੇ ਸਨ ਜਿਹੜੇ ਹਰਿਆਨੇ ਵਾਪਸ ਜਾਂਦੇ ਹੋਏ ਕਲਰ ਟੀ. ਵੀ. ਤੇ ਵੀ. ਸੀ. ਆਰ ਪੰਜ ਪੰਜ ਸੌ ਤੋਂ ਵੇਚ ਗਏ ਸਨ। ਉਹਨੂੰ ਇਹ ਸਿਆਣਪ ਕਿਉਂ ਨਾ ਸੁਝੀ। ਕਲਰ ਟੀ. ਵੀ. ਉਹਨੇ ਹਿੱਕ ਨਾਲ ਚਮੋੜੀ ਰਖਿਆ ਤੇ ਹੁਣ ਪੁਲੀਸ ਉਹ ਕਲਰ ਟੀ. ਵੀ. ਉਹਦੀ ਪੀਚਵੀਂ ਗਲਵਕੜੀ 'ਚੋਂ ਧੂਹ ਕੇ ਲੈ ਜਾਏਗੀ ਤੇ ਉਹਦਾ ਫਟੜ ਦਿਲ ਲਹੂ ਲੁਹਾਨ ਹੋਇਆ ਪਿਛੇ ਘਿਸਟਦਾ ਜਾਏਗਾ।

ਏਨੇ ਵਰ੍ਹੇ, ਮੁਕੰਦੀ ਲਾਲ ਨੇ ਸੋਚਿਆ, ਉਹਨੂੰ ਦਿੱਲੀ ਵਿਚ ਭਠ ਝੋਕਦਿਆਂ ਲੰਘ ਗਏ ਸਨ। ਸਰਕਾਰ ਨੇ ਵੀ ਕਈ ਸੂਤਰੀ ਪ੍ਰੋਗਰਾਮ ਬਣਾ ਬਣਾ ਕੇ ਉਹਦੀ ਗ਼ਰੀਬੀ ਦੂਰ ਕਰਨ ਲਈ ਵਾਹ ਲਾਈ ਸੀ। ਪਰ ਗ਼ਰੀਬੀ ਦੀ ਜ਼ਹਿਮਤ ਐਸੀ ਸੀ ਕਿ ਜਿੰਨਾਂ ਕੋਈ ਇਹਨੂੰ ਮਗਰੋਂ ਲਾਹਣ ਦਾ ਜਤਨ ਕਰਦਾ, ਭਖੜੇ ਵਾਂਗੂ ਉਨੀ ਇਹ ਹੋਰ ਚੰਬੜਦੀ। ਅਖ਼ੀਰ ਇਕ ਦਿਨ ਐਸਾ ਆਇਆ, ਮੁਕੰਦੀ ਲਾਲ ਨੇ ਸੋਚਿਆ, ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਦੇਸ਼ ਦੀ ਪਰਧਾਨ ਮੰਤਰੀ ਨੂੰ ਆਪਣੇ ਪ੍ਰਾਣਾਂ ਦੀ ਆਹੂਤੀ ਦੇਣੀ ਪਈ। ਤਦੋਂ ਦਿੱਲੀ ਅਤੇ ਕਾਨ੍ਹਪੁਰ ਦੇ ਗ਼ਰੀਬਾਂ ਨੂੰ ਖੁਲ੍ਹੀ ਛੂਟ ਮਿਲ ਗਈ ਕਿ ਉਹ ਆਪਣੀ ਹੱਥੀਂ ਆਪਣੀ ਗ਼ਰੀਬੀ ਦੂਰ ਕਰਨ ਦਾ ਇਕ ਸਿਰਤੋੜ ਜਤਨ ਕਰ ਵੇਖਣ। ਤੇ ਇਹ ਏਸੇ ਜਤਨ ਦਾ ਸਦਕਾ ਸੀ ਕਿ ਉਹ ਜਿਨ੍ਹਾਂ ਨੂੰ ਢੇਰ ਅੱਖਾਂ ਮਲ ਮਲ ਕੇ ਵੀ ਕਦੀ ਟਰਾਂਸਿਸਟਰ ਵੇਖਣਾ ਨਸੀਬ ਨਹੀਂ ਸੀ ਹੋਇਆ, ਉਨ੍ਹਾਂ ਦੀਆਂ ਝੁਗੀਆਂ ਵਿਚੋਂ ਅੱਜ ਕਲਰ ਟੀ. ਵੀ., ਵੀ. ਸੀ. ਆਰ,

ਗੀਜ਼ਰ, ਫ਼ਰਿਜ ਤੇ ਵਾਸ਼ਿੰਗ ਮਸ਼ੀਨਾਂ ਬਰਾਮਦ ਹੋ ਰਹੀਆਂ ਸਨ।

ਮਹੀਨਾ ਖੰਡ ਝੁਗੀਆਂ ਝੌਂਪੜੀਆਂ ਵਾਲੇ ਬੜੇ ਨਾਢੂ ਖਾਨ ਬਣੇ ਰਹੇ ਸਨ। ਅਖੀਰ ਸਰਕਾਰ ਨੇ ਉਨ੍ਹਾਂ ਦੀ ਗਰੀਬੀ ਕੱਟ ਦਿੱਤੀ ਸੀ। ਈਸ਼ਵਰ ਦੀ ਇਸ ਦੁਨੀਆਂ ਵਿਚ ਦੇਰ ਜ਼ਰੂਰ ਸੀ ਪਰ ਹਨੇਰ ਨਹੀਂ ਸੀ। ਝੁਗੀਆਂ ਝੌਂਪੜੀਆਂ ਵਿਚ ਰੌਣਕਾਂ ਲਗ ਗਈਆਂ ਸਨ। ਰੱਬ ਨੇ ਛਪਰ ਪਾੜ ਕੇ ਅਣ-ਕਿਆਸੀਆਂ ਨਿਆਮਤਾਂ ਬਖ਼ਸ਼ ਦਿੱਤੀਆਂ ਸਨ। ਝੁਗੀਆਂ ਦੀਆਂ ਸਵਾਣੀਆਂ ਜੋ ਕਲ੍ਹ ਤੀਕ ਕੋਠੀਆਂ ਵਿਚ ਜੂਠੇ ਭਾਂਡੇ ਮਾਂਜਦੀਆਂ ਤੇ ਝਾੜੂ ਪੋਚਾ ਕਰਦੀਆਂ ਸਨ, ਹੁਣ ਸਾਰਾ ਦਿਨ ਧੁੱਪ ਸੇਕਦੀਆਂ ਤੇ ਸ਼ੀਸ਼ਾ ਸਾਹਮਣੇ ਰਖ ਕੇ ਕੰਘੀਆਂ ਪਟੀਆਂ ਸੰਵਾਰਦੀਆਂ ਰਹਿੰਦੀਆਂ। ਪਰ ਮਾਲ ਬਰਾਮਦ ਕਰਨ ਦੀ ਮੁਹਿੰਮ ਨਾਲ ਝੁਗੀਆਂ ਝੌਂਪੜੀਆਂ ਦਾ ਮਾਵਾ ਲਥਣਾ ਸ਼ੁਰੂ ਹੋ ਗਿਆ।

ਬਰਾਮਦ ਹੋਇਆ ਮਾਲ ਕਿਥੇ ਜਾਂਦਾ ਸੀ, ਇਹ ਕੋਈ ਨਹੀਂ ਸੀ ਜਾਣਦਾ। ਪਰ ਇਕ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਸੀ ਕਿ ਇਹ ਮਾਲ ਮਾਲਕਾਂ ਜਾਂ ਉਨ੍ਹਾਂ ਦੇ ਵਾਰਸਾਂ ਪਾਸ ਨਹੀਂ ਸੀ ਪਹੁੰਚਦਾ, ਕਿਉਂਜੋ ਮਾਲਕ ਤੇ ਉਨ੍ਹਾਂ ਦੇ ਵਾਰਸ ਏਸ ਜਹਾਨੋਂ ਹੀ ਕੂਚ ਕਰ ਗਏ ਸਨ। ਉਹ ਉਥੇ ਪਹੁੰਚ ਗਏ ਸਨ ਜਿਥੇ ਕਿਸੇ ਟੀ. ਵੀ., ਕਿਸੇ ਫ਼ਰਿਜ, ਕਿਸੇ ਗੀਜ਼ਰ, ਕਿਸੇ ਵਾਸ਼ਿੰਗ ਮਸ਼ੀਨ ਦੀ ਲੋੜ ਨਹੀਂ ਸੀ। ਲੋਹੇ ਦੀ ਲਠ ਦੀ ਇਕੋ ਮਾਰੂ ਸਟ ਉਨ੍ਹਾਂ ਦੇ ਸਿਰ ਵਿਚ ਵਜੀ ਸੀ ਤੇ ਉਹ ਅਧਮੋਏ ਹੋ ਕੇ ਡਿੱਗ ਪਏ ਸਨ। ਮਗਰੋਂ ਉਨ੍ਹਾਂ ਦੀ ਤੜਫਨੀ ਦਾ ਸੰਤਾਪ ਹਰਨ ਲਈ ਗ਼ਰੀਬੀ ਹਟਾਉਣ ਵਾਲੀਆਂ ਭੀੜਾਂ ਨੇ ਰੱਬ ਤਰਸੀ ਕਰ ਕੇ ਉਨ੍ਹਾਂ ਉਤੇ ਪੈਟਰੋਲ ਛਿੜਕ ਕੇ ਉਨ੍ਹਾਂ ਨੂੰ ਜੀਉਂਦਿਆਂ ਸਾੜ ਦਿੱਤਾ ਸੀ।

ਅੱਜ ਕਿਤੋਂ ਮੁਕੰਦੀ ਲਾਲ ਨੂੰ ਭਿਣਕ ਪੈ ਗਈ ਸੀ ਕਿ ਕਲ੍ਹ ਸਰਘੀ ਨੂੰ ਪੋਲੀਸ ਨੇ ਕਲਿਆਨਪੁਰੀ ਦੀਆਂ ਝੁਗੀਆਂ ਤੇ ਛਾਪਾ ਮਾਰਨਾ ਸੀ। ਸੁਣ ਕੇ ਉਹਦਾ ਖਾਣ ਪੀਣ ਹਰਾਮ ਹੋ ਗਿਆ। ਬਸ ਬੀੜੀ ਤੇ ਬੀੜੀ ਫੂਕਦਾ ਰਿਹਾ ਤੇ ਬੇਧਿਆਨੀ ਵਿਚ ਥਿਰੀ ਵੀਲਰ ਤੇ ਸਵਾਰੀਆਂ ਢੋਂਦਾ ਰਿਹਾ। ਤਾਰ ਉਹਦੀ ਕਿਤੇ ਹੋਰ ਵਜਦੀ ਸੀ। ਦੋ ਵਾਰੀ ਉਹਦਾ ਐਕਸੀਡੈਂਟ ਹੁੰਦਾ ਹੁੰਦਾ ਬਚਿਆ। ਪਰ ਭਾਵੇਂ ਉਹਦਾ ਮਨ ਸਾਰਾ ਦਿਨ ਉਧੇੜ ਬੁਣ ਵਿਚ ਉਲਝਿਆ ਰਿਹਾ, ਉਹਨੂੰ ਕੋਈ ਸਬੀਲ ਨਾ ਸੁਝੀ। ਇਕ ਗੱਲ ਉਹਨੇ ਨਿਸਚੇ ਕਰ ਲਈ ਸੀ। ਉਹ ਜਾਨ ਦੇ ਦਏਗਾ ਪਰ ਕਦਾਚਿਤ ਆਪਣੀ ਟੀ. ਵੀ. ਪੋਲੀਸ ਦੇ ਹਵਾਲੇ ਨਹੀਂ ਕਰੇਗਾ।

ਬੀੜੀਆਂ ਦੇ ਲੋਰ ਵਿਚ ਆਪਣੇ ਹੱਕ ਦੀ ਰਾਖੀ ਖ਼ਾਤਰ ਜਾਨ ਦੇਣੀ ਔਖੀ ਨਹੀਂ ਸੀ ਲਗਦੀ। ਪਰ ਜਦੋਂ ਉਹ ਥਿਰੀ ਵੀਲਰ ਦੇ ਮਾਲਕ ਦਾ ਕਿਰਾਇਆ ਭਰ ਕੇ ਭੁੱਖਾ ਭਾਣਾ ਢਾਬੇ ਵਲ ਜਾ ਰਿਹਾ ਸੀ ਤਾਂ ਜਾਨ ਦੇਣ ਦੇ ਇਰਾਦੇ ਦਾ ਮੂੰਹ ਧੁਆਂਖ ਘਤਾ ਸੀ। ਪੋਲੀਸ ਦੇ ਸਾਹਮਣੇ ਵਡੇ ਵਡੇ ਖਬੀਖਾਨਾਂ ਦੀ ਤਹਿਮਦ ਲਿਬੜ ਘਤਦੀ ਸੀ, ਉਹ, ਮੁਕੰਦੀ ਲਾਲ ਕਿਹੜੀ ਗਿਣਤੀ ਵਿਚੋਂ ਸੀ। ਰੋਟੀ ਖਾਣ ਮਗਰੋਂ ਉਹਦੀ ਸੁਰਤ ਰਤਾ ਕੁ ਸੰਭਲੀ ਤੇ ਜਦੋਂ ਉਹਨੇ ਤੱਤੀ ਤੱਤੀ ਚਾਹ ਦਾ ਸੁੜਾਕਾ ਮਾਰਿਆ ਤਾਂ ਅੱਖ ਪਲਕਾਰੇ ਵਿਚ ਇਕ ਸਬੀਲ ਉਹਦੇ ਮਨ ਵਿਚ ਲਿਸ਼ਕ ਪਈ। ਹੈਰਾਨੀ ਤਾਂ

ਇਹ ਸੀ ਕਿ ਇਹ ਸਿਧ ਪਧਰੀ ਜਹੀ ਸਬੀਲ ਉਹਨੂੰ ਸਾਰਾ ਦਿਨ ਕਿਉਂ ਨਾ ਸੁਝੀ।

ਨਠਦਾ ਨਠਦਾ ਉਹ ਆਪਣੀ ਝੁਗੀ ਵਿਚ ਅਪੜਿਆ। ਟੀ. ਵੀ. ਇਕ ਪਾਟੀ ਖੇਸੀ ਵਿਚ ਬੰਨ੍ਹ ਕੇ ਥਿਰੀ ਵੀਲਰ ਦੀ ਸੀਟ ਤੇ ਰਖਿਆ। ਅਤੇ ਥਿਰੀ ਵੀਲਰ ਮਾਡਲ ਟਾਊਨ ਵਲ ਹਕ ਦਿੱਤਾ ਜਿਥੇ ਇਕ ਸੇਠ ਦੀ ਕੋਠੀ ਵਿਚ ਉਹਦਾ ਯਾਰ ਜੰਗ ਬਹਾਦਰ ਪਿਛਲੇ ਬਾਰ੍ਹਾਂ ਵਰ੍ਹਿਆ ਤੋਂ ਚੌਕੀਦਾਰੀ ਕਰਦਾ ਸੀ। ਮੁਕੰਦੀ ਲਾਲ ਨੇ ਖੁਦ ਇਸ ਕੋਠੀ ਵਿਚ ਡੇਢ ਸਾਲ ਡਰਾਈਵਰੀ ਕੀਤੀ ਸੀ। ਪਰ ਪਿਛਲੇ ਸਾਲ ਉਹ ਕਢਿਆ ਗਿਆ ਸੀ ਕਿਉਂਜੋ ਪੈਟਰੋਲ ਪੰਪ ਵਾਲਿਆਂ ਨਾਲ ਰਲ ਕੇ ਉਹਨੇ ਝੂਠੀਆਂ ਰਸੀਦਾਂ ਬਣਵਾਈਆਂ ਸਨ ਤੇ ਉਹਦੀ ਬੇਈਮਾਨੀ ਪਕੜੀ ਗਈ ਸੀ।

ਜੰਗ ਬਹਾਦਰ ਬੇਈਮਾਨੀ ਕਰਨ ਵਾਲੇ ਦੇ ਰਾਹ ਨਹੀਂ ਸੀ ਲੰਘਦਾ। ਪਿਛਲੇ ਸਾਲ ਜਦੋਂ ਮੁਕੰਦੀ ਲਾਲ ਨੂੰ ਨੌਕਰੀ ਤੋਂ ਜਵਾਬ ਮਿਲਿਆ ਤਾਂ ਕਿੰਨੇ ਦਿਨ ਜੰਗ ਬਹਾਦਰ ਦੇ ਮੂੰਹ ਵਿਚ ਨਿੰਮ ਘੁਲੀ ਰਹੀ ਸੀ। ਮੁਕੰਦੀ ਲਾਲ ਲਈ ਜੰਗ ਬਹਾਦਰ ਦੇ ਦਿਲ ਵਿਚ ਇਕ ਰਾਖਵੀਂ ਥਾਂ ਸੀ। ਪਿਛਲੇ ਵਰ੍ਹੇ ਜਦੋਂ ਕੋਠੀ ਦੇ ਮਾਲਕ ਨੈਨੀਤਾਲ ਗਏ ਹੋਏ ਸਨ ਤੇ ਸਾਂਹਸੀ ਚੋਰਾਂ ਦੀ ਧਾੜ ਜੰਗ ਬਹਾਦਰ ਨੂੰ ਅਧਮੋਇਆ ਕਰਕੇ ਸੁਟ ਗਈ ਸੀ ਤਾਂ ਮੁਕੰਦੀ ਲਾਲ ਹੀ ਉਹਨੂੰ ਟੈਕਸੀ ਵਿਚ ਪਾ ਕੇ ਹਸਪਤਾਲ ਲੈ ਗਿਆ ਸੀ। ਤਾਂ ਵੀ ਖ਼ੂਨ ਦੀਆਂ ਦੋ ਬੋਤਲਾਂ ਚੜ੍ਹੀਆਂ ਸਨ। ਹਸਪਤਾਲ ਪੁਚਾਣ ਵਿਚ ਮਾਸਾ ਢਿਲ ਹੋ ਜਾਂਦੀ ਤਾਂ ਜੰਗ ਬਹਾਦਰ ਵੈਤਰਨੀ ਤਰ ਕੇ ਧਰਮਰਾਜ ਦੇ ਦੁਆਰ ਜਾ ਪੁਜਦਾ।

ਜਦੋਂ ਜੰਗ ਬਹਾਦਰ ਨੇ ਸੁਣਿਆ ਕਿ ਮੁਕੰਦੀ ਲਾਲ ਨੇ ਦਿੱਲੀ ਦੇ ਬੇਗੁਨਾਹ ਸਿੱਖਾਂ ਵਿਰੁਧ ਹੋਈ ਲੁੱਟ ਮਾਰ ਵਿਚ ਹਿੱਸਾ ਲਿਆ ਸੀ ਤਾਂ ਉਹਦੇ ਦਿਲ ਵਿਚ ਮੁਕੰਦੀ ਲਾਲ ਲਈ ਰਾਖਵੀਂ ਥਾਂ ਤੇ ਚੋਖਾ ਸਾਰਾ ਘਟਾ ਪੈ ਗਿਆ। ਜੰਗ ਬਹਾਦਰ ਨੇ ਮੁਕੰਦੀ ਨੂੰ ਲਾਅਨਤਾਂ ਭੇਜੀਆਂ, ਫਿਟਕਾਰਾਂ ਪਾਈਆਂ ਪਰ ਉਹਦੇ ਨਾਲੋਂ ਦੋਸਤੀ ਦਾ ਨਾਤਾ ਨਾਂ ਤੋੜ ਸਕਿਆ ਕਿਉਂਜੋ ਇਸ ਦੋਸਤੀ ਵਿਚ ਸੂਹੇ ਖ਼ੂਨ ਦੀਆਂ ਦੋ ਬੋਤਲਾਂ ਧੜਕਦੀਆਂ ਸਨ।

ਟੀ. ਵੀ. ਆਪਣੇ ਕੁਆਰਟਰ ਵਿਚ ਰਖਣੋਂ ਜੰਗ ਬਹਾਦਰ ਨੇ ਬੜੀ ਕਰੜਾਈ ਨਾਲ ਸਿਰ ਫੇਰਿਆ। ਸੇਠ ਰਾਮ ਪਰਸ਼ਾਦ ਦੀ ਕੋਠੀ ਦੇ ਚੌਕੀਦਾਰ ਦੇ ਕੁਆਰਟਰ ਵਿਚ ਲੁਟ ਦਾ ਮਾਲ। ਇਸ ਗੱਲ ਦਾ ਸੁਆਲ ਹੀ ਨਹੀਂ ਸੀ ਉਠਦਾ। ਪਰ ਜਿਉਂ ਜਿਉਂ ਮੁਕੰਦੀ ਲਾਲ ਨੇ ਉਹਦੀ ਠੋਡੀ ਹੱਥ ਲਾਇਆ, ਜਿਉਂ ਜਿਉਂ ਉਹਦੇ ਗੋਡੇ ਘੁਟੇ, ਜਿਉਂ ਜਿਉਂ ਲਿਲ੍ਹਕੜੀਆਂ ਲਈਆਂ, ਤਿਉਂ ਤਿਉਂ ਜੰਗ ਬਹਾਦਰ ਦੀ ਕਰੜਾਈ ਨਰਮ ਪੈਂਦੀ ਗਈ। ਉਹ ਅਜੇ ਵੀ ਨਾਂਹ ਵਿਚ ਸਿਰ ਹਿਲਾ ਰਿਹਾ ਸੀ, ਪਰ ਉਹਦੀ ਢੇਸ ਨਾਂਹ ਵਿਚ ਚੋਖੀ ਸਾਰੀ ਹਾਂ ਰਲ ਗਈ ਜਾਪਦੀ ਸੀ।

"ਠੀਕ ਹੈ।" ਅਖ਼ੀਰ ਜੰਗ ਬਹਾਦਰ ਨੇ ਆਖਿਆ, "ਸੇਠ ਤੇ ਉਹਦਾ ਪਰਵਾਰ ਦੋ ਮਹੀਨੇ ਲਈ ਅਮਰੀਕਾ ਦੀ ਸੈਰ ਲਈ ਗਏ ਹਨ। ਉਨ੍ਹਾਂ ਦੇ ਪਰਤਣ ਤੋਂ ਪਹਿਲਾਂ ਇਹ ਟੀ. ਵੀ. ਤੈਨੂੰ ਏਥੋਂ ਚੁਕਣਾ ਹੋਵੇਗਾ।"

ਮੁਕੰਦੀ ਲਾਲ ਹਰ ਸ਼ਰਤ ਲਈ ਤਿਆਰ ਸੀ। ਦੋ ਮਹੀਨੇ ਕਿਸ ਨੇ ਵੇਖੇ ਸਨ।

ਉਦੋਂ ਤੀਕ ਪੁਲੀਸ ਸਭ ਝੁਗੀ ਝੌਂਪੜੀ ਬਸਤੀਆਂ ਵਿਚ ਟਕਰਾਂ ਮਾਰ ਕੇ ਆਪਣੀ ਕਾਰਵਾਈ ਮੁਕੰਮਲ ਕਰ ਚੁਕੀ ਹੋਵੇਗੀ।

ਮੁਕੰਦੀ ਲਾਲ ਨੂੰ ਕਲਰ ਟੀ. ਵੀ. ਦਾ ਸੁਆਮੀ ਬਣਿਆਂ ਡੇਢ ਮਹੀਨਾ ਹੋ ਗਿਆ ਸੀ ਪਰ ਲਾ ਕੇ ਉਹਨੇ ਇਕ ਵਾਰੀ ਵੀ ਨਹੀਂ ਸੀ ਵੇਖਿਆ, ਕਿਉਂਜੋ ਕਲਿਆਨਪੁਰੀ ਉਹਦੀ ਝੁਗੀ ਵਿਚ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਜੰਗ ਬਹਾਦਰ ਦੇ ਪਸੀਜ ਜਾਣ ਨਾਲ ਮੁਕੰਦੀ ਲਾਲ ਦੇ ਦੋਹੀਂ ਹੱਥੀਂ ਲੱਡੂ ਆ ਗਏ। ਇਕ ਤਾਂ ਉਹਦਾ ਕਲਰ ਟੀ. ਵੀ. ਕੋਠੀ ਦੇ ਸਰਵੈਂਟ ਕੁਆਰਟਰ 'ਵਿਚ ਸੁਰਖਿਅਤ ਹੋ ਗਿਆ। ਦੂਜਾ ਹੁਣ ਉਹ, ਕਲਰ ਟੀ. ਵੀ. ਦਾ ਸਵਾਮੀ ਮੁਕੰਦੀ ਲਾਲ, ਜਦੋਂ ਚਾਹੇ ਆ ਕੇ ਟੀ. ਵੀ. ਵੇਖ ਸਕਦਾ ਸੀ।

ਅੱਜ ਕਲ੍ਹ ਟੀ. ਵੀ, ਤੇ ਰਾਮਾਇਨ ਵਿਖਾਈ ਜਾ ਰਹੀ ਸੀ। ਇਸ ਪ੍ਰੋਗਰਾਮ ਦੀ ਮੁਕੰਦੀ ਲਾਲ ਨੇ ਬੜੀ ਸੋਭਾ ਸੁਣੀ ਸੀ। ਦੇਸ਼ ਭਰ ਵਿਚ ਘਰ ਘਰ ਅੰਦਰ ਅਪਾਰ ਸ਼ਰਧਾ ਨਾਲ ਇਹ ਪ੍ਰੋਗਰਾਮ ਵੇਖਿਆ ਜਾਂਦਾ ਸੀ। ਏਥੋਂ ਤੀਕ ਕਿ ਹਰ ਐਤਵਾਰ ਨੂੰ ਸਵੇਰੇ ਨੌਂ ਤੋਂ ਦਸ ਵਜੇ ਤੀਕ, ਜਦੋਂ ਇਹ ਪ੍ਰੋਗਰਾਮ ਵਿਖਾਇਆ ਜਾਂਦਾ ਸੀ, ਦਿੱਲੀ ਦੀਆਂ ਸੜਕਾਂ ਬਾਜ਼ਾਰ ਸੁੰਨੇ ਹੋ ਜਾਂਦੇ ਸਨ। ਜਿਵੇਂ ਸਾਰੇ ਦਿੱਲੀ ਵਾਸੀ ਤੀਰਥ ਯਾਤਰਾ ਲਈ ਦਿੱਲੀ ਤੋਂ ਅਯੁਧਿਆ ਪਧਾਰ ਗਏ ਹੋਣ। ਥ੍ਰੀ ਵੀਲਰ ਨੂੰ ਕੋਈ ਸਵਾਰੀ ਮਿਲਦੀ ਤਾਂ ਦਸ ਵਜੇ ਤੋਂ ਬਾਅਦ ਮਿਲਦੀ, ਜਦੋਂ ਇਹ ਸੀਰੀਅਲ ਮੁਕਦਾ ਅਤੇ ਰਾਜਧਾਨੀ ਦੀ ਜ਼ਿੰਦਗੀ ਮੁੜ ਹਰਕਤ ਵਿਚ ਆਉਂਦੀ। ਤੇ ਜਦੋਂ ਸਵਾਰੀਆਂ ਆਪਸ ਵਿਚ ਸੀਰੀਅਲ ਦੀਆਂ ਗੱਲਾਂ ਕਰਦੀਆਂ ਤਾਂ ਥ੍ਰੀ ਵੀਲਰ ਚਲਾਣ ਵਾਲੇ ਹਉਕੇ ਭਰਦੇ, ਜਿਨ੍ਹਾਂ ਕੋਲ ਨਾ ਟੀ. ਵੀ. ਸੀ ਤੇ ਨਾ ਹੀ ਰੋਜ਼ੀ ਰੋਜ਼ਗਾਰ ਦੇ ਟੰਟੇ ਕਾਰਨ ਵਿਹਲ ਸੀ। ਪਰ ਮੁਕੰਦੀ ਲਾਲ ਕੇਵਲ ਹਉਕੇ ਹੀ ਨਾ ਭਰਦਾ। ਉਹਦੇ ਕਾਲਜੇ ਵਿਚ ਵੀ ਰੁਗ ਭਰੇ ਜਾਂਦੇ। ਉਹਦੀ ਤ੍ਰਾਸਦੀ ਦੂਹਰੀ ਸੀ ਕਿਉਂ ਜੋ ਟੀ. ਵੀ. ਕੋਲ ਹੁੰਦਿਆਂ ਸੁੰਦਿਆਂ ਉਹ ਰਮਾਇਨ ਨਹੀਂ ਸੀ ਵੇਖ ਸਕਦਾ।

ਪਰ ਹੁਣ ਤਾਂ ਪ੍ਰਭੂ ਨੇ ਉਹਦੀ ਸੁਣ ਲਈ ਸੀ। ਹੁਣ ਹਰ ਐਤਵਾਰ ਉਹ ਮਾਡਲ ਟਾਊਨ ਆਪਣੇ ਯਾਰ ਜੰਗ ਬਹਾਦਰ ਨਾਲ ਰਾਮਇਨ ਵੇਖਿਆ ਕਰੇਗਾ ਤੇ ਕੋਈ ਰਜ਼ਾ ਰਾਟੀਕੀਨ, ਕੋਈ ਕੜਾ ਪੁਲੀਸ ਕਪਤਾਨ ਉਹਨੂੰ ਏਦਾਂ ਕਰਨੋਂ ਨਹੀਂ ਸੀ ਹੋੜ ਸਕਦਾ।

ਅਗਲੇ ਐਤਵਾਰ ਨੂੰ ਅਜੇ ਪੂਰੇ ਛੇ ਦਿਨ ਰਹਿੰਦੇ ਸਨ। ਇਹ ਛੇ ਦਿਨ ਮੁਕੰਦੀ ਲਾਲ ਨੂੰ ਛੇ ਜੁਗ ਹੋ ਕੇ ਬੀਤੇ। ਸਾਰੇ ਵਾਰ ਇਕ ਇਕ ਕਰਕੇ ਆ ਰਹੇ ਸਨ। ਜੇ ਕੋਈ ਨਹੀਂ ਸੀ ਆ ਰਿਹਾ ਤਾਂ ਉਹ ਐਤਵਾਰ ਸੀ। ਮੁਕੰਦੀ ਲਾਲ ਨੂੰ ਲਗਦਾ ਜਿਵੇਂ ਕਾਲ ਚੱਕਰ ਦਾ ਰਾਵਣ ਐਤਵਾਰ ਦਾ ਅਪਹਰਨ ਕਰਕੇ ਲੈ ਗਿਆ ਸੀ।

ਅਖੀਰ ਜਦੋਂ ਸਨਿਛਰਵਾਰ ਦੀ ਲੰਮੀ ਤ੍ਰਿਕਾਲ ਅਤੇ ਲੰਮੇਰੀ ਰਾਤ ਮੁਕਣ ਮਗਰੋਂ ਐਤਵਾਰ ਚੜ੍ਹਿਆ ਤਾਂ ਸਰਘੀ ਵੇਲੇ ਉਠ ਕੇ ਮੁਕੰਦੀ ਲਾਲ ਨੇ ਇਸ਼ਨਾਨ ਕਰਕੇ ਮੱਥੇ ਤਿਲਕ ਲਾਇਆ ਤੇ ਚਿੱਟਾ ਧੋਤੀ ਕੁਰਤਾ ਪਹਿਨਿਆ। ਇਹ ਕਪੜੇ ਉਹ ਕੇਵਲ ਮਸਿਆ ਪੂਰਨਮਾਸ਼ੀ ਨੂੰ ਮੰਦਰ ਜਾਣ ਵੇਲੇ ਪਹਿਨਿਆ ਕਰਦਾ ਸੀ। ਤਿਆਰ

ਹੋ ਕੇ ਉਹਨੇ ਆਪਣੇ ਥਿਰੀ ਵੀਲਰ ਦੀ ਮੁਹਾਰ ਮਾਡਲ ਟਾਊਨ ਵਲ ਮੋੜ ਲਈ। ਰਾਹ ਵਿਚ ਕਈ ਲੋਕਾਂ ਨੇ ਉਹਨੂੰ ਹੱਥ ਦਿੱਤਾ ਪਰ ਉਹਨੇ ਕੋਈ ਸਵਾਰੀ ਨਾ ਚੁਕੀ। ਉਸ ਵੇਲੇ ਉਹਦੀ ਲਿਵ ਰਾਮਾਇਨ ਦੀ ਤਾਂਘ ਵਿਚ ਜੁੜੀ ਸੀ ਤੇ ਉਹ ਆਪਣੀ ਇਕਾਗਰ ਬਿਰਤੀ ਵਿਚ ਵਿਘਨ ਨਹੀਂ ਸੀ ਪਾਣਾ ਚਾਹੁੰਦਾ। ਰਾਹ ਵਿਚ ਉਹ ਰੁਕਿਆ ਤਾਂ ਸਹੀ ਪਰ ਸਿਰਫ ਗੁਟੇ ਦਾ ਹਾਰ ਅਤੇ ਅਗਰਬਤੀ ਖਰੀਦਣ ਲਈ।

ਪਾਟੀ ਖੇਸੀ ਦੀਆਂ ਗੰਢਾਂ ਖੋਹਲਕੇ ਉਹਨੇ ਟੀ. ਵੀ. ਨੂੰ ਬੰਧ-ਮੁਕਤ ਕੀਤਾ। ਫੇਰ ਉਹਨੂੰ ਏਦਾਂ ਪੂੰਝਿਆ, ਸਵਾਰਿਆ ਅਤੇ ਪਲੋਸਿਆ ਜਿਵੇਂ ਉਹ ਉਹਦੀ ਮਹਿਬੂਬਾ ਹੋਵੇ। ਫੇਰ ਉਹਨੇ ਗੁਟੇ ਦਾ ਹਾਰ ਟੀ. ਵੀ. ਉਤੇ ਖਿਲਾਰ ਦਿੱਤਾ। ਤੇ ਜਦੋਂ ਅਗਰਬਤੀ ਜਲਾ ਕੇ ਮੁਕੰਦੀ ਲਾਲ ਨੇ ਟੀ. ਵੀ. ਸੈਟ ਦੀ ਆਰਤੀ ਉਤਾਰੀ ਤਾਂ ਜੰਗ ਬਹਾਦਰ ਦਾ ਕੁਆਰਟਰ ਚੰਦਨ ਕਸਤੂਰੀ ਦੀ ਸੁਗੰਧੀ ਨਾਲ ਭਰ ਗਿਆ।

ਜਦੋਂ ਇਸ ਸਾਰੇ ਕਰਮ ਕਾਂਡ ਮਗਰੋਂ ਟੀ. ਵੀ. ਚਾਲੂ ਕੀਤਾ ਗਿਆ ਤਾਂ ਦਸਰਥ ਮਹਾਰਾਜ ਆਪਣੇ ਜੀਉਂਦੇ ਜੀ ਸਾਰਾ ਰਾਜ ਪਾਟ ਸ੍ਰੀ ਰਾਮ ਚੰਦਰ ਨੂੰ ਸੌਂਪਣ ਦਾ ਸੰਕਲਪ ਰਾਜ ਸਭਾ ਨਾਲ ਸਾਂਝਾ ਕਰ ਰਹੇ ਸਨ। ਅਗਲੇ ਸੀਨ ਵਿਚ ਸ੍ਰੀ ਰਾਮ ਚੰਦਰ ਬੜੇ ਦ੍ਰਿੜ੍ਹ ਨਿਸਚੇ ਨਾਲ ਆਖ ਰਹੇ ਸਨ ਕਿ ਪੂਜਯ ਪਿਤਾ ਦੇ ਜੀਵਨ ਕਾਲ ਵਿਚ ਉਨ੍ਹਾਂ ਦਾ ਰਾਜਗੱਦੀ ਤੇ ਕਦਾਚਿਤ ਅਧਿਕਾਰ ਨਹੀਂ ਸੀ ਬਣਦਾ ਤੇ ਉਹ ਕਦੀ ਰਾਜ ਤਿਲਕ ਪਰਵਾਨ ਨਹੀਂ ਕਰਨਗੇ। ਫੇਰ ਕੁਲ ਗੁਰੂ ਵਸ਼ਿਸ਼ਟ ਆਏ ਤੇ ਉਹ ਸ੍ਰੀ ਰਾਮ ਨੂੰ ਇਹ ਆਖ ਕੇ ਪਰੇਰਨ ਲਗੇ ਕਿ ਉਨ੍ਹਾਂ ਨੂੰ ਭਾਵਨਾ ਵਿਚ ਨਹੀਂ ਵਹਿਣਾ ਚਾਹੀਦਾ, ਸਗੋਂ ਆਪਣੇ ਕਰਤੱਵ ਦਾ ਪਾਲਣ ਕਰਨਾ ਚਾਹੀਦਾ ਹੈ।

ਕੁਲ ਗੁਰੂ ਵਸ਼ਿਸ਼ਟ ਦੀ ਲੰਮੀ ਦਾੜ੍ਹੀ ਅਤੇ ਸੰਘਣੇ ਭਰਵੱਟੇ ਵੇਖ ਕੇ ਮੁਕੰਦੀ ਲਾਲ ਨੂੰ ਲਗਾ ਜਿਵੇਂ ਉਹਦੀ ਅਧਮੁੰਨੀ ਖਸ਼ਖਾਸ਼ੀ ਦਾੜ੍ਹੀ ਵਿਚੋਂ ਲਾਟਾਂ ਸੇਕ ਮਾਰ ਉਠੀਆਂ ਹੋਣ। ਉਹਦਾ ਜਬੜਾ ਪੀੜ ਪੀੜ ਕਰ ਉਠਿਆ। ਇਹ ਪੀੜ ਉਹਨੂੰ ਸਮੇਂ ਦੀ ਲਾਮਡੋਰੀ ਨਾਲ ਖਿਚਦੀ ਬਹੁਤ ਪਿਛੇ ਲੈ ਗਈ ਜਦੋਂ ਦੇਸ਼ ਦੀ ਵੰਡ ਹੋਈ ਸੀ ਤੇ ਉਹਦੇ ਮਾਪੇ ਸ਼ੇਖੂਪੁਰੇ ਦੇ ਕਤਲਾਮ ਵਿਚ ਮਾਰੇ ਗਏ ਸਨ। ਉਦੋਂ ਉਹ ਦਸਾਂ ਵਰ੍ਹਿਆਂ ਦਾ ਸੀ। ਫ਼ੌਜੀ ਕਾਨਵਾਏ ਵਾਲਿਆਂ ਉਹਨੂੰ ਤੇ ਉਹਦੇ ਮਾਮੇ ਨੂੰ ਲੋਥਾਂ ਦੇ ਢੇਰ ਹੇਠੋਂ ਧੂਹ ਕੇ ਕਢਿਆ ਸੀ। ਖਜਲ ਖੁਆਰ ਹੁੰਦੇ ਅਖੀਰ ਉਹ ਦਿੱਲੀ ਅਪੜੇ। ਉਹਦਾ ਮਾਮਾ ਜਮਾਂਦਰੂ ਆਲਸੀ ਤੇ ਦਰਿਦਰੀ ਸੀ। ਮਿਹਨਤ ਮੁਸ਼ੱਕਤ ਉਹਦੇ ਵਸ ਦਾ ਰੋਗ ਨਹੀਂ ਸੀ। ਦੁਪਹਿਰ ਦੀ ਰੋਟੀ ਉਹ ਅਕਸਰ ਗੁਰਦਵਾਰਾ ਸੀਸ ਗੰਜ ਦੇ ਲੰਗਰ ਵਿਚ ਖਾਂਦੇ। ਮਗਰੋਂ ਮਾਮੇ ਦੀ ਉਸ਼ਕਲ ਪਾ ਕੇ ਮੁਕੰਦੀ ਸੰਗਤ ਦੇ ਜੋੜਿਆਂ ਵਿਚੋਂ ਬੂਟ, ਕੋਈ ਚਪਲ, ਕੋਈ ਸੈਂਡਲ ਚੁਕ ਕੇ ਪਜਾਮੇ ਵਿਚ ਟੰਗ ਲੈਂਦਾ ਤੇ ਮਸਕੀਨ ਜਿਹਾ ਮੂੰਹ ਬਣਾ ਕੇ ਬਾਹਰ ਆ ਜਾਂਦਾ। ਉਹ ਜੁੱਤੀ ਉਰਦੂ ਬਾਜ਼ਾਰ ਦੇ ਇਕ ਮੋਚੀ ਕੋਲ ਵੇਚ ਕੇ ਉਹ ਰਾਤ ਦਾ ਡੰਗ ਟਪਾਂਦੇ। ਇਕ ਦਿਨ ਇਕ ਸੇਵਾਦਾਰ ਨੇ ਉਹਨੂੰ ਜੁੱਤੀ ਚੁਰਾਂਦਿਆਂ ਸਿਰੋਂ ਆਣ ਫੜਿਆ ਤੇ ਇਕ ਜ਼ਬਰ ਜੰਗ ਥਪੜ ਉਹਦੇ ਅਲੂਏਂ ਮੂੰਹ ਤੇ ਜੜ੍ਹ ਦਿੱਤਾ। ਉਸ ਥਪੜ ਨਾਲ ਮੁਕੰਦੀ ਦੇ ਸਾਹਮਣੇ ਦੁਨੀਆ ਘੁੰਮ ਗਈ।

ਪੂਰਾ ਮਹੀਨਾ ਉਹਦਾ ਜਬੜਾ ਪੀੜ ਕਰਦਾ ਰਿਹਾ । ਮੁੜ ਕੇ ਸਾਰੀ ਉਮਰ ਉਹ ਕਿਸੇ ਗੁਰਦਵਾਰੇ ਦੇ ਨੇੜਿਉਂ ਨਾ ਲੰਘਿਆ ।

ਅੱਜ ਕੁਲ ਗੁਰੂ ਵਸ਼ਿਸ਼ਟ ਦੀ ਲੰਮੀ ਦਾੜ੍ਹੀ ਤੇ ਸੰਘਣੇ ਭਰਵੱਟੇ ਵੇਖ ਕੇ ਉਹਨੂੰ ਉਸ ਸੇਵਾਦਾਰ ਦੀ ਯਾਦ ਆ ਗਈ ਤੇ ਉਨ੍ਹਾਂ ਤਤੀਆਂ ਉਂਗਲਾਂ ਦੀ ਅੱਗ ਇਕ ਵਾਰੀ ਫੇਰ ਮਘ ਉਠੀ ।

ਜੰਗ ਬਹਾਦਰ ਨੇ ਮੁਕੰਦੀ ਦੀਆਂ ਭੈਭੀਤ ਅੱਖਾਂ ਵੇਖੀਆਂ ਤੇ ਬੋਲਿਆ—

"ਕੀ ਗੱਲ ਏ ? ਤੇਰੀ ਤਬੀਅਤ ਠੀਕ ਨਹੀਂ ?"

"ਕੁਝ ਨਹੀਂ । ਕੁਝ ਨਹੀਂ ।" ਮੁਕੰਦੀ ਲਾਲ ਨੇ ਆਪਣਾ ਜਬੜਾ ਪਲੋਸਦਿਆਂ ਕਿਹਾ ।

ਕੁਲ ਗੁਰੂ ਵਸ਼ਿਸ਼ਟ ਦੇ ਪ੍ਰੇਰੇ ਸ੍ਰੀ ਰਾਮ ਚੰਦਰ ਤਿਲਕ ਲਈ ਰਜ਼ਾਮੰਦ ਹੋ ਗਏ । ਅਗਲੀ ਸਵੇਰ ਰਾਜ ਤਿਲਕ ਹੋਣਾ ਸੀ । ਰਾਜ ਤਿਲਕ ਤੋਂ ਪਹਿਲਾਂ ਮਰਯਾਦਾ ਅਨੁਸਾਰ ਸ੍ਰੀ ਰਾਮ ਅਤੇ ਸੀਤਾ ਕੁਲ ਗੁਰੂ ਵਸ਼ਿਸ਼ਟ ਦੇ ਚਰਨ ਪੈ ਰਹੇ ਸਨ ।

ਅਚਨਚੇਤ ਮੁਕੰਦੀ ਲਾਲ ਨੇ ਆਪਣੀਆਂ ਦੋਵੇਂ ਬਾਹਵਾਂ ਆਪਣੀ ਹਿਕ ਤੇ ਘੁਟ ਲਈਆਂ । ਜਿਵੇਂ ਉਹਦੀ ਹਿੱਕ ਵਿਚ ਕੋਈ ਵਦਾਣ ਆਣ ਵੱਜਾ ਹੋਵੇ । ਜੰਗ ਬਹਾਦਰ ਨੂੰ ਲਗਾ ਜਿਵੇਂ ਮੁਕੰਦੀ ਲਾਲ ਦੀਆਂ ਸਤੇ ਸੁਧਾਂ ਮਾਰੀਆਂ ਗਈਆਂ ਹੋਣ । ਜਿਵੇਂ ਉਹਦਾ ਸਰੀਰ ਝੂਠਾ ਪੈਂਦਾ ਜਾ ਰਿਹਾ ਹੋਵੇ । ਉਹਦੀਆਂ ਅੱਖਾਂ ਫਿਰ ਗਈਆਂ ਸਨ ਤੇ ਉਹਦੇ ਮੂੰਹ ਵਿਚ ਝਗ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ । ਜਾਪਦਾ ਸੀ ਉਹਨੂੰ ਦੌਰਲ ਭੂਣੇ ਪਈ ਕਿ ਪਈ । ਜੰਗ ਬਹਾਦਰ ਨੇ ਵੇਖਿਆ ਮੁਕੰਦੀ ਨੇ ਦੋਵੇਂ ਹੱਥ ਆਪਣੇ ਮੱਥੇ ਤੇ ਮਾਰੇ ਤੇ ਪਾਟੀ ਹੋਈ ਆਵਾਜ਼ ਵਿਚ ਚੀਖਿਆ—

"ਇਹ ਕੁਲ ਗੁਰੂ ਵਸ਼ਿਸ਼ਟ ਨਹੀਂ ਜੇ । ਇਹ ਤਾਂ ਓਹੀਓ ਜੇ ਜਿਸ ਦੀ ਕੋਠੀ ਮੈਂ ਲੁਟੀ ਏ । ਓਹੀਓ ਲੰਮੀ ਚਿੱਟੀ ਦਾੜ੍ਹੀ, ਉਹੀਓ ਚਾਂਦੀ ਵਰਗੇ ਕੇਸ਼ਾਂ ਦਾ ਜੂੜਾ, ਉਹੀਓ ਮਸਤਕ ਦਾ ਤੇਜ । ਏਸ ਮਸਤਕ ਨੂੰ ਮੈਂ ਮੋਟੇ ਸਰੀਏ ਨਾਲ ਪਾੜ ਸੁਟਿਆ ਸੀ । ਲਹੂ ਦਾ ਪਾਤਛਾ ਵਹਿ ਤੁਰਿਆ ਸੀ । ਪਰ ਇਹ ਤੇਜ ਨਹੀਂ ਜੇ ਪਾਟਾ । ਵੇਖ ਜੰਗ ਬਹਾਦਰ ਉਹਦੇ ਮਸਤਕ ਵਿਚ ਤ੍ਰਿਸ਼ੂਲ ਚਮਕ ਪਿਆ ਏ । ਹਾਏ ਇਹ ਤ੍ਰਿਸ਼ੂਲ ਮੇਰੀਆਂ ਅੱਖਾਂ ਵਿਚ ਆਣ ਵਜਾ ਏ । ਹੁਣ ਮੈਨੂੰ ਕੁਝ ਨਹੀਓਂ ਦਿਸਦਾ । ਮੈਂ ਅੰਨ੍ਹਾ ਹੋ ਗਿਆ ਹਾਂ । ਮੈਂ ਅੰਨ੍ਹਾਂ ਹੋ ਗਿਆ ਹਾਂ ।"

ਪਰਮੇਸ਼ਰੀ

ਪਰਮੇਸ਼ਰੀ ਨੇ ਵੇਖਿਆ ਨਸੀਬ ਕੌਰ ਚਾਹ ਦਾ ਗਲਾਸ ਹੱਥ ਵਿਚ ਚੁਕੀ ਚਾਈਂ ਚਾਈਂ ਪੌੜੀਆਂ ਉਤਰ ਰਹੀ ਸੀ। ਪੌੜੀਆਂ ਤਾਂ ਉਹ ਅੱਗੇ ਵੀ ਦਿਨ ਵਿਚ ਤਿੰਨ ਚਾਰ ਵਾਰੀ ਉਤਰਿਆ ਕਰਦੀ ਸੀ ਪਰ ਅੱਜ ਉਹਦੇ ਸਉਲੇ ਚਿਹਰੇ ਤੇ ਇਕ ਟਹਿਕ ਸੀ ਅਤੇ ਉਹਦੇ ਭਾਰੇ ਭੱਦੇ ਕਦਮਾਂ ਵਿਚ ਇਕ ਉਤਾਵਲ ਸੀ। ਇਸ ਟਹਿਕ, ਇਸ ਉਤਾਵਲ ਦਾ ਕਾਰਨ ਪਰਮੇਸ਼ਰੀ ਜਾਣਦੀ ਸੀ। ਸਵੇਰੇ ਸਵੇਰੇ ਅੱਜ ਰਾਜਬੀਰ ਮੁਸਲਮਾਨ ਚੌਧਰੀਆਂ ਦੀ ਹਵੇਲੀ ਵਿਚੋਂ ਇਕ ਵਧੀਆ ਈਰਾਨੀ ਕਾਲੀਨ ਲੁਟ ਲਿਆਇਆ ਸੀ ਅਤੇ ਪੁਠੇ ਪੈਰੀਂ ਦੂਜਾ ਫੇਰਾ ਲਾਣ ਉਠ ਨਠਿਆ ਸੀ। ਆਪ ਪਰਮੇਸ਼ਰੀ ਨੇ ਉਹਨੂੰ ਵਲ੍ਹੇਟਿਆ ਹੋਇਆ ਕਾਲੀਨ ਮੋਢੇ ਤੇ ਚੁਕੀ ਚੁਬਾਰੇ ਦੀਆਂ ਪੌੜੀਆਂ ਚੜ੍ਹਦਿਆਂ ਵੇਖਿਆ ਸੀ। ਤੇ ਮੁੜਦੀ ਵਾਰ ਜਦੋਂ ਉਹ ਤਿੰਨ ਤਿੰਨ ਪੌੜੀਆਂ ਇਕੱਠੀਆਂ ਉਤਰ ਰਿਹਾ ਸੀ ਤਾਂ ਉਹਦੇ ਮਗਰ ਆਉਂਦੀ ਨਸੀਬ ਕੌਰ ਦੀ ਆਵਾਜ਼ ਪਰਮੇਸ਼ਰੀ ਦੇ ਕੰਨੀਂ ਪਈ ਸੀ—

''ਜਾਹ ਏਦਾਂ ਦੇ ਦੋ ਚਾਰ ਫੇਰੇ ਹੋਰ ਮਾਰ ਆ, ਮਾਂ ਸਦਕੇ।''

ਕਿ ਨਸੀਬ ਕੌਰ ਲੁਟ ਦਾ ਮਾਲ ਘਰ ਲਿਆਉਣ ਲਈ ਆਪਣੇ ਪੁੱਤਰ ਨੂੰ ਉਸ਼ਕਲ ਦੇ ਰਹੀ ਸੀ, ਸੋਚ ਕੇ ਪਰਮੇਸ਼ਰੀ ਦਾ ਮੂੰਹ ਕੌੜਾ ਹੋ ਗਿਆ।

''ਕੋੜ੍ਹੀਆ'' ਨਸੀਬ ਕੌਰ ਨੇ ਡਿਉਢੀ ਦੀਆਂ ਬਹੂਰਾਂ ਤੇ ਖੜੋਤੇ ਆਪਣੇ ਬਿਹਾਰੀ ਮੁੰਡੂ ਨੂੰ ਆਖਿਆ, ''ਜਾਹ ਤੂੰ ਵੀ ਵਹਿੰਦੀ ਗੰਗਾ ਵਿਚ ਹੱਥ ਧੋ ਆ। ਪਜਾਮਾ ਤੇਰਾ ਕਈ ਦਿਨਾਂ ਦਾ ਪਾਟਾ ਏ। ਹੋਰ ਕੁਝ ਨਹੀਂ ਤਾਂ ਕਿਸੇ ਦੀ ਪਤਲੂਨ ਈ ਲੁਟ ਲਿਆ।''

''ਨਹੀਂ ਬੀਬੀ,'' ਮੁੰਡੂ ਨੇ ਮੁੰਡੀ ਹਿਲਾਈ, ''ਹਮ ਸੇ ਨਹੀਂ ਹੋਗਾ।''

''ਜਾਹ ਵੇ ਕਿਸੇ ਨਾ ਕੰਮ ਦਿਆ,'' ਨਸੀਬ ਕੌਰ ਨੇ ਫਿਟਕਾਰਿਆ, ''ਤੇਰਾ ਭੌਰਾ ਸੁਖ ਨਹੀਂ।''

ਗਲੀ ਵਿਚ ਸ਼ੋਰ ਸੀ। ਦਗੜ ਦਗੜ ਕਰਦੀਆਂ ਧਾੜਾਂ ਕਦੀ ਏਧਰ ਕਦੀ ਓਧਰ ਲੰਘ ਜਾਂਦੀਆਂ। ਪਟਿਆਲੇ ਵਿਚ ਸੁਤੀਆਂ ਕਲਾਂ ਜਾਗ ਉਠੀਆਂ ਸਨ। ਹਨੇਰੀ

ਜਿਹੜੀ ਕਦੀ ਦਿਨਾਂ ਤੋਂ ਵਗਣ ਵਗਣ ਕਰਦੀ ਸੀ, ਅੱਜ ਵਗ ਹੀ ਟੁਰੀ ਸੀ। ਪਕਿਸਤਾਨ ਵਿਚ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਨੂੰ ਬਲਦੀ ਦੇ ਬੂਥੇ ਅੱਗੇ ਡਾਹਿਆ ਸੀ ਤੇ ਏਥੇ ਪਟਿਆਲੇ ਵਿਚ ਹਿੰਦੂ ਸਿੱਖ ਮੁਸਲਮਾਨਾਂ ਤੋਂ ਵਾਰੀ ਵੱਟਾ ਲਾਹ ਰਹੇ ਸਨ। ਇਹੀ ਕਾਰਨ ਸੀ ਕਿ ਨਸੀਬ ਕੌਰ ਦੀ ਬੁਸਬੁਸੀ ਤੇ ਹਮਵਾਰ ਜ਼ਿੰਦਗੀ ਅੱਜ ਉਤਸ਼ਾਹ ਨਾਲ ਭਰ ਗਈ ਸੀ।

''ਮਖਾਂ ਆ ਜਾਹ ਤੂੰ ਬੀ,'' ਜਗੀਰ ਕੌਰ ਨੇ ਮਸੋਸੀ ਖੜੀ ਪਰਮੇਸ਼ਰੀ ਨੂੰ ਤਣੁਕਾ ਮਾਰਿਆ, ''ਗਲੀ ਵਿਚ ਖੜ੍ਹ ਕੇ ਆਪਾਂ ਬੀ ਕੁਝ ਵੇਖ ਲਈਏ।''

''ਨਹੀਂ ਭੈਣ ਜੀ, ਮੇਰਾ ਚਿਤ ਰਾਜ਼ੀ ਨਹੀਂ।''

''ਕਿਉਂ ਚਿਤ ਨੂੰ ਕੀ ਹੋਇਆ ?''

''ਮੇਰੇ ਤੋਂ ਨਹੀਂ ਇਹ ਲੁਟ ਮਾਰ ਵੇਖੀ ਜਾਂਦੀ।''

''ਕਿਉਂ ਤੈਨੂੰ ਕਾਹਤੋਂ ਦੁਖ ਲਗਦਾ ਮੁਸਲਿਆਂ ਦਾ। ਇਹਨਾਂ ਟੁਟ ਪੈਣਿਆਂ ਕਿਹੜੀ ਘਟ ਕੀਤੀ ਏ ਸਾਡੇ ਨਾਲ ਪਾਕਿਸਤਾਨ ਵਿਚ।'' ਨਸੀਬ ਕੌਰ ਨੇ ਦਲੀਲ ਦਿੱਤੀ।

ਪਰਮੇਸ਼ਰੀ ਉਹਨੂੰ ਪੁਛਣਾ ਚਾਹੁੰਦੀ ਸੀ ਕਿ ਉਹਦੇ ਨਾਲ ਕਦੋਂ ਕੁਝ ਪਾਕਿਸਤਾਨ ਵਿਚ ਹੋਇਆ ਵਰਤਿਆ ਸੀ! ਨਸੀਬ ਕੌਰ ਤਾਂ ਉਨ੍ਹਾਂ ਖ਼ੁਸ਼ਨਸੀਬਾਂ ਵਿਚੋਂ ਸੀ ਜਿਨ੍ਹਾਂ ਦੀ ਝੋਲੀ ਵਿਚ ਸਵਰਾਜ ਪਟਿਆਲੇ ਆਪਣੇ ਜੱਦੀ ਘਰਾਂ ਵਿਚ ਸੁਖੀ ਸਾਂਦੀ ਵਸਦਿਆਂ ਪੈ ਗਿਆ ਸੀ।

''ਤੂੰ ਆਪਣੇ ਵਲ ਈ ਵੇਖ ਖਾਂ,'' ਚਾਹ ਦਾ ਸੁੜਾਕਾ ਮਾਰਦੀ ਨਸੀਬ ਕੌਰ ਕਹਿੰਦੀ ਗਈ, ''ਸਿਰ ਦਾ ਸਾਈਂ ਤੇਰਾ ਉਨ੍ਹਾਂ ਮਾਰ ਸੁਟਿਆ। ਸਜ ਵਿਆਹੀ ਤੇਰੀ ਧੀ ਬੁਰਛਿਆਂ ਨੇ ਸਾਂਭ ਲਈ। ਦੋ ਮਕਾਨ ਰੌਲਪਿੰਡੀ ਵਿਚ ਭਰੇ ਭਰਾਏ ਛਡਕੇ ਅੱਜ ਤੂੰ ਮੇਰੇ ਘਰ ਕਿਰਾਏ ਦੀ ਕੋਠੜੀ ਵਿਚ ਪਈ ਰਹਿਨੀ ਏਂ। ਤੈਨੂੰ ਕਾਹਦਾ ਦਰਦ ਏ ਇਨ੍ਹਾਂ ਸੂਰਾਂ ਦਾ।''

ਪਰਮੇਸ਼ਰੀ ਨੇ ਇਕਠਾ ਹੋ ਗਿਆ ਕੌੜੀ ਥੁਕ ਦਾ ਥੱਬਾ ਅੰਦਰ ਲੰਘਾਇਆ। ਪਰ ਕਸ ਮੁੜ ਕੇ ਉਹਦੇ ਮੂੰਹ ਵਿਚ ਘੁਲਣੀ ਸ਼ੁਰੂ ਹੋ ਗਈ। ਇਹ ਸੋਚ ਕੇ ਕਿ ਨਸੀਬ ਕੌਰ ਜੋ ਰੋਜ਼ ਗੁਰਦਵਾਰੇ ਹਾਜ਼ਰੀ ਭਰਦੀ ਸੀ ਤੇ ਨਿਛ ਮਾਰਨ ਮਗਰੋਂ ਸਦਾ 'ਸਤਿਨਾਮ ਸ੍ਰੀ ਵਾਹਿਗੁਰੂ' ਉਚਾਰਿਆ ਕਰਦੀ ਸੀ, ਅੱਜ ਲੁਟ ਮਾਰ ਕਰਨ ਵਾਲਿਆਂ ਦਾ ਪਖ ਪੂਰ ਰਹੀ ਸੀ।

ਪਰਮੇਸ਼ਰੀ ਦੀ ਤਕਣੀ ਮੁੜ ਪੌੜੀਆਂ ਵਲ ਭੌਂ ਗਈ। ਰਾਜਬੀਰ ਦੁਹਾਂ ਹੱਥਾਂ ਵਿਚ ਇਕ ਰੇਡੀਓ ਚੁਕੀ ਕਾਹਲੀ ਕਾਹਲੀ ਉਪਰ ਜਾ ਰਿਹਾ ਸੀ। ਨਸੀਬ ਕੌਰ ਨੇ ਪਰਮੇਸ਼ਰੀ ਦੀਆਂ ਅੱਖਾਂ ਦੀ ਮੂਕ ਗਿਲਾਨੀ ਅਣਗੌਲੀ ਕਰਨੀ ਚਾਹੀ ਪਰ ਜਦੋਂ ਪਰਮੇਸ਼ਰੀ ਨੇ ਆਪਣੀ ਨਿਹੋਰੇ ਭਰੀ ਤਕਣੀ ਨਾਲ ਨਸੀਬ ਕੌਰ ਨੂੰ ਵਿੰਨ੍ਹਣਾ ਚਾਹਿਆ ਤਾਂ ਨਸੀਬ ਕੌਰ ਨੇ ਬੁਲ੍ਹ ਟੇਰਦਿਆਂ ਆਖਿਆ—

"ਸਾਰੀ ਦੁਨੀਆਂ ਪਈ ਲੁਟਦੀ ਏ। ਜੇ ਮੇਰਾ ਮੁੰਡਾ ਇਕ ਵਾਜਾ ਚੁਕ ਲਿਆਇਆ ਤਾਂ ਕੀ ਹਨੇਰ ਆ ਗਿਆ। ਤੇ ਕੀ ਮੈਂ ਤੈਨੂੰ ਪਈ ਆਹਦੀ ਸਾਂ," ਨਸੀਬ ਕੌਰ ਚਾਹ ਤੇ ਆ ਗਈ ਮਿਕਰੀ ਉਂਗਲ ਨਾਲ ਬਾਹਰ ਛਿਣਕਦੀ ਕਹਿੰਦੀ ਗਈ, "ਤੂੰ ਕਾਹਨੂੰ ਪੱਤੇ ਵਾਂਗ ਕੰਬੀ ਜਾਨੀ ਏਂ। ਮੁੰਡਾ ਤੇਰਾ ਤਾਂ ਅੱਜ ਗਿਣ ਗਿਣ ਕੇ ਬਦਲੇ ਲੈ ਰਿਹਾ ਏ ਤੇ ਤੂੰ ਘਰ ਬੈਠੀ ਭੂੰਜੇ ਲਭਦੀ ਜਾਨੀਂ ਏਂ।"

ਪਹਿਲਾਂ ਇਕ ਚੁਪ ਪਰਮੇਸ਼ਰੀ ਦੇ ਅਧਖੁਲ੍ਹੇ ਮੂੰਹ ਵਿਚੋਂ ਸਿਸਕੀ। ਫੇਰ ਜਦੋਂ ਉਹ ਬੋਲ ਸਕੀ—

'ਮੁੰਡਾ ਮੇਰਾ? ਕੌਣ ਭਗਵੰਤ?"

"ਆਹੋ।"

"ਨਹੀਂ ਭਗਵੰਤ ਤਾਂ ਨੌਕਰੀ ਲਭਣ ਗਿਆ ਏ।"

"ਕਾਹਤੋਂ? ਉਹ ਤਾਂ ਕਿਰਪਾਨ ਚੁਕੀ ਜੱਥੇ ਨਾਲ ਨਠਦਾ ਜਾਂਦਾ ਸੀ। ਮੈਂ ਆਪ ਉਹਨੂੰ ਬਨੇਰੇ ਤੋਂ ਵੇਖਿਆ ਏ।"

"ਨਹੀਂ ਬੀਬੀ ਤੈਨੂੰ ਭੁਲੇਖਾ ਲਗਾ ਹੋਣਾ ਏ।" ਪਰਮੇਸ਼ਰੀ ਨੇ ਆਪਣੇ ਡੋਲ ਰਹੇ ਦਿਲ ਨੂੰ ਦਿਲਬਰੀ ਦੇਣ ਦਾ ਜਤਨ ਕੀਤਾ, "ਮੇਰਾ ਭਗਵੰਤ ਇਹੋ ਜਿਹਾ ਨਹੀਂ। ਕਿਸੇ ਨੂੰ ਦੁਖ ਦੇਵੇ ਇਹੋ ਜਹੀ ਮਿੱਟੀ ਮੇਰੇ ਪੁੱਤਰ ਨੂੰ ਨਹੀਂ ਲਗੀ।"

"ਮੇਰੀ ਅੱਖੀਂ ਅਜੇ ਮੋਤੀਆ ਨਹੀਂ ਉਤਰਿਆ।" ਨਸੀਬ ਕੌਰ ਨੇ ਆਖਿਆ, "ਕਿ ਮੈਂ ਭਗਵੰਤ ਨੂੰ ਨਾ ਪਛਾਣਾਂ। ਉਹਦੀ ਕਿਰਪਾਨ ਤਾਂ ਲਹੂ ਨਾਲ ਲਿਬੜੀ ਸੀ।"

ਸੁਣ ਕੇ ਪਰਮੇਸ਼ਰੀ ਦਾ ਅੰਦਰ ਪਛਿਆ ਗਿਆ। ਉਹ ਕੋਠੜੀ ਦੇ ਅੰਦਰ ਗਈ ਅਤੇ ਅਲਮਾਰੀ ਖੋਲ੍ਹ ਕੇ ਵੇਖੀ। ਕਿਰਪਾਨ ਸਚਮੁਚ ਉਥੇ ਨਹੀਂ ਸੀ।

ਕਾਹਲੀ ਕਾਹਲੀ ਪਰਮੇਸਰੀ ਨੇ ਪੈਰੀਂ ਜੁੱਤੀ ਅੜਾਈ ਤੇ ਮੈਲੇ ਦੁਪੱਟੇ ਦੀ ਲੀਰ ਸਿਰ ਤੇ ਧਰਦੀ ਬਾਹਰ ਨਿਕਲ ਗਈ।

"ਨੀ ਤੈਨੂੰ ਕੀ ਹੋਇਆ? ਤੂੰ ਕਿਧਰ ਨੂੰ ਹੋ ਟੁਰੀ?"

ਨਸੀਬ ਕੌਰ ਦੀ ਅਵਾਜ ਪਰਮੇਸ਼ਰੀ ਦੀਆਂ ਤ੍ਰਿੱਖੀਆਂ ਪੁਲਾਂਘਾਂ ਮਗਰ ਘਿਸਟਦੀ ਗਈ।

ਦੋਪਹਿਰ ਢਲਣ ਤੀਕ ਉਹ ਪਟਿਆਲੇ ਦੇ ਗਲੀਆਂ ਬਾਜ਼ਾਰਾਂ ਵਿਚ ਮਾਰੀ ਮਾਰੀ ਫਿਰਦੀ ਰਹੀ ਪਰ ਭਗਵੰਤ ਉਹਨੂੰ ਕਿਤੇ ਨਾ ਦਿਸਿਆ। ਇਹ ਗਲੀਆਂ ਬਾਜ਼ਾਰ ਉਹਦੇ ਲਈ ਓਪਰੇ ਸਨ। ਕਿਹੜੀ ਗਲੀ ਕਿਥੇ ਜਾ ਨਿਕਲਦੀ ਸੀ ਅਤੇ ਕਿਹੜਾ ਮੋੜ ਕਿਧਰ ਨੂੰ ਜਾਂਦਾ ਸੀ, ਉਹ ਨਹੀਂ ਸੀ ਜਾਣਦੀ। ਪਟਿਆਲੇ ਵਿਚ ਉਹਨੂੰ ਸਿਰਫ ਆਪਣੇ ਘਰ ਤੋਂ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਦਾ ਰਸਤਾ ਆਉਂਦਾ ਸੀ ਜਿਥੇ ਉਹ ਹਰ ਸਰਘੀ ਨੂੰ ਨੰਗੇ ਪੈਰੀਂ ਚਲ ਕੇ ਆਪਣੀ ਉਧਾਲੀ ਧੀ ਦੀ ਸੁਖ ਮੰਗਣ ਜਾਇਆ ਕਰਦੀ ਸੀ। ਭਗਵੰਤ ਨੂੰ ਟੋਲਦਿਆਂ ਬੇਸਿਮਤ ਘੁੰਮਦੀ ਉਹ ਕਈ ਵਾਰੀ ਉਸੇ ਗਲੀ, ਉਸੇ ਬਾਜ਼ਾਰ ਵਿਚ ਆਣ ਭਟਕਦੀ ਜਿਥੋਂ ਹੁਣੇ ਲੰਘ ਕੇ ਗਈ ਸੀ। ਇਨ੍ਹਾਂ ਤ੍ਰਿੰਨਾਂ ਘੰਟਿਆਂ ਵਿਚ ਜਿਹੜੇ ਚੰਦਰੇ ਦ੍ਰਿਸ਼ ਉਹਨੇ ਵੇਖੇ ਉਹ ਉਹਦੀ ਰੂਹ ਦੇ

ਪਿੰਡੇ ਤੇ ਕੋਰੜਿਆਂ ਦੀ ਮਾਰ ਬਣ ਗਏ। ਜਦੋਂ ਉਹ ਥਕੀ ਹਾਰੀ ਪਰਤੀ ਤਾਂ ਉਹਦੀ ਆਤਮਾ ਅਤੇ ਉਹਦਾ ਮਨ ਲਹੂ ਲੁਹਾਨ ਹੋ ਚੁਕੇ ਸਨ।

ਘਰ ਦੇ ਬੂਹੇ ਅੱਗੇ ਉਹ ਗਲੀ ਵਿਚ ਹੀ ਖੜੋਤੀ ਸੀ ਕਿ ਉਹਨੇ ਵੇਖਿਆ ਡਿਉਢੀ ਵਿਚ ਭਗਵੰਤ ਬੋਰੀ ਦੇ ਇਕ ਟੁਕੜੇ ਨਾਲ ਆਪਣੀ ਕਿਰਪਾਨ ਤੋਂ ਲਹੂ ਪੂੰਝ ਰਿਹਾ ਸੀ। ਫੇਰ ਉਹਨੇ ਸੱਜੇ ਹੱਥ ਦੀਆਂ ਉਂਗਲਾਂ ਮੀਟ ਕੇ ਸਿਧੀਆਂ ਕੀਤੀਆਂ ਜੋ ਚੋਖਾ ਚਿਰ ਕਿਰਪਾਨ ਫੜੀ ਰਖਣ ਨਾਲ ਅੰਬ ਗਈਆਂ ਸਨ। ਫੇਰ ਉਹਨੇ ਥਕੇ ਗੁਟ ਨੂੰ ਦੂਜੇ ਹੱਥ ਨਾਲ ਘੁਟਿਆ ਅਤੇ ਫੇਰ ਉਹ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ।

ਪਰਮੇਸ਼ਰੀ ਦੇ ਸਰੀਰ ਵਿਚੋਂ ਜਿਵੇਂ ਖ਼ੂਨ ਦਾ ਆਖ਼ਰੀ ਤੁਪਕਾ ਨੁਚੜ ਗਿਆ ਹੋਵੇ। ਉਹਨੇ ਡਿਓਢੀ ਦੀ ਚੁਗਾਠ ਨੂੰ ਘੁਟਕੇ ਫੜ ਲਿਆ। ਜਦੋਂ ਉਹਦੇ ਸਿਰ ਦਾ ਚੱਕਰ ਰਤਾ ਥੰਮ੍ਹਿਆ ਤਾਂ ਉਹ ਕੰਧ ਦਾ ਢਾਸਣਾ ਲਾ ਕੇ ਥਿੜਕਦੇ ਕਦਮਾਂ ਨਾਲ ਚੁਬਾਰੇ ਦੀਆਂ ਪੌੜੀਆਂ ਚੜ੍ਹਣ ਲਗੀ।

ਚੁਬਾਰੇ ਅੰਦਰੋਂ ਭਗਵੰਤ ਦੀ ਆਵਾਜ਼ ਆ ਰਹੀ ਸੀ। ਉਹ ਰਾਜਬੀਰ ਨੂੰ ਆਪਣੇ ਕਾਰਨਾਮੇਂ ਸੁਣਾ ਰਿਹਾ ਸੀ। ਬਾਰ ਦੇ ਤਖਤੇ ਦੀ ਓਟ ਵਿਚੋਂ ਪਰਮੇਸ਼ਰੀ ਸੁਣਨ ਲਗੀ।

''ਕਦੀ ਤੂੰ ਤਕਦਾ,'' ਭਗਵੰਤ ਕਹਿ ਰਿਹਾ ਸੀ, ''ਉਹ ਕਿਵੇਂ ਲੇਟਣੀਆਂ ਲੈਂਦੇ ਸਨ, ਕਿਵੇਂ ਪੈਰਾਂ ਤੇ ਸਿਰ ਪਟਕਦੇ ਸਨ, ਕਿਵੇਂ ਗੋਡਿਆਂ ਨੂੰ ਚੰਬੜਦੇ ਸਨ। ਕਦੀ ਤੂੰ ਤਕਦਾ ਉਨ੍ਹਾਂ ਸੂਰਾਂ ਨੂੰ ਗਿੜਗਿੜਾਂਦਿਆਂ, ਲਿਲ੍ਹਕੜੀਆਂ ਲੈਂਦਿਆਂ। ਕਦੀ ਤੂੰ ਤਕਦਾ ਉਨ੍ਹਾਂ ਨੂੰ 'ਵਾਹਗੁਰੂ' ਦੇ ਵਾਸਤੇ ਪਾਂਦਿਆਂ। ਕਦੀ ਤੂੰ ਸੁਣਦਾ ਕਿ ਮੁਸਲਿਆਂ ਦੇ ਮੂੰਹੋਂ ਜਿਹੜਾ 'ਵਾਹਗੁਰੂ' ਨਿਕਲਦਾ ਏ, ਉਹ ਕਿੰਨਾ ਬਨਾਵਟੀ ਹੁੰਦਾ ਏ।''

''ਸਭ ਬੁਢਿਆਂ ਜਵਾਨਾਂ ਨੂੰ,'' ਭਗਵੰਤ ਸਾਹ ਲੈਣ ਲਈ ਰੁਕਦਾ ਕਹਿੰਦਾ ਗਿਆ, ''ਅਸਾਂ ਥਾਏਂ ਮਾਰ ਸੁਟਿਆ। ਬੱਚੇ ਰੋਂਦੇ ਚਿਚਲਾਂਦੇ ਰਹੇ। ਜ਼ਨਾਨੀਆਂ ਸਾਰੀਆਂ ਅਸਾਂ ਇਕ ਘਰ ਦੇ ਵਿਹੜੇ ਵਿਚ ਕਠੀਆਂ ਕਰ ਲਈਆਂ।''

ਕ੍ਰੋਧ ਨਾਲ ਪਰਮੇਸ਼ਰੀ ਦਾ ਸਾਹ ਧੌਂਖਣੀ ਵਾਂਗ ਚੱਲਣ ਲਗ ਪਿਆ ਸੀ। ਕਿਤੇ ਉਹਦੇ ਸਾਹ ਦੀ ਆਵਾਜ਼ ਉਨ੍ਹਾਂ ਦੀ ਕੰਨੀਂ ਨਾ ਪੈ ਜਾਏ, ਉਹਨੇ ਨੱਕ ਅੱਗੇ ਦੁਪੱਟਾ ਵਲ੍ਹੇਟ ਲਿਆ।

''ਇਕ ਜਵਾਨ ਕੁੜੀ,'' ਭਗਵੰਤ ਆਖ ਰਿਹਾ ਸੀ, ''ਕੋਈ ਸ਼ਹਿਜ਼ਾਦੀ ਲਗਦੀ ਸੀ, ਸੋਨੇ ਵਰਗੀ ਉਹਦੀ ਜਵਾਨੀ। ਕਪੜੇ ਨਾ ਲਾਹੇ। ਅਖੇ ਭਾਵੇਂ ਮੇਰੀ ਬੋਟੀ ਬੋਟੀ ਕਰ ਸੁਟੋ। ਕਿਰਪਾਨ ਦੀ ਨੋਕ ਨਾਲ ਮੈਂ ਉਹਦੇ ਗਲੇ ਤੇ ਮਹੀਨ ਜਹੀ ਝਰੀਟ ਖਿਚ ਦਿੱਤੀ। ਲਹੂ ਦੀ ਲਕੀਰ ਉਘੜ ਆਈ ਪਰ ਉਹ ਰਤਾ ਨਾ ਕੁਸਕੀ। ਫੇਰ ਮੇਰੇ ਦੋ ਸਾਥੀਆਂ ਉਹਨੂੰ ਕਾਬੂ ਕੀਤਾ ਤੇ ਮੈਂ ਇਕ ਇਕ ਕਰਕੇ ਉਹਦੇ ਕਪੜੇ ਲੰਗਾਰ ਸੁਟੇ। ਅੰਦਰੋਂ ਜਿਹੜੀ ਜਵਾਨੀ ਨਿਕਲੀ, ਕੁਝ ਨਾ ਪੁਛ।''

ਪਰਮੇਸ਼ਰੀ ਦੇ ਸੀਨੇ ਵਿਚ ਆਰਾਂ ਵਜ ਰਹੀਆਂ ਸਨ। ਪਰ ਉਹਨੇ ਆਪਣੇ ਆਪ

ਨੂੰ ਵਰਜੀ ਰਖਿਆ ਤੇ ਭਿੱਤ ਦਾ ਉਹਲਾ ਨਾ ਛਡਿਆ।

'ਫੇਰ ਤਿੱਖੜ ਦੁਪਹਿਰੇ।'' ਭਗਵੰਤ ਕਹਿ ਰਿਹਾ ਸੀ, ''ਅਸਾਂ ਉਨ੍ਹਾਂ ਨੰਗੀਆਂ ਮੁਸਲੀਆਂ ਦਾ ਜਲੂਸ ਕਢਿਆ। ਨੰਗੀਆਂ ਛਾਤੀਆਂ ਦਾ ਜਲੂਸ। ਵੰਨ ਵੰਨਾਂ ਦੀਆਂ ਛਾਤੀਆਂ। ਨਿੱਕੀਆਂ ਤੇ ਪੀਡੀਆਂ, ਵਡੀਆਂ ਤੇ ਪੋਲੀਆਂ। ਕੁਆਰੀਆਂ ਛਾਤੀਆਂ, ਜਵਾਨ ਛਾਤੀਆਂ, ਅਧਖੜ ਛਾਤੀਆਂ। ਬਸ ਕੁਝ ਨਾ ਪੁੱਛ। ਜ਼ਿੰਦਗੀ ਦਾ ਲੁਤਫ਼ ਆ ਗਿਆ।''

ਸੁਣ ਕੇ ਪਰਮੇਸ਼ਰੀ ਦੇ ਅੰਦਰ ਮੁਆਤੇ ਬਲ ਉਠੇ। ਉਹ ਇਕੋ ਵਾਰੀ ਸਾਰੀ ਦੀ ਸਾਰੀ ਮੱਚ ਪਈ। ਬਾਰ ਦਾ ਭਿਤ ਪਟਾਕ ਕਰਕੇ ਕੰਧ ਨਾਲ ਵੱਜਾ। ਸੂਕਦੀ ਹੋਈ ਪਰਮੇਸ਼ਰੀ ਚੁਬਾਰੇ ਅੰਦਰ ਲਪਕੀ। ਉਹਦਾ ਪੀਲਾ ਅਤੇ ਪਤਲਾ ਕਲਬੂਤ ਤਣਿਆ ਹੋਇਆ ਸੀ।

''ਫਿਟੇ ਮੂੰਹ ਤੇਰੇ ਹੋਏ ਤੇ ਜੰਮੇ ਦਾ।'' ਉਹ ਕੜਕੀ, ''ਤੈਨੂੰ ਨੰਗੀਆਂ ਛਾਤੀਆਂ ਵੇਖਣ ਦਾ ਚਾਅ ਏ ਨਾਂ, ਲੈ ਵੇਖ।'' ਇਕਾ ਇਕ ਉਹਨੇ ਗਲਮੇ ਦੇ ਸਾਰੇ ਬਟਨ ਖੋਲ੍ਹਕੇ ਆਪਣੀਆਂ ਛਾਤੀਆਂ ਬਾਹਰ ਪਲਮਾ ਦਿੱਤੀਆਂ, ''ਰਜ ਕੇ ਵੇਖ ਦੁਸ਼ਟਾ, ਨੀਵੀਂ ਕਿਉਂ ਪਾ ਲਈ। ਉਨ੍ਹਾਂ ਮਾਵਾਂ ਭੈਣਾਂ ਦੀਆਂ ਛਾਤੀਆਂ ਵੇਖਣ ਵੇਲੇ ਤੇਰੀ ਨੀਵੀਂ ਕਿਥੇ ਸੀ। ਚੁਕ ਅੱਖਾਂ ਤੇ ਵੇਖ ਛਾਤੀਆਂ ਜਿਨ੍ਹਾਂ 'ਚੋਂ ਤੂੰ ਦੁੱਧ ਚੁੰਘਿਆ ਏ। ਜੇ ਮੈਂ ਜਾਣਦੀ ਇਕ ਚੰਡਾਲ ਨੂੰ ਦੁੱਧ ਪਿਆ ਰਹੀ ਹਾਂ ਤਾਂ ਪਹਿਲੋਂ ਮੌਹਰਾ ਮਲ ਲੈਂਦੀ।''

ਭਗਵੰਤ ਅਤੇ ਰਾਜਬੀਰ ਥਾਏਂ ਗਡੇ ਗਏ ਸਨ। ਫੇਰ ਰਾਜਬੀਰ ਅਛੋਪਲੇ ਪੌੜੀਆਂ ਉਤਰ ਗਿਆ।

''ਮੈਂ ਕੀ ਲੋਹੜਾ ਮਾਰਿਆ ਏ ਭਾਵੀ।'' ਭਗਵੰਤ ਰਤਾ ਭਖ ਕੇ ਬੋਲਿਆ, ''ਤੂੰ ਲਗ ਪਈ ਏਂ ਮੈਨੂੰ ਕੋਸਣ। ਮੁਸਲੇ ਵੀ ਤਾਂ ਲੈ ਗਏ ਨੇ ਸਾਡੀ ਹਰਬੰਸ ਨੂੰ ਉਹਦੇ ਸਹੁਰੇ ਪਿੰਡੋਂ। ਉਨ੍ਹਾਂ ਕਸਾਈਆਂ ਮੇਰੀ ਭੈਣ ਦੀ ਕੀ ਬਾਬ ਕੀਤੀ ਹੋਵੇਗੀ।''

''ਫੇਰ ਤੂੰ ਐਡਾ ਸੂਰਬੀਰ ਸੈਂ,'' ਪਰਮੇਸ਼ਰੀ ਦੀਆਂ ਅੱਖਾਂ ਅੰਗਾਰ ਬਣੀਆਂ ਹੋਈਆਂ ਸਨ। ''ਤਾਂ ਜਾਂਦੋਂ ਆਪਣੀ ਭੈਣ ਨੂੰ ਛੁਡਾਣ ਉਨ੍ਹਾਂ ਭਾਨੀ ਬਲਿਆਂ ਕੋਲੋਂ। ਬਦਲਾ ਲੈਂਦੋਂ ਉਨ੍ਹਾਂ ਹੈਂਸਿਆਰਿਆਂ ਤੋਂ। ਪਰ ਨਹੀਂ ਉਦੋਂ ਤੈਨੂੰ ਆਪਣੀ ਜਾਨ ਪਿਆਰੀ ਸੀ ਤੇ ਤੂੰ ਜਾਨ ਬਚਾ ਕੇ ਪਟਿਆਲੇ ਨਸ ਆਇਆ। ਮੈਂ ਪੁਛਨੀ ਆਂ ਉਦੋਂ ਕਿਥੇ ਗਈ ਸੀ ਤੇਰੀ ਕਿਰਪਾਨ?''

''ਤੂੰ ਤਾਂ ਭਾਵੀ ਮੁਸਲਿਆਂ ਦੀ ਸੱਕੀ ਏਂ'' ਭਗਵੰਤ ਦੀ ਆਵਾਜ਼ ਐਤਕੀਂ ਝਵੀਂ ਹੋਈ ਸੀ, ''ਇਹ ਵੀ ਭੁੱਲ ਗਈ ਏਂ ਕਿ ਪਿਛਲੇ ਮਹੀਨੇ ਭਾਪਾ ਜੀ ਨੂੰ ਮੁਸਲਿਆਂ ਛੁਰੇ ਨਾਲ ਮਾਰ ਛਡਿਆ ਸੀ।''

''ਮੈਂ ਨਹੀਂ ਭੁਲੀ। ਭੁੱਲ ਤੂੰ ਗਿਆ ਏਂ। ਤੇਰੇ ਭਾਪਾ ਜੀ ਨੂੰ ਛੁਰਾ ਪਿੰਡੀ ਦੇ ਕਿਸੇ ਮੁਸਲਮਾਨ ਗੁੰਡੇ ਨੇ ਮਾਰਿਆ ਸੀ। ਪਟਿਆਲੇ ਦੇ ਇਹ ਮੁਸਲਮਾਨ ਪਿੰਡੀ ਤੇਰੇ ਭਾਪਾ ਜੀ ਨੂੰ ਮਾਰਨ ਨਹੀਂ ਸਨ ਗਏ।''

''ਪਰ ਭਾਵੀ...''

''ਖ਼ਬਰਦਾਰ ਮੁੜ ਕੇ ਮੈਨੂੰ ਭਾਵ੍ਹੀ ਆਖਿਆ।'' ਪਰਮੇਸ਼ਰੀ ਦਾ ਗੁੱਸਾ ਭਗੋ ਭਗ ਹੋ ਉਠਿਆ ਸੀ, ''ਮਰ ਗਈ ਤੇਰੀ ਭਾਵ੍ਹੀ ਤੇ ਮਰ ਗਿਉਂ ਭਾਵ੍ਹੀ ਲਈ ਤੂੰ। ਬੁਚੜਾ ਦਸਵੇਂ ਗੁਰੂ ਦੀ ਕਿਰਪਾਨ ਬੇਗੁਨਾਹਾਂ 'ਤੇ ਚਲਾਣ ਵੇਲੇ ਤੈਨੂੰ ਬਾਂਹ ਦਾ ਕੜਾ ਨਾ ਦਿਸਿਆ। ਮੈਂ ਤੇਰੀ ਮਾਂ ਤੈਨੂੰ ਸਰਾਪ ਦੇਨੀਂ ਆਂ, ਤੂੰ ਸੁਤੜਾ ਸੌਂ ਜਾਏਂ, ਤੇਰੀ ਭਾਣੀ ਬਲੇ, ਤੂੰ...ਤੂੰ...''

ਪਰਮੇਸ਼ਰੀ ਦੀ ਸੁਰਤ ਨੂੰ ਭੁਆਟਣੀ ਆਈ ਤੇ ਉਹ ਬੇਹੋਸ਼ ਹੋਕੇ ਡਿੱਗ ਪਈ।

ਨਸੀਬ ਕੌਰ ਜੋ ਬਨੇਰੇ ਦਾ ਢਾਸਣਾ ਲਾਈ ਸਭ ਕੁਝ ਸੁਣ ਰਹੀ ਸੀ, ਅੰਦਰ ਆਈ। ਪਹਿਲਾ ਕੰਮ ਉਹਨੇ ਇਹ ਕੀਤਾ ਕਿ ਪਰਮੇਸ਼ਰੀ ਦੀਆਂ ਛਾਤੀਆਂ ਕਮੀਜ਼ ਦੇ ਅੰਦਰ ਕਰ ਕੇ ਬਟਨ ਮੇਲ ਦਿੱਤੇ। ਫੇਰ ਵਲਟੋਹੀ ਵਿਚੋਂ ਪਾਣੀ ਲੈ ਕੇ ਉਹਦੇ ਮੂੰਹ ਤੇ ਛੱਟੇ ਮਾਰਨ ਲਗੀ।

ਰਿਸ਼ਤਾ ਮਹਿਕ ਦਾ

ਤੇਰੇ ਪਤੀ ਤੇ ਤੇਰੇ ਪੁਤਰ ਨੇ ਤੇਰੀ ਚਿਤਾ ਨੂੰ ਅੱਗ ਛੁਹਾਈ ਤੇ ਚੁਪਾਸੀਂ ਭਾਂਬੜ ਮੱਚ ਉਠਿਆ। ਤੇਰੀ ਅਰਥੀ ਨਾਲ ਆਏ ਨਿਕਟਵਰਤੀਆਂ ਸਬੰਧੀਆਂ ਦੀ ਭੀੜ ਸ਼ਮਸ਼ਾਨ ਭੂਮੀ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਟੁਰੀ ਅਤੇ ਸਾਹਮਣੇ ਚਬੂਤਰੇ ਤੇ ਕੀਰਤਨ ਸੁਣਨ ਲਈ ਜਾ ਬੈਠੀ ਹੈ। ਤੇਰੀ ਚਿਤਾ ਕੋਲ ਕੇਵਲ ਤੇਰਾ ਪਤੀ, ਪੁਤਰ ਅਤੇ ਮੈਂ ਰਹਿ ਗਏ ਹਾਂ। ਫ਼ੇਰ ਇਕ ਬਜ਼ੁਰਗ ਆਏ ਤੇ ਢੇਰ ਦਿਲਜੋਈ ਮਗਰੋਂ ਤੇਰੇ ਪਤੀ ਅਤੇ ਪੁਤਰ ਨੂੰ ਚਬੂਤਰੇ ਵਲ ਲੈ ਟੁਰੇ। ਮੈਂ ਜਾਣਾ ਨਹੀਂ ਸਾਂ ਚਾਹੁੰਦਾ ਪਰ ਤੇਰੇ ਪਤੀ ਨੇ ਮੇਰਾ ਹੱਥ ਘੁਟ ਕੇ ਫੜ ਰਖਿਆ ਸੀ। ਇਸ ਲਈ ਮੈਂ ਵੀ ਉਨ੍ਹਾਂ ਨਾਲ ਹੋ ਟੁਰਿਆ। ਕੀਰਤਨ ਵਿਚ ਮੇਰਾ ਮਨ ਨਹੀਂ ਲਗਾ ਤੇ ਮੈਂ ਤੇਰੀ ਚਿਤਾ ਸਾਹਵੇਂ ਇਕ ਬੈਂਚ ਤੇ ਆ ਬੈਠਾ ਹਾਂ। ਤੇਰੀ ਚਿਤਾ ਵਿਚੋਂ ਨਿਕਲ ਰਹੇ ਵਾਂਡੇ ਜੁਗਨੂਆਂ ਵਾਂਗ ਜਗ ਬੁਝ ਰਹੇ ਹਨ। ਨਾਲ ਹੀ ਤੇਰੀਆਂ ਯਾਦਾਂ ਦੇ ਜੁਗਨੂੰ ਵੀ ਮੇਰੀ ਚੇਤਨਾਂ ਸਾਹਵੇਂ ਜਗਦੇ ਬੁਝਦੇ ਜਾ ਰਹੇ ਹਨ।

ਅੱਜੇ ਡੇਢ ਮਹੀਨਾਂ ਨਹੀਂ ਬੀਤਿਆ ਜਦੋਂ ਸਤੰਬਰ ਵਿਚ ਡੇਹਰਾਦੂਨ ਤੋਂ ਕਿਸੇ ਹਰਿੰਦਰ ਸਿੰਘ ਦੀ ਚਿੱਠੀ ਆਈ ਸੀ। ਮੇਰੀ ਪਤਨੀ ਜਸਜੀਤ ਤੁਹਾਨੂੰ ਬਹੁਤ ਯਾਦ ਕਰ ਰਹੀ ਹੈ, ਉਹਨੇ ਲਿਖਿਆ ਸੀ, ਜੇ ਅਗਲੇ ਸਨਿਚਰ ਐਤਵਾਰ ਦੀਆਂ ਛੁਟੀਆਂ ਤੁਸੀਂ ਸਾਡੇ ਕੋਲ ਬਿਤਾ ਸਕੋ ਤਾਂ ਸਾਨੂੰ ਬੜੀ ਖੁਸ਼ੀ ਹੋਵੇਗੀ। ਜਸਜੀਤ ਤਾਕੀਦ ਕਰਦੀ ਹੈ ਕਿ ਤੁਸੀਂ ਆਪਣੀ ਪਤਨੀ ਨੂੰ ਵੀ ਨਾਲ ਲਿਆਉਣਾ।

ਜਸਜੀਤ। ਕੌਣ ਜਸਜੀਤ। ਮੈਂ ਆਪਣੇ ਚੇਤੇ ਦੀ ਚੰਗੇਰ ਫਰੋਲਣੀ ਸ਼ੁਰੂ ਕੀਤੀ। ਜਸਜੀਤ ਨਾਂ ਦੀ ਕੇਵਲ ਇਕੋ ਪਰਚੀ ਮੈਨੂੰ ਲਭੀ। ਮੋਟੀਆਂ ਚਮਕੀਲੀਆਂ ਅੱਖਾਂ ਤੇ ਮੋਟੀ ਗੁਤ ਵਾਲੀ ਤੇਰ੍ਹਾਂ ਚੌਦ੍ਹਾਂ ਵਰ੍ਹਿਆਂ ਦੀ ਇਕ ਪਤਲੀ ਸਾਂਵਲੀ ਕੁੜੀ, ਸਰਦਾਰ ਬਲਵੰਤ ਸਿੰਘ ਸਾਹਨੀ ਦੀ ਬੇਟੀ। ਸ. ਬਲਵੰਤ ਸਿੰਘ ਸਾਹਨੀ ਰਾਵਲਪਿੰਡੀ ਉਸੇ ਬੈਂਕ ਵਿਚ ਅਕਾਊਂਟੈਂਟ ਸਨ ਜਿਥੇ ਮੇਰੇ ਪਿਤਾ ਜੀ ਮੈਨੇਜਰ ਸਨ। ਹੇਠਲੀ ਮੰਜ਼ਲ ਵਿਚ ਬੈਂਕ ਸੀ। ਉਪਰਲੀ ਮੰਜ਼ਲ ਵਿਚ ਮੈਨੇਜਰ ਅਤੇ ਅਕਾਊਂਟੈਂਟ ਦੀ ਰਿਹਾਇਸ਼ ਲਈ ਦੋ ਫ਼ਲੈਟ ਸਨ। ਦੁਹਾਂ ਫਲੈਟਾਂ ਦੇ ਸਾਹਮਣੇ ਇੱਕ ਲੰਮੀ ਛਤੀ ਹੋਈ ਬਾਲਕੋਨੀ ਸੀ। ਅਸੀਂ ਦੋਵੇਂ ਪਰਵਾਰ ਸਿਰਫ਼ ਡੇਢ ਵਰ੍ਹਾ ਹੀ ਇਕੱਠੇ ਰਹੇ। ਉਹਦੇ ਮਗਰੋਂ

ਸਾਹਨੀ ਸਾਹਬ ਦੀ ਟਰਾਂਸਫ਼ਰ ਸਿਆਲਕੋਟ ਹੋ ਗਈ। ਸਰਦਾਰਾਂ ਦੇ ਬਾਗ ਦੇ ਸਾਹਮਣੇ ਜਿਹੜਾ ਨਾਰਮਲ ਹਾਈ ਸਕੂਲ ਸੀ, ਜਸਜੀਤ ਉਥੇ ਨੌਵੀਂ ਜਮਾਤ ਵਿਚ ਪੜ੍ਹਦੀ ਸ੍ਰੀ। ਮੈਂ ਗੋਰਡਨ ਮਿਸ਼ਨਰੀ ਕਾਲਜ ਵਿਚ ਐਫ਼. ਐਸ. ਸੀ ਕਰ ਰਿਹਾ ਸਾਂ। ਮੈਨੂੰ ਉਹ ਮੁਸਕਾਨ ਯਾਦ ਆਈ ਜੋ ਮੈਨੂੰ ਵੇਖਦਿਆਂ ਹੀ ਜਸਜੀਤ ਦੇ ਮੂੰਹ ਤੇ ਆ ਜਾਇਆ ਕਰਦੀ ਸੀ। ਇਸ ਮੁਸਕਾਨ ਦੇ ਨਾਲ ਉਹਦਾ ਸਾਂਵਲਾ ਚਿਹਰਾ ਗੁਲਨਾਰੀ ਹੋ ਜਾਇਆ ਕਰਦਾ ਸੀ। ਪਰ ਮੈਂ ਕਦੀ ਉਸ ਮੁਸਕਾਨ ਨੂੰ ਨਹੀਂ ਸੀ ਗੌਲਿਆ। ਮੈਂ ਬੜਾ ਪੜ੍ਹਾਕੂ ਹੋਇਆ ਕਰਦਾ ਸਾਂ। ਕਿਤਾਬਾਂ ਮੇਰੀਆਂ ਦਿਨ ਰਾਤ ਦੀਆਂ ਸਾਥਣਾਂ ਸਨ ਅਤੇ ਕਾਲਜ ਵਿਚ ਹਰ ਸਬਜੈਕਟ ਵਿਚ ਫ਼ਸਟ ਆਉਣਾ ਮੇਰੀ ਜ਼ਿੰਦਗੀ ਦਾ ਇਕੋ ਇਕ ਟੀਚਾ ਸੀ।

ਕੋਈ ਸਤ ਵਰ੍ਹੇ ਮਗਰੋਂ ਦੇਸ਼ ਦਾ ਬਟਵਾਰਾ ਹੋ ਗਿਆ। ਬੈਂਕ ਦੀਆਂ ਬਹੁਤ ਸਾਰੀਆਂ ਬਰਾਂਚਾਂ ਪਾਕਿਸਤਾਨ ਵਿਚ ਰਹਿ ਗਈਆਂ। ਮੇਰੇ ਪਿਤਾ ਜੀ ਅੰਮ੍ਰਿਤਸਰ ਦੀ ਬਰਾਂਚ ਵਿਚ ਆਣ ਲਗੇ। ਉਦੋਂ ਇਕ ਚਿੱਠੀ ਉਨ੍ਹਾਂ ਨੂੰ ਅੰਬਾਲੇ ਤੋਂ ਸ. ਬਲਵੰਤ ਸਿੰਘ ਸਾਹਨੀ ਦੀ ਮਿਲੀ ਜਿਸ ਵਿਚ ਜਸਜੀਤ ਦਾ ਰਿਸ਼ਤਾ ਉਨ੍ਹਾਂ ਮੇਰੇ ਲਈ ਤਜਵੀਜ਼ ਕੀਤਾ ਸੀ। ਪਰ ਉਦੋਂ ਤੀਕ ਮੇਰੀ ਮੰਗਣੀ ਸਿਮਰਨ ਨਾਲ ਹੋ ਗਈ ਸੀ।

ਇਸ ਗੱਲ ਨੂੰ ਸਤਾਰ੍ਹਾਂ ਵਰ੍ਹੇ ਬੀਤ ਗਏ। ਇਨ੍ਹਾਂ ਸਤਾਰ੍ਹਾਂ ਵਰ੍ਹਿਆਂ ਵਿਚ ਮੈਨੂੰ ਤੇਰੀ ਯਾਦ ਨਾ ਆਈ। ਜੇ ਆਈ ਵੀ ਤਾਂ ਉਨ੍ਹਾਂ ਸੈਂਕੜਿਆਂ ਵਰਗੀ ਜਿਨ੍ਹਾਂ ਨਾਲ ਮੇਰਾ ਵਾਹ ਜ਼ਿੰਦਗੀ ਵਿਚ ਪਿਆ ਸੀ। ਤੇ ਫ਼ੇਰ ਇਕ ਦਿਨ ਤੇਰੇ ਪਤੀ ਦੀ ਚਿੱਠੀ ਡੇਹਰਾਦੂਨ ਤੋਂ ਆ ਗਈ ਕਿ ਤੂੰ ਮੈਨੂੰ ਬਹੁਤ ਯਾਦ ਕਰ ਰਹੀ ਏਂ।

ਸਨਿਛਰਵਾਰ ਦੀ ਸ਼ਾਮ ਨੂੰ ਸਿਮਰਨ ਤੇ ਮੈਂ ਡੇਹਰਾਦੂਨ ਪਹੁੰਚੇ। ਚਿੱਠੀ ਤੇ ਲਿਖਿਆ ਸਿਰਨਾਵਾਂ ਰਾਜਪੁਰ ਰੋਡ ਐਸਟਲੇ ਹਾਲ ਦਾ ਸੀ। ਉਥੇ ਜਾ ਕੇ ਸਾਨੂੰ ਪਤਾ ਲਗਾ ਕਿ ਤੇਰੇ ਪਤੀ ਹਰਿੰਦਰ ਸਿੰਘ ਡੇਹਰਾਦੂਨ ਵਿਚ ਉਸੇ ਬੈਂਕ ਦੇ ਮੈਨੇਜਰ ਸਨ ਜਿਸ ਵਿਚੋਂ ਤੇਰੇ ਪਿਤਾ ਜੀ ਰੀਟਾਇਰ ਹੋਏ ਸਨ। ਚੌਕੀਦਾਰ ਨੇ ਸਾਨੂੰ ਦਸਿਆ ਕਿ ਬੈਂਕ ਹੇਠਲੀ ਮੰਜ਼ਲ ਵਿਚ ਸੀ ਤੇ ਮੈਨੇਜਰ ਸਾਹਿਬ ਦੀ ਰਿਹਾਇਸ਼ ਦੂਜੀ ਮੰਜ਼ਲ ਤੇ ਸੀ। ਐਸਟਲੇ ਹਾਲ ਦੀ ਉਸ ਬਿਲਡਿੰਗ ਦੀ ਲੰਮੀ ਛਤੀ ਹੋਈ ਬਾਲਕੋਨੀ ਵਲ ਮੈਂ ਵੇਖਦਾ ਰਹਿ ਗਿਆ। ਖਬੇ ਹੱਥ ਰਾਜਪੁਰ ਰੋਡ ਵਲ ਵੇਖਿਆ ਤਾਂ ਮਸੂਰੀ ਦੇ ਪਹਾੜ ਨਜ਼ਰ ਆਏ ਜਿਵੇਂ ਰਾਵਲਪਿੰਡੀ ਵਾਲੀ ਬਾਲਕੋਨੀ ਵਿਚੋਂ ਮੱਰੀ ਦੀਆਂ ਪਹਾੜੀਆਂ ਦਿਸਿਆ ਕਰਦੀਆਂ ਸਨ। ਖਿਨ ਮਾਤਰ ਲਈ ਮੈਨੂੰ ਲਗਾ ਜਿਵੇਂ ਬਚਪਨ ਵਿਚ ਰਾਵਲਪਿੰਡੀ ਪਹੁੰਚ ਗਿਆ ਹੋਵਾਂ।

ਤੂੰ ਮੈਨੂੰ ਉਡਕੇ ਮਿਲੀ। ਮੇਰੇ ਦੋਵੇਂ ਹੱਥ ਤੂੰ ਆਪਣੇ ਹੱਥਾਂ ਵਿਚ ਘੁਟ ਲਏ। ਤੇਰੀਆਂ ਮੋਟੀਆਂ ਚਮਕੀਲੀਆਂ ਅੱਖਾਂ ਨੇ ਮੇਰੀਆਂ ਅੱਖਾਂ ਵਿਚ ਵੇਖਿਆ ਤੇ ਤੇਰੇ ਬੁਲ੍ਹਾਂ ਤੇ ਉਹ ਪੰਛੀ ਵਰ੍ਹੇ ਪੁਰਾਣੀ ਮੁਸਕਾਨ ਜਗ ਉਠੀ। ਮੈਂ ਵੇਖਿਆ ਤੇਰੇ ਚਿਹਰੇ ਦਾ ਰੰਗ ਹੁਣ ਸਾਂਵਲਾ ਨਹੀਂ, ਪੀਲਾ ਸੀ ਤੇ ਇਸ ਮੁਸਕਾਨ ਨੇ ਉਹਦੇ ਵਿਚ ਇਕ ਗੁਟੱਈ ਭਾਖ ਰਲਾ ਦਿੱਤੀ ਸੀ।

ਸਿਮਰਨ ਨੂੰ ਗਲਵਕੜੀ ਵਿਚ ਘੁਟਦਿਆਂ ਤੂੰ ਆਖਿਆ—

'ਤੁਸੀਂ ਆ ਗਏ । ਅਸੀਂ ਤਾਂ ਉਮੀਦ ਛਡ ਬੈਠੇ ਸਾਂ ।''

''ਕਿਉਂ ?'' ਸਿਮਰਨ ਨੇ ਪੁਛਿਆ ।

''ਅਸੀਂ ਸੋਚਿਆ ਸੀ, ਤੁਸੀਂ ਸਵੇਰੇ ਮਸੂਰੀ ਐਕਸਪਰੈਸ ਤੇ ਆਉਗੇ । ਹਰਿੰਦਰ ਜੀ ਤੁਹਾਨੂੰ ਲੈਣ ਵੀ ਗਏ ਸਨ ।''

''ਨਹੀਂ, ਅਸੀਂ ਬਸ ਤੇ ਆਏ ਹਾਂ ।'' ਸਿਮਰਨ ਨੇ ਦਸਿਆ ।

ਤੂੰ ਸਾਨੂੰ ਅਪਣੇ ਪਤੀ ਅਤੇ ਸਤਾਰ੍ਹਾਂ ਵਰ੍ਹਿਆਂ ਦੇ ਆਪਣੇ ਪੁਤਰ ਸਰਬਜੀਤ ਨਾਲ ਮਿਲਾਇਆ । ਤੇਰੇ ਪਤੀ ਦੇ ਮੱਥੇ ਤੇ ਇਕ ਸਵਾਗਤੀ ਖੇੜਾ ਸੀ ਤੇ ਉਹਦੇ ਬੋਲ ਮਲੱਮਲੀ ਹਰ ਕਿਸੇ ਨੂੰ ਮੋਹ ਲੈਣ ਵਾਲੇ ਸਨ । ਤੇਰੇ ਪੁਤਰ ਦਾ ਚਿਹਰਾ ਸੋਚਵਾਨ ਅਤੇ ਉਦਾਸ ਸੀ । ਜਵਾਨੀ ਦੀਆਂ ਬੂਹਾਂ ਤੇ ਅਜੇ ਉਹ ਅਪੜਿਆ ਸੀ ਤੇ ਲਗਦਾ ਸੀ, ਜ਼ਿੰਦਗੀ ਨੇ ਉਹਦੀ ਮੁਸਕਾਨ ਖੋਹ ਲਈ ਸੀ ।

ਚਾਹ ਪੀਂਦਿਆਂ ਹਨੇਰਾ ਪੈ ਗਿਆ । ਤੇਰੇ ਪਤੀ ਨੇ ਤੇਰੇ ਪਿਛੇ ਖੜੋਕੇ ਦੋਵੇਂ ਹੱਥ ਤੇਰੇ ਮੋਢਿਆਂ ਤੇ ਟਿਕਾਂਦਿਆਂ ਕਿਹਾ—

''ਜੱਸੀ ਹੁਣ ਤੁਸੀਂ ਜ਼ਰਾ ਲੇਟ ਜਾਓ । ਏਨੀ ਖੇਚਲ ਤੁਹਾਡੇ ਲਈ ਚੰਗੀ ਨਹੀਂ ।''

''ਚੰਗਾ ਫ਼ਿਰ ।'' ਤੂੰ ਆਖਿਆ, ''ਚਲੋ ਸਾਰੇ ਬੈਡਰੂਮ ਵਿਚ ਚਲਦੇ ਹਾਂ ।''

ਜਦੋਂ ਤੂੰ ਬੈਡ ਤੇ ਸਰਹਾਣੇ ਦੀ ਢੋ ਲਾਕੇ ਬਹਿ ਗਈ ਤਾਂ ਸਿਮਰਨ ਨੇ ਪੁਛਿਆ,

''ਕੀ ਗੱਲ ਏ ? ਤੁਹਾਡੀ ਤਬੀਅਤ ਠੀਕ ਨਹੀਂ ਜਾਪਦੀ ।''

''ਕੁਝ ਨਹੀਂ,'' ਤੂੰ ਆਖਿਆ, ''ਕੁਝ ਵੀ ਤਾਂ ਨਹੀਂ । ਬਸ ਤਬੀਅਤ ਹੀ ਕੁਝ ਠੀਕ ਨਹੀਂ ।''

''ਕੀ ਤਕਲੀਫ਼ ਹੈ ?'' ਸਿਮਰਨ ਨੇ ਪੁਛਿਆ ।

ਨਾਂ ਤੇਰੇ ਪਤੀ ਤੇ ਨਾਂ ਤੂੰ ਕੁਝ ਉਤਰ ਦਿੱਤਾ । ਜਿਵੇਂ ਗੱਲ ਭੁਲਾਣ ਲਈ ਤੂੰ ਆਪਣੇ ਪਤੀ ਨੂੰ ਪੁਛਿਆ,

''ਮੋਮਬਤੀਆਂ ਮੰਗਵਾਈਆਂ ਜੇ ?''

''ਹਾਂ ।'

''ਦੋ ਬੰਡਲ ?''

''ਹਾਂ ।''

''ਲਿਆਉ ਫੇਰ ।''

ਤੇਰੇ ਪਤੀ ਨੇ ਸਰਬਜੀਤ ਵਲ ਵੇਖਿਆ । ਉਹ ਨਾਲ ਦੇ ਕਮਰੇ ਵਿਚੋਂ ਦੋ ਪੈਕਟ ਚੁਕ ਲਿਆਇਆ । ਦੋਵੇਂ ਪੈਕਟ ਖੋਲ੍ਹ ਕੇ ਮੋਮਬਤੀਆਂ ਬਿਸਤਰੇ ਤੇ ਖਿਲਾਰਦਿਆਂ ਤੂੰ ਸ਼ੋਖ ਨਿਗਾਹਾਂ ਮੇਰੇ ਵਲ ਚੁਕੀਆਂ ਤੇ ਪੁਛਿਆ—

''ਕੁਝ ਯਾਦ ਆਇਆ ਜੇ ?''

''ਨਹੀਂ ।''

''ਕੁਝ ਯਾਦ ਨਹੀਂ ਆਇਆ ਤੁਹਾਨੂੰ ?''

''ਨਹੀਂ !''

ਤੇਰੀਆਂ ਤਕਣੀਆਂ ਉਦਾਸ ਹੋ ਗਈਆਂ ।

ਫੇਰ ਤੂੰ ਮੋਮਬਤੀਆਂ ਦੀ ਉਸ ਢੇਰੀ ਵਿਚੋਂ ਗੁਲਾਬੀ ਮੋਮਬਤੀਆਂ ਵਖ ਕਰ ਦਿੱਤੀਆਂ ਤੇ ਪੀਲੀਆਂ ਵਖ ।

''ਹੁਣ ਕੁਝ ਯਾਦ ਆਇਆ ਜੇ ?''

''ਹਾਂ'' ਮੈਂ ਆਖਿਆ, ''ਸਭ ਕੁਝ ਯਾਦ ਆ ਗਿਆ ਏ ।''

ਮੈਂ ਵੇਖਿਆ ਤੇਰੀਆਂ ਅੱਖਾਂ ਦੀ ਖ਼ੁਸ਼-ਟਿਮਕਣੀ ਪਰਤ ਆਈ ।

ਮੈਨੂੰ ਯਾਦ ਆਈਆਂ ਚਵ੍ਹੀ ਪੰਝੀ ਵਰ੍ਹੇ ਪਹਿਲਾਂ ਦੀਆਂ ਦੋ ਦੀਵਾਲੀਆਂ ਜੋ ਅਸੀਂ ਰਾਵਲਪਿੰਡੀ ਵਿਚ ਇਕੱਠੀਆਂ ਮਨਾਈਆਂ ਸਨ । ਦੀਵਾਲੀ ਦੇ ਤਿਉਹਾਰ ਤੇ ਬੈਂਕ ਦੇ ਸਟਾਫ਼ ਦੇ ਹਰ ਇਕ ਮੈਂਬਰ ਨੂੰ ਬੈਂਕ ਵਲੋਂ ਮੋਮਬਤੀਆਂ ਦਾ ਇਕ ਇਕ ਪੈਕਟ ਮਿਲਿਆ ਕਰਦਾ ਸੀ । ਜਸਜੀਤ ਆਪਣਾ ਪੈਕਟ ਸਾਡੇ ਘਰ ਚੁਕ ਲਿਆਉਂਦੀ । ਫੇਰ ਸਾਡੇ ਪੈਕਟ ਤੇ ਵੀ ਕਬਜ਼ਾ ਕਰਕੇ ਦੋਵੇਂ ਪੈਕਟ ਖੋਲ੍ਹਕੇ ਮੇਰੇ ਬਿਸਤਰੇ ਤੇ ਖਿਲਾਰ ਦੇਂਦੀ । ਫੇਰ ਗੁਲਨਾਰੀ ਰੰਗ ਦੀਆਂ ਮੋਮਬਤੀਆਂ ਇਕ ਪਾਸੇ ਛਾਂਟ ਲੈਂਦੀ ਤੇ ਗੂਹੜੇ ਪੀਲੇ ਰੰਗ ਦੀਆਂ ਦੂਜੇ ਪਾਸੇ । ਉਹੋ ਜਿਹੇ ਸ਼ੋਖ ਚਮਕੀਲੇ ਰੰਗਾਂ ਦੀਆਂ ਮੋਮਬਤੀਆਂ ਮੈਂ ਮੁੜਕੇ ਨਹੀਂ ਵੇਖੀਆਂ । ਸ਼ਾਇਦ ਉਦੋਂ ਮੋਮਬਤੀਆਂ ਵੀ ਇੰਗਲੈਂਡ ਤੋਂ ਆਉਂਦੀਆਂ ਸਨ ਜਾਂ ਉਨ੍ਹਾਂ ਅੰਦਰ ਵਧੀਆ ਜਰਮਨ ਰੰਗ ਮਿਲਾਏ ਜਾਂਦੇ ਸਨ । ਛਾਂਟੀ ਕਰਕੇ ਉਹ ਆਖਦੀ, ''ਚੁਣ ਲਵੋ ਜਿਹੜਾ ਰੰਗ ਪਸੰਦ ਜੇ ।'' ਮੈਨੂੰ ਯਾਦ ਸੀ ਮੈਂ ਦੋਵੇਂ ਵਾਰੀ ਗੂਹੜਾ ਪੀਲਾ ਰੰਗ ਚੁਣਿਆਂ ਸੀ । ਗੁਲਨਾਰੀ ਰੰਗ ਜੋ ਮੈਨੂੰ ਬੇਹਦ ਪਸੰਦ ਸੀ ਮੈਂ ਦੋਵੇਂ ਵਾਰੀ ਉਹਦੇ ਲਈ ਛਡ ਦਿੱਤਾ ਸੀ । ਫੇਰ ਅਸੀਂ ਦੋਵੇਂ ਰਲ ਕੇ ਆਪੋ ਆਪਣੇ ਰੰਗ ਦੀਆਂ ਮੋਮਬਤੀਆਂ ਸਾਂਝੀ ਬਾਲਕੋਨੀ ਵਿਚ ਜਗਾਂਦੇ । ਅੱਜ ਵੀ ਤੂੰ ਰੰਗ ਨਖੇੜ ਕੇ ਆਖਿਆ, ''ਚੁਣ ਲਵੋ ਜਿਹੜਾ ਰੰਗ ਪਸੰਦ ਜੇ ।''

''ਪਰ ਦੀਵਾਲੀ ਤਾਂ ਅਜੇ ਦੂਰ ਹੈ ।'' ਮੇਰੇ ਮੂੰਹੋਂ ਨਿਕਲਿਆ ।

''ਨਹੀਂ ਨਹੀਂ,'' ਤੂੰ ਆਖਿਆ, ''ਤੁਹਾਨੂੰ ਪਤਾ ਨਹੀਂ । ਦੀਵਾਲੀ ਤਾਂ ਅੱਜ ਹੈ ।''

ਸਿਮਰਨ ਤੇ ਮੇਰੀਆਂ ਅੱਖਾਂ ਦੀ ਹੈਰਾਨੀ ਪੜ੍ਹਕੇ ਤੂੰ ਆਪਣੇ ਪਤੀ ਵਲ ਮੁੜਦਿਆਂ ਪੁਛਿਆ, ''ਕਿਉਂ ਹਰਿੰਦਰ ਜੀ, ਦੀਵਾਲੀ ਅੱਜ ਹੀ ਹੈ ਨਾ ?''

ਤੇਰੇ ਪਤੀ ਨੇ ਹਾਂ ਵਿਚ ਸਿਰ ਹਿਲਾਇਆ ।

ਸਿਮਰਨ ਨੇ ਮੇਰੇ ਵਲ ਤੇ ਮੈਂ ਸਿਮਰਨ ਵਲ ਵੇਖਿਆ । ਗੱਲ ਕੁਝ ਭੇਤ ਭਰੀ ਹੁੰਦੀ ਜਾਂਦੀ ਸੀ ।

''ਚੁਣੋ ਵੀ ਹੁਣ,'' ਤੂੰ ਆਖਿਆ, ''ਹੁਣ ਚੁਣਦੇ ਕਿਉਂ ਨਹੀਂ ।''

ਮੈਂ ਕਚੀਆਂ ਪੀਲੀਆਂ ਮੋਮਬਤੀਆਂ ਚੁਣੀਆਂ ।

''ਇਕ ਉਮਰ ਬੀਤ ਗਈ ਹੈ,'' ਤੂੰ ਆਖਿਆ, ''ਪਰ ਤੁਹਾਡੀ ਪਸੰਦ ਨਹੀਂ ਬਦਲੀ । ਹਛਾ ਚੁਕੋ ਆਪਣੀਆਂ ਪੀਲੀਆਂ ਤੇ ਚਲੋ ਜਗਾਈਏ ਬਾਲਕੋਨੀ ਵਿਚ ।

ਤੁਸੀਂ ਤੇ ਮੈਂ ਜਗਾਵਾਂਗੇ। ਬਾਕੀ ਸਾਰੇ,'' ਤੂੰ ਆਪਣੇ ਪਤੀ, ਬੇਟੇ ਅਤੇ ਸਿਮਰਨ ਵਲ ਵੇਖਿਆ, ''ਸਾਨੂੰ ਜਗਾਂਦਿਆਂ ਵੇਖਣਗੇ।''

ਤੂੰ ਸਾਰੀਆਂ ਗੁਲਾਬੀ ਮੋਮ ਬਤੀਆਂ ਤੇ ਮੈਂ ਸਾਰੀਆਂ ਕੱਚੀਆਂ ਪੀਲੀਆਂ ਬਾਲਕੋਨੀ ਵਿਚ ਜਗਾਈਆਂ ਤੇ ਮੈਨੂੰ ਲਗਾ ਕਿ ਮੈਂ ਅੱਜੇ ਵੀ ਗੋਰਡਨ ਮਿਸ਼ਨਰੀ ਕਾਲਜ ਵਿਚ ਐਫ. ਐਸ. ਸੀ ਪੜ੍ਹਦਾ ਸਾਂ ਤੇ ਕੋਈ ਸਾਂਵਲੀ ਮੇਰੇ ਵਲ ਵੇਖ ਵੇਖ ਕੇ ਮੁਸਕਰਾ ਰਹੀ ਸੀ।

ਮੋਮਬਤੀਆਂ ਬਾਲਦਿਆਂ ਮੈਂ ਤੇਰੇ ਪਤੀ ਵਲ ਵੇਖਿਆ। ਉਹਦੇ ਮੂੰਹ ਤੇ ਇਕ ਥਕੀ ਹੋਈ ਉਦਾਸ ਮੁਸਕਾਨ ਸੀ। ਸਰਬਜੀਤ ਹੇਠਲਾ ਬੁਲ੍ਹ ਟੁਕਦਾ ਆਪਣੇ ਹੰਝੂ ਨਿਆਰ ਰਿਹਾ ਜਾਪਦਾ ਸੀ ਤੇ ਸਿਮਰਨ ਹੈਰਾਨੀ ਨਾਲ ਬੁਤ ਬਣਦੀ ਜਾ ਰਹੀ ਸੀ। ਫੇਰ ਮੈਂ ਤੇਰੇ ਵਲ ਵੇਖਿਆ। ਤੇਰਾ ਮੂੰਹ ਇਕ ਅਲੋਕਿਕ ਖੁਸ਼ੀ ਨਾਲ ਰੋਸ਼ਨ ਹੋ ਉਠਿਆ ਸੀ ਜਿਵੇਂ ਉਹ ਸਾਰੀਆਂ ਮੋਮਬਤੀਆਂ ਤੇਰੇ ਅੰਦਰ ਜਗ ਉਠੀਆਂ ਹੋਣ।

ਰਾਤ ਦੇ ਖਾਣੇ ਤੇ ਤੂੰ ਸਾਡੇ ਨਾਲ ਬੈਠੀ ਪਰ ਤੇਰੇ ਤੋਂ ਅੱਧੇ ਟੋਸਟ ਤੇ ਅੱਧਾ ਕੱਪ ਸੂਪ ਤੋਂ ਵਧ ਕੁਝ ਨਾ ਖਾਧਾ ਗਿਆ। ਚਾਹ ਵੇਲੇ ਵੀ ਤੂੰ ਇਕੋ ਬਿਸਕੁਟ ਚਾਹ ਦੇ ਚਾਰ ਘੁਟਾਂ ਨਾਲ ਅੰਦਰ ਲੰਘਾਇਆ ਸੀ।

''ਡਾਕਟਰ ਸਾਹਬ ਆਏ ਹਨ ਮੰਮੀ,'' ''ਸਰਬਜੀਤ ਕਹਿ ਰਿਹਾ ਸੀ, ''ਚਲੋ ਚਲਕੇ ਟੀਕਾ ਲਵਾ ਲਵੋ।''

ਟੀਕੇ ਮਗਰੋਂ ਤੂੰ ਬੜੀ ਛੇਤੀ ਸੌਂ ਗਈ। ਤੇਰਾ ਪਤੀ ਸਾਨੂੰ ਉਸ ਬੈਡਰੂਮ ਵਿਚ ਛਡਣ ਆਇਆ ਜਿਥੇ ਸਾਡਾ ਸੂਟਕੇਸ ਰਖਿਆ ਸੀ। ਫੇਰ ਉਹ ਉਥੇ ਸਾਡੇ ਕੋਲ ਹੀ ਬਹਿ ਗਿਆ।

''ਕਾਹਦਾ ਟੀਕਾ ਲਾਕੇ ਗਿਆ ਏ ਡਾਕਟਰ ?'' ਸਿਮਰਨ ਨੇ ਪੁਛਿਆ।

''ਨੀਂਦਰ ਦਾ।''

''ਕਿਉਂ ?'' ਸਿਮਰਨ ਨੇ ਪੁਛਿਆ, ''ਕੀ ਜਸਜੀਤ ਨੂੰ ਨੀਂਦ ਨਹੀਂ ਪੈਂਦੀ ?''

''ਨਹੀਂ, ਪਿਛਲੇ ਅਠ ਦਸ ਦਿਨ ਤੋਂ ਤਕਲੀਫ਼ ਬਹੁਤ ਵਧ ਗਈ ਏ। ਹੁਣ ਨੀਂਦਰ ਦੀ ਗੋਲੀ ਵੀ ਅਸਰ ਨਹੀਂ ਕਰਦੀ। ਟੀਕੇ ਤੋਂ ਬਿਨਾਂ ਉਹ ਹੁਣ ਸੌਂ ਨਹੀਂ ਸਕਦੀ।''

''ਪਰ ਤਕਲੀਫ਼ ਕੀ ਏ ?'' ਸਿਮਰਨ ਨੇ ਪੁਛਿਆ।

ਕੁਝ ਚਿਰ ਹਰਿੰਦਰ ਤੋਂ ਕੁਝ ਆਖਿਆ ਨਾ ਗਿਆ। ਫੇਰ ਉਹਨੇ ਹਉਕਾ ਭਰਿਆ ਤੇ ਬੋਲਿਆ, ''ਕੈਂਸਰ।''

ਤੜਪ ਕੇ ਸਿਮਰਨ ਨੇ ਮੇਰੇ ਵਲ ਤੇ ਮੈਂ ਸਿਮਰਨ ਵਲ ਵੇਖਿਆ। ਇਸ ਮਨਹੂਸ ਬੀਮਾਰੀ ਦਾ ਨਾਂ ਇਕ ਕੋਰੜੇ ਵਾਂਗ ਸਾਡੇ ਦਿਲਾਂ ਤੇ ਵਜਾ ਸੀ।

''ਤਿੰਨ ਸਾਲ ਪਹਿਲੇ,'' ਹਰਿੰਦਰ ਕਹਿ ਰਿਹਾ ਸੀ, ''ਬਰੇਸਟ ਕੈਂਸਰ ਹੋਇਆ ਸੀ। ਬੜੀ ਅਰਲੀ ਸਟੇਜ ਤੇ ਹੀ ਉਪਰੇਸ਼ਨ ਹੋ ਗਿਆ। ਮੈਡੀਕਲ ਇਨਸਟੀਚੂਟ ਦਿੱਲੀ ਵਿਚ। ਹਰ ਤਿੰਨ ਮਹੀਨੇ ਮਗਰੋਂ ਉਥੇ ਚੈਕ ਅਪ ਲਈ ਜਾਂਦੇ ਰਹੇ ਹਾਂ। ਦੋ ਮਹੀਨੇ ਪਹਿਲੇ ਜੁਲਾਈ ਵਿਚ ਗਏ ਸਾਂ। ਸਭ ਕੁਝ ਠੀਕ ਠਾਕ ਸੀ। ਫੇਰ ਅਗਸਤ ਦੇ ਤੀਜੇ ਹਫ਼ਤੇ ਬੁਖ਼ਾਰ ਆਣਾ ਸ਼ੁਰੂ ਹੋ ਗਿਆ। ਸਾਡਾ ਫ਼ੈਮਲੀ ਡਾਕਟਰ ਜੋ ਹੁਣੇ ਟੀਕਾ ਲਾਣ

ਆਇਆ ਸੀ, ਫਲੂ ਦਾ ਇਲਾਜ ਕਰਦਾ ਰਿਹਾ। ਐਂਟੀ ਬਾਇਟਿਕਸ ਦੇਂਦਾ ਰਿਹਾ। ਫੇਰ ਜਸੀ ਦੀ ਭੁੱਖ ਘਟਦੀ ਗਈ। ਅਸੀਂ ਸਮਝਿਆ ਬਹੁਤੇ ਐਂਟੀ ਬਾਇਟਿਕਸ ਖਾਣ ਨਾਲ ਭੁੱਖ ਮਰ ਗਈ ਏ। ਫੇਰ ਜਦੋਂ ਗ੍ਰਾਹੀ ਅੰਦਰ ਲੰਘਾਣ ਲਗਿਆਂ ਉਹਨੂੰ ਪੀੜ ਹੋਣ ਲਗੀ ਤਾਂ ਅਸੀਂ ਡੂਨ ਹਸਪਤਾਲ ਦੇ ਕੈਂਸਰ ਸਪੈਸ਼ਲਿਸਟ ਨੂੰ ਸਦਿਆ। ਉਹਨੇ ਦਸਿਆ ਕਿ ਕੈਂਸਰ ਸਰੀਰ ਵਿਚ ਫੈਲ ਚੁਕਾ ਹੈ। ਹੁਣ ਸਰਜਰੀ ਵੀ ਸੰਭਵ ਨਹੀਂ।''

''ਇਕ ਵਾਰੀ ਮੈਡੀਕਲ ਇਨਸਟੀਚੂਟ ਜਾਕੇ ਵਿਖਾ ਲਿਆਓ। ਸ਼ਾਇਦ ਸਰਜਰੀ ਹੋ ਹੀ ਸਕਦੀ ਹੋਵੇ। ਨਹੀਂ ਤਾਂ ਉਹ ਕੈਮੋਥੇਰਪੀ ਤਾਂ ਸ਼ੁਰੂ ਕਰ ਹੀ ਦੇਣਗੇ।''

''ਕਲ ਸਵੇਰੇ ਹੀ ਅਸੀਂ ਦਿੱਲੀ ਮੈਡੀਕਲ ਇਨਸਟੀਚੂਟ ਜਾ ਰਹੇ ਹਾਂ। ਚਲਾ ਤਾਂ ਅਸੀਂ ਓਸੇ ਦਿਨ ਜਾਣਾ ਸੀ ਜਿਸ ਦਿਨ ਸਪੈਸ਼ਲਿਸਟ ਨੇ ਆਪਣੀ ਰਾਇ ਦਿੱਤੀ ਸੀ। ਪਰ ਮੈਡੀਕਲ ਇਨਸਟੀਚੂਟ ਜਾਣ ਤੋਂ ਪਹਿਲਾਂ ਜੱਸੀ ਮਹਿੰਦਰ ਜੀ ਨਾਲ ਦੀਵਾਲੀ ਮਨਾਣਾ ਚਾਹੁੰਦੀ ਸੀ।''

ਸਿਮਰਨ ਬੋਲੀ, ''ਇਹ ਦੀਵਾਲੀ ਵਾਲੀ ਗੱਲ ਕੁਝ ਸਮਝ ਨਹੀਂ ਆਈ।''

''ਕੈਂਸਰ ਸਪੈਸ਼ਲਿਸਟ ਦੀ ਗੱਲ ਕਿਤੇ ਜੱਸੀ ਦੀ ਕੰਨੀ ਪੈ ਗਈ ਸੀ ਕਿ ਕੈਂਸਰ ਕਾਫ਼ੀ ਫੈਲ ਚੁਕਾ ਹੈ ਅਤੇ ਤੇਜ਼ੀ ਨਾਲ ਫੈਲ ਰਿਹਾ ਹੈ। ਉਹਨੇ ਇਹ ਵੀ ਕਿਹਾ ਸੀ ਕਿ ਇਕ ਡੇਢ ਮਹੀਨੇ ਤੋਂ ਵਧ ਜੱਸੀ ਦੇ ਜੀਉਣ ਦੀ ਆਸ ਨਹੀਂ ਸੀ। ਉਸ ਦਿਨ ਤੋਂ ਜੱਸੀ ਕਹਿਣ ਲਗ ਪਈ, ਮੈਂ ਅਗਲੀ ਦੀਵਾਲੀ ਨਹੀਂ ਵੇਖਣੀ, ਦੀਵਾਲੀ ਮੈਨੂੰ ਪਹਿਲਾਂ ਹੀ ਮਨਾ ਲੈਣ ਦਿਓ। ਫੇਰ ਉਹਨੇ ਆਖਿਆ ਕਿ ਮੈਂ ਚਿੱਠੀ ਲਿਖ ਕੇ ਤੁਹਾਨੂੰ ਬੁਲਾਵਾਂ।''

''ਪਰ ਤੁਸੀਂ ਮੇਰਾ ਐਡਰੈਸ ਕਿਥੋਂ ਲਿਆ?'' ਮੈਂ ਪੁਛਿਆ, ''ਤੁਹਾਨੂੰ ਇਹ ਵੀ ਕਿਵੇਂ ਪਤਾ ਸੀ ਕਿ ਮੈਂ ਚੰਡੀਗੜ੍ਹ ਹਾਂ।''

''ਮੈਨੂੰ ਨਹੀਂ ਸੀ ਪਤਾ,'' ਹਰਿੰਦਰ ਨੇ ਕਿਹਾ, ''ਪਰ ਜੱਸੀ ਨੂੰ ਪਤਾ ਸੀ। ਪਿਛਲੇ ਪੰਜੀ ਵਰ੍ਹੇ ਉਹ ਤੁਹਾਡੀ ਸੂਹ ਰਖਦੀ ਰਹੀ ਹੈ। ਕਦੇਂ ਤੁਸੀਂ ਅੰਮ੍ਰਿਤਸਰ ਸਾਓ, ਕਦੇਂ ਲਖਨਊ, ਕਦੇਂ ਗੋਰਖਪੁਰ, ਕਦੇਂ ਬੜੌਦੇ, ਕਦੇਂ ਦਿੱਲੀ ਤੇ ਕਦੇਂ ਤੁਸੀਂ ਡੈਪੂਟੇਸ਼ਨ ਤੇ ਪੰਜਾਬ ਸਰਕਾਰ ਵਿਚ ਚੰਡੀਗੜ੍ਹ ਪੋਸਟ ਹੋਏ।''

ਸਿਮਰਨ ਨੇ ਮੇਰੇ ਵਲ ਅਤੇ ਮੈਂ ਸਿਮਰਨ ਵਲ ਵੇਖਿਆ। ਨਾਂ ਉਹਦੇ ਕੋਲੋਂ ਤੇ ਨਾਂ ਮੇਰੇ ਕੋਲੋਂ ਕੁਝ ਆਖਿਆ ਗਿਆ।

''ਸ਼ਾਇਦ ਤੁਸੀਂ ਨਹੀਂ ਜਾਣਦੇ ਮਹਿੰਦਰ ਜੀ,'' ਤੇਰਾ ਪਤੀ ਕਹਿ ਰਿਹਾ ਸੀ, ''ਕਿ ਤੁਸੀਂ ਜੱਸੀ ਦਾ ਪਹਿਲਾ ਪਿਆਰ ਹੋ। ਤੇਰ੍ਹਾਂ ਚੌਦ੍ਹਾਂ ਵਰ੍ਹਿਆਂ ਦੀ ਉਮਰ ਵਿਚ ਜਦੋਂ ਉਹ ਜਵਾਨੀ ਦੀਆਂ ਬਰੂਹਾਂ ਤੇ ਖੜੀ ਸੀ, ਜਿਹੜਾ ਪਿਆਰ ਤੁਹਾਨੂੰ ਵੇਖਕੇ ਉਹਦੇ ਦਿਲ ਵਿਚ ਖਿੜ ਪਿਆ, ਉਹਦੀ ਮਹਿਕ ਸਾਰੀ ਉਮਰ ਉਹਦੇ ਨਾਲ ਰਹੀ ਹੈ। ਉਹਨੇ ਮੈਨੂੰ ਵੀ ਰਜਵਾਂ ਪਿਆਰ ਦਿੱਤਾ ਹੈ ਪਰ ਆਪਣੀ ਆਤਮਾ ਦੀ ਫੁਲਵਾੜੀ ਦਾ ਇਕ ਕੋਨਾ ਉਹਨੇ ਸਦਾ ਤੁਹਾਡੇ ਲਈ ਰਾਖਵਾਂ ਰਖਿਆ ਹੈ। ਇਹ ਭੇਤ ਉਹਨੇ ਕਦੀ ਮੇਰੇ ਤੋਂ ਲੁਕਾ ਕੇ ਨਹੀਂ ਰਖਿਆ। ਨਾ ਹੀ ਏਸ ਗਲੋਂ ਮੈਨੂੰ ਉਹਦੇ ਨਾਲ ਕਦੀ ਕੋਈ

ਸ਼ਿਕਾਇਤ ਹੋਈ ਹੈ। ਉਹਨੇ ਮੈਨੂੰ ਏਨੀ ਖ਼ੁਸ਼ੀ, ਏਨਾਂ ਮਾਣ ਦਿੱਤਾ ਹੈ ਕਿ ਜੇ ਕਦੀ ਮੈਨੂੰ ਚੁਣਨ ਦਾ ਹਕ ਮਿਲਿਆ ਤਾਂ ਮੈਂ ਅਗਲੇ ਜਨਮ ਵਿਚ ਜੱਸੀ ਨੂੰ ਹੀ ਚੁਣਾਂਗਾ।''

ਅਵਾਕ ਮੈਂ ਤੇਰੇ ਪਤੀ ਵਲ ਵੇਖਦਾ ਰਹਿ ਗਿਆ। ਉਹ ਆਤਮਾ ਦੀ ਕਿੰਨੀ ਉੱਚੀ ਪਧਰ ਤੇ ਖੜੋਤਾ ਸੀ। ਅਜਿਹੇ ਸੁਹਿਰਦ ਇਨਸਾਨ ਦਾ ਜੀਵਣ ਸਾਥ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਪੂਰਬਲੇ ਕਰਮਾਂ ਦੇ ਅੰਕੁਰ ਫੁਟਦੇ ਹਨ।

ਅਗਲੇ ਦਿਨ ਤੁਸੀਂ ਮੈਡੀਕਲ ਇਨਸਟੀਚੂਟ ਦਿੱਲੀ ਜਾਣ ਦੀ ਤਿਆਰੀ ਕਰਨੀ ਸੀ। ਇਸ ਲਈ ਅਸੀਂ ਸੁਵਖਤੇ ਹੀ ਚੰਡੀਗੜ੍ਹ ਜਾਣ ਵਾਲੀ ਪਹਿਲੀ ਬਸ ਦਾ ਪ੍ਰੋਗਰਾਮ ਬਣਾ ਲਿਆ।

ਸਾਡੀਆਂ ਬੁਝੀਆਂ ਨਜ਼ਰਾਂ ਵੇਖਕੇ ਤੂੰ ਆਪਣੇ ਇਕ ਹੱਥ ਵਿਚ ਸਿਮਰਨ ਦਾ ਹੱਥ ਘੁਟਿਆ ਤੇ ਦੂਜੇ ਵਿਚ ਮੇਰਾ।

''ਮੈਂ ਜਾਣਦੀ ਹਾਂ,'' ਤੂੰ ਆਖਿਆ, ''ਰਾਤੀਂ ਹਰਿੰਦਰ ਜੀ ਨੇ ਤੁਹਾਨੂੰ ਸਭ ਕੁਝ ਦਸ ਦਿੱਤਾ ਹੈ। ਮੇਰੀ ਚਿੰਤਾ ਨਾ ਕਰਨਾ। ਮੈਨੂੰ ਕੁਝ ਨਹੀਂ ਹੋਣਾ। ਜਦੋਂ ਕੁਝ ਹੋਣ ਲਗਾ ਹਰਿੰਦਰ ਜੀ ਤੁਹਾਨੂੰ ਤਾਰ ਦੇ ਦੇਣਗੇ ਜਾਂ ਟੈਲੀਫ਼ੋਨ ਕਰ ਦੇਣਗੇ। ਉਦੋਂ ਤੁਸੀਂ ਢਿਲ ਨਾ ਕਰਨਾ। ਮੈਂ ਤੁਹਾਨੂੰ ਉਡੀਕਾਂਗੀ। ਤੇ ਇਕ ਗੱਲ ਹੋਰ। ਮੈਂ ਚਾਹੁੰਦੀ ਹਾਂ ਕਿ ਜਿਹੜੇ ਚਾਰ ਮੋਢੇ ਮੇਰੀ ਅਰਥੀ ਚੁਕਣ, ਉਨ੍ਹਾਂ ਵਿਚ ਇਕ ਮੋਢਾ ਤੁਹਾਡਾ ਹੋਵੇ। ਕਦੀ ਨਾ ਭੁਲਣਾ ਕਿ ਇਕ ਕਾਲੀ ਤੇ ਝਲੀ ਜਹੀ ਕੁੜੀ ਨੇ ਤੁਹਾਨੂੰ ਅੰਤਾਂ ਦਾ ਪਿਆਰ ਕੀਤਾ ਸੀ।''

ਫੇਰ ਕੋਈ ਡੇਢ ਮਹੀਨੇ ਮਗਰੋਂ ਤੇਰੇ ਪਤੀ ਦੀ ਫ਼ੋਨ ਮੈਨੂੰ ਆਈ। ਇਸ ਵਾਰੀ ਸਿਮਰਨ ਡੇਹਰਾਦੂਨ ਮੇਰੇ ਨਾਲ ਨਾ ਗਈ। ਤੇਰੀ ਜ਼ਿੰਦਗੀ ਦੀਆਂ ਆਖਰੀ ਘੜੀਆਂ ਵਿਚ ਉਹ ਮੈਨੂੰ ਸਾਰੇ ਦਾ ਸਾਰਾ ਤੇਰੇ ਅਰਪਨ ਕਰ ਦੇਣਾ ਚਾਹੁੰਦੀ ਸੀ। ਜਦੋਂ ਮੈਂ ਪੁਜਾ ਤਾਂ ਤੇਰੀਆਂ ਅੱਖਾਂ ਕਾਹਲੀ ਕਾਹਲੀ ਝਪਕ ਰਹੀਆਂ ਸਨ ਅਤੇ ਤੇਰੇ ਸਾਹ ਤਿਖੇ ਉਭੜਵਾਹੇ ਸਨ। ਤੇਰੇ ਪਤੀ ਨੇ ਮੈਨੂੰ ਦਸਿਆ ਕਿ ਪਿਛਲੇ ਦੋ ਘੰਟੇ ਤੋਂ ਤੇਰੀ ਪਛਾਣ ਵੀ ਖਤਮ ਹੋ ਗਈ ਸੀ। ਨਾ ਤੂੰ ਆਪਣੇ ਪਤੀ ਨੂੰ ਤੇ ਨਾ ਆਪਣੇ ਪੁਤਰ ਨੂੰ ਪਛਾਣ ਰਹੀ ਸੈਂ। ਮੈਨੂੰ ਲਗਾ ਕਿ ਮੇਰੇ ਕੋਲ ਬੈਠਣ ਤੇ ਜਿਵੇਂ ਛਿਨ ਮਾਤਰ ਲਈ ਤੇਰੀਆਂ ਅੱਖਾਂ ਵਿਚ ਪਛਾਣ ਲਿਸ਼ਕੀ ਹੋਵੇ। ਪਰ ਇਹ ਐਵੇਂ ਮੇਰੇ ਮਨ ਦਾ ਭਰਮ ਸੀ।

ਫੇਰ ਸਾਡੇ ਵੇਖਦਿਆਂ ਵੇਖਦਿਆਂ ਤੇਰੀਆਂ ਅੱਖਾਂ ਅਝਪਕ ਹੋ ਗਈਆਂ। ਤੇਰੇ ਸਵਾਸ ਰੁਕ ਗਏ ਤੇ ਸਰਬਜੀਤ ਦੀਆਂ ਭੁਬਾਂ ਨੇ ਤੇਰੇ ਮਿਰਤਕ ਸਰੀਰ ਨੂੰ ਝੰਜੋੜ ਸੁਟਿਆ।

ਏਨੇ ਪਿਆਰੇ ਬੇਟੇ ਤੇ ਏਨੇ ਪਿਆਰੇ ਪਤੀ ਨੂੰ ਛਡਕੇ ਜਾਣ ਤੇ ਤੇਰਾ ਜੀ ਕਿਵੇਂ ਕੀਤਾ। ਕਿਥੋਂ ਤੂੰ ਇਹ ਚੰਦਰਾ ਅਹੁਰ ਸਹੇੜ ਲਿਆ, ਜਿਸਦਾ ਕੋਈ ਇਲਾਜ ਨਹੀਂ। ਅਠੱਤੀ ਵਰ੍ਹਿਆਂ ਦੀ ਉਮਰ ਕੋਈ ਉਮਰ ਹੁੰਦੀ ਹੈ ਏਡਾ ਸੋਹਣਾ ਜਗ ਛਡ ਕੇ ਜਾਣ ਦੀ। ਅਠੱਤੀ ਵਰ੍ਹਿਆਂ ਦੀ ਉਮਰ ਕੋਈ ਉਮਰ ਹੁੰਦੀ ਹੈ ਮੜ੍ਹੀਆਂ ਦੀ ਸੇਜ ਤੇ

ਸੌਂ ਜਾਣ ਦੀ। ਅਠੱਤੀ ਵਰ੍ਹਿਆਂ ਦੀ ਉਮਰ ਕੋਈ ਉਮਰ ਹੁੰਦੀ ਹੈ ਭਾਂਬੜ ਵਿਚ ਮਚਕੇ ਰਾਖ ਹੋ ਜਾਣ ਦੀ।

ਸੋਚਦਾ ਹਾਂ ਕੀ ਮੇਰੇ ਲਈ ਤੇਰੇ ਪਿਆਰ ਦੀ ਮਹਿਕ ਵੀ ਰਾਖ ਹੋਕੇ ਇਸ ਢੇਰੀ ਵਿਚ ਰਲ ਜਾਏਗੀ ਜਾਂ ਤੇਰੀ ਆਤਮਾਂ ਦੇ ਸਫ਼ਰ ਵਿਚ ਤੇਰਾ ਸਾਥ ਦਏਗੀ। ਕੀ ਮੌਤ ਦੇ ਮਗਰੋਂ ਆਤਮਾ ਦਾ ਕੋਈ ਸਫ਼ਰ ਹੁੰਦਾ ਹੈ। ਅਗੰਮ ਦੇ ਇਹ ਭੇਤ ਨਾ ਕੋਈ ਹੋਰ ਜਾਣਦਾ ਹੈ, ਨਾ ਮੈਂ ਜਾਣਦਾ ਹਾਂ। ਪਰ ਏਨਾਂ ਮੈਂ ਪਕ ਜਾਣਦਾ ਹਾਂ ਕਿ ਆਪਣੀਆਂ ਯਾਦਾਂ ਦਾ ਜਿਹੜਾ ਭਾਂਬੜ ਤੂੰ ਮੇਰੇ ਅੰਦਰ ਬਾਲ ਚਲੀ ਏਂ, ਮੇਰੇ ਜਿਉਂਦੇ ਜੀ ਉਹ ਕਦੀ ਨਹੀਂ ਬੁਝੇਗਾ।

ਬਸ ਨੰਬਰ 541

ਬਸ ਨੰਬਰ 541 ਕਨਾਟ ਪਲੇਸ ਦੇ ਜੰਤਰ ਮੰਤਰ ਵਾਲੇ ਸਟਾਪ ਤੋਂ ਟੁਰਦੀ ਸੀ ਅਤੇ ਆਲ ਇੰਡੀਆ ਰੇਡੀਓ, ਉਦਯੋਗ ਭਵਨ, ਤੁਗਲਕ ਰੋਡ, ਆਲ ਇੰਡੀਆ ਮੈਡੀਕਲ ਇਨਸਟੀਚੂਟ, ਐਂਡਰੀਊਜ਼ ਗੰਜ ਅਤੇ ਚਿਰਾਗ਼ ਦਿੱਲੀ ਹੁੰਦੀ ਚਿਤਰੰਜਨ ਪਾਰਕ ਅਪੜਦੀ ਸੀ। ਚਿਤਰੰਜਨ ਪਾਰਕ ਦਾ ਨਾਂ ਪਹਿਲਾਂ ਬੰਗਾਲੀ ਕਾਲੋਨੀ ਸੀ, ਕਿਉਂਜੋ ਇਹ ਕਾਲੋਨੀ ਪੂਰਬੀ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਲਈ ਬਣਾਈ ਗਈ ਸੀ। ਇਸ ਲਈ ਇਸ ਬਸ ਵਿਚ ਸਫ਼ਰ ਕਰਨ ਵਾਲਿਆਂ ਵਿਚ ਬਹੁਤੀ ਗਿਣਤੀ ਬੰਗਾਲੀਆਂ ਦੀ ਸੀ ਜੋ ਕਨਾਟ ਪਲੇਸ ਦੀਆਂ ਸਰਕਾਰੀ ਕੰਪਨੀਆਂ ਅਤੇ ਪ੍ਰਾਈਵੇਟ ਫ਼ਰਮਾਂ ਵਿਚ ਸਰਵਿਸ ਕਰਦੇ ਸਨ।

ਉਸ ਦਿਨ ਜਦੋਂ ਸ਼ਾਮੀਂ ਸਵਾ ਪੰਜ ਵਜੇ ਬਸ ਨੰਬਰ 541 ਜੰਤਰ ਮੰਤਰ ਤੋਂ ਟੁਰਨ ਲਗੀ ਤਾਂ ਸਵਾਰੀਆਂ ਦੇ ਮੂੰਹਾਂ ਤੇ ਹਰਾਸ ਛਾਇਆ ਹੋਇਆ ਸੀ। ਇਹ ਹਰਾਸ ਨਾ ਕੇਵਲ ਰਾਜਧਾਨੀ ਵਿਚ ਸੀ ਸਗੋਂ ਇਹਦਾ ਪਸਾਰ ਹਿਮਾਲੇ ਤੋਂ ਲੈ ਕੇ ਰਾਸ ਕੁਮਾਰੀ ਤਕ ਸੀ। ਉਸ ਸਵੇਰ ਦੇਸ਼ ਦੀ ਪ੍ਰਧਾਨ ਮੰਤਰੀ ਦੀ ਹਤਿਆ ਕਰ ਦਿੱਤੀ ਗਈ ਸੀ। ਭਾਵੇਂ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਹੋਏ ਓਪਰੇਸ਼ਨ ਨੀਲਾ ਤਾਰਾ ਮਗਰੋਂ ਪ੍ਰਧਾਨ ਮੰਤਰੀ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਸੀ ਪਰ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਇਹ ਹੋਣੀ ਸਚਮੁਚ ਵਾਪਰ ਜਾਏਗੀ। ਅਚਿੰਤੇ ਵਾਪਰਨ ਕਾਰਨ ਇਹਦਾ ਹਰਾਸ ਹੋਰ ਵੀ ਸੰਘਣਾ ਸੀ। ਬਸ ਵਿਚ ਬਹੁਤੇ ਲੋਕ ਸੁੰਨ ਮਸੁੰਨ ਬੈਠੇ ਸਨ। ਜੇ ਕੋਈ ਬੋਲਦਾ ਤਾਂ ਸਹਿਮੇ ਗੋਸ਼ਿਆਂ ਵਿਚ ਬੋਲਦਾ।

ਬਸ ਅਜੇ ਸਟਾਪ ਤੋਂ ਹਿਲੀ ਹੀ ਸੀ ਕਿ ਸਾਹਮਣਿਓਂ ਦੋ ਤੀਵੀਆਂ ਨੇ ਆਕੇ ਹੱਥ ਦੇ ਦਿੱਤਾ। ਉਨ੍ਹਾਂ ਵਿਚੋਂ ਇਕ ਪੰਝੀ ਕੁ ਵਰ੍ਹਿਆਂ ਦੀ ਸਾਂਵਲੀ ਮੁਟਿਆਰ ਸੀ। ਉਹਦੇ ਹੱਥਾਂ ਵਿਚ ਇਕ ਵਡੀ ਸਾਰੀ ਗੰਢੜੀ ਸੀ ਤੇ ਉਹ ਸਾਫ਼ ਗਰਭਵਤੀ ਦਿਸਦੀ ਸੀ। ਦੂਜੀ ਤੀਵੀਂ ਪੰਜਾਹ ਪਚਵੰਞਾ ਦੀ ਸੀ ਤੇ ਉਹਨੇ ਤਿੰਨਾਂ ਕੁ ਵਰ੍ਹਿਆਂ ਦਾ ਨਿਆਣਾ ਢਾਕੇ ਲਾਇਆ ਹੋਇਆ ਸੀ। ਬਸ ਫੜਨ ਲਈ ਉਹ ਕਾਹਲੀ ਕਾਹਲੀ ਤੁਰਦੀਆਂ ਆਈਆਂ ਸਨ। ਬਸ ਤੇ ਚੜ੍ਹਨ ਮਗਰੋਂ ਵੀ ਵਡੇਰੀ ਤੀਵੀਂ ਭਾਰੇ ਸਰੀਰ ਕਾਰਨ ਅਜੇ ਤੀਕ ਹਫ਼ ਰਹੀ ਸੀ।

''ਬਹਿ ਜਾ ਕੁੜੇ ਪਾਸ਼ੇ, ਜੇ ਥਾਂ ਲਭਦੀ ਊ।'' ਉਹਨੇ ਸਾਂਵਲੀ ਮੁਟਿਆਰ ਨੂੰ ਆਖਿਆ।

ਸੀਟਾਂ ਸਾਰੀਆ ਮਲੀਆਂ ਹੋਈਆਂ ਸਨ। ਪਛੜਕੇ ਆਉਣ ਕਰਕੇ ਸਿਰਫ ਉਹੀ ਦੋਵੇਂ ਖੜੋਤੀਆਂ ਸਨ।

ਸੀਟਾਂ ਤੇ ਬੈਠੇ ਲੋਕ ਮੂੰਹ ਭਵਾ ਕੇ ਪਾਸਾ ਵਟ ਰਹੇ ਸਨ, ਕਿਤੇ ਉਨ੍ਹਾਂ ਨੂੰ ਉਠਣ ਦੀ ਬੇਆਰਾਮੀ ਨਾ ਝਲਣੀ ਪਵੇ। ਕਈਆਂ ਨੇ ਨੀਵੀਂ ਪਾ ਰਖੀ ਸੀ। ਕਈ ਖਿੜਕੀਓਂ ਬਾਹਰ ਝਾਕ ਰਹੇ ਸਨ ਤੇ ਕਈ ਈਵਨਿੰਗ ਨਿਊਜ਼ ਉਹਲੇ ਮੂੰਹ ਲੁਕਾ ਰਹੇ ਸਨ।

ਬਸ ਦੇ ਵਿਚਕਾਰ ਕਰਕੇ ਬੈਠਾ ਇਕ ਸਿੱਖ ਗਭਰੂ ਆਪਣੀ ਸੀਟ ਖਾਲੀ ਕਰਨ ਲਈ ਉਠਿਆ।

''ਤੂੰ ਬੈਠਾ ਰਹੁ ਪੁਤਰ।'' ਵਡੇਰੀ ਤੀਵੀਂ ਨੇ ਉਹਦੇ ਮੋਢੇ ਤੇ ਹੱਥ ਰਖ ਕੇ ਵਰਜਣਾ ਚਾਹਿਆ।

''ਨਹੀਂ ਮਾਂ ਜੀ, ਮੈਂ ਬਸ ਐਂਡਰੀਊਜ਼ ਗੰਜ ਤੀਕ ਜਾਣਾ ਏ।''

''ਭਲਾ ਹੋਵੀ ਪੁਤਰ,'' ਲਛਮੀ ਨੇ ਆਖਿਆ, ''ਬਹਿ ਜਾ ਕੁੜੇ ਪਾਸ਼ੇ। ਲੈ ਨਿਕੇ ਰਮੇਸ਼ ਨੂੰ ਵੀ ਫੜ ਲੈ।''

ਹੁਣ ਤੀਕ ਉਹਦਾ ਸਾਰਾ ਧਿਆਨ ਨਿਆਣੇ ਵਿਚ ਸੀ। ਜਦੋਂ ਉਹ ਆਪਣੀ ਮਾਂ ਦੇ ਗੋਡੇ ਤੇ ਟਿਕ ਗਿਆ ਤਾਂ ਲਛਮੀ ਦਾ ਮਨ ਖਿੰਡਣ ਲਗਾ। ਖਿੰਡਦਾ ਖਿੰਡਦਾ ਵਹਿਣਾਂ ਵਿਚ ਵਹਿ ਗਿਆ।

ਇਹ ਵਹਿਣ ਪ੍ਰਧਾਨ ਮੰਤਰੀ ਦੀ ਹਤਿਆ ਦੇ ਨਹੀਂ ਸਨ। ਇਹ ਵਹਿਣ ਲਛਮੀ ਦੀ ਆਪਣੀ ਜ਼ਿੰਦਗੀ ਦੀ ਤ੍ਰਾਸਦੀ ਅਤੇ ਆਪਣੇ ਘਰ ਦੇ ਉਜਾੜੇ ਦੇ ਸਨ।

ਚਿਰਾਗ ਦਿੱਲੀ ਤੋਂ ਆਉਂਦੀ ਵਾਰ ਵੀ ਉਹ ਕਨਾਟ ਪਲੇਸ ਤੀਕ ਖੜੋਤੀਆਂ ਆਈਆਂ ਸਨ। ਬਸ ਪਿਛੋਂ ਚਿਤਰੰਜਨ ਪਾਰਕ ਤੋਂ ਭਰੀ ਹੋਈ ਆਉਂਦੀ ਸੀ। ਭਾਵੇਂ ਉਹਦੀ ਨੂੰਹ ਗਰਭਵਤੀ ਸੀ, ਭਾਵੇਂ ਉਹਨਾਂ ਕੋਲ ਗੰਢੜੀ ਤੇ ਕੁਛੜ ਬਾਲ ਸੀ ਪਰ ਕੋਈ ਸੀਟ ਦੇਣ ਨਹੀਂ ਸੀ ਉਠਿਆ। ਕਾਹਨੂੰ ਉਠਦਾ। ਉਠ ਵੀ ਬਹਿੰਦਾ ਤਾਂ ਜ਼ਿੰਦਗੀ ਕਿੰਨੀ ਕੁ ਸੁਖਾਲੀ ਹੋ ਜਾਂਦੀ। ਜ਼ਿੰਦਗੀ ਦੇ ਸਾਰੇ ਸੁਖ ਤਾਂ ਪੰਜ ਮਹੀਨੇ ਪਹਿਲੇ ਅਨੀਲ ਆਪਣੇ ਨਾਲ ਲੈ ਗਿਆ ਸੀ। ਉਸ ਦੌੜਨੀ ਟਰੱਕ ਦੇ ਮਗਰ ਦੂਰ ਤੀਕ ਘਿਸਟਦਾ ਉਹਦਾ ਥਰੀ ਵੀਲਰ ਤੇ ਲਹੂ ਨਾਲ ਲਥ ਪਥ ਉਹਦੇ ਕੜੀ ਵਰਗੇ ਪੁਤਰ ਦੀ ਲੋਥ ਜੋ ਪੋਲੀਸ ਚੁਕ ਲਿਆਈ ਸੀ। ਹਜ਼ਾਰਾਂ ਅਲਾਹੁਣੀਆਂ ਤੇ ਲੱਖਾਂ ਵੈਣ ਰੱਬ ਦੇ ਮਨ ਮਿਹਰ ਨਹੀਂ ਸਨ ਪਾ ਸਕੇ ਤੇ ਲੋਕਾਂ ਲਕੜਾਂ ਦੇ ਢੇਰ ਉਤੇ ਉਹਦੇ ਪੁਤਰ ਨੂੰ ਲਿਟਾਕੇ ਢਾਈਆਂ ਵਰ੍ਹਿਆਂ ਦੇ ਜੁਆਕ ਹੱਥੀਂ ਲਾਂਬੂ ਲੁਆ ਦਿੱਤਾ ਸੀ। ਮਗਰੋਂ ਅਨੀਲ ਦੇ ਬਾਪੂ ਨੇ ਮਹੀਨਾ ਨਾ ਕਢਿਆ। ਦਮਾਂ ਤੇ ਸ਼ਕਰ ਦੀ ਬੀਮਾਰੀ ਤਾਂ ਉਹਨੂੰ ਪੁਰਾਣੀ ਸੀ ਪਰ ਉਹ ਜਵਾਨ ਪੁਤਰ ਦੇ ਸਾਹ ਨਾਲ ਸਾਹ ਲੈਂਦਾ ਰਿਹਾ ਸੀ। ਹੁਣ ਸਾਹ ਉਲਟਦਾ ਤਾਂ ਘੰਟਿਆਂ ਬਧੀ ਉਲਟਿਆ ਹੀ ਰਹਿੰਦਾ। ਫੇਰ ਇਕ ਸਵੇਰ ਉਹ ਮੂਲੋਂ ਨਾ ਜਾਗਿਆ। ਲਾ ਜ਼ੋਰ ਰਹੀ ਲਛਮੀ। ਵੇ ਉਠ ਵੇ ਅਨੀਲ ਦੇ ਬਾਪੂ। ਇਕ ਵਾਰੀ

ਤਾਂ ਅੱਖ ਪੁਟ ਕੇ ਵੇਖ। ਸਾਨੂੰ ਕੀਹਦੇ ਆਸਰੇ ਛਡ ਟੁਰਿਓਂ ਜ਼ਾਲਮਾਂ। ਚਿਰਾਗ ਦਿੱਲੀ ਦਾ ਟੁਟਾ ਭਜਾ ਕਿਰਾਏ ਦਾ ਮਕਾਨ ਤੇ ਕੜਾਕੇ ਦੀ ਗ਼ਰੀਬੀ। ਦੁੱਖ ਦਲਿਦਰ ਘੁਟ ਘੁਟ ਕਰਕੇ ਜਿੰਦ ਦਾ ਲਹੂ ਪੀਣ ਲਗੇ। ਭਲਾ ਹੋਵੇ ਪਾਸ਼ੋ ਦੇ ਪਿਓ ਟੇਲਰ ਮਾਸਟਰ ਦਾ, ਉਹਨੇ ਤਿੰਨਾ ਮਹੀਨਿਆਂ ਵਿਚ ਪਾਸ਼ੋ ਨੂੰ ਵੰਨ ਸੁਵੰਨੀਆਂ ਨਾਈਟੀਆਂ ਸਿਊਣੀਆਂ ਸਿਖਾ ਦਿੱਤੀਆਂ, ਸਿਲਾਈ ਦੀ ਪੁਰਾਣੀ ਮਸ਼ੀਨ ਲੈ ਦਿੱਤੀ ਤੇ ਜਨਪਥ ਦੀਆਂ ਦੋ ਦੁਕਾਨਾਂ ਦਾ ਕੰਮ ਦਵਾ ਦਿੱਤਾ। ਕਪੜੇ ਦੀ ਗੰਢੜੀ ਉਹ ਦੁਕਾਨਾਂ ਤੋਂ ਚੁਕ ਲਿਆਉਂਦੀਆਂ ਤੇ ਸੀਊਣ ਮਗਰੋਂ ਨਾਈਟੀਆਂ ਦੀ ਗੰਢੜੀ ਪੁਚਾ ਆਉਂਦੀਆਂ। ਗ਼ਰੀਬੀ ਤਾਂ ਨਾ ਹਟੀ ਪਰ ਭੁੱਖ ਨੰਗ ਦੀ ਡੈਣ ਮਗਰੋਂ ਲਥ ਗਈ। ਭਾਵੇਂ ਅੱਥਰੂਆਂ ਭਿੱਜੀ ਸੀ ਪਰ ਹੱਥ ਵਿਚ ਰੋਟੀ ਤੇ ਕਟੋਰੀ ਵਿਚ ਦਾਲ ਤਾਂ ਸੀ।

ਬਸ ਦੇ ਅਚਨਚੇਤ ਰੁਕ ਜਾਣ ਦੇ ਧਕੇ ਨਾਲ ਲਛਮੀ ਸੋਚਾਂ ਦੇ ਪਾਤਾਲ ਵਿਚੋਂ ਉਭਰੀ। ਆਈ. ਐਨ. ਏ ਮਾਰਕੀਟ ਲਾਗੇ ਸੜਕ ਵਡੇ ਵਡੇ ਪੱਥਰ ਰਖ ਕੇ ਰੋਕੀ ਹੋਈ ਸੀ ਤੇ ਫ਼ਸਾਦੀਆਂ ਦੀ ਧਾੜ ਨਾਅਰੇ ਲਾ ਰਹੀ ਸੀ। "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ।" "ਸਰਦਾਰ ਗ਼ਦਾਰ ਹੈਂ"। ਫੇਰ ਉਹ ਨਾਅਰੇ ਬਸ ਦੇ ਅੰਦਰ ਵੜ ਆਏ। ਜਿਵੇਂ ਕ੍ਰੋਧ ਅਤੇ ਨਫ਼ਰਤ ਦਾ ਇਕ ਝਖੜ ਬਸ ਉਤੇ ਝੁਲ ਪਿਆ।

ਇਕ ਹਟਾ ਕਟਾ ਗੁਜਰ ਲੋਹੇ ਦੀ ਲਠ ਦੋਹਾਂ ਹੱਥਾਂ ਵਿਚ ਹਥੌੜੇ ਵਾਂਗ ਉਲਾਰੀ ਡਰਾਈਵਰ ਦੇ ਸਿਰ ਤੇ ਖੜੋ ਗਿਆ ਤਾਂ ਜੋ ਉਹਨੂੰ ਬਸ ਚਲਾਣੋਂ ਹਟਕਾਈ ਰਖੇ। ਸਵਾਰੀਆਂ ਨੂੰ ਇਸ ਗੱਲ ਦੀ ਸੋਝੀ ਹੁੰਦਿਆਂ ਢਿਲ ਨਾਂ ਲਗੀ ਕਿ ਸਾਰੇ ਕ੍ਰੋਧ ਤੇ ਸਾਰੀ ਨਫ਼ਰਤ ਦਾ ਇਕੋ ਇਕ ਨਿਸ਼ਾਨਾਂ ਉਹ ਸਿੱਖ ਗਭਰੂ ਸੀ। ਜਦੋਂ ਫ਼ਸਾਦੀ ਧਾੜ ਲੋਹੇ ਦੀਆਂ ਲਠਾਂ ਚੁਕੀ ਸਿੱਖ ਗਭਰੂ ਤੇ ਟੁਟ ਪੈਣ ਲਈ ਉਮਡੀ ਤਾਂ ਲਛਮੀ ਰਾਹ ਮਲ ਖੜੋਤੀ। ਦੋਵੇਂ ਹੱਥ ਢਾਕਾਂ ਤੇ ਰਖਕੇ ਉਹਨੇ ਆਪਣੇ ਭਾਰੇ ਸਰੀਰ ਨਾਲ ਸੀਟਾਂ ਦੀਆਂ ਕਤਾਰਾਂ ਵਿਚਕਾਰਲਾ ਖਪਾ ਪੂਰ ਲਿਆ ਸੀ।

"ਲਾਂਭੇ ਹੋ ਜਾ ਮਾਈ।" ਧਾੜ ਦਾ ਆਗੂ ਜੋ ਇਕ ਰੋੜੇ ਸਿਰ ਵਾਲਾ ਮੁਛਲ ਬੁਰਛਾ ਸੀ ਕੜਕਵੀਂ ਆਵਾਜ਼ ਵਿਚ ਬੋਲਿਆ।

"ਕਿਉਂ ਪਰ ?" ਲਛਮੀ ਨੇ ਸੂਹੇ ਹੋ ਗਏ ਚਿਹਰੇ 'ਚੋਂ ਭਖਦਾ ਬੋਲ ਬੋਲਿਆ, "ਜਾਹ ਨਹੀਓਂ ਹਟਦੀ।"

"ਹਟ ਜਾ ਮਾਈ ਰਸਤਾ ਛਡ।" ਭੀੜ ਵਿਚੋਂ ਇਕ ਬੁਲ੍ਹ-ਕਟਾ ਕਾਲਾ ਸ਼ਾਹ ਸਾਂਹਸੀ ਬੋਲਿਆ, "ਨਹੀਂ ਤਾਂ ਉਸ ਗ਼ਦਾਰ ਤੋਂ ਪਹਿਲਾਂ ਤੇਰਾ ਸਿਰ ਪਾੜਨਾ ਪਊ।"

"ਗ਼ਦਾਰ। ਕੌਣ ਗ਼ਦਾਰ ?" ਲਛਮੀ ਨੇ ਢਾਣੀ ਨੂੰ ਨਾਹਰੀਆਂ ਨੀਝਾਂ ਨਾਲ ਵਿਨ੍ਹਦਿਆਂ ਆਖਿਆ, "ਮੈਨੂੰ ਤਾਂ ਕੋਈ ਗ਼ਦਾਰ ਨਹੀਂ ਦਿਸਦਾ।"

"ਔਹ ਸਰਦਾਰ ਗ਼ਦਾਰ ਏ।"

"ਕਾਹਤੋਂ ?"

"ਏਹਨਾਂ ਸਾਡੀ ਪ੍ਰਧਾਨ ਮੰਤਰੀ ਦੀ ਹਤਿਆ ਕੀਤੀ ਏ।"

''ਜਿਨ੍ਹਾਂ ਕੀਤੀ ਏ ਉਹ ਮਾਰੇ ਗਏ ਨੇ ਜਾਂ ਫੜੇ ਗਏ ਨੇ। ਮੈਂ ਆਪ ਰੇਡੀਓ ਤੇ ਸੁਣਿਆ ਏ।''

''ਸਰਦਾਰ ਸਾਰੇ ਗ਼ਦਾਰ ਨੇ।'' ਰੋਡਾ ਮੁਛਲ ਬੋਲਿਆ, ''ਅਸਾਂ ਪ੍ਰਧਾਨ ਮੰਤਰੀ ਦੇ ਖ਼ੂਨ ਦਾ ਬਦਲਾ ਸਰਦਾਰਾਂ ਦੇ ਖ਼ੂਨ ਨਾਲ ਲੈਣਾ ਏ।''

''ਹਛਾ, ਤੇ ਉਦੋਂ ਕਿਥੇ ਸਾਉ ਤੁਸੀਂ ਵਡੇ ਵਰਿਆਮ ਜਦੋਂ ਇਕ ਹਿੰਦੂ ਨੇ ਮਹਾਤਮਾ ਗਾਂਧੀ ਨੂੰ ਗੋਲੀ ਮਾਰੀ ਸੀ। ਕਿਉਂ ਨਾ ਤੁਸੀਂ ਸਾਰੇ ਹਿੰਦੂਆਂ ਦਾ ਸਿਰ ਪਾੜਿਆ। ਇਕੋ ਨਥੂ ਰਾਮ ਫਾਹੇ ਲਗਾ। ਬਾਕੀ ਹਿੰਦੂਆਂ ਨੂੰ ਕਿਸੇ ਫੁਲ ਦੀ ਨਾ ਲਾਈ।''

ਇਸ ਦਲੀਲ ਦਾ ਰੋਡੇ ਮੁਛਲ ਤੇ ਉਹਦੀ ਧਾੜ ਤੇ ਭੋਰਾ ਅਸਰ ਨਾ ਹੋਇਆ।

''ਤੂੰ ਸਿਧੀ ਹੱਥੀਂ ਰਾਹ ਛਡਨੀਂ ਏ ਕਿ।'' ਲੋਹੇ ਦੀ ਲਠ ਦੇ ਦੋਵੇਂ ਸਿਰੇ ਫੜਕੇ ਰੋਡੇ ਮੁਛਲ ਨੇ ਲਛਮੀ ਨੂੰ ਪਿਛਾਂਹ ਧਕਣਾ ਚਾਹਿਆ। ਪਰ ਲਛਮੀ ਨੇ ਉਹਨੂੰ ਗਲਮਿਓਂ ਫੜ ਲਿਆ ਤੇ ਇਕ ਤਗੜਾ ਘਸੁੰਨ ਉਹਦੇ ਨਕ ਤੇ ਜੜ੍ਹ ਦਿੱਤਾ ਜਿਸਦੇ ਨਾਲ ਉਹਦੇ ਨਕ 'ਚੋਂ ਨਕਸੀਰ ਦਾ ਪਰਨਾਲਾ ਵਹਿ ਤੁਰਿਆ।

''ਤੂੰ ਵਢ ਹੋਣਿਆਂ ਲਾ ਤਾਂ ਮੈਨੂੰ ਹੱਥ,'' ਲਛਮੀ ਦੇ ਬੋਲ ਚੰਗਿਆੜੇ ਛਡ ਰਹੇ ਸਨ, ''ਤੇਰੇ ਸੀਰਮੇ ਨਾ ਪੀ ਲਏ ਤਾਂ ਮੈਨੂੰ ਪਿਉ ਦੀ ਨਾ ਆਖੀਂ।''

ਲਛਮੀ ਦੀ ਬਜਰ ਢਾਲ ਨਾਲ ਵਾਹ ਪੈਂਦਿਆਂ ਹੀ ਕੁਝ ਫ਼ਸਾਦੀ ਬਸ ਦੇ ਅਗਲੇ ਦਰਵਾਜ਼ੇ 'ਚੋਂ ਲਥਕੇ ਮਗਰਲੇ ਦਰਵਾਜ਼ੇ 'ਚੋਂ ਚੜ੍ਹ ਆਏ ਸਨ ਤਾਂ ਜੋ ਉਹ ਪਿਛਵਾੜਿਓਂ ਆਪਣੇ ਸ਼ਿਕਾਰ ਤੀਕ ਅਪੜ ਸਕਣ। ਪਰ ਉਨ੍ਹਾਂ ਦੀ ਨੀਅਤ ਭਾਂਪਦਿਆਂ ਹੀ ਪਾਸ਼ੋ ਇਕ ਝਟਕੇ ਨਾਲ ਉਠ ਪਈ ਤੇ ਰਮੇਸ਼ ਨੂੰ ਮੋਢੇ ਲਾਈ ਰਾਹ ਮਲ ਖਲੋਤੀ।

''ਖਬਰਦਾਰ।'' ਲੋਹੀ ਲਾਖੀ ਹੋਈ ਪਾਸ਼ੋ ਕੜਕੀ, ''ਅੱਗੇ ਨਾ ਆਇਓ, ਨਹੀਂ ਤਾਂ ਇਕ ਇਕ ਨੂੰ ਭੰਨ ਕੇ ਗੁਠੇ ਲਾ ਦਊਂ।''

ਇਕ ਪਲ ਲਈ ਫ਼ਸਾਦੀਆਂ ਦੀ ਮਗਰਲੀ ਢਾਣੀ ਤ੍ਰਹਿ ਗਈ। ਢਾਣੀ ਵਿਚ ਕੁਝ ਜਰਾਇਮ ਪੇਸ਼ਾ ਗੁਜਰ ਤੇ ਸਾਂਹਸੀ ਸਨ, ਕੁਝ ਸਮਾਜ ਵਿਰੋਧੀ ਅੰਸ਼ ਤੇ ਬਾਕੀ ਗਿਣਤੀ ਵਧਾਣ ਲਈ ਕੁਝ ਗੜ੍ਹਵਾਲੀ ਤੇ ਬਿਹਾਰੀ ਨੌਕਰ!

ਮਗਰਲੀ ਧਾੜ ਦੇ ਆਗੂ ਬੁਲ੍ਹ-ਕਟੇ ਸਾਂਹਸੀ ਨੇ ਪਾਸ਼ੋ ਨੂੰ ਮੋਢਿਓਂ ਫੜਕੇ ਲਾਂਭੇ ਕਰਨਾ ਚਾਹਿਆ।

''ਖਲੋ ਜਾ ਕੰਜਰਾ।'' ਬਿਫਰੀ ਸ਼ੀਹਣੀ ਵਾਂਗ ਪਾਸ਼ੋ ਗਰਜੀ, ''ਤੂੰ ਹੋਵੇਂ ਕੌਣ ਮੈਨੂੰ ਹੱਥ ਲਾਣ ਵਾਲਾ।''

ਨਿਕੇ ਰਮੇਸ਼ ਨੂੰ ਸੀਟ ਤੇ ਸੁਟਦਿਆਂ ਪਾਸ਼ੋ ਨੇ ਸਿਰ ਨੀਵਾਂ ਕਰਕੇ ਬੁਲ੍ਹ-ਕਟੇ ਸਾਂਹਸੀ ਦੇ ਢਿਡ ਵਿਚ ਏਡੇ ਜ਼ੋਰ ਦੀ ਧੁਸ ਮਾਰੀ ਕਿ ਉਹਦੀਆਂ ਸਤੇ ਸੁਧਾਂ ਮਾਰੀਆਂ ਗਈਆਂ। ਅਜੇ ਉਹ ਸੰਭਲਿਆ ਨਹੀਂ ਸੀ ਕਿ ਪਾਸ਼ੋ ਉਹਦੇ ਗਲ ਪੈ ਗਈ। ਉਹਨੇ ਉਹਦਾ ਮੂੰਹ ਨੌਹਦਰਾਂ ਨਾਲ ਵਲੂੰਧਰ ਛਡਿਆ। ਫੇਰ ਅਚਨਚੇਤ ਉਹਦੀਆਂ ਉਂਗਲਾਂ ਦੀ ਕੰਘੀ ਉਹਦੀ ਧੌਣ ਦਵਾਲੇ ਕਸੀ ਗਈ। ਸਾਂਹਸੀ ਦੀਆਂ ਅੱਖਾ ਟਡੀਆਂ ਗਈਆਂ ਤੇ ਲੋਹੇ ਦੀ ਲਠ ਉਹਦੇ ਹੱਥੋਂ ਡਿਗ ਪਈ।

ਫੇਰ ਅਚਨਚੇਤ ਸਭ ਤੋਂ ਪਿਛਲੀ ਸੀਟ ਤੇ ਬੈਠੀ ਇਕ ਬੰਗਾਲੀ ਕੁੜੀ ਫਸਾਦੀਆਂ ਦੀ ਮਗਰਲੀ ਢਾਣੀ ਤੇ ਵਸ ਪਈ। ਉਹਦੇ ਹੱਥਾਂ ਵਿਚ ਪੈਰੋਂ ਲਾਹੀਆਂ ਆਪਣੀਆਂ ਚਪਲਾਂ ਸਨ। ਫਸਾਦੀਆਂ ਦੇ ਸਿਰਾਂ ਤੇ ਤਾਬੜ ਤੋੜ ਮਾਰਦੀ ਉਹ ਬੋਲੀ ਜਾ ਰਹੀ ਸੀ—

"ਹੈਂਸਿਆਰਿਓ, ਕਿਉਂ ਤੁਸੀਂ ਹਿੰਦੂ ਧਰਮ ਦਾ ਮੁਕਾਲਾ ਕਰਨ ਲਗੇ ਓ। ਤੁਸੀਂ ਗੁਰੂ ਤੇਗ ਬਹਾਦਰ ਦਾ ਬਲੀਦਾਨ ਭੁਲ ਗਏ। ਭੁਲ ਗਏ ਤੁਸੀਂ ਸਰਦਾਰ ਭਗਤ ਸਿੰਘ ਨੂੰ ਜਿਸਨੇ ਦੇਸ਼ ਦੀ ਆਜ਼ਾਦੀ ਖਾਤਰ ਫਾਂਸੀ ਦਾ ਰਸਾ ਚੁੰਮਿਆ ਸੀ। ਭੁਲ ਗਏ ਤੁਸੀਂ ਊਧਮ ਸਿੰਘ ਨੂੰ ਜਿਸਨੇ ਜਲ੍ਹਿਆਂ ਵਾਲਾ ਬਾਗ਼ ਦਾ ਬਦਲਾ ਲਿਆ ਸੀ। ਭੁਲ ਗਏ ਗਦਰੀ ਬਾਬਿਆਂ ਨੂੰ ਜਿਨ੍ਹਾਂ ਕਲਕੱਤੇ ਬਜ ਬਜ ਘਾਟ ਤੇ ਗੋਲੀਆਂ ਖਾਧੀਆਂ ਸਨ। ਲਾਅਨਤੀਓ, ਇਹਸਾਨ ਫਰਾਮੋਸ਼, ਜਾਓ ਕਿਤੇ ਡੁਬ ਮਰੋ।"

ਕ੍ਰੋਧ ਨੇ ਕੁੜੀ ਦੀਆਂ ਨਰਮ ਨਾਸਾਂ ਨੂੰ ਫਰਕਣੀ ਲਾ ਦਿੱਤੀ ਸੀ। ਪਤਲੀ ਤੇ ਸੁਬਕ ਜਹੀ ਸੀ ਉਹ। ਪਤਲੀਆਂ ਤੇ ਪੀਲੀਆਂ ਪਿਚ ਸਨ ਉਹਦੀਆਂ ਵੀਣੀਆਂ। ਪਰ ਉਹਦੇ ਚਿਹਰੇ ਦੀ ਜ਼ਰਦੀ ਵਿਚ ਲਹੂ ਸੁਰਖ਼ ਭਾਹ ਮਾਰ ਰਿਹਾ ਸੀ। ਇਹੋ ਜਹੇ ਚਿਹਰਿਆਂ ਵਿਚੋਂ ਹੀ ਸੂਹੀਆਂ ਕ੍ਰਾਂਤੀਆਂ ਜਨਮ ਲੈਂਦੀਆਂ ਹਨ।

ਬਸ ਦੀਆਂ ਬਾਕੀ ਸਵਾਰੀਆਂ ਹੁਣ ਤੀਕ ਬਿਟ ਬਿਟ ਇਹ ਤਮਾਸ਼ਾ ਵੇਖਦੀਆਂ ਰਹੀਆਂ ਸਨ। ਉਨ੍ਹਾਂ ਦੇ ਸਹਿਮੇ ਤੇ ਬੇਲਾਗ ਚਿਹਰੇ ਹੁਣ ਹੁੰਗਾਰੇ ਦਾ ਸਾਕਾਰ ਰੂਪ ਬਣ ਗਏ। ਫੇਰ ਇਹ ਮੂਕ ਹੁੰਗਾਰਾ ਬੋਲ ਬੁਲਾਰੇ ਵਿਚ ਬਦਲ ਗਿਆ। ਚੁਪਾਸੀਂ ਲੋਕ ਸੀਟਾਂ ਤੋਂ ਉਠਕੇ ਬਾਹਵਾਂ ਫਸਾਦੀਆਂ ਵਲ ਉਲਾਰ ਰਹੇ ਸਨ।

"ਇਸ ਸਰਦਾਰ ਨੂੰ ਸਾਡੇ ਹਵਾਲੇ ਕਰ ਦਿਓ।" ਰੋੜਾ ਮੁਛਲ ਕੜਕਿਆ, "ਨਹੀਂ ਤਾਂ ਅਸੀਂ ਪੈਟਰੋਲ ਪਾਕੇ ਬਸ ਫੂਕ ਦੇਣੀ ਏ।"

ਕਿਸੇ ਨੇ ਇਸ ਧਮਕੀ ਤੇ ਕੰਨ ਨਾ ਧਰਿਆ ਤੇ ਸਵਾਰੀਆਂ ਦਾ ਸੰਘਣਾ ਘੇਰਾ ਉਸ ਸਿੱਖ ਗਭਰੂ ਦੇ ਚੋਗਿਰਦੇ ਮਾਨੁਖਤਾ ਦੀ ਮਜ਼ਬੂਤ ਢਾਲ ਬਣਿਆ ਰਿਹਾ।

ਰੋੜੇ ਮੁਛਲ ਨੇ ਆਪਣੇ ਪਿਛੇ ਖਲੋਤੇ ਇਕ ਗੜ੍ਹਵਾਲੀ ਜਮੂਰੇ ਕੋਲੋਂ ਪੈਟਰੋਲ ਦਾ ਕੈਨ ਫੜਿਆ ਤੇ ਅੱਧ ਪਚੱਧਾ ਬਸ ਦੇ ਫ਼ਰਸ਼ ਤੇ ਡੋਲ੍ਹ ਦਿੱਤਾ। ਫੇਰ ਉਹਦੀ ਸੈਨਤ ਪਾਕੇ ਸਾਰੇ ਫਸਾਦੀ ਬਸ ਤੋਂ ਹੇਠਾਂ ਉਤਰ ਗਏ, ਛੁਟ ਉਸ ਹਟੇ ਕਟੇ ਗੁਜਰ ਦੇ, ਜੋ ਦੋਹਾਂ ਹੱਥਾਂ ਵਿਚ ਲੋਹੇ ਦੀ ਲਠ ਫੜੀ ਬਸ ਦੇ ਡਰਾਈਵਰ ਦੀ ਚੌਕੀਦਾਰੀ ਕਰ ਰਿਹਾ ਸੀ।

ਬਾਕੀ ਦਾ ਕੈਨ ਉਨ੍ਹਾਂ ਬਸ ਦੀ ਬਾਹਰਲੀ ਬਾਡੀ ਤੇ ਤ੍ਰੌਂਕ ਦਿੱਤਾ।

"ਮਾਚਸ ਕਿਸਦੇ ਕੋਲ ਏ।" ਰੋੜੇ ਮੁਛਲ ਨੇ ਆਪਣੀ ਧਾੜ ਤੋਂ ਪੁਛਿਆ।

"ਮੇਰੇ ਪਾਸ ਏ ਉਸਤਾਦ।" ਹਟੇ ਕਟੇ ਗੁਜਰ ਨੇ ਬਸ ਦੇ ਅੰਦਰੋਂ ਪੁਕਾਰਿਆ।

ਜਦੋਂ ਉਹ ਗੁਜਰ ਇਕ ਹੱਥ ਨਾਲ ਆਪਣੇ ਕੁਰਤੇ ਦੀ ਜੇਬ 'ਚੋਂ ਮਾਚਸ ਟੋਹਣ ਲਗਾ ਤਾਂ ਡਰਾਈਵਰ ਨੇ ਉਠਕੇ ਉਹਦੇ ਹੱਥੋਂ ਲੋਹੇ ਦੀ ਲਠ ਖੋਹ ਲਈ। ਉਸੇ ਪਲ ਅਗਲੀ ਸੀਟ ਤੇ ਬੈਠੇ ਇਕ ਬੰਗਾਲੀ ਨੌਜਵਾਨ ਨੇ ਗੁਜਰ ਨੂੰ ਆਪਣੇ ਕਸਰਤੀ

ਬਾਜ਼ੂਆਂ ਦੇ ਕਲਾਵੇ ਵਿਚ ਜਕੜ ਲਿਆ । ਫੇਰ ਡਰਾਈਵਰ ਤੇ ਉਸ ਬੰਗਾਲੀ ਨੌਜਵਾਨ ਨੇ ਰਲਕੇ ਗੁਜਰ ਨੂੰ ਬਸ ਤੋਂ ਹੇਠਾਂ ਧਕ ਦਿੱਤਾ । ਇਸ ਤੋਂ ਪਹਿਲਾਂ ਕਿ ਮਾਚਸ ਲਭਦੀ ਅਤੇ ਤੀਲੀ ਬਲਦੀ ਡਰਾਈਵਰ ਬਸ ਨੂੰ ਤੇਜ਼ੀ ਨਾਲ ਰੀਵਰਸ ਗੀਅਰ ਵਿਚ ਪਿਛੇ ਲਖਸ਼ਮੀ ਬਾਈ ਨਗਰ ਵਾਲੇ ਫਲਾਈ ਓਵਰ ਤੀਕ ਲੈ ਗਿਆ । ਉਥੋਂ ਉਹਨੇ ਬਸ ਸਰੋਜਨੀ ਨਗਰ ਵਲ ਮੋੜ ਲਈ । ਉਹ ਅੰਦਰਲੀ ਰਿੰਗ ਰੋਡ ਛਡਕੇ ਆਊਟਰ ਰਿੰਗ ਰੋਡ ਤੋਂ ਚਿਤਰੰਜਨ ਪਾਰਕ ਅਪੜਨਾ ਚਾਹੁੰਦਾ ਸੀ ।

ਕੁਝ ਚਿਰ ਬਸ ਦੇ ਅੰਦਰ ਪੈਟਰੋਲ ਦੀ ਦੁਰਗੰਧ ਆਉਂਦੀ ਰਹੀ ਪਰ ਛੇਤੀ ਹੀ ਇਨਸਾਨੀਅਤ ਦਾ ਅੰਬੀਰ ਏਸ ਦੁਰਗੰਧ ਤੇ ਛਾ ਗਿਆ ।

ਬਸੰਤਾ ਝੱਲਾ

ਗੁਰਦਵਾਰਾ ਬੰਗਲਾ ਸਾਹਿਬ ਦੇ ਲੰਗਰ ਵਿਚ ਬੈਠਿਆਂ ਸਾਹਮਣੀ ਪੰਗਤ ਵਿਚ ਇਕ ਚਿਹਰਾ ਮੇਰਾ ਧਿਆਨ ਮੱਲ ਬੈਠਾ। ਇਕ ਦੁਖਿਆਰਾ ਗ਼ਮਾਂ ਮਾਰਿਆ ਚਿਹਰਾ, ਮੈਲੇ ਛਿੱਜੇ ਹੋਏ ਦੁਪੱਟੇ ਦੀ ਬੁਕਲ ਵਲ੍ਹੇਟਿਆ। ਮੱਥੇ ਵਿਚ ਪੀੜ ਦੀਆਂ ਤ੍ਰੇੜਾਂ, ਅੱਖਾਂ ਜਿਵੇਂ ਰੋ ਰੋ ਅੰਨ੍ਹੀਆਂ ਹੋਣ ਲੱਗੀਆਂ ਹੋਣ, ਬੁੱਲ੍ਹਾਂ ਉਤੇ ਗ਼ਮਾਂ ਦੀ ਸਿਕਰੀ, ਕਿਸੇ ਤ੍ਰਾਸਦੀ ਨੂੰ ਮੂਰਤੀਮਾਨ ਕਰਦਾ ਇਹ ਚਿਹਰਾ ਮੈਂ ਪਹਿਲੇ ਕਿਥੇ ਵੇਖਿਆ ਸੀ, ਕੁਝ ਯਾਦ ਨਾ ਆਇਆ।

ਇਕ ਉਚੇਰੇ ਯਤਨ ਨਾਲ ਧਿਆਨ ਮੈਂ ਉਸ ਚਿਹਰੇ ਵਲੋਂ ਮੋੜ ਲੈਣਾ ਚਾਹਿਆ, ਪਰ ਮੋੜ ਨਾ ਸਕਿਆ। ਮੱਲੋ-ਮਲੀ ਉਹ ਚਿਹਰਾ ਮੇਰੇ ਖਹਿੜੇ ਪੈ ਗਿਆ। ਹਲਦੀ-ਧੂੜੇ, ਧੁਆਂਖੇ ਉਸ ਚਿਹਰੇ ਉਤੇ ਇਕ ਦਾਸਤਾਨ ਲਿਖੀ ਸੀ। ਮੈਨੂੰ ਲੱਗਾ ਇਹ ਦਾਸਤਾਨ ਮੈਂ ਪਹਿਲੇ ਕਿਤੇ ਪੜ੍ਹੀ ਹੋਈ ਹੈ, ਕਿਤੇ ਸੁਣੀ ਹੋਈ ਹੈ।

ਸਭ ਉਦਾਸ ਚਿਹਰਿਆਂ ਦਾ ਪ੍ਰਭਾਵ ਇਕੋ ਜਿਹਾ ਹੁੰਦਾ ਹੈ, ਮੈਂ ਆਪਣੇ ਆਪ ਨੂੰ ਸਮਝਾਇਆ, ਸਾਰੀਆਂ ਪੀੜਾਂ ਦਾ ਰੰਗ ਇਕੋ ਜਿਹਾ ਹੁੰਦਾ ਹੈ। ਦੁੱਖ ਦੀਆਂ ਸਾਰੀਆਂ ਦਾਸਤਾਨਾਂ ਦੀ ਆਵਾਜ਼ ਇਕ ਹੁੰਦੀ ਹੈ, ਲਹਿਜਾ ਇਕ ਹੁੰਦਾ ਹੈ। ਮੈਨੂੰ ਐਵੇਂ ਭੁਲੇਖਾ ਪੈ ਰਿਹਾ ਹੈ। ਇਸ ਦੁਖਿਆਰੀ ਨੂੰ ਮੈਂ ਪਹਿਲਾਂ ਕਿਸੇ ਵੇਖਣਾ ਸੀ।'

ਪਰ ਲੰਗਰ ਛਕਦਿਆਂ ਅਚਨਚੇਤ ਬਿਜਲੀ ਦੀ ਤੇਜ਼ੀ ਨਾਲ ਉਹ ਚਿਹਰਾ ਮੇਰੀ ਸਿਮਰਤੀ ਦੇ ਚੌਖਟੇ ਵਿਚ ਜੜ੍ਹ ਗਿਆ। ਇਹ ਤਾਂ ਬਸੰਤ ਦੀ ਮਾਂ ਦਾ ਚਿਹਰਾ ਸੀ। ਉਹੀ ਵਾਲਾਂ ਦੀ ਚਿੱਟੀ ਲਿਟ, ਉਹੀ ਖੱਬੀ ਗਲ੍ਹ ਦਾ ਮੱਸਾ, ਉਹੀ ਨੱਕ ਵਿਚ ਮੈਲਾ ਕੋਕਾ।

ਦੋ ਮਹੀਨੇ ਪਹਿਲੇ ਸਤੰਬਰ ਦੀ ਇਕ ਦੁਪਹਿਰ ਮੇਰੀ ਚੇਤਨਾ ਵਿਚ ਉਘੜ ਆਈ ਜਦੋਂ ਮੈਂ ਰਾਵਲਪਿੰਡੀ ਮੁਹੱਲਾ ਚੰਨ ਚਰਾਗ ਆਪਣੀ ਭੂਆ ਜੀ ਦੇ ਵਿਹੜੇ, ਮੁਹੱਲੇ ਦੇ ਲੋਕਾਂ ਦੀ ਭੀੜ ਵਿਚ ਘਿਰਿਆ ਸਾਂ। ਉਨ੍ਹੀਂ ਦਿਨੀਂ ਮੈਂ ਦਿੱਲੀ ਵਿਚ ਡਾਇਰੈਕਟਰ ਜੈਨਰਲ ਔਫ ਸਿਵਲ ਏਵੀਏਸ਼ਨ ਦੇ ਮਹਿਕਮੇ ਵਿਚ ਡਿਪਟੀ ਡਾਇਰੈਕਟਰ ਸਾਂ। ਪਾਕਿਸਤਾਨ ਬਣ ਚੁੱਕਾ ਸੀ। 15 ਅਗਸਤ ਦੀ ਹੋਣੀਆਂ ਭਰਪੂਰ

ਤਾਰੀਖ ਲੰਘ ਚੁੱਕੀ ਸੀ। ਵਾਗ੍ਹਿਓਂ ਉਧਰ ਪਾਕਿਸਤਾਨੀ ਝੰਡੇ ਅਤੇ ਅਟਾਰੀਓਂ ਏਧਰ ਆਜ਼ਾਦੀ ਦੇ ਤਿਰੰਗੇ ਝੂਲ ਚੁੱਕੇ ਸਨ। ਪਰ ਮੈਨੂੰ ਆਪਣੀ ਭੂਆ ਜੀ ਦੇ ਪਰਿਵਾਰ ਦੀ ਸੁਖ ਸਾਂਦ ਦੀ ਕੋਈ ਉਘ ਸੁਘ ਨਹੀਂ ਸੀ ਮਿਲੀ। ਦੇਸ਼ ਵੰਡ ਦੀ ਭਓਜਲੀ ਕਾਰਨ ਮੇਰੀਆਂ ਲਿਖੀਆਂ ਚਿੱਠੀਆਂ ਉਨ੍ਹਾਂ ਨੂੰ ਨਹੀਂ ਸਨ ਮਿਲ ਰਹੀਆਂ ਤੇ ਉਨ੍ਹਾਂ ਦੀਆਂ ਚਿੱਠੀਆਂ ਵਿਚੋਂ ਕੋਈ ਭੁੱਲੀ ਭਟਕੀ ਮੇਰੇ ਤਕ ਅਪੜਦੀ ਸੀ। ਇਨ੍ਹਾਂ ਭੁੱਲੀਆਂ ਭਟਕੀਆਂ ਵਿਚੋਂ 22 ਅਗਸਤ ਦੀ ਲਿਖੀ ਫੁੱਫੜ ਜੀ ਦੀ ਚਿੱਠੀ, ਜੋ ਮੈਨੂੰ 11 ਸਤੰਬਰ ਨੂੰ ਮਿਲੀ, ਨਿਰਾਸ਼ਾ ਨਾਲ ਓਤਪੋਤ ਸੀ।

''ਹੁਣ ਮੁਸ਼ਕਿਲ ਈ ਮੇਲ ਹੋਸੀ,'' ਫੁੱਫੜ ਜੀ ਨੇ ਲਿਖਿਆ ਸੀ, ''ਸ਼ਹਿਰ ਵਿਚ ਛੁਰੇਬਾਜ਼ੀ ਦੀਆਂ ਵਾਰਦਾਤਾਂ ਸ਼ੁਰੂ ਹੋ ਗਈਆਂ ਨੇ। ਪਿੰਡੀਓਂ ਨਿਕਲਣ ਦੇ ਸਾਰੇ ਰਸਤੇ ਬੰਦ ਹੋ ਗਏ ਨੇ। 15 ਅਗਸਤ ਮਗਰੋਂ ਸ਼ਰਨਾਰਥੀਆਂ ਲਈ ਜਿਹੜੀਆਂ ਗੱਡੀਆਂ ਚਲਾਈਆਂ ਗਈਆਂ ਸਨ, ਉਹ ਰਾਹ ਵਿਚ ਗੁਜਰਾਤ, ਵਜ਼ੀਰਾਬਾਦ ਹੀ ਵੱਢੀਆਂ ਗਈਆਂ ਨੇ। ਕੋਈ ਵਿਰਲੀ ਸੁਖੀ ਸਾਂਦੀ ਲਾਹੌਰ ਪਹੁੰਚੀ ਹੈ। ਤੇ ਹੁਣ ਤਾਂ ਪਾਕਿਸਤਾਨੀ ਸਰਕਾਰ ਨੇ ਸ਼ਰਨਾਰਥੀ ਸਪੈਸ਼ਲਾਂ ਬੰਦ ਹੀ ਕਰ ਦਿੱਤੀਆਂ ਹਨ। ਸੜਕ ਦੇ ਰਸਤੇ ਸ੍ਰੀਨਗਰ ਵਲ ਬਚ ਨਿਕਲਣ ਦੀ ਆਸ ਸੀ। ਉਹ ਵੀ ਖਤਮ ਹੋ ਗਈ ਹੈ। ਸ੍ਰੀਨਗਰ ਵਾਲੀ ਸੜਕ ਕਬਾਇਲੀ ਧਾੜਵੀਆਂ ਨੇ ਮੱਲ ਲਈ ਹੈ। ਬਹੂੰ ਸਿਆਣੇ ਸਨ ਉਹ ਲੋਕ ਜੋ ਮਾਰਚ ਦੇ ਕਤਲਾਮ ਪਿੱਛੋਂ ਪਿੰਡੀ ਛੱਡ ਕੇ ਪਟਿਆਲੇ ਜਾ ਬੈਠੇ। ਅਸਾਂ ਮੂਰਖਾਂ ਨੂੰ ਵੇਲੇ ਸਿਰ ਸੁਧ ਨਾ ਆਈ। ਹਛਾ ਜੋ ਕਰਤਾਰ ਕਰਸੀ। ਜੋ ਹੋਸੀ ਡਕੀ ਜਾਸੀ। ਮੈਂ ਤਾਂ ਡਾਹਡਾ ਡੋਲ ਗਿਆ ਹਾਂ। ਪਰ ਤੇਰੀ ਭੂਆ ਨਹੀਂ ਡੋਲੀ। ਉਹ ਇਕੋ ਗੱਲ ਕਹਿੰਦੀ-ਏ ਕਿ ਆਪੇ ਕਲਗੀ ਵਾਲਾ ਹੱਥ ਦੇ ਕੇ ਰਖਸੀ।''

ਏਸ ਚਿੱਠੀ ਨੇ ਮੈਨੂੰ ਹਲੂਣਿਆ। ਮੈਨੂੰ ਕੁਝ ਕਰਨਾ ਚਾਹੀਦਾ ਸੀ। ਹੁਣ ਤੀਕ ਮੈਂ ਕਿਉਂ ਕੁਝ ਨਹੀਂ ਸੀ ਕੀਤਾ। ਇਹ ਚਿੱਠੀ ਮੇਰੀ ਜ਼ਮੀਰ ਨੂੰ ਉਲ੍ਹਾਮੇ ਦੇ ਰਹੀ ਸੀ। ਭੂਆ ਜੀ ਤੇ ਉਨ੍ਹਾਂ ਦਾ ਪਰਿਵਾਰ ਦਿਨੋਂ ਦਿਨ ਮੌਤ ਦੇ ਮੂੰਹ ਵਲ ਧਕੀਂਦੇ ਰਹੇ ਅਤੇ ਮੈਂ ਦਿੱਲੀ ਵਿਚ ਆਰਾਮ ਨਾਲ ਬੈਠਾ ਅਖ਼ਬਾਰਾਂ ਪੜ੍ਹਦਾ ਰਿਹਾ ਅਤੇ ਆਪਣੇ ਆਪ ਨੂੰ ਇਸ ਆਸ ਨਾਲ ਸੁਖਿਆਰਦਾ ਰਿਹਾ ਕਿ ਜਿਵੇਂ ਹੋਰ ਲੱਖਾਂ ਸ਼ਰਨਾਰਥੀ ਸਰਹੱਦ ਪਾਰ ਕਰਕੇ ਆ ਰਹੇ ਸਨ, ਉਹ ਵੀ ਇਕ ਦਿਨ ਆ ਜਾਣਗੇ। ਪਰ ਹੁਣ ਮੈਂ ਨਿਸਚਾ ਕਰ ਲਿਆ ਕਿ ਤੁਰਤ ਭੂਆ ਜੀ ਦੇ ਪਰਿਵਾਰ ਨੂੰ ਪਿੰਡੀਓਂ ਕੱਢ ਲਿਆਉਣ ਦਾ ਉਪਰਾਲਾ ਕਰਾਂਗਾ ਭਾਵੇਂ ਇਹਦੇ ਲਈ ਮੈਨੂੰ ਜਾਨ ਹੂਲਣੀ ਪਵੇ। ਭੂਆ ਜੀ ਤੇ ਫੁੱਫੜ ਜੀ ਨੇ ਮੇਰੇ ਲਈ ਕੀ ਕੁਝ ਨਹੀਂ ਸੀ ਕੀਤਾ। ਬਚਪਨ ਵਿਚ ਹੀ ਜਦੋਂ ਮੈਂ ਅਨਾਥ ਰਹਿ ਗਿਆ ਸਾਂ ਤਾਂ ਉਨ੍ਹਾਂ ਨੇ ਹੀ ਮੈਨੂੰ ਪਾਲਿਆ, ਆਪਣੇ ਬੱਚਿਆਂ ਨਾਲੋਂ ਦੂਣ ਸਵਾਇਆ ਲਾਡ ਪਿਆਰ ਦਿੱਤਾ, ਪੜ੍ਹਾਇਆ ਲਿਖਾਇਆ ਤੇ ਇਸ ਅਹੁਦੇ ਦੇ ਜੋਗ ਬਣਾਇਆ। ਭੂਆ ਜੀ ਦਾ ਆਪਣਾ ਲੜਕਾ ਪਰਦੁਮਨ ਡੇਹਰਾਦੂਨ ਦੀ ਫਾਰੇਸਟ ਰੀਸਰਚ ਇਨਸਟੀਚਿਊਟ ਵਿਚ ਲੈਬਾਰੇਟਰੀ ਅਸਿਟੈਂਟ ਸੀ। ਅਜਿਹੀ ਔਕੜ ਭੀੜਾ ਵਿਚ ਉਹਦੇ ਅੰਦਰ ਆਪਣੇ ਮਾਪਿਆਂ ਲਈ ਕੁਝ ਕਰ ਸਕਣ ਦੀ ਸਮਰੱਥਾ ਨਹੀਂ ਸੀ। ਪਰ ਮੈਂ ਤਾਂ ਸਿਵਲ ਏਵੀਏਸ਼ਨ ਦੇ ਮਹਿਕਮੇ ਵਿਚ ਡਿਪਟੀ ਡਾਇਰੈਕਟਰ ਸਾਂ।

ਕਈ ਸਰਦੇ ਪੁਜਦੇ ਲੋਕ ਸਾਡੇ ਮਹਿਕਮੇ ਤੋਂ ਹਵਾਈ ਜਹਾਜ਼ ਚਾਰਟਰ ਕਰਕੇ ਪਾਕਿਸਤਾਨ ਵਿਚ ਫਸੇ ਆਪਣੇ ਸਾਕ-ਸੰਬੰਧੀਆਂ ਨੂੰ ਕੱਢ ਲਿਆਏ ਸਨ। ਆਪਣਾ ਬੈਂਕ ਬੈਲੇਂਸ ਸਾਰਥਕ ਕਰਨ ਦਾ ਇਸ ਤੋਂ ਚੰਗਾ ਅਵਸਰ ਜ਼ਿੰਦਗੀ ਮੈਨੂੰ ਕਦੋਂ ਦਏਗੀ। ਨਾਲੇ ਛੇਤੀ ਹੀ ਸਰਕਾਰ ਨੇ ਸਿਵਲ ਏਵੀਏਸ਼ਨ ਦੇ ਸਾਰੇ ਹਵਾਈ ਜਹਾਜ਼ ਡਾਇਰੈਕਟਰ ਜਨਰਲ ਔਫ ਮਿਲਟਰੀ ਈਵੈਕੁਏਸ਼ਨ ਆਰਗੇਨਾਈਜ਼ੇਸ਼ਨ ਨੂੰ ਸੌਂਪ ਦੇਣੇ ਸਨ ਤਾਂ ਜੋ ਪਾਕਿਸਤਾਨ ਵਿਚ ਰਹਿ ਗਏ ਫ਼ੌਜੀ ਅਮਲੇ ਅਤੇ ਫ਼ੌਜੀ ਪਰਿਵਾਰਾਂ ਨੂੰ ਕੱਢ ਲਿਆਉਣ ਲਈ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਮੁੜ ਕੇ ਕੋਈ ਹਵਾਈ ਜਹਾਜ਼ ਨਿਜੀ ਤੌਰ 'ਤੇ ਚਾਰਟਰ ਨਹੀਂ ਕੀਤਾ ਜਾ ਸਕੇਗਾ। ਪੈਂਤੀ ਸੀਟਾਂ ਵਾਲਾ ਇਕ ਡੈਕੋਟਾ ਆਪਣੇ ਲਈ ਚਾਰਟਰ ਕਰਵਾਂਦਿਆਂ ਦੋ ਚਾਰ ਦਿਨ ਲਗ ਗਏ। 11 ਸਤੰਬਰ ਨੂੰ ਮੈਨੂੰ ਫੁੱਫੜ ਜੀ ਦੀ ਚਿੱਠੀ ਮਿਲੀ ਸੀ ਤੇ ਪੰਦਰ੍ਹਾਂ ਸਤੰਬਰ ਦੀ ਦੁਪਹਿਰ ਨੂੰ ਡੈਕੋਟਾ ਰਾਵਲਪਿੰਡੀ ਦੇ ਚਕਲਾਲਾ ਹਵਾਈ ਅੱਡੇ 'ਤੇ ਖਲੋਤਾ ਸੀ ਤੇ ਮੈਂ ਮੁਹੱਲਾ ਚੰਨ ਚਰਾਗ਼ ਭੂਆ ਜੀ ਦੇ ਵਿਹੜੇ ਮੁਹੱਲੇ ਦੇ ਲੋਕਾਂ ਦੀ ਭੀੜ ਵਿਚ ਘਿਰਿਆ ਸਾਂ।

ਇਹ ਭੀੜ ਹਵਾਈ ਜਹਾਜ਼ ਦੀਆਂ ਸੀਟਾਂ ਲਈ ਤਰਲੋਮੱਛੀ ਹੋਣ ਵਾਲਿਆ ਦੀ ਸੀ। ਉਹ ਲੋਕ ਡਾਹਢੇ ਹਰਾਸੇ ਹੋਏ ਸਨ। ਉਨ੍ਹਾਂ ਦੇ ਚਿਹਰੇ ਕਿਸੇ ਮਾਰੂ ਸਹਿਮ ਨਾਲ ਪੀਲੇ ਹੋ ਰਹੇ ਸਨ ਤੇ ਉਨ੍ਹਾਂ ਨੂੰ ਆਪਣੇ ਸਿਰਾਂ 'ਤੇ ਗਿਰਝਾਂ ਭਉਂਦੀਆਂ ਨਜ਼ਰ ਆਉਂਦੀਆਂ ਸਨ।

ਸੀਟਾਂ ਦੀ ਵੰਡ ਵਿਚ ਮੈਂ ਕੋਈ ਆਪਹੁਦਰੀ ਨਹੀਂ ਸਾਂ ਕਰਨੀ ਚਾਹੁੰਦਾ। ਭੂਆ ਜੀ ਦੇ ਪਰਿਵਾਰ ਅਤੇ ਸਹੁਰੇ ਸਾਕਾਂ ਲਈ ਸੀਟਾਂ ਰਾਖਵੀਆਂ ਕਰਕੇ ਜਿਹੜੀਆਂ ਨੌਂ ਸੀਟਾਂ ਬਚੀਆਂ ਉਨ੍ਹਾਂ ਲਈ ਮੁਹੱਲੇ ਵਿਚੋਂ ਪਹਿਲਾਂ ਮੰਗਣ ਵਾਲਿਆਂ ਨੂੰ ਮੈਂ ਪਹਿਲ ਦਿੱਤੀ। ਮੁਹੱਲੇ ਵਾਲਿਆਂ ਵਿਚੋਂ ਹਰ ਕੋਈ ਸੀਟ ਦੇ ਮੂੰਹ ਮੰਗੇ ਪੈਸੇ ਦੇਣ ਲਈ ਤਿਆਰ ਸੀ ਪਰ ਮੈਂ ਓਨੇ ਹੀ ਲਏ ਜਿੰਨੇ ਹਿਸਾਬ ਨਾਲ ਬਣਦੇ ਸਨ। ਸੀਟਾਂ ਮੁੱਕ ਜਾਣ ਮਗਰੋਂ ਆਉਣ ਵਾਲਿਆਂ ਪਾਸੋਂ ਮੈਂ ਹੱਥ ਬੰਨ੍ਹ ਕੇ ਖਿਮਾਂ ਮੰਗ ਰਿਹਾ ਸਾਂ।

ਮੁਹੱਲਾ ਚੰਨ ਚਰਾਗ਼ ਦੇ ਪੰਡਤ ਕ੍ਰਿਪਾ ਰਾਮ ਅਤੇ ਪੰਡਤਾਣੀ ਜਿਨ੍ਹਾਂ ਨੂੰ ਮੈਂ ਆਪਣੇ ਬਚਪਨ ਤੋਂ ਜਾਣਦਾ ਸਾਂ ਲਿਲਕੜੀਆਂ ਲੈ ਕੇ ਮੈਨੂੰ ਮੁੜ ਮੁੜ ਸ਼ਰਮਸਾਰ ਕਰ ਰਹੇ ਸਨ। ਵਿਹੜੇ ਦਾ ਫ਼ਰਸ਼ ਨੀਝਦੀ ਉਨ੍ਹਾਂ ਦੀ ਮੁਟਿਆਰ ਧੀ ਕਾਂਤਾ ਉਨ੍ਹਾਂ ਦੇ ਪਿੱਛੇ ਖਲੋਤੀ ਸੀ। ਉਹਦਾ ਮੰਗੇਤਰ ਅਤੇ ਸਹੁਰਾ ਪਰਿਵਾਰ ਅਪਰੈਲ ਵਿਚ ਹੀ ਪਿੰਡੀ ਛੱਡ ਕੇ ਦਿੱਲੀ ਜਾ ਪੁੱਜੇ ਸਨ। ਉਹਦੇ ਮਾਪਿਆਂ ਨੂੰ ਇਹ ਗ਼ਮ ਖਾਈ ਜਾਂਦਾ ਸੀ ਕਿ ਕਾਂਤਾ ਜੋ ਹੁਣ ਪਰਾਈ ਅਮਾਨਤ ਹੋ ਚੁੱਕੀ ਸੀ, ਕਿਸੇ ਤਰ੍ਹਾਂ ਦਿੱਲੀ ਪੁੱਜ ਜਾਵੇ। ਜੇ ਏਦਾਂ ਹੋ ਸਕਦਾ ਤਾਂ ਜੇਕਰ ਪਾਕਿਸਤਾਨ ਵਿਚ ਉਨ੍ਹਾਂ ਨੂੰ ਮਰਨਾ ਵੀ ਪਿਆ ਤਾਂ ਉਹ ਚੈਨ ਨਾਲ ਮਰ ਸਕਣਗੇ। ਉਹ ਮੇਰੀਆਂ ਮਿੰਨਤਾਂ ਕਰ ਰਹੇ ਸਨ, ਸਮਾਜਤਾਂ ਕਰ ਰਹੇ ਸਨ ਅਤੇ ਮੁੜ ਮੁੜ ਵਾਸਤੇ ਪਾ ਰਹੇ ਸਨ।

''ਹਿਕ ਸੀਟ ਨਾਲ ਕੇ ਫਰਕ ਪੋਨੈਂ,'' ਕਾਂਤਾ ਦੀ ਮਾਂ ਨੇ ਦਲੀਲ ਦਿੱਤੀ। ''ਨਾ ਚਾ ਬਹਿਸੀ, ਖਲੋਕੇ ਚਲੀ ਜਾਸੀ।''

ਮੈਂ ਆਪਣੀ ਆਜਜ਼ੀ, ਆਪਣੀ ਆਤੁਰਤਾ ਪ੍ਰਗਟ ਕੀਤੀ। ਡੈਕੋਟੇ ਦੇ ਅੰਗਰੇਜ਼

ਪਾਇਲਟ ਨੇ ਮੈਨੂੰ ਚਿਤਾਵਨੀ ਕੀਤੀ ਹੋਈ ਸੀ ਕਿ ਨੀਯਤ ਸਵਾਰੀਆਂ ਤੋਂ ਇਕ ਵੀ ਵੱਧ ਹੋਈ ਤਾਂ ਉਹ ਜਹਾਜ਼ ਨਹੀਂ ਉਡਾਏਗਾ।

''ਹਾਂ ਇਕ ਤਰੀਕਾ ਹੋ ਸਕਦਾ ਹੈ'' ਮੈਂ ਕਿਹਾ।

ਕਾਂਤਾ ਦੇ ਮਾਪਿਆਂ ਦੀਆਂ ਅੱਖਾਂ ਵਿਚ ਨਿੰਮ੍ਹੀ ਜਹੀ ਆਸ ਟਿਮਕ ਪਈ।

''ਜੇ ਕੋਈ ਬੰਦਾ,'' ਮੈਂ ਕਹਿੰਦਾ ਗਿਆ, ''ਆਪਣਾ ਟਿਕਟ ਮੋੜ ਦਏ ਤਾਂ ਉਹ ਟਿਕਟ ਮੈਂ ਕਾਂਤਾ ਲਈ ਤੁਹਾਨੂੰ ਦੇ ਦਿਆਂਗਾ।''

ਅੱਖਾਂ ਦੀ ਨਿੰਮ੍ਹੀ ਟਿਮਕਣੀ ਬੁਝਦਿਆਂ ਚਿੱਲ ਨਾ ਲਗੀ।

ਏਦਾਂ ਕੌਣ ਕਰੇਗਾ। ਟਿਕਟ ਮੁੱਠ ਵਿਚ ਹੋਣ ਦਾ ਮਤਲਬ ਸੀ ਜ਼ਿੰਦਗੀ। ਟਿਕਟ ਮੋੜ ਦੇਣਾ ਮੁੜ ਕੇ ਮੌਤ ਦੇ ਮੂੰਹ ਵਿਚ ਪੈਣ ਦੇ ਤੁਲ ਸੀ। ਇਹ ਸੱਚ ਸੀ ਕਿ ਉਹ ਪੀੜ੍ਹੀਆਂ ਬੱਧੀ ਇਕ ਮੁਹੱਲੇ ਵਿਚ ਗੁਆਂਢੀਆਂ ਤੋਂ ਵੱਧ ਸਕਿਆਂ ਵਾਂਗ ਦੁੱਖ ਸੁੱਖ ਦੇ ਭਾਈਵਾਲ ਬਣਦੇ ਰਹੇ ਸਨ ਪਰ ਹੁਣ ਹੋਰ ਗੱਲ ਸੀ। ਹੁਣ ਚੋਣ ਮੌਤ ਅਤੇ ਜ਼ਿੰਦਗੀ ਵਿਚਕਾਰ ਸੀ। ਕਿਸੇ ਦੀ ਆਈ ਮਰਨ ਲਈ, ਕਿਸੇ ਦੀ ਚਿਤਾ ਵਿਚ ਸੜਨ ਲਈ ਕੋਈ ਤਿਆਰ ਨਾ ਹੋਇਆ।

ਕਾਂਤਾ ਦੇ ਮਾਪਿਆਂ ਦੀਆਂ ਨਿਰਾਸ਼ ਨਜ਼ਰਾਂ ਵਿਹੜੇ ਵਿਚ ਜੁੜੀ ਭੀੜ ਦੇ ਚਿਹਰਿਆਂ ਤੋਂ ਕਾਹਲੀ ਕਾਹਲੀ ਲੰਘਦੀਆਂ ਮੁੜ ਆਈਆਂ। ਫੇਰ ਉਨ੍ਹਾਂ ਨਜ਼ਰਾਂ ਨੇ ਨੀਵੀਂ ਪਾ ਲਈ। ਬੁੱਢੀਆਂ ਨੀਝਾਂ ਵਿਚ ਹਨੇਰ ਛਾ ਗਿਆ ਸੀ। ਧੀ ਦੇ ਮੋਢੇ 'ਤੇ ਹੱਥ ਰੱਖ ਕੇ ਰਾਹ ਟੋਂਹਦੇ ਉਹ ਆਪਣੇ ਘਰ ਪਰਤ ਚਲੇ ਸਨ ਕਿ ਅਚਨਚੇਤ ਉਨ੍ਹਾਂ ਦੇ ਕੰਨੀਂ ਇਕ ਆਵਾਜ਼ ਪਈ।

''ਮੈਂ ਦੇਸਾਂ ਟਿਕਟ। ਕਾਂਤਾ ਮੇਰੇ ਟਿਕਟ 'ਤੇ ਜਾਸੀ।''

ਇਹ ਆਵਾਜ਼ ਮੇਰੇ ਪਿਛਵਾੜਿਉਂ ਆਈ ਸੀ। ਮੈਂ ਮੁੜ ਕੇ ਵੇਖਿਆ। ਇਹ ਤਾਂ ਬਸੰਤ ਦੀ ਆਵਾਜ਼ ਸੀ ਜਿਸ ਨੂੰ ਮੁਹੱਲੇ ਵਿਚ ਸਾਰੇ 'ਬਸੰਤਾ ਝੱਲਾ' ਆਖ ਕੇ ਬੁਲਾਂਦੇ ਸਨ। ਬਚਪਨ ਤੋਂ ਹੀ ਉਹ ਲੋਲ੍ਹਾ ਤੇ ਸਿੱਧੜ ਸੀ। ਮੁਹੱਲੇ ਦੇ ਨਿੱਕੇ ਮੁੰਡੇ ਤਾਂ ਉਹਨੂੰ ਬਹੁਤ ਸਤਾਂਦੇ ਸਨ ਅਤੇ ਪੱਥਰ ਮਾਰਨੋਂ ਵੀ ਨਹੀਂ ਸਨ ਕਤਰਾਂਦੇ। ਬਚਪਨ ਵਿਚ ਹੋਏ ਲਕਵੇ ਕਾਰਨ ਉਹਦਾ ਮੂੰਹ ਵਿੰਗਾ ਹੋ ਗਿਆ ਸੀ। ਉਹਦਾ ਹੇਠਲਾ ਬੁੱਲ੍ਹ ਹਮੇਸ਼ਾ ਲਟਕਿਆ ਰਹਿੰਦਾ ਸੀ ਅਤੇ ਉਹਦੇ ਅੱਧਖੁੱਲ੍ਹੇ ਮੂੰਹ ਵਿਚੋਂ ਰਾਲਾਂ ਟਪਕਦੀਆਂ ਰਹਿੰਦੀਆਂ ਸਨ। ਇਨ੍ਹਾਂ ਰਾਲਾਂ ਕਾਰਨ ਹੀ ਉਹਦੀ ਮਾਂ ਇਕ ਝਾੜਨ ਜਿਹਾ ਬਕਸੂਆ ਲਾ ਕੇ ਉਹਦੇ ਗਲਮੇਂ ਨਾਲ ਟਾਂਕ ਦਿਆ ਕਰਦੀ ਸੀ। ਸਾਰਾ ਦਿਨ ਉਹ ਡਿੰਗਾ ਡਿੰਗਾ ਟੁਰਦਾ, ਬੇਥਵ੍ਹੀਆਂ ਮਾਰਦਾ ਮੁਹੱਲੇ ਦੇ ਲੋਕਾਂ ਲਈ ਮਸ਼ਕੂਲਾ ਬਣਿਆ ਰਹਿੰਦਾ ਸੀ।

ਮੈਂ ਉਹਦੀ ਵਿਧਵਾ ਮਾਂ ਵੱਲ ਵੇਖਿਆ ਜਿਸ ਨੇ ਜੂਠੇ ਭਾਂਡੇ ਮਾਂਜ ਮਾਂਜ ਕੇ ਜੋੜੇ ਪੈਸਿਆਂ ਨਾਲ ਆਪਣੇ ਨੀਮ ਪਾਗਲ ਇਕਲੌਤੇ ਦੀ ਜ਼ਿੰਦਗੀ ਖਰੀਦੀ ਸੀ।

''ਹਾਂ। ਹਾਂ।'' ਬਸੰਤ ਨੇ ਰਾਲਾਂ ਨਾਲ ਭਿੱਜੀ ਆਪਣੀ ਹਿੱਕ ਠਕੋਰਦਿਆਂ ਆਖਿਆ, ''ਲੈ ਲਓ ਮੇਰਾ ਟਿਕਟ ਤੇ ਦੇ ਦਿਓ ਕਾਂਤਾ ਨੂੰ।''

ਬਸੰਤ ਦੀ ਮਾਂ ਰਤਾ ਨਾ ਕੁਸਕੀ। ਨਾ ਉਹਨੇ ਕੋਈ ਉਜ਼ਰ ਕੀਤਾ, ਨਾ ਹੀ ਬਸੰਤ

ਨੂੰ ਵਰਜਿਆ। ਉਹਦੀਆਂ ਅੱਖਾਂ ਵਿਚ ਨਾ ਖੁਸ਼ੀ ਸੀ ਨਾ ਗ਼ਮੀ। ਬਸ ਇਕ ਮੂਕ ਰਜ਼ਾਮੰਦੀ ਸੀ।

ਇਹ ਵੇਖ ਕੇ ਬਸੰਤ ਦੀ ਸੀਟ ਦੇ ਪੈਸੇ ਮੈਂ ਉਹਦੀ ਮਾਂ ਨੂੰ ਮੋੜ ਦਿੱਤੇ ਅਤੇ ਭੰਬਿਤਰੇ ਹੋਏ ਪੰਡਤ ਕਿਰਪਾ ਰਾਮ ਹੱਥੋਂ ਕਾਂਤਾ ਦੀ ਟਿਕਟ ਦੇ ਪੈਸੇ ਫੜ ਲਏ।

ਮੁਹੱਲੇ ਦੇ ਲੋਕ ਠਿਠ ਹੋਏ ਵੇਖ ਰਹੇ ਸਨ, ਉਸ ਫਰਿਸ਼ਤੇ ਵਲ ਜਿਸ ਨੂੰ ਗਲੀਆਂ ਵਿਚ ਪੱਥਰ ਮਾਰਦੇ ਆਪਣੇ ਬੱਚਿਆਂ ਨੂੰ ਉਨ੍ਹਾਂ ਕਦੀ ਫੁੱਲ ਦੀ ਨਹੀਂ ਸੀ ਲਾਈ।

ਲੰਗਰ ਛਕਦਿਆਂ ਯਾਦਾਂ ਦੇ ਅਤੀਤ ਵਿਚ ਲੱਥਾ ਮੈਂ ਉਹਨੂੰ ਨਿਹਾਰਦਾ ਰਿਹਾ। ਉਹਨੇ ਦੋ ਫੁਲਕੇ ਲਏ ਸਨ ਅਤੇ ਆਲੂ ਗੋਭੀ ਦੀ ਸਬਜ਼ੀ ਉਨ੍ਹਾਂ ਉਤੇ ਧਰਵਾ ਲਈ ਸੀ। ਨਿੱਕੀ ਨਿੱਕੀ ਬੁਰਕੀ ਤੋੜਕੇ ਇਕ ਫੁਲਕਾ ਮੁਕਾਂਦਿਆਂ ਉਹਨੂੰ ਢੇਰ ਚਿਰ ਲੱਗਾ। ਦੂਜਾ ਫੁਲਕਾ ਉਹਨੇ ਰਹਿੰਦੀ ਸਬਜ਼ੀ ਸਮੇਤ, ਸ਼ਾਇਦ ਰਾਤ ਦਾ ਡੰਗ ਸਾਰਨ ਲਈ, ਦੁੱਪਟੇ ਦੇ ਲੜ ਨਾਲ ਬੰਨ੍ਹ ਲਿਆ। ਘਸੀਆਂ ਪੁਰਾਣੀਆਂ ਰਬੜ ਦੀਆਂ ਚੱਪਲਾਂ ਪੈਰਾਂ ਵਿਚ ਅੜੁੰਗਦੀ ਜਦੋਂ ਉਹ ਗੁਰਦਵਾਰੇ ਦੇ ਨਲਕੇ ਤੋਂ ਹੱਥ ਧੋ ਚੁੱਕੀ ਤਾਂ ਮੈਂ ਹੱਥ ਜੋੜ ਕੇ ਅਤੇ ਰਤਾ ਕੁ ਸਿਰ ਨਿਵਾ ਕੇ ਪੁੱਛਿਆ :

''ਤੁਸੀਂ ਪਿੰਡੀਓਂ ਆਏ ਓ ?''

ਇਕ ਨਿੱਕੀ ਜਿਹੀ ਹਾਂ ਵਿਚ ਉਹਨੇ ਸਿਰ ਹਿਲਾਇਆ।

''ਮੁਹੱਲਾ ਚੰਨ ਚਰਾਗ ਤੋਂ ?''

ਉਹਨੇ ਮੇਰੇ ਵਲ ਰਤਾ ਕੁ ਗਹੁ ਨਾਲ ਵੇਖਿਆ ਤੇ ਫੇਰ ਹਾਂ ਵਿਚ ਸਿਰ ਹਿਲਾਇਆ।

''ਤੁਸੀਂ ਬਸੰਤ ਦੇ ਭਾਈ ਜੀ ਓ ?''

ਪੀੜ ਦੀ ਇਕ ਲੀਕ ਜਿਹੀ ਉਹਦੀਆਂ ਅੱਖਾਂ ਵਿਚ ਲਿਸ਼ਕ ਪਈ।

''ਹਾਂ।'' ਉਹਨੇ ਝੀਣੀ ਬਾਣ ਵਿਚ ਆਖਿਆ।

''ਮੈਨੂੰ ਨਹੀਂ ਜੇ ਪਛਾਤਾ ?''

''ਨਹੀਂ।''

''ਮੈਂ ਨਾਰੰਗ ਸਾਹਬ ਦਾ ਭਤੀਜਾ ਹਾਂ। ਸਰਦਾਰ ਨਾਨਕ ਸਿੰਘ ਨਾਰੰਗ ਜੋ ਪਿੰਡੀ ਸ਼ਾਹ ਚੰਨ ਚਰਾਗ ਦੇ ਮੁਹੱਲੇ ਰਹਿੰਦੇ ਸਨ। ਦੋ ਮਹੀਨੇ ਪਹਿਲਾਂ ਮੈਂ ਹਵਾਈ ਜਹਾਜ਼ ਲੈ ਕੇ ਪਿੰਡੀ ਗਿਆ ਸਾਂ ਜਦੋਂ ਬਸੰਤ ਨੇ ਆਪਣੀ ਸੀਟ ਕਾਂਤਾ ਨੂੰ ਦੇ ਦਿੱਤੀ ਸੀ। ਹਾਂ ਸੱਚੀਂ ਬਸੰਤ ਕਿੱਥੇ ਵੇ ?''

ਉਹਦਾ ਗਚ ਭਰ ਆਇਆ। ਮੂੰਹ ਅੱਗੇ ਦੁਪੱਟਾ ਰੱਖ ਕੇ ਉਹਨੇ ਗਚ ਨੂੰ ਘੁਟਣਾ ਚਾਹਿਆ। ਪਰ ਉਹ ਘੁੱਟਿਆ ਨਾ ਗਿਆ ਤੇ ਭਰ ਭਰ ਹੰਝੂ ਗ਼ਮਾਂ ਨਾਲ ਧੁਆਂਖੀਆਂ ਉਹਦੀਆਂ ਗਲ੍ਹਾਂ 'ਤੇ ਡੁਲ੍ਹਣ ਲੱਗੇ।

''ਬਸੰਤ ਕੋਈ ਨਹੀਂ।'' ਉਹ ਸਿਸਕੀ, ''ਉਹ ਪਿੰਡੀ ਮਾਰਿਆ ਗਿਆ ਏ।''

ਹਮਦਰਦੀ ਅਤੇ ਅਫ਼ਸੋਸ ਵਜੋਂ ਮੈਂ ਕੁਝ ਕਹਿਣਾ ਚਾਹਿਆ ਪਰ ਮੇਰੇ ਤੋਂ ਕੁਝ ਆਖ ਨਾ ਹੋਇਆ।

ਫੇਰ ਡੁਲ੍ਹਦੇ ਹੰਝੂ ਉਹਨੇ ਗਲ੍ਹਾਂ ਤੋਂ ਛਿਣਕ ਦਿੱਤੇ ਤੇ ਹੇਠਲਾ ਬੁੱਲ੍ਹ ਟੁਕਕੇ ਹੋਰ

ਟੁਰੀ ਆਉਂਦਿਆਂ ਦੀ ਵਹੀਰ ਨੂੰ ਵਰਜਦੀ ਬੋਲੀ, ''ਇਕ ਦਿਨ ਸਾਡੇ ਗੁਆਂਢੀ ਮਹਿਤਾ ਕਰਮ ਚੰਦ ਨੂੰ ਗੁਰਦੇ ਦਾ ਦਰਦ ਉਠਿਆ। ਇਸ ਦਰਦ ਲਈ ਉਹ ਇਮਾਮਬਾੜੇ ਵਾਲੇ ਹਕੀਮ ਅਬਦੁਲ ਅਜ਼ੀਜ਼ ਦਾ ਮਾਜੂਨ ਖਾਂਦਾ ਸੀ। ਪਰ ਮਾਜੂਨ ਮੁਕ ਗਿਆ ਸੀ। ਦਰਦ ਨਾਲ ਉਹ ਛੱਤੀਂ ਹੱਥ ਪਾਂਦਾ ਸੀ। ਤਰਲੇ ਲੈਂਦਾ ਸੀ, ਕੋਈ ਮੈਨੂੰ ਮਾਜੂਨ ਲਿਆ ਦਿਉ। ਪਰ ਕੌਣ ਜਾਵੇ। ਸ਼ਹਿਰ ਵਿਚ ਛੁਰੇਬਾਜ਼ੀ ਹੋ ਰਹੀ ਸੀ। ਜਦੋਂ ਕੋਈ ਨਾ ਗਿਆ ਤਾਂ ਬਸੰਤ ਗਿਆ। ਇਮਾਮਬਾੜਿਉਂ ਮਾਜੂਨ ਲੈ ਕੇ ਉਹ ਮੁੜ ਰਿਹਾ ਸੀ, ਕਿ ਸ਼ਾਹ ਨਜ਼ਰ ਦੀ ਚੌਕੀ ਕੋਲ ਕਿਸੇ ਨੇ ਉਹਨੂੰ ਛੁਰਾ ਮਾਰ ਦਿੱਤਾ।

ਉਹਦੀਆਂ ਅੱਖਾਂ ਫਿਰ ਭਰ ਆਈਆਂ ਤਾਂ ਮੈਂ ਕਿਹਾ, ''ਰੋਵੋ ਨਾ। ਬਸੰਤ ਲਈ ਨਾ ਰੋਵੋ। ਬਸੰਤ ਵਰਗਿਆਂ ਲਈ ਰੋਣਾ ਨਹੀਂ ਬਣਦਾ। ਕਿਉਂ ਜੋ ਬਸੰਤ ਵਰਗੇ ਮਰਦੇ ਨਹੀਂ। ਉਹ ਸਦਾ ਜੀਉਂਦੇ ਹਨ।''

ਹੰਝੂ ਉਹਨੇ ਛਿਣਕ ਦਿੱਤੇ ਤੇ ਹੱਥ ਜੋੜ ਕੇ ਮੈਥੋਂ ਵਿਦਾਇਗੀ ਲੈਂਦੀ ਬੋਲੀ :

''ਹਛਾ ਹੁਣ ਮੈਂ ਚਲਸਾਂ।''

,'ਕਿਥੇ ਜਾਉਗੇ ?'' ਮੈਂ ਪੁੱਛਿਆ, ''ਇਥੇ ਦਿੱਲੀ ਵਿਚ ਤੁਹਾਡਾ ਕੋਈ ਸਾਕ ਸੰਬੰਧੀ ?''

''ਕੋਈ ਨਾ।'' ਉਹਨੇ ਹਉਕਾ ਭਰਿਆ, ''ਨਾ ਕੋਈ ਸਹੁਰਿਆਂ ਵਿਚੋਂ ਨਾ ਪੇਕਿਆਂ ਵਿਚੋਂ। ਸਹੁਰਾ ਟੱਬਰ ਮਾਰਚ ਦੇ ਫਸਾਦਾਂ ਵਿਚ ਤਖਤ ਪੜੀ ਮਾਰਿਆ ਗਿਆ ਤੇ ਪੇਕਾ ਟੱਬਰ ਨੜਾਲੀ। ਬਸੰਤ ਦੇ ਬਾਊ ਜੀ ਤਾਂ ਪਹਿਲਾਂ ਹੀ ਅੱਖਾਂ ਮੂਟ ਗਏ ਸਨ ਜਦੋਂ ਬਸੰਤ ਤਿੰਨਾਂ ਵਰ੍ਹਿਆਂ ਦਾ ਸੀ। ਆਜ਼ਾਦ ਹਿੰਦੁਸਤਾਨ ਵਿਚ ਅੱਜ ਮੈਂ ਇਕੱਲੀ ਰਹਿ ਗਈ ਹਾਂ।''

''ਤੁਸੀਂ ਇਕੱਲੇ ਨਹੀਂ।'' ਮੈਂ ਆਖਿਆ, ''ਮੇਰੇ ਹੁੰਦਿਆਂ ਤੁਸੀਂ ਇਕੱਲੇ ਨਹੀਂ ਹੋ ਸਕਦੇ। ਇਕੱਲਾ ਤਾਂ ਮੈਂ ਹਾਂ। ਭੂਆ ਜੀ ਤੇ ਫੁੱਫੜ ਜੀ ਡੇਹਰਾਦੂਨ ਪ੍ਰਦੁਮਨ ਕੋਲ ਚਲੇ ਗਏ ਹਨ। ਜੇ ਤੁਸੀਂ ਮੇਰੇ ਨਾਲ ਮੇਰੇ ਘਰ ਚਲੋ ਤਾਂ ਮੈਂ ਇਕੱਲਾ ਨਹੀਂ ਰਹਾਂਗਾ।''

''ਨਹੀਂ ਪੁਤਰ। ਮੈਂ ਕਿਸੇ ਤੇ ਭਾਰ ਬਣ ਕੇ ਨਾ ਜੀਸਾਂ। ਲੋਕਾਂ ਨੇ ਜੂਠੇ ਭਾਂਡੇ ਮਾਂਜਨੀ ਪਿੰਡੀਓਂ ਆਈ ਆਂ। ਦੋ ਚਾਰ ਘਰਾਂ ਨੇ ਜੂਠੇ ਭਾਂਡੇ ਹਿਥੇ ਵੀ ਮਿਲ ਜਾਣ ਤਾਂ ਮੈਂ ਆਪਣੀ ਡੰਗ ਟਪਾਈ ਕਰ ਲੈਸਾਂ।''

''ਜੂਠੇ ਭਾਂਡੇ ਮਾਂਜਣ ਤੁਹਾਡੇ ਦੁਸ਼ਮਣ'' ਮੈਂ ਕਿਹਾ, ''ਜੂਠੇ ਭਾਂਡੇ ਰਾਮੂ ਮਾਂਜਦਾ ਰਿਹਾ ਹੈ, ਮਾਂਜਦਾ ਰਹੇਗਾ। ਜੇ ਮੈਨੂੰ ਪੁਤਰ ਆਖਿਆ ਜੇ ਤਾਂ ਮਾਂ ਬਣ ਕੇ ਮੇਰੇ ਨਾਲ ਚਲੋ। ਮੇਰੇ ਲਈ ਸਾਕ ਢੂੰਡੋ। ਆਪਣੇ ਲਈ ਸੋਹਣੀ ਜਹੀ, ਮਿਠਬੋਲੀ ਜਹੀ ਨੂੰਹ ਵਿਆਹ ਕੇ ਲਿਆਓ। ਮੈਂ ਬਸੰਤ ਦੀ ਥਾਂ ਤਾਂ ਨਹੀਂ ਲੈ ਸਕਦਾ, ਪਰ ਮੈਂ ਕੋਸ਼ਿਸ਼ ਜ਼ਰੂਰ ਕਰਾਂਗਾ।''

ਔਰਤ ਈਮਾਨ

ਢੋਲ ਦੀ ਅਵਾਜ਼ ਸੁਣਕੇ ਸੰਪੂਰਨ ਸਿੰਘ ਨੂੰ ਕੱਚੀਆਂ ਤ੍ਰੇਲੀਆਂ ਫੁਟ ਪਈਆਂ ਅਤੇ ਅੱਖਾਂ ਅੱਗੇ ਭੰਬਰ ਤਾਰੇ ਆ ਗਏ। ਪਗੜੀ ਦੇ ਸ਼ਮਲੇ ਨਾਲ ਉਹਨੇ ਅੱਖਾਂ ਦੁਆਲਿਓਂ ਤ੍ਰੇਲੀ ਪੂੰਝੀ। ਤ੍ਰੇਲੀ ਤਾਂ ਪੂੰਝ ਗਈ ਪਰ ਭੰਬਰ ਤਾਰੇ ਓਵੇਂ ਹੀ ਰਹੇ। ਛਿਨ ਮਾਤਰ ਲਈ ਇਕ ਧੁੰਦਲੀ ਆਸ ਦਾ ਧਰਵਾਸ ਉਹਦੇ ਮਨ ਨੂੰ ਛੋਹ ਗਿਆ। ਕਿਤੇ ਉਹ ਬਦਲਾਂ ਦੀ ਗੜ੍ਹਕ ਨੂੰ ਤਾਂ ਢੋਲ ਦੀ ਆਵਾਜ਼ ਨਹੀਂ ਸੀ ਸਮਝ ਬੈਠਾ। ਚੁਬਾਰਿਓਂ ਬਾਹਰ ਨਿਕਲ ਕੇ ਉਹਨੇ ਦੁਮੇਲ ਤੋਂ ਦੁਮੇਲ ਤਕ ਅਸਮਾਨ ਨੀਝਿਆ। ਕਿਤੇ ਕੋਈ ਛੌਬਾ ਕਿਸੇ ਬਦਲੋਟੀ ਦਾ ਨਹੀਂ ਸੀ।

ਉਹਦਾ ਮਨ ਇਕ ਡੂੰਘੇ ਹਨੇਰੇ ਖੂਹ ਵਿਚ ਡਿੱਗ ਪਿਆ। ਅੱਖਾਂ ਦੇ ਭੰਬਰ ਤਾਰੇ ਮਨ ਦੇ ਉਸ ਹਨੇਰੇ ਵਿਚ ਘੁਲਦੇ ਗਏ। ਉਹਦਾ ਸਰੀਰ ਸੁੰਨਾ ਪੈਂਦਾ ਜਾ ਰਿਹਾ ਸੀ। ਉਹਨੂੰ ਲਗਾ ਜਿਵੇਂ ਉਹ ਮਰਦਾ ਜਾ ਰਿਹਾ ਹੋਵੇ, ਜਿਵੇਂ ਉਹ ਮਰ ਹੀ ਗਿਆ ਹੋਵੇ। ਮਰ ਤਾਂ ਉਹ ਓਸੇ ਦਿਨ ਹੀ ਗਿਆ ਸੀ ਜਦੋਂ ਉਹਨੂੰ ਆਪਣੇ ਸਾਲੇ ਦੀ ਪਟਿਆਲਿਓਂ ਲਿਖੀ ਚਿੱਠੀ ਮਿਲੀ ਸੀ। ਅਮੋਲਕ ਸਿੰਘ ਨੇ ਲਿਖਿਆ ਸੀ ਕਿ ਉਹਨੇ ਪਟਿਆਲੇ ਦੇ ਸਾਰੇ ਸ਼ਰਨਾਰਥੀ ਕੈਂਪ ਛਾਣ ਮਾਰੇ ਸਨ ਪਰ ਉਹਦੀ ਭੈਣ ਅਤੇ ਭਣੇਵਿਆਂ ਵਿਚੋਂ ਇਕ ਵੀ ਜੀਅ ਉਹਨੂੰ ਨਹੀਂ ਸੀ ਲਭਾ। ਤੇ ਆਖਰ ਇਹ ਸੱਚ ਸੰਪੂਰਨ ਸਿੰਘ ਦੇ ਮਨ ਵਿਚ ਧਰਨਾ ਮਾਰਕੇ ਬਹਿ ਗਿਆ ਕਿ ਜਿਵੇਂ ਉਹਨੇ ਸੁਣਿਆ ਸੀ 29 ਜੁਲਾਈ ਵਾਲੀ ਸ਼ਰਨਾਰਥੀ ਸਪੈਸ਼ਲ ਗੱਡੀ ਸਾਰੀ ਦੀ ਸਾਰੀ ਵਜ਼ੀਰਾਬਾਦ ਦੇ ਸਟੇਸ਼ਨ ਤੇ ਵਢੀ ਗਈ ਸੀ ਤੇ ਇਕ ਵੀ ਜੀਅ ਜਿਊਂਦਾ ਸਰਹਦੋਂ ਪਾਰ ਨਹੀਂ ਸੀ ਅਪੜਿਆ। ਉਹਨੂੰ ਵੇਲੇ ਸਿਰ ਸੁਧ ਨਹੀਂ ਸੀ ਆਈ। ਮਾਰਚ ਸੰਤਾਲ੍ਹੀ ਵਿਚ ਰਾਵਲਪਿੰਡੀ ਡੀਵੀਜ਼ਨ ਦੇ ਪਿੰਡਾਂ ਅੰਦਰ ਜੋ ਕਤਲਾਮ ਮਚਿਆ ਸੀ, ਉਹਦੇ ਮਗਰੋਂ ਬਚੇ ਖੁਚੇ ਹਿੰਦੂ ਸਿੱਖ ਪਰਵਾਰ ਹਟੀਆਂ ਅਤੇ ਘਰਾਂ ਨੂੰ ਤਾਲੇ ਲਾਕੇ ਪਟਿਆਲੇ ਜਾ ਬੈਠੇ ਸਨ। ਅਮੋਲਕ ਸਿੰਘ ਤਾਂ ਸ਼ੁਰੂ ਅਪਰੈਲ ਵਿਚ ਹੀ ਆਪਣੇ ਜੀਆਂ ਨੂੰ ਲੈਕੇ ਪਟਿਆਲੇ ਚਲਾ ਗਿਆ ਸੀ। ਉਹਨੇ ਤਾਂ ਉਥੇ ਇਕ ਛੋਟੀ ਮੋਟੀ ਦੁਕਾਨ ਵੀ ਖ਼ਰੀਦ ਲਈ ਸੀ ਪਰ ਸੰਪੂਰਨ ਸਿੰਘ ਨੇ ਮੂਰਖਾਂ ਵਾਂਗ ਇਕੋ ਨੰਨਾ ਫੜੀ ਰਖਿਆ ਸੀ ਤੇ ਤਰਲਾਈ ਵਿਚ ਆਪਣੀ ਆਟੇ ਰੂੰ ਦੀ ਮਸ਼ੀਨ ਅਤੇ ਪੱਕੇ ਚੁਬਾਰਿਆਂ ਨਾਲ ਚੰਬੜਿਆ ਰਿਹਾ ਸੀ। ਅਖੀਰ ਜਦ ਪਿੰਡਾਂ ਕਸਬਿਆਂ ਤੋਂ

ਛੁਟ ਰਾਵਲਪਿੰਡੀ ਸ਼ਹਿਰ ਦੀ ਹਿੰਦੂਆਂ ਸਿੱਖਾਂ ਤੋਂ ਸਖਣਾ ਹੋਣ ਲਗਾ ਤਾਂ ਉਹਨੇ ਆਪਣੀ ਘਰ ਵਾਲੀ ਦੀਆਂ ਮਿੰਨਤਾਂ ਸਮਾਜਤਾਂ ਮੰਨ ਕੇ ਇਕ ਸਵੇਰ ਉਹਨੂੰ ਬਚਿਆਂ ਸਮੇਤ ਰਾਵਲਪਿੰਡੀ ਤੋਂ ਅੰਮ੍ਰਿਤਸਰ ਜਾ ਰਹੀ ਸ਼ਰਨਾਰਥੀ ਸਪੈਸ਼ਲ ਗੱਡੀ ਤੇ ਚੜ੍ਹਾ ਦਿੱਤਾ। ਪਰ ਉਦੋਂ ਤੀਕ ਪਾਣੀ ਸਿਰੋਂ ਲੰਘ ਚੁਕਾ ਸੀ ਤੇ ਸਰਹਦ ਦੇ ਦੋਹੀਂ ਪਾਸੀਂ ਸ਼ਰਨਾਰਥੀ ਗੱਡੀਆਂ ਵਢੀਣੀਆਂ ਸ਼ੁਰੂ ਹੋ ਗਈਆਂ ਸਨ।

ਉਹਦੇ ਮਗਰੋਂ ਉਹ ਜੀਵਿਆ ਨਹੀਂ ਸੀ। ਕੇਵਲ ਸਾਹ ਲੈਂਦਾ ਰਿਹਾ ਸੀ। ਪਰ ਹੁਣ ਤਾਂ ਉਹ ਸਾਹ ਵੀ ਨਹੀਂ ਸੀ ਲੈ ਰਿਹਾ। ਆਪਣਾ ਸਰੀਰ ਉਹਨੂੰ ਮਿੱਟੀ ਦੀ ਢੇਰੀ ਜਾਪ ਰਿਹਾ ਸੀ ਕਿ ਅਨਚੇਤ ਉਹਦੀ ਜਿੰਦ ਦੇ ਕਣ ਕਣ ਵਿਚ ਢੋਲ ਦੀ ਉੱਚੀ ਹੁੰਦੀ ਆਵਾਜ਼ ਦੀ ਧਮਕ ਪਈ। ਤਾਂ ਕੀ ਉਹ ਅਜੇ ਜੀਉਂਦਾ ਸੀ। ਜੇ ਸੀ ਤਾਂ ਜੀਉਂਦਾ ਰਹਿਣ ਲਈ ਉਹਨੂੰ ਕੁਝ ਕਰਨਾ ਚਾਹੀਦਾ ਸੀ। ਏਸ ਭਿਆਨਕ ਮੌਤ ਤੋਂ ਬਚਣਾ ਚਾਹੀਦਾ ਸੀ ਜੋ ਚੁਪਾਸਿਓਂ ਢੋਲ ਕੁਟਦੀ ਉਹਨੂੰ ਆਪਣੇ ਘੇਰੇ ਵਿਚ ਲੈ ਰਹੀ ਸੀ।

ਉਹ ਪਹਿਲੋਂ ਇਕ ਬਨੇਰੇ ਵਲ ਨਠਾ। ਫੇਰ ਦੂਜੇ ਵਲ। ਫੇਰ ਤੀਜੇ ਵਲ। ਫ਼ੇਰ ਚੌਥੇ ਵਲ। ਉਹਦੇ ਘਰ ਦੇ ਤਿੰਨਾਂ ਪਾਸਿਆ ਵਲ ਕੋਠੇ ਸਨ ਪਰ ਕਿਸੇ ਦੀ ਕੰਧ ਵੀ ਉਹਦੇ ਘਰ ਨਾਲ ਸਾਂਝੀ ਨਹੀਂ ਸੀ, ਜਿਹੜੀ ਟਪਕੇ ਉਹ ਕਿਸੇ ਦੂਜੇ ਦੇ ਘਰ ਜਾ ਲੁਕਦਾ। ਉਹਨੇ ਆਪਣਾ ਘਰ ਤੇ ਗੁਦਾਮ ਇਕ ਵਖਰੀ ਵਲਗਣ ਵਲਕੇ ਬਣਾਇਆ ਸੀ। ਚੌਥੇ ਪਾਸੇ ਮਧਰੀਆਂ ਪਹਾੜੀਆਂ ਦੀਆਂ ਵਖੀਆਂ ਵਿਚ ਉਗੀ ਮਕੱਈ ਦੀ ਫ਼ਸਲ ਸੀ। ਉਹਦਾ ਜੀ ਕੀਤਾ ਮਕੱਈ ਦੀ ਪੈਲੀ ਵਿਚ ਜਾ ਲੁਕੇ। ਪਰ ਪਹਾੜੀ ਖੇਤੀ ਏਨੀ ਵਿਰਲੀ ਸੀ ਕਿ ਲੁਕਿਆ ਬੰਦਾ ਦੂਰੋਂ ਨਜ਼ਰੀਂ ਚੜ੍ਹ ਜਾਂਦਾ ਸੀ। ਫ਼ੇਰ ਉਹਨੂੰ ਆਪਣੇ ਗੁਦਾਮ ਦਾ ਖਿਆਲ ਆਇਆ, ਜੋ ਕਣਕ, ਮੱਕੀ ਅਤੇ ਬਾਜਰੇ ਦੀਆਂ ਬੋਰੀਆਂ ਨਾਲ ਛਤ ਤੀਕ ਤੂਸਿਆ ਪਿਆ ਸੀ। ਕਿਉਂ ਨਾ ਉਹ ਬੋਰੀਆਂ ਪਿਛੇ ਲੁਕ ਜਾਵੇ ਤੇ ਤਦ ਤੀਕ ਲੁਕਿਆ ਰਹੇ ਜਦੋਂ ਤੀਕ ਹੋਣੀ ਟਲ ਨਹੀਂ ਸੀ ਜਾਂਦੀ। ਪਰ ਕਾਤਲਾਂ ਤੇ ਲੁਟੇਰਿਆਂ ਦੇ ਹਜੂਮ ਨੇ ਸਭ ਤੋਂ ਪਹਿਲੇ ਇਹ ਗੁਦਾਮ ਹੀ ਲੁਟਣਾ ਸੀ। ਲੁਟੀਆਂ ਜਾਣ ਵਾਲੀਆਂ ਬੋਰੀਆਂ ਉਹਨੂੰ ਕਿੰਨਾ ਕੁ ਚਿਰ ਉਹਲਾ ਦੇ ਸਕਦੀਆਂ ਸਨ। ਫ਼ੇਰ ਉਹ ਕੀ ਕਰੇ। ਉਹ ਮਰਨਾ ਨਹੀਂ ਸੀ ਚਾਹੁੰਦਾ। ਉਹ ਜੀਣਾ ਚਾਹੁੰਦਾ ਸੀ। ਉਹਨੂੰ ਹੈਰਾਨੀ ਹੋਈ ਕਿ ਆਪਣਾ ਸਭ ਕੁਝ ਗਵਾਕੇ ਵੀ ਉਹਦੀ ਆਪਣੀ ਜਿੰਦ ਦਾ ਮੋਹ ਨਹੀਂ ਸੀ ਛੁੱਟਾ। ਜੇ ਉਹਨੂੰ ਨਿਸਚਾ ਹੁੰਦਾ ਕਿ ਮਰਨ ਮਗਰੋਂ ਉਹਦੀ ਪਤਨੀ ਤੇ ਬਚੇ ਉਸ ਪਾਰ ਖੜੋਤੇ ਉਹਨੂੰ ਮਿਲ ਪੈਣਗੇ ਤਾਂ ਉਹ ਆਪ ਨਠਕੇ ਹਜੂਮ ਦੇ ਸਾਹਮਣੇ ਜਾ ਖੜੋਂਦਾ ਤੇ ਆਖਦਾ "ਖੋਭ ਦਿਓ ਆਪਣੀਆਂ ਬਲਮਾਂ ਮੇਰੀ ਛਾਤੀ ਵਿਚ ਤੇ ਕਰ ਦਿਓ ਮੇਰੇ ਟੋਟੇ ਆਪਣੀਆਂ ਕੁਹਾੜੀਆਂ ਨਾਲ।" ਪਰ ਮੌਤ ਤਾਂ ਇਕ ਹਨੇਰੀ ਸੁਰੰਗ ਸੀ ਜਿਸਦਾ ਦੂਜਾ ਸਿਰਾ ਕਿਸੇ ਨਹੀਂ ਸੀ ਡਿਠਾ। ਫ਼ੇਰ ਉਹਨੂੰ ਨੂਰੇ ਦਾ ਖਿਆਲ ਆਇਆ। ਕਿਉਂ ਨਾ ਉਹ ਨੂਰੇ ਦੇ ਘਰ ਜਾ ਲੁਕੇ। ਪਰ ਨੂਰੇ ਦਾ ਘਰ ਤਰਲਾਹੀ ਤੋਂ ਅਧਾ ਕੋਹ ਦੂਰ ਇਕ ਢੋਕ ਵਿਚ ਸੀ। ਤੇ ਸੰਪੂਰਨ ਸਿੰਘ ਨੇ ਵੇਖਿਆ ਫ਼ਸਾਦੀਆਂ ਦੀ ਧਾੜ ਉਹ ਢੋਕ ਲੰਘ ਕੇ ਹੁਣ ਤਰਲਾਹੀ ਵਲ ਵਧ ਰਹੀ ਸੀ। ਉਹਦੇ ਬਚ

ਨਿਕਲਣ ਦੇ ਸਾਰੇ ਰਾਹ ਬੰਦ ਹੋ ਚੁਕੇ ਸਨ।

ਉਹਨੇ ਵਾਹੋ ਦਾਹੀ ਨੂਰੇ ਨੂੰ ਵਾਜਾਂ ਦੇਣੀਆਂ ਸ਼ੁਰੂ ਕੀਤੀਆਂ। ਪਰ ਉਹ ਵਾਜਾਂ ਚੰਦਰੇ ਸੁਫਨੇ ਵਿਚ ਦਿੱਤੀਆਂ ਵਾਜਾਂ ਵਾਂਗ ਛੁਟ ਆਪਣੇ ਕਿਸੇ ਹੋਰ ਨੂੰ ਨਹੀਂ ਸਨ ਸੁਣੀਦੀਆਂ। ਸਹਿਮ ਨੇ ਉਨ੍ਹਾਂ ਵਾਜਾਂ ਦਾ ਸਾਹ ਸੁਕਾ ਛਡਿਆ ਸੀ। ਨੂਰਾ ਕਿਥੇ ਸੀ। ਕਿਉਂ ਉਹਦੀ ਵਾਜ ਨਹੀਂ ਸੀ ਸੁਣਦਾ। ਕਿਆਮਤ ਦੀ ਉਸ ਘੜੀ ਵਿਚ ਉਹਨੂੰ ਲਗਾ ਕਿ ਜੇ ਉਹਦਾ ਕੋਈ ਮਸੀਹਾ ਸੀ ਤਾਂ ਉਹਦਾ ਮੁਲਾਜ਼ਮ ਨੂਰ ਮੁਹੰਮਦ ਸੀ।

ਅੱਜ ਦੁਪਹਿਰ ਤੋਂ ਹੀ ਨੂਰਾ ਆਟੇ ਦੀ ਮਸ਼ੀਨ ਦੇ ਕੁਝ ਪੁਰਜੇ ਖੋਲ੍ਹਕੇ ਮਿੱਟੀ ਦੇ ਤੇਲ ਵਿਚ ਰਗੜ ਕੇ ਸਾਫ਼ ਕਰ ਰਿਹਾ ਸੀ। ਸਵੇਰੇ ਤੋਂ ਹੀ ਉਹ ਆਟਾ ਭਿਆਣ ਵਾਲੀਆਂ ਅਤੇ ਰੂੰ ਪਿੰਜਾਣ ਵਾਲੀਆਂ ਚੁੰਗਾਂ ਉਡੀਕਦਾ ਰਿਹਾ ਸੀ। ਪਰ ਇਕ ਵੀ ਚੁੰਗ ਨਹੀਂ ਸੀ ਬਹੁੜੀ। ਕੋਈ ਜ਼ਮਾਨਾ ਸੀ, ਜ਼ਮਾਨਾਂ ਕੀ ਅੱਜ ਤੋਂ ਸਿਰਫ਼ ਛੇ ਮਹੀਨੇ ਪਹਿਲਾਂ ਦੀ ਗੱਲ ਸੀ ਕਿ ਲਾਗਲੇ ਮੋਹੜਿਆਂ ਢੋਕਾਂ ਤੋਂ ਚੁੰਗਾਂ ਵਹੀਰਾਂ ਘਤਕੇ ਤਰਲਾਹੀ ਦੀ ਮਸ਼ੀਨੀ ਚੱਕੀ ਵਲ ਤੁਰੀਆਂ ਰਹਿੰਦੀਆਂ ਸਨ ਤੇ ਨਿਤ ਆਪਣੀ ਵਾਰੀ ਤੋਂ ਖਹਿਬੜਦੀਆਂ ਨੂਰੇ ਨੂੰ ਸਾਲਸੀ ਲਈ ਤਰਲਾ ਪਾਂਦੀਆਂ ਸਨ। ਪਰ ਜਦੋਂ ਦੇ ਫ਼ਸਾਦ ਹੋਏ ਸਨ ਚੁੰਗਾਂ ਦੀ ਲਾਮ ਡੋਰੀ ਬੜੀ ਛੋਟੀ ਹੋ ਗਈ ਸੀ ਤੇ ਵਾਰੀ ਦੀ ਸਾਲਸੀ ਲਈ ਨੂਰਾ ਸਹਿਕ ਗਿਆ ਸੀ। ਮੋਹੜਿਆਂ ਢੋਕਾਂ ਦੇ ਹਿੰਦੂ ਸਿੱਖ ਵਸਨੀਕ ਪਟਿਆਲੇ ਜਾ ਵਸੇ ਸਨ। ਤਰਲਾਹੀ ਪਿੰਡ ਵਿਚ ਵੀ ਜ਼ਮੀਨ ਜਾਇਦਾਦ ਦੇ ਮੋਹ ਦਾ ਜਕੜਿਆ ਖਤਰੀ ਕਿਰਾੜ ਕੋਈ ਵਿਰਲਾ ਹੀ ਰਹਿ ਗਿਆ ਸੀ। ਅੱਜ ਸਵੇਰ ਤੋਂ ਤਾਂ ਚੁੰਗਾਂ ਦੀ ਵਾਟ ਵੇਖਦਿਆਂ ਨੂਰੇ ਦੀਆਂ ਅੱਖਾਂ ਪਕ ਗਈਆਂ ਸਨ। ਉਹਨੂੰ ਨਿਸਚਾ ਹੋ ਗਿਆ ਸੀ ਕਿ ਅੱਜ ਕੋਈ ਵੀ ਆਟਾ ਭਿਆਣ ਜਾਂ ਰੂੰ ਪਿੰਜਾਣ ਨਹੀਂ ਆਏਗਾ। ਆਪਣੀ ਦਿਹਾੜੀ ਸੁਕਾਰਥੀ ਕਰਨ ਲਈ ਉਹਨੇ ਕੋਠੜੀ ਖੋਲ੍ਹੀ ਜਿਸਦੇ ਅੰਦਰ ਉਹ ਆਪਣੇ ਔਜ਼ਾਰ ਰਖਿਆ ਕਰਦਾ ਸੀ। ਆਟੇ ਦੀ ਮਸ਼ੀਨ ਦੀਆਂ ਢਿਬਰੀਆਂ ਪੇਚ ਖੋਲ੍ਹਕੇ ਉਹ ਬਹਿ ਗਿਆ। ਹੱਥ ਤਾਂ ਉਹਦੇ ਪੁਰਜ਼ਿਆਂ ਦੀ ਸਫ਼ਾਈ ਦੀ ਕਾਰ ਵਿਚ ਰੁਝੇ ਸਨ ਪਰ ਸੁਰਤ ਉਹਦੀ ਸਈਦਾ ਦੀ ਯਾਦ ਵਿਚ ਜਕੜੀ ਸੀ। ਇਹ ਵਰ੍ਹੇ ਛਿਮਾਹੀ ਹੀ ਹੁੰਦਾ ਸੀ ਕਿ ਸਈਦਾ ਚੱਕੀ ਦੇ ਕੰਮ ਤੋਂ ਨਾਗਾ ਕਰਦੀ। ਪਰ ਜਦੋਂ ਵੀ ਕਰਦੀ ਸਾਰਾ ਚੋਗਿਰਦਾ ਬੇਰੌਣਕੀ ਨਾਲ ਭਾਂ ਭਾਂ ਕਰਦਾ ਤੇ ਦਿਹਾੜੀ ਨੂਰੇ ਲਈ ਵਰ੍ਹੇ ਦੀ ਹੋ ਬੀਤਦੀ। ਸਿਰ ਪੀੜ ਨੂੰ ਤਾਂ ਸਈਦਾ ਪੈਰਾਂ ਹੇਠਾਂ ਮਲ ਛਡਦੀ ਸੀ ਤੇ ਮੱਥੇ ਤੇ ਕਾਲੀ ਜਹੀ ਲੀਰ ਬੰਨ੍ਹਕੇ ਸਵੇਰ ਤੋਂ ਲੈਕੇ ਤਿਕਾਲਾਂ ਤੀਕ ਚੱਕੀ ਤੇ ਅਨਾਜ ਛਟਦੀ ਸੁਆਰਦੀ ਰਹਿੰਦੀ ਸੀ। ਪਰ ਕਲ ਰਾਤ ਦਾ ਉਹਨੂੰ ਸੁਕਕੇ ਬੁਖ਼ਾਰ ਚੜ੍ਹਿਆ ਹੋਇਆ ਸੀ। ਉਹ ਤਾਂ ਬੁਖ਼ਾਰ ਵਿਚ ਹੀ ਆਉਣ ਲਗੀ ਸੀ ਪਰ ਨੂਰੇ ਨੇ ਸਖ਼ਤੀ ਨਾਲ ਉਹਨੂੰ ਵਰਜ ਦਿੱਤਾ ਸੀ।

ਵਰਜ ਤਾਂ ਉਹਨੇ ਦਿੱਤਾ ਸੀ ਪਰ ਹੁਣ ਸਈਦਾ ਤੋਂ ਬਿਨਾਂ ਪਹਾੜ ਵਰਗਾ ਦਿਨ ਬਿਤਾਉਣਾ ਉਹਨੂੰ ਮੁਹਾਲ ਹੋ ਰਿਹਾ ਸੀ। ਤੇ ਨੂਰੇ ਨੂੰ ਲਗਾ ਕਿ ਕਲਬੂਤ ਤਾਂ ਉਹਦਾ

ਆਪਣਾ ਹੀ ਸੀ ਪਰ ਰੂਹ ਵਿਚ ਸਈਦਾ ਦੀ ਸੀ। ਇਸ਼ਕ ਸਤ ਸਾਲ ਪੁਰਾਣਾ ਹੋ ਚੁਕਾ ਸੀ, ਤਿੰਨ ਸਾਲ ਤਾਂ ਨਿਕਾਹ ਨੂੰ ਵੀ ਹੋ ਚਲੇ ਸਨ, ਪਰ ਸਈਦਾ ਅੱਜੇ ਵੀ ਉਹਦੇ ਸਾਹਾਂ ਵਿਚ ਧੜਕਦੀ ਸੀ। ਅੱਜ ਸਵੇਰੇ ਤੋਂ ਹੀ ਉਹਨੂੰ ਜਾਪਦਾ ਰਿਹਾ ਸੀ ਜਿਵੇਂ ਸਈਦਾ ਦੇ ਪਿੰਡੇ ਦੇ ਤਾਪ ਨਾਲ ਉਹਦੇ ਆਪਣੇ ਲੂੰ ਵੀ ਤਪ ਰਹੇ ਸੀ ਤੇ ਉਹਨੇ ਕਈ ਵਾਰੀ ਆਪਣੇ ਆਪ ਨੂੰ ਹੂੰਗਰਦਾ ਵੀ ਸੁਣਿਆ ਸੀ।

ਫੇਰ ਉਹਨੂੰ ਉਹ ਦਿਨ ਯਾਦ ਆਇਆ ਜਦੋਂ ਉਹਨੇ ਸਈਦਾ ਨੂੰ ਪਹਿਲੀ ਵਾਰੀ ਵੇਖਿਆ ਸੀ। ਪਹਿਲੀ ਵਾਰੀ ਜਦੋਂ ਉਹ ਆਪਣੀ ਮਾਂ ਨਾਲ ਚੱਕੀ ਤੇ ਆਈ ਸੀ। ਜ਼ੈਨਬ ਦਾ ਸਰੀਰ ਉਸ ਦਿਨ ਮਾਂਦਾ ਸੀ ਤੇ ਉਹ ਕੰਮ ਵਿਚ ਹੱਥ ਵਟਾਣ ਲਈ ਸਈਦਾ ਨੂੰ ਨਾਲ ਲੈ ਆਈ ਸੀ। ਬੋਰ੍ਹ ਦੇ ਕੱਚੇ ਪੀਲੇ ਫੁਲ ਵਰਗਾ ਸਈਦਾ ਦਾ ਰੰਗ ਸੀ। ਮੋਟੀਆਂ ਕਾਲੀਆਂ ਚਮਕੀਲੀਆਂ ਅੱਖਾਂ ਤੇ ਠੋਡੀ ਬੁਲ੍ਹਾਂ ਦੀ ਕਾਟ ਅਜਿਹੀ ਕਿ ਨੂਰਾ ਸਾਹ ਲੈਣਾ ਭੁਲ ਗਿਆ। ਕਾਲੀ ਚੁੰਨੀ ਦੀ ਦੂਹਰੀ ਬੁਕਲ ਵਿਚ ਉਹ ਉਹਨੂੰ ਮਰੀਅਮ ਵਰਗੀ ਸੋਹਣੀ ਤੇ ਉਦਾਸ ਨਜ਼ਰ ਆਈ ਸੀ। ਉਹਦੇ ਮਗਰੋਂ ਜਦੋਂ ਕਦੀ ਵੀ ਸਈਦਾ ਆਈ ਤਾਂ ਚੱਕੀ ਦੀ ਵਲਗਣ ਨੂਰੇ ਲਈ ਜਨੰਤ ਦੀ ਟੁਕੜੀ ਬਣ ਗਈ। ਜ਼ੈਨਬ ਹੁਣ ਅਕਸਰ ਬੀਮਾਰ ਰਹਿਣ ਲਗ ਪਈ ਸੀ। ਚਾਰ ਵਰ੍ਹੇ ਨੂਰੇ ਨੇ ਜ਼ੈਨਬ ਦੀ ਰਜਕੇ ਖਿਦਮਤ ਗੁਜ਼ਾਰੀ। ਉਹਨੇ ਨਾਂ ਮੀਂਹ ਵੇਖਿਆ, ਨਾ ਰਾਤ ਵੇਖੀ। ਜ਼ੈਨਬ ਦੇ ਕੰਮ ਆਉਣ ਦੀ ਖ਼ੁਸ਼ੀ ਵਿਚ ਨੂਰਾ ਉਡਦਾ ਫਿਰਿਆ। ਤੇ ਫੇਰ ਉਹ ਦਿਨ ਆਇਆ ਜਦੋਂ ਆਖਰੀ ਹਿਚਕੀ ਆਉਣ ਤੋਂ ਪਹਿਲੇ ਜ਼ੈਨਬ ਨੇ ਸਈਦਾ ਦੀ ਬਾਂਹ ਨੂਰੇ ਨੂੰ ਫੜਾ ਦਿੱਤੀ। ਨੂਰੇ ਨੂੰ ਲਗਾ ਜਿਵੇਂ ਸਤੇ ਬਹਿਸਤਾਂ ਉਹਦੀ ਝੋਲੀ ਪੈ ਗਈਆਂ ਹੋਣ।

ਅਚਨਚੇਤ ਢੋਲ ਦੀ ਆਵਾਜ਼ ਨੇ ਨੂਰੇ ਨੂੰ ਯਾਦਾਂ ਵਿਚੋਂ ਝੰਜੋੜਿਆ। ਇਹ ਆਮ ਢੋਲਾਂ ਵਰਗੀ ਆਵਾਜ਼ ਨਹੀਂ ਸੀ। ਇਹਦੇ ਵਿਚ ਇਕ ਮਨਹੂਸ ਅਤੇ ਖੌਫ਼ਨਾਕ ਧਮਕ ਸੀ ਜਿਸਨੇ ਨੂਰੇ ਨੂੰ ਕੰਬਣੀ ਲਾ ਦਿੱਤੀ। ਤਾਂ ਕੀ ਉਹ ਅਫ਼ਵਾਹ ਸੱਚ ਸੀ ਕਿ ਅੱਜ ਜੁੰਮੇ ਦੀ ਨਮਾਜ਼ ਮਗਰੋਂ ਲਾਗਲੇ ਮੋਹੜਿਆਂ ਢੋਕਾਂ ਦੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਤਰਲਾਹੀ ਲੁਟ ਲੈਣੀ ਸੀ! ਉਹਨੂੰ ਸਈਦਾ ਦਾ ਖਿਆਲ ਆਇਆ। ਉਹ ਘਰ ਵਿਚ ਇਕੱਲੀ ਸੀ। ਇਲਾਕੇ ਵਿਚ ਨਾਦਰਸ਼ਾਹੀ ਮਚਣ ਤੋਂ ਪਹਿਲੇ ਉਹਨੂੰ ਸਈਦਾਂ ਕੋਲ ਪੁਜਣਾ ਚਾਹੀਦਾ ਸੀ।

ਮਸ਼ੀਨ ਦੇ ਪੁਰਜ਼ੇ ਅਤੇ ਔਜ਼ਾਰ ਉਸੇ ਤਰ੍ਹਾਂ ਛਡ ਕੇ ਉਹ ਦਾਲਾਨ ਦੇ ਦਰਵਾਜ਼ੇ ਵਲ ਨਸਿਆ। ਪਰ ਉਸੇ ਵੇਲੇ ਉਹਨੂੰ ਸੰਪੂਰਨ ਸਿੰਘ ਦੀ ਆਵਾਜ਼ ਸੁਣਾਈ ਦਿੱਤੀ। ਸੰਪੂਰਨ ਸਿੰਘ ਉਹਨੂੰ ਪੁਕਾਰ ਰਿਹਾ ਸੀ—

''ਬਚਾਵੀਂ ਨੂਰਿਆ, ਬਚਾਵੀਂ ਨੂਰ ਮੁਹੰਮਦਾ, ਤੈਨੂੰ ਤੇਰੇ ਰਸੂਲ ਦਾ ਵਾਸਤਾ ਈ''

ਨੂਰੇ ਨੇ ਵੇਖਿਆ ਕਿ ਮੌਤ ਦੇ ਸਹਿਮ ਨੇ ਸੰਪੂਰਨ ਸਿੰਘ ਦੀ ਸ਼ਕਲ ਸੂਰਤ ਏਨੀ ਵਗਾੜ ਦਿੱਤੀ ਸੀ ਕਿ ਉਹ ਸੰਪੂਰਨ ਸਿੰਘ ਈ ਨਹੀਂ ਸੀ ਲਗਦਾ।

''ਉਹ ਆ ਗਏ ਨੀ। ਉਹ ਮੈਨੂੰ ਮਾਰ ਛੋੜਸਨ। ਮੈਨੂੰ ਛੁਪਾ ਲੈ ਕਿਧਰੇ ਨੂਰਿਆ।''

ਨੂਰੇ ਨੇ ਚੁਫਾਸੀਂ ਨਜ਼ਰ ਦੁੜਾਈ। ਲੁਕਣ ਦੀ ਸਚਮੁਚ ਕੋਈ ਥਾਂ ਨਹੀਂ ਸੀ। ਨਾ ਮਸ਼ੀਨ ਵਾਲੇ ਕੋਠੇ ਵਿਚ, ਨਾ ਗੋਦਾਮ ਵਿਚ, ਨਾ ਹਵੇਲੀ ਵਿਚ ਕਿਤੇ ਕੋਈ ਥਾਂ ਅਜਿਹੀ ਨਹੀਂ ਸੀ ਜਿਥੇ ਉਹ ਫ਼ਸਾਦੀਆਂ ਦੀ ਨਜ਼ਰ ਚੜ੍ਹਨੋਂ ਬਚ ਸਕਦੇ। ਜੇ ਕੋਈ ਰਤਾ ਕੁ ਸਲਾਮਤੀ ਦੀ ਥਾਂ ਉਹਨੂੰ ਸੁਝੀ ਤਾਂ ਉਹ ਔਜ਼ਾਰਾਂ ਵਾਲੀ ਕੋਠੜੀ ਸੀ ਜੋ ਇਕਲ-ਵਾਂਝੀ ਸੀ ਤੇ ਜਿਸ ਦੇ ਅੰਦਰ ਔਜ਼ਾਰਾਂ ਤੋਂ ਛੁਟ ਖਾਲੀ ਬੋਰੀਆਂ ਦਾ ਇਕ ਢੇਰ ਉਸਰਿਆ ਸੀ। ਨੂਰੇ ਨੇ ਸੰਪੂਰਨ ਸਿੰਘ ਨੂੰ ਕੋਠੜੀ ਵਿਚ ਧਕਿਆ। ਉਪਰੋਂ ਖਾਲੀ ਬੋਰੀਆਂ ਦਾ ਕਲਾਵਾ ਭਰਕੇ ਨੂਰੇ ਨੇ ਉਹਨੂੰ ਖਾਲੀ ਬੋਰੀਆਂ ਦੇ ਮੋਟੇ ਬਿਸਤਰੇ ਤੇ ਲਿਟਾ ਦਿੱਤਾ।

"ਮੈਨੂੰ ਕਲਿਆਂ ਛੋੜ ਕੇ ਨਾ ਜਾਵੀਂ ਨੂਰਿਆ, ਤੈਨੂੰ ਕਸਮ ਕੁਰਾਨ ਮਜੀਦ ਦੀ।"

ਜੇ ਸਨਮੁਖ ਸਿੰਘ ਇਹ ਹਾੜਾ ਨਾ ਘਤਦਾ ਤਾਂ ਵੀ ਨੂਰਾ ਉਹਨੂੰ ਛਡ ਕੇ ਨਾ ਜਾਂਦਾ। ਚੌਦਾਂ ਸਾਲ ਉਹਨੇ ਸਰਦਾਰ ਦਾ ਲੂਣ ਖਾਧਾ ਸੀ। ਮੁਸੀਬਤ ਦੀ ਘੜੀ ਉਹਨੂੰ ਪਿਠ ਨਹੀਂ ਸੀ ਦੇਣ ਲਗਾ।

ਉਹਨੇ ਅੰਦਰੋਂ ਕੁੰਡਾ ਮਾਰ ਲਿਆ ਤੇ ਖਾਲੀ ਬੋਰੀਆਂ ਦਾ ਕਲਾਵਾ ਉਪਰ ਲੈ ਕੇ ਉਹ ਸੰਪੂਰਨ ਸਿੰਘ ਨਾਲ ਹੀ ਲੇਟ ਗਿਆ। ਸਾਹ ਰੋਕ ਕੇ ਉਹ ਬਿੜਕਾਂ ਲੈਣ ਲਗੇ।

ਉਹ ਅੱਜੇ ਲੁਕੇ ਹੀ ਸਨ ਕਿ ਦਾਲਾਨ ਵਿਚ ਦੋਜ਼ਖੀ ਆਵਾਜ਼ਾਂ ਦਾ ਘਮਸਾਨ ਮੱਚ ਉਠਿਆ। ਕਾਹਲੀ ਵਿਚ ਨੂਰਾ ਦਾਲਾਨ ਦੇ ਦਰਵਾਜ਼ੇ ਦਾ ਕੁੰਡਾ ਲਾਣਾ ਭੁਲ ਗਿਆ ਸੀ। ਜੇ ਉਹ ਨਾ ਵੀ ਭੁਲਿਆ ਹੁੰਦਾ ਤਾਂ ਵੀ ਫ਼ਸਾਦੀਆਂ ਨੇ ਦਾਲਾਨ ਦੀ ਮਧਰੀ ਫ਼ਸੀਲ ਟਪਕੇ ਅੰਦਰ ਆਣ ਵੜਨਾ ਸੀ। ਮਾਰ ਦਿਓ, ਲੁਟ ਲਵੋ, ਅੱਗ ਲਾ ਦਿਓ, ਸਾੜ ਦਿਓ, ਦੀਆਂ ਆਵਾਜ਼ਾਂ ਵਿਚ ਕਦੀ ਕਦੀ ਤਕਬੀਰ ਦਾ ਨਾਅਰਾ ਵੀ ਬੁਲੰਦ ਹੋ ਉਠਦਾ ਸੀ। ਬੜਾ ਚਿਰ ਗੋਦਾਮ ਵਿਚੋਂ ਕਣਕ, ਮੱਕੀ ਅਤੇ ਬਾਜਰੇ ਦੀਆਂ ਬੋਰੀਆਂ ਲੁਟਕੇ ਦਾਲਾਨ ਵਿਚੋਂ ਦਗੜ ਦਗੜ ਦੌੜਨ ਦੀ ਆਵਾਜ਼ ਆਉਂਦੀ ਰਹੀ। ਫੇਰ ਕਿਸੇ ਨੇ ਔਜ਼ਾਰਾਂ ਵਿਚੋਂ ਮੋਟਾ ਹਥੌੜਾ ਚੁਕ ਕੇ ਆਟਾ ਪੀਹਣ ਅਤੇ ਰੂੰ ਪਿੰਜਣ ਵਾਲੀਆਂ ਮਸ਼ੀਨਾਂ ਨੂੰ ਤੋੜਨਾ ਸ਼ੁਰੂ ਕੀਤਾ। ਫੇਰ ਕਿਸੇ ਦੀ ਨਜ਼ਰ ਕੋਠੜੀ ਦੇ ਬੰਦ ਬੂਹੇ ਤੇ ਪਈ ਤੇ ਹੁਣ ਹਥੌੜੇ ਦੇ ਤਾਬੜ ਤੋੜ ਹੱਲੇ ਬੂਹੇ ਦੇ ਭਿਤਾਂ ਤੇ ਹੋ ਰਹੇ ਸਨ।

"ਨਿਕਲ ਸਿਖੜਿਆ ਬਾਹਰ," ਕਿਸੇ ਨੇ ਸੰਪੂਰਨ ਸਿੰਘ ਨੂੰ ਬੋਰੀਆਂ ਹੇਠੋਂ ਧੂਹਕੇ ਬਾਹਰ ਕਢਿਆ।

"ਇਸ ਆਂ ਕੁਝ ਨਾ ਆਖੋ," ਨੂਰਾ ਭੁੜਕ ਕੇ ਅੱਗੇ ਆਉਂਦਾ ਬੋਲਿਆ, "ਇਸਨਾਂ ਸਭ ਕੁਝ ਲੁਟ ਲਓ ਪਰ ਇਸ ਆਂ ਜਾਨੋਂ ਨਾ ਮਾਰਨਾ।"

"ਹਟ ਖਨਜ਼ੀਰਾ। ਕਾਫ਼ਰ ਮਰਦੂਦ ਦੀ ਖ਼ੈਰਖਾਹੀ ਕਰਨ ਵਾਲਿਆ।"

ਇਕ ਹੋਰ ਬੋਲਿਆ, "ਖੁਦਾ ਦੀ ਮਾਰ ਇਸ ਖਬੀਸ ਤੇ। ਕਿਹੋ ਜਿਹਾ ਮੁਸਲਮਾਨ ਹੈ ਇਹ।"

''ਸਿਖੜੇ ਦਾ ਪਿਊ ।''

''ਪਹਿਲਾਂ ਇਸਨਾ ਈ ਕੰਮ ਤਮਾਮ ਕਰੋ ।''

ਇਕ ਤਗੜੇ ਹੱਥ ਨੇ ਨੂਰੇ ਨੂੰ ਧੌਣੋਂ ਫੜ ਕੇ ਦੋ ਵਾਰੀ ਉਸਦਾ ਸਿਰ ਕੋਠੜੀ ਦੀ ਕੰਧ ਨਾਲ ਮਾਰਿਆ । ਜਦੋਂ ਉਹਦੇ ਮੱਥੇ ਵਿਚੋਂ ਲਹੂ ਵਗ ਟੁਰਿਆ ਤਾਂ ਭੁਆਟਣੀ ਦੇਕੇ ਉਨ੍ਹਾਂ ਉਹਨੂੰ ਫਰਸ਼ ਤੇ ਪਟਕ ਦਿੱਤਾ । ਇਕ ਗੁਮਰਾਹ ਮੁਸਲਮਾਨ ਲਈ ਏਨੀ ਸਜ਼ਾ ਕਾਫ਼ੀ ਸੀ।

ਇਕ ਬੁਰਛੇ ਨੇ ਬਲਮ ਦਾ ਫਾਲਾ ਸੰਪੂਰਨ ਸਿੰਘ ਦੀ ਪੁੜਪੁੜੀ ਤੇ ਰਖਿਆ ।

''ਬੋਲ ਕਿਰਾੜਾ ਕਿਥੇ ਏ ਤੇਰੀ ਤਜੌਰੀ, ਨਕਦੀ ਤੇ ਜ਼ੇਵਰਾਂ ਵਾਲੀ ?''

ਫ਼ਸਾਦੀਆਂ ਦੀ ਧਾੜ ਥਰ ਥਰ ਕੰਬਦੇ ਸੰਪੂਰਨ ਸਿੰਘ ਨੂੰ ਹਵੇਲੀ ਵਲ ਧਕਣ ਲਗੀ ।

ਕਿੰਨਾ ਚਿਰ ਨੂਰਾ ਕੋਠੜੀ ਦੇ ਫਰਸ਼ ਤੇ ਬੇਸੁਰਤ ਪਿਆ ਰਿਹਾ । ਜਦੋਂ ਉਹਦੀ ਹੋਸ਼ ਰਤਾ ਕੁ ਪਰਤੀ ਤਾਂ ਉਹਨੂੰ ਲਗਾ ਕਿ ਉਹ ਮਰ ਚੁਕਾ ਸੀ। ਚੁਪਾਸੀਂ ਕਬਰਿਸਤਾਨ ਵਰਗੀ ਚੁਪ ਛਾਈ ਸੀ । ਫੇਰ ਕਿਤੇ ਦੂਰ ਦੁਰਾਡਿਓਂ ਤਕਬੀਰ ਦੇ ਨਾਅਰੇ ਦੀ ਮੱਠੀ ਜਹੀ ਗੂੰਜ ਸੁਣਾਈ ਦਿੱਤੀ । ਨੂਰੇ ਨੇ ਜਾਣ ਲਿਆ ਕਿ ਫ਼ਸਾਦੀ ਤਰਲਾਹੀ ਦੀ ਉਸ ਨਵੀਂ ਆਬਾਦੀ ਨੂੰ ਲੁਟ ਰਹੇ ਸਨ ਜਿਹੜੀ ਨਾਲਿਓਂ ਪਾਰ ਸੀ । ਤਾਂ ਉਹ ਮੋਇਆ ਨਹੀਂ ਸੀ, ਜੀਉਂਦਾ ਸੀ । ਉਹਨੂੰ ਸੰਪੂਰਨ ਸਿੰਘ ਦਾ ਖਿਆਲ ਆਇਆ ਤੇ ਉਹ ਲੜਖੜਾ ਕੇ ਉਠਿਆ । ਦਾਲਾਨ ਅਤੇ ਗੋਦਾਮ ਵਿਚ ਸੁੰਨ ਸਾਨ ਵਰਤੀ ਹੋਈ ਸੀ । ਨੀਮ ਬੇਸੁਰਤੀ ਵਿਚ ਉਹ ਹਵੇਲੀ ਦੀ ਹੇਠਲੀ ਮੰਜ਼ਲ ਦੇ ਸਾਰੇ ਕਮਰੇ ਘੁੰਮ ਗਿਆ । ਹਰ ਇਕ ਕਮਰਾ ਸਖਣਾ ਤੇ ਲੁਟਿਆ ਪੁਟਿਆ ਸੀ । ਸੰਪੂਰਨ ਸਿੰਘ ਦੀ ਟੋਲ ਵਿਚ ਨੂਰਾ ਹੁਣ ਚੁਬਾਰੇ ਦੀਆਂ ਪੌੜੀਆਂ ਚੜ੍ਹ ਰਿਹਾ ਸੀ ।

ਚੁਬਾਰੇ ਦੇ ਫ਼ਰਸ਼ ਤੇ ਉਹਨੇ ਵੇਖਿਆ, ਸੰਪੂਰਨ ਸਿੰਘ ਚੋਫਾਲ ਪਿਆ ਸੀ । ਉਹਦੇ ਆਨੇ ਟਡੇ ਹੋਏ ਸਨ ਤੇ ਉਨ੍ਹਾਂ ਵਿਚ ਸਹਿਮੀ ਤਕਣੀ ਪਥਰਾ ਗਈ ਸੀ । ਉਹਦੇ ਸਿਰ ਦੇ ਵਾਲ ਖੁਲ੍ਹੇ ਸਨ ਤੇ ਉਹਦੀ ਧੌਣ ਦੇ ਹੇਠਾਂ ਲਹੂ ਦੀ ਛਪੜੀ ਸੀ । ਉਹਦਾ ਸਾਰਾ ਸਰੀਰ ਵੀ ਲਹੂ ਵਿਚ ਲਥਪਥ ਸੀ । ਨੂਰੇ ਨੇ ਗੋਡਿਆਂ ਪਰਨੇ ਹੋ ਕੇ ਮੁਰਦਾ ਅੱਖਾਂ ਦੇ ਛਪਰ ਮੇਲ ਦਿੱਤੇ ।

ਫੇਰ ਉਹ ਕੋਠੜੀ ਵਿਚੋਂ ਖਾਲੀ ਬੋਰੀਆਂ ਦੇ ਦੋ ਕਲਾਵੇ ਭਰ ਲਿਆਇਆ । ਦਾਲਾਨ ਅਤੇ ਗੋਦਾਮ ਵਿਚ ਖਿਲਰਿਆ ਕਾਠ ਦਾ ਨਿਕ ਸੁਕ, ਟੁਟੇ ਪਾਵੇ, ਬਾਹੀਆਂ ਤੇ ਸੇਰੂ ਇਕੱਠੇ ਕਰਕੇ ਬੋਰੀਆਂ ਸਮੇਤ ਉਹਨੇ ਲੋਥ ਤੇ ਟਿਕਾ ਦਿੱਤੇ । ਫੇਰ ਮਿੱਟੀ ਦੇ ਤੇਲ ਦਾ ਤਸਲਾ ਜਿਸਦੇ ਵਿਚ ਉਹ ਮਸ਼ੀਨ ਦੇ ਪੁਰਜ਼ੇ ਸਾਫ਼ ਕਰਦਾ ਰਿਹਾ ਸੀ, ਉਹਨੇ ਉਨ੍ਹਾਂ ਬੋਰੀਆਂ ਉਤੇ ਉਲਟ ਕੇ ਤੀਲੀ ਲਾ ਦਿੱਤੀ ।

ਤਦੋਂ ਸ਼ੁਅਲਿਆਂ ਦੀ ਰੋਸ਼ਨੀ ਵਿਚ ਉਹਦੀਆਂ ਨੀਝਾਂ ਸਾਹਮਣੀ ਕੰਧ ਤੇ ਜੁੜ ਗਈਆਂ ਜਿਥੇ ਪਿਤਲ ਦੇ ਕੋਕਿਆਂ ਵਾਲਾ ਇਕ ਰੰਗੀਲ ਚਰਖਾ ਟੰਗਿਆ ਸੀ । ਇਹ

ਤਾਂ ਸਰਦਾਰਨੀ ਦਾ ਚਰਖਾ ਸੀ ਜਿਸਦਾ ਜ਼ਿਕਰ ਸਈਦਾ ਨੇ ਕਈ ਵਾਰੀ ਉਹਦੇ ਨਾਲ ਕੀਤਾ ਸੀ। ਕਈ ਵਰ੍ਹਿਆਂ ਤੋਂ ਸਈਦਾ ਦੇ ਦਿਲ ਵਿਚ ਹਸਰਤ ਸੀ ਕਿ ਇਹੋ ਜਿਹਾ ਖ਼ੂਬਸੂਰਤ ਚਰਖਾ ਉਹਦੇ ਕੋਲ ਵੀ ਹੋਵੇ। ਸਈਦਾ ਕਤਣ ਦੀ ਦੀਵਾਨੀ ਸੀ। ਸਿਆਲੇ ਵਿਚ, ਰੋਟੀ ਟੁਕਰ ਮਗਰੋਂ ਉਹ ਅੱਧੀ ਰਾਤ ਤੀਕ ਲੋਕਾਂ ਦਾ ਸੂਤਰ ਕਤਿਆ ਤੇ ਅਟੇਰਿਆ ਕਰਦੀ ਸੀ। ਪਿਛਲੇ ਤਿੰਨ ਵਰ੍ਹਿਆਂ ਵਿਚ ਨੂਰੇ ਕੋਲ ਕਦੀ ਏਨੀ ਰਕਮ ਨਹੀਂ ਸੀ ਜੁੜੀ ਕਿ ਉਹ ਸਈਦਾ ਦੀ ਇਹ ਹਸਰਤ ਪੂਰੀ ਕਰ ਸਕੇ। ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਫ਼ਸਾਦੀ ਜੋ ਹਵੇਲੀ 'ਚੋਂ ਛੱਜ ਛਾਨਣੀਆਂ ਤਕ ਲੁਟ ਕੇ ਲੈ ਗਏ ਸਨ, ਇਹ ਚਰਖਾ ਕਿਵੇਂ ਛੱਡ ਗਏ ਸਨ।

ਬਸ ਪਲ ਦਾ ਪਲ ਹੀ ਨੂਰਾ ਝਿਜਕਿਆ। ਫੇਰ ਉਹਨੇ ਦੋਵੇਂ ਹੱਥ ਪਸਾਰ ਕੇ ਚਰਖਾ ਕਿੱਲੀ ਤੋਂ ਲਾਹ ਲਿਆ।

ਬਾਹਰਲੇ ਬੂਹੇ ਤੇ ਸਈਦਾਂ ਨੇ ਨੂਰੇ ਦੀ ਦਸਤਕ ਪਛਾਣੀ ਤਾਂ ਉਹਦੀ ਜਾਨ ਵਿਚ ਜਾਨ ਆਈ। ਉਹਦੇ ਮੋਢੇ ਤੇ ਚਰਖਾ ਰਖਿਆ ਵੇਖ ਕੇ ਉਹ ਉਹਦੀ ਖ਼ੈਰ ਖ਼ੈਰੀਅਤ ਖੁਛਣੀ ਭੁਲ ਗਈ।

''ਹੈ ਕੇਹ ਚੁਕ ਲਿਆਇਐਂ ?'' ਉਹਨੇ ਘੋਖਦੀਆਂ ਅੱਖਾਂ ਨਾਲ ਨੂਰੇ ਨੂੰ ਵਿੰਨ੍ਹਿਆ।

''ਚਰਖਾ ਏ।'' ਨੂਰੇ ਨੇ ਚਰਖਾ ਮੋਢਿਓਂ ਲਾਹਕੇ ਕਚੇ ਫ਼ਰਸ਼ ਤੇ ਰਖਦਿਆਂ ਉਦਾਸ ਲਹਿਜੇ ਵਿਚ ਆਖਿਆ।

''ਓਹ ਤੇ ਮੈਂ ਵੀ ਪਈ ਤਕਨੀਂ ਆਂ।''

''ਰੰਗੀਲ ਚਰਖਾ, ਪਿਤਲ ਦੇ ਕੋਕਿਆਂ ਆਲਾ। ਆਪੇ ਆ ਗਿਆ ਏ ਤੇਂਡੀ ਹਸਰਤ ਪੂਰੀ ਕਰਨ ਤਾਈਂ।''

ਨੂਰੇ ਦੇ ਨਿਰਉਤਸਾਹ ਲਹਿਜੇ ਨੂੰ ਮਾਸਾ ਕੁ ਉਤਸ਼ਾਹ ਛੁਹ ਗਿਆ ਸੀ।

ਸਈਦਾ ਨੇ ਲਾਲਟੈਨ ਦੀ ਬੱਤੀ ਉੱਚੀ ਕੀਤੀ।

''ਪਰ ਹੈ ਤਾਂ ਸਰਦਾਰਨੀ ਨਾ ਏ।''

''ਹੁਣ ਇਹ ਕੁਸੇ ਨਾ ਵੀ ਨਹੀਂ। ਹੁਣ ਇਸਨਾ ਕੋਈ ਖਸਮ ਸਾਈਂ ਨਹੀਂ ਰਿਹਾ। ਜ਼ਾਲਮਾਂ ਸਰਦਾਰ ਨੂੰ ਵੀ ਮਾਰ ਮੁਕਾਇਆ ਏ। ਮੈਂ ਆਪਣੀ ਹੱਥੀਂ ਚੁਬਾਰੇ ਵਿਚ ਉਸਨੀ ਝਾਣੀ ਬਾਲ ਕੇ ਆਇਆਂ।''

''ਜਾ ਫੇਰ ਇਸ ਆਂ ਵੀ ਹੁਸੇ ਬਲਦੀ ਝਾਣੀ ਵਿਚ ਸੁਟ ਆ,। ਆਪੇ ਖਸਮਾਂ ਸਾਈਆਂ ਨੂੰ ਮਿਲ ਜਾਸੀ। ਪਰਾਈ ਸ਼ੈ ਨੂੰ ਹੱਥ ਲਾਂਦਿਆਂ ਤੇਂਡੀ ਮਤ ਕਿਥੇ ਗਈ।''

ਇਸ ਤੋਂ ਪਹਿਲਾ ਕਿ ਸਈਦਾ ਦੀਆਂ ਅੱਖਾਂ ਦੀ ਸੁਲਗਦੀ ਨਫ਼ਰਤ ਸ਼ੁਅਲਾ ਬਣ ਕੇ ਉਹਨੂੰ ਸਾੜ ਸੁਟੇ, ਨੂਰੇ ਨੇ ਚਰਖਾ ਚੁਕ ਕੇ ਘਰੋਂ ਨਿਕਲ ਜਾਣ ਵਿਚ ਹੀ ਅਕਲਮੰਦੀ ਸਮਝੀ।

"ਪਰਾਈ ਅਮਾਨਤ ਮੋੜ ਕੇ ਵੀ ਮੈਂਡੇ ਮੱਥੇ ਲਗੀ'।" ਨੂਰੇ ਨੂੰ ਮਗਰੋਂ ਆਉਂਦੀ ਸਈਦਾ ਦੀ ਆਵਾਜ਼ ਸੁਣਾਈ ਦਿੱਤੀ।

ਚਿੱਤਾ ਦੀ ਅੱਗ ਨੇ ਚੁਬਾਰੇ ਦੀਆਂ ਸ਼ਤੀਰੀਆਂ ਨੂੰ ਛੂਹ ਲਿਆ ਸੀ ਤੇ ਹਵੇਲੀ ਦੀ ਉਪਰਲੀ ਮੰਜ਼ਲ ਹੁਣ ਲਟ ਲਟ ਬਲ ਰਹੀ ਸੀ।

ਚਰਖਾ ਅੱਗ ਵਿਚ ਸੁਟਕੇ ਜਦੋਂ ਨੂਰਾ ਘਰ ਵਲ ਮੁੜਿਆ ਤਾਂ ਉਹ ਸੋਚ ਰਿਹਾ ਸੀ ਕਿ ਔਰਤ ਈਮਾਨ ਹੈ ਤੇ ਜੇਕਰ ਜ਼ਿੰਦਗੀ ਦੀ ਵਾਗ ਡੋਰ ਮਰਦ ਦੀ ਥਾਂ ਔਰਤ ਦੇ ਹੱਥ ਹੁੰਦੀ ਤਾਂ ਤਰਲਾਹੀ ਅੱਜ ਵੀ ਘੁਗ ਵਸਦੀ ਹੁੰਦੀ ਜਿਵੇਂ ਸਦੀਆਂ ਤੋਂ ਵਸਦੀ ਆ ਰਹੀ ਸੀ।

ਮਹਿੰਦਰ ਸਿੰਘ ਸਰਨਾ ਦਾ ਜਨਮ 25 ਸਤੰਬਰ 1923 ਨੂੰ ਰਾਵਲਪਿੰਡੀ ਵਿਚ ਹੋਇਆ । 1950 ਵਿਚ ਆਪ ਨੇ ਆਈ. ਏ. ਐਸ ਦੀ ਪ੍ਰੀਖਿਆ ਵਿਚ ਸਫਲਤਾ ਪ੍ਰਾਪਤ ਕੀਤੀ ਅਤੇ 1981 ਵਿਚ ਅਕਾਉਂਟੈਂਟ ਜੈਨਰਲ (ਸੈਂਟਰਲ ਰੈਵੀਨੀਉਜ਼) ਦੀ ਪਦਵੀ ਤੋਂ ਰੀਟਾਇਰ ਹੋਏ ।

ਸਰਨਾ ਇਕ ਬਹੁਪਖੀ ਸਾਹਿਤਕਾਰ ਹੈ। ਹੁਣ ਤੀਕ ਉਹਦੇ 12 ਕਹਾਣੀ ਸੰਗ੍ਰਹਿ, ਚਾਰ ਨਾਵਲ ਅਤੇ ਤਿੰਨ ਮਹਾਂਕਾਵਿ ਪ੍ਰਕਾਸ਼ਿਤ ਹੋ ਚੁਕੇ ਹਨ । ਉਹਦੀਆਂ ਕਹਾਣੀਆਂ ਨੇ ਬੜਾ ਜਸ ਤੇ ਨਾਮਣਾ ਖਟਿਆ ਹੈ । ਸਮਾਲੋਚਕ ਸਹਿਮਤ ਹਨ ਕਿ ਸਰਨਾ ਨੇ ਬੜੀਆਂ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਤੇ ਯਾਦਗਾਰੀ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿਤੀਆਂ ਹਨ ।

ਭਾਰਤੀ ਗਯਾਨ ਪੀਠ ਨੇ ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ ਦੇ ਦੋ ਸੰਗ੍ਰਹਿ 'ਕਾਲਾ ਨਾਗ' ਅਤੇ 'ਹੀਰਾ ਮਿਰਗ' ਹਿੰਦੀ ਵਿਚ ਪ੍ਰਕਾਸ਼ਿਤ ਕੀਤੇ ਹਨ ।

ਸਰਨਾ ਨੂੰ ਕਈ ਪੁਰਸਕਾਰ ਅਤੇ ਸਨਮਾਨ ਪ੍ਰਾਪਤ ਹੋਏ ਹਨ । ਇਨ੍ਹਾਂ ਵਿਚ ਸਾਹਿਤ ਕਲਾ ਪ੍ਰੀਸ਼ਦ ਦਿਲੀ ਦਾ ਸਰਵੋਤਮ ਪੁਰਸਕਾਰ, ਭਾਸ਼ਾ ਵਿਭਾਗ (ਪੰਜਾਬ) ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬੀ ਅਕਾਡਮੀ ਦਿਲੀ ਦਾ ਵਾਰਸ ਸ਼ਾਹ ਪੁਰਸਕਾਰ ਅਤੇ ਬਾਵਾ ਬਲਵੰਤ ਪੁਰਸਕਾਰ (ਢੁਡੀਕੇ) ਸ਼ਾਮਲ ਹਨ । ਭਾਸ਼ਾ ਵਿਭਾਗ (ਪੰਜਾਬ) ਵਲੋਂ ਸਰਨਾ ਦੇ ਦੋ ਮਹਾਂਕਾਵਿ ('ਸਾਕਾ ਜਿਨਿ ਕੀਆ' ਅਤੇ 'ਪਾਉਂਟਾ') ਅਤੇ ਚਾਰ ਕਹਾਣੀ ਸੰਗ੍ਰਹਿ ('ਕਾਲਿੰਗਾ', 'ਸੁੰਦਰ ਘਾਟੀ ਦੀ ਸਹੁੰ,' 'ਕਾਲਾ ਬਦਲ ਕੂਲੀ ਧੁੱਪ,' ਅਤੇ 'ਨਵੇਂ ਯੁਗ ਦੇ ਵਾਰਸ') ਕਵਿਤਾ ਅਤੇ ਗਲਪ ਰਚਨਾ ਦੇ ਸਰਵੋਤਮ ਪੁਰਸਕਾਰ ਪ੍ਰਾਪਤ ਕਰ ਚੁਕੇ ਹਨ ।